ਕੁਲ ਸੰਸਾਰ ਇਕ ਪਰਿਵਾਰ...

# ਨਵੀਂ ਦੁਨੀਆ

Nawi Dunia

Free

ਸਾਲ: 1 ਅੰਕ:2 Phone: 780 465 9118, 403 456 6864 Fax: 780 465 0661, e-mail: info@nawidunia.com ਫਰਵਰੀ 2010



27 ਫਰਵਰੀ- ਸ਼ਹੀਦੀ ਦਿਨ
ਚੰਦਰ ਸ਼ੇਖਰ ਆਜ਼ਾਦ

ਪੰਜਾਬ ਦਾ ਪ੍ਰਦੂਸ਼ਿਤ ਹੋ ਰਿਹਾ ਸਿਆਸੀ ਸਭਿਆਚਾਰ ਸਫ਼ਾ 6 'ਤੇ



'ਬਾਰਿਸ਼ ਦੀ ਰੁੱਤੀ ਕਣੀ' ਸੰਤੋਖ ਸਿੰਘ ਧੀਰ ਸਫ਼ਾ 8 'ਤੇ



'ਕਿੱਸ-ਕੈਰੋਂ ਦੇ' ਪ੍ਰਤਾਪ ਸਿੰਘ ਕੈਰੋਂ ਤੇ ਬਿਓਰੋਕਰੇਸੀ ਸਫ਼ਾ 16 'ਤੇ



ਸੋਫੀਆ 'ਚ ਫੈਜ਼ ਨਾਲ ਸੈਰ ਸਫ਼ਾ 28 'ਤੇ



ਭਾਰਤੀ ਹਾਕੀ-ਕਦੋਂ ਪਰਤਣਗੇ ਸੁਨਹਿਰੇ ਦਿਨ ਸਫ਼ਾ 38 'ਤੇ



# ਬੀਟੀ ਬੈਂਗਣ 'ਤੇ ਬੈਕ ਗੇਅਰ

## • ਭਾਰਤ ਸਰਕਾਰ ਵਲੋਂ ਮਨਜ਼ੂਰੀ ਦੇਣ ਤੋਂ ਇਨਕਾਰ




**ਨਵੀਂ ਦਿੱਲੀ/ਵਿਸ਼ੇਸ਼ ਪਤੱਰਕਾਰ**

ਬੀਟੀ ਬੈਂਗਣ 'ਤੇ ਦੇਸ਼ ਭਰ ਵਿਚ ਜ਼ਬਰਦਸਤ ਵਿਰੋਧ ਨੂੰ ਦੇਖਦੇ ਹੋਏ ਸਰਕਾਰ ਬੈਕਫੁੱਟ 'ਤੇ ਆ ਗਈ ਹੈ। ਅਜਿਹੇ ਸਮੇਂ ਸੋਧੇ ਹੋਏ ਬੀਜ ਤੋਂ ਬਾਅਦ ਤਿਆਰ ਬੀਟੀ ਬੈਂਗਣ ਦੇ ਵਾਪਰਕ ਉਤਪਾਦਨ ਲਈ ਹਾਲੇ ਉਡੀਕ ਕਰਨੀ ਪਵੇਗੀ ਕਿਉਂਕਿ ਆਮ ਲੋਕਾਂ ਅਤੇ ਵਿਗਿਆਨੀਆਂ ਦੇ ਭਾਰੀ ਵਿਰੋਧ ਤੋਂ ਬਾਅਦ ਸਰਕਾਰ ਨੇ ਫਿਲਹਾਲ ਇਸ ਦੀ ਖੇਤੀ ਦੀ ਆਗਿਆ ਨਾ ਦੇਣ ਦਾ ਫ਼ੈਸਲਾ ਕੀਤਾ ਹੈ। ਇਕ ਮਹੀਨੇ ਦੀ ਜਨਤਕ ਸੁਣਵਾਈ ਤੋਂ ਬਾਅਦ ਵਾਤਾਵਰਣ ਮੰਤਰੀ ਜੈਰਾਮ ਰਮੇਸ਼ ਨੇ ਕਿਹਾ ਹੈ ਕਿ ਬੀਟੀ ਬੈਂਗਣ ਦੀ ਖੇਤੀ 'ਤੇ ਆਮ ਸਹਿਮਤੀ ਨਹੀਂ ਬਣ ਰਹੀ ਅਤੇ ਆਖ਼ਰੀ ਫੈਸਲੇ ਤੱਕ ਪੁੱਜਣ ਲਈ ਹਾਲੇ ਹੋਰ ਅਧਿਐਨ ਦੀ ਲੋੜ ਹੈ। ਸ੍ਰੀ ਰਮੇਸ਼ ਨੇ ਕਿਹਾ ਕਿ ਜਦ ਤੱਕ ਆਜ਼ਾਦ ਵਿਗਿਆਨਕ ਜਾਂਚ ਨਾਲ ਇਨਸਾਨਾਂ ਦੀ ਸਿਹਤ 'ਤੇ ਪੈਣ ਵਾਲੇ ਅਸਰ ਦਾ ਅਧਿਐਨ ਅਤੇ ਇਸਦੀ ਸੁਰੱਖਿਆ ਨੂੰ ਲੈ ਕੇ ਲੋਕ ਸੰਤੁਸ਼ਟ ਨਹੀਂ ਹੋ ਜਾਂਦੇ ਉਦੋਂ ਤੱਕ ਬੀਟੀ ਬੈਂਗਣ ਦੀ ਉਦਯੋਗਿਕ ਵਰਤੋਂ ਨੂੰ ਮਨਜ਼ੂਰੀ ਦੇਣ ਦੇ ਸਬੰਧਤ ਫੈਸਲੇ ਨੂੰ ਟਾਲ ਦਿੱਤਾ ਗਿਆ ਹੈ। ਬੀਟੀ ਬੈਂਗਣ ਦੀ ਵਰਤੋਂ 'ਤੇ ਫ਼ੈਸਲਾ ਕਰਨ ਲਈ ਨਿਰਧਾਰਤ 10 ਫਰਵਰੀ ਦੀ ਤਾਰੀਕ ਤੋਂ ਇਕ ਦਿਨ ਪਹਿਲਾਂ ਹੀ ਸ੍ਰੀ ਰਮੇਸ਼ ਨੇ ਅਚਾਨਕ ਪ੍ਰੈਸ ਕਾਨਫਰੰਸ ਸੱਦ ਕੇ ਕਿਹਾ, 'ਹਾਲੇ ਮੈਂ ਸਪਸ਼ੱਟ ਤੌਰ 'ਤੇ ਇਹ ਨਹੀਂ ਕਹਿ ਸਕਦਾ ਕਿ ਬੀਟੀ ਬੈਂਗਣ ਸਾਰੇ ਸੁਰੱਖਿਆ ਮਾਪਦੰਡਾਂ 'ਤੇ ਖਰਾ ਉਤਰਦਾ ਹੈ ਜਾਂ ਨਹੀਂ। ਸਰਕਾਰ ਬੀਟੀ ਬੈਂਗਣ ਦੇ ਉਤਪਾਦਨ 'ਤੇ ਫ਼ੈਸਲਾ ਤਦ ਤਕ ਨਹੀਂ ਕਰੇਗੀ ਜਦ ਤਕ ਇਸ ਉਤਪਾਦਨ ਨਾਲ ਮਨੁੱਖੀ ਸਿਹਤ ਅਤੇ ਵਾਤਾਵਰਣ ਦੀ ਸੁਰੱਖਿਆ ਨੂੰ ਲੈ ਕੇ ਲੋਕ ਸੰਤੁਸ਼ਟ ਨਹੀਂ ਹੋ ਜਾਂਦੇ। ਉਨ੍ਹਾਂ ਸਾਫ ਕੀਤਾ ਕਿ ਇਹ ਰੋਕ ਸਿਰਫ਼ ਬੀਟੀ ਬੈਂਗਣ 'ਤੇ ਲਾਈ ਗਈ ਹੈ। ਜ਼ਿਕਰਯੋਗ ਹੈ ਕਿ ਮਨਜ਼ੂਰੀ ਕਮੇਟੀ ਨੇ ਬੀਟੀ ਬੈਂਗਣ ਦੇ ਖੇਤੀ ਖੇਤਰ ਵਿਚ ਵਪਾਰਕ ਇਸਤੇਮਾਲ ਨੂੰ ਹਰੀ ਝੰਡੀ ਦੇਣ ਦੀ ਸਿਫਾਰਸ਼ ਕੀਤੀ ਸੀ ਪਰ ਆਖ਼ਰੀ ਫ਼ੈਸਲਾ ਵਾਤਾਵਰਣ ਮੰਤਰੀ 'ਤੇ ਛੱਡ ਦਿੱਤਾ ਸੀ। ਇਸ ਤੋਂ ਬਾਅਦ ਸ੍ਰੀ ਰਮੇਸ਼ ਨੇ 13 ਜਨਵਰੀ ਤੋਂ 6 ਫਰਵਰੀ ਵਿਚਾਲੇ ਸੱਤ ਸ਼ਹਿਰਾਂ ਵਿਚ ਜਨਤਕ ਸੁਣਵਾਈ ਕੀਤੀ। ਕਾਂਗਰਸ ਦੀ ਸੱਤਾ ਵਾਲੇ ਸੂਬਿਆਂ ਆਂਧਰਾ ਪ੍ਰਦੇਸ਼ ਤੋਂ ਇਲਾਵਾ ਕੇਰਲਾ, ਕਰਨਾਟਕ, ਬਿਹਾਰ, ਪੱਛਮੀ ਬੰਗਾਲ, ਉੜੀਸਾ, ਤਾਮਿਲਨਾਡੂ, ਉਤਰਾਖੰਡ ਅਤੇ ਮੱਧ ਪ੍ਰਦੇਸ਼ ਵਰਗੇ ਹੋਰਨਾਂ ਗ਼ੈਰ ਕਾਂਗਰਸ ਦੀ ਸੱਤਾ ਵਾਲੇ ਸੂਬੇ ਬੀਟੀ ਬੈਂਗਣ ਅਪਨਾਉਣ ਦੇ ਖ਼ਿਲਾਫ਼ ਹਨ।

### ਕੀ ਹੈ ਬੀਟੀ ਬੈਂਗਣ

ਸਾਧਾਰਨ ਬੈਂਗਣ ਵਿਚ ਬੈਕਟੇਰੀਅਮ ਬੇਸੀਲਸ ਥੁਰੀਜਿਸਿਜ਼ ਨਾਮਕ ਜੀਵਾਣੂ ਦੇ ਜੀਨ ਨੂੰ ਪ੍ਰਵੇਸ਼ ਕਰਵਾਇਆ ਜਾਂਦਾ ਹੈ। ਬੀਜ ਸੋਧ ਤੋਂ ਬਾਅਦ ਬੈਂਗਣ ਵਿਚ ਕੀੜੇ ਲੱਗਣ ਦਾ ਖਦਸ਼ਾ ਨਹੀਂ ਰਹਿੰਦਾ।

### ਵਿਰੋਧ ਦਾ ਕਾਰਨ

ਬੀਟੀ ਬੈਂਗਣ ਦਾ ਵਿਰੋਧ ਕਰ ਰਹੇ ਵਿਗਿਆਨੀਆਂ ਦਾ ਕਹਿਣਾ ਹੈ ਕਿ ਇਹ ਜੀਨ ਜ਼ਹਿਰੀਲਾ ਹੁੰਦਾ ਹੈ, ਇਸ ਨਾਲ ਇਨਸਾਨਾਂ ਦੀ ਸਿਹਤ 'ਤੇ ਬੁਰਾ ਅਸਰ ਪਏਗਾ।

### ਹੋਰ ਬੀਟੀ ਫਸਲਾਂ

ਭਾਰਤ ਵਿਚ ਜੀਐਮ ਟਮਾਟਰ, ਭਿੰਡੀ, ਝੋਨਾ, ਸਰ੍ਹੋਂ, ਸ਼ਲਗਮ, ਫੁੱਲਗੋਭੀ ਦੇ ਟਰਾਇਲ ਦੀ ਆਗਿਆ ਮਿਲ ਚੁੱਕੀ ਹੈ ਅਤੇ ਇਸ 'ਤੇ ਕੰਮ ਚੱਲ ਰਿਹਾ ਹੈ।

For All Your Real Estate Needs & Best Services
Just Contact Dan Sidhu
Your Real Estate Expert! Broker/Owner
ਨਵਾਂ ਜਾਂ ਪੁਰਾਣਾ ਘਰ ਜਾ ਕਿਸੇ ਵੀ ਕਿਸਮ ਦੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਭਰੋਸੇਯੋਗ ਤੇ ਇਮਾਨਦਾਰ ਸੇਵਾਵਾਂ ਲਈ ਅੱਜ ਹੀ Dan Sidhu ਨੂੰ ਫੋਨ ਕਰੋ।
Each office individually owned and operated
Cell: 403 560 6300
Specialize in Residential/ Commercial & Investment Properties RE/MAX
Bus: 403 569 2900 Fax: 403 207 1237



Top Realtor 2007
Jass Longowal
is always stand for you
ਕਿਸੇ ਵੀ ਤਰ੍ਹਾਂ ਦੀ ਪ੍ਰੋਪਰਟੀ ਖ੍ਰੀਦਣ ਜਾਂ ਵੇਚਣ ਲਈ ਜੱਸ ਲੌਂਗੋਵਾਲ ਨੂੰ ਸੇਵਾ ਦਾ ਮੌਕਾ ਦਿਓ।
PROFESSIONAL REALTY GROUP
Jas Longowal
Agent/Realtor
#101, 6005 Gateway Blvd. Edmonton
Call: 780 993 0898
Bus: 780 439 9818 "It's time you hired a Professional"



3rd in CANADA FOR CENTURY 21-2005
Century 21 Canada Masters Hall of Fame Inductee
Sweg Deol "Your Key Connection To Real Estate"
Please call for all your Commercial Real Estate Needs in Hotel, Motel, Apartments & Shopping Centers
TOP 1%
Land Parcels Available in throughout Alberta
A.L.L. Stars Realty Ltd., 312 Saddleback Road, T6J 4R7
Cell: (780) 951-9873 Bus: (780) 434-4700



# ਅਕਾਲੀ-ਭਾਜਪਾ ਗਠਜੋੜ 'ਚ ਦਰਾਰ ਦੇ ਸੰਕੇਤ

**ਚੰਡੀਗੜ੍ਹ/ਅਨਿਲ ਭਾਰਦਵਾਜ**

ਪਹਿਲਾਂ ਪੰਜਾਬ ਭਾਜਪਾ ਵਿਧਾਇਕ ਦਲ ਦੇ ਆਗੂ ਮਨੋਰੰਜਨ ਕਾਲੀਆ ਦੇ ਨਾਲ ਦੁਰਵਿਹਾਰ ਫੇਰ ਬਿਜਲੀ ਸਬਸਿਡੀ ਮੁੱਦਾ ਅਤੇ ਹੁਣ ਉਪ ਮੁੱਖ ਮੰਤਰੀ ਸੁਕਬੀਰ ਸਿੰਘ ਬਾਦਲ ਵੱਲੋਂ ਸਾਰੇ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਨੂੰ ਦਿੱਤੇ ਗਏ ਨਿਰਦੇਸ਼ਾਂ ਅਤੇ ਇਸ਼ਤਿਹਾਰ ਮੁਹਿੰਮ ਵਿਚ ਭਾਜਪਾ ਨੂੰ ਨਜ਼ਰਅੰਦਾਜ਼ ਕਰਨ ਦਾ ਮਾਮਲਾ। ਹਾਲਾਤ ਇਹ ਹੋ ਗਏ ਹਨ ਕਿ ਪ੍ਰਦੇਸ਼ ਭਾਜਪਾ ਦੀ ਪਿਛਲੇ ਦਿਨੀਂ ਹੋਈ ਮੀਟਿੰਗ ਵਿਚ ਐਲਾਨ ਕੀਤਾ ਗਿਆ ਕਿ ਪਾਰਟੀ ਕਿਸੇ ਪ੍ਰਾਈਵੇਟ ਲਿਮਟਿਡ ਕੰਪਨੀ ਦੀ ਨਹੀਂ, ਬਲਕਿ ਗਠਜੋੜ ਸਰਕਾਰ ਦਾ ਹਿੱਸਾ ਹੈ। ਸੁਖਬੀਰ ਨੇ ਅਧਿਕਾਰੀਆਂ ਦੀ ਮੀਟਿੰਗ ਤੋਂ ਬਾਅਦ ਡਿਪਟੀ ਕਮਿਸ਼ਨਰਾਂ ਨੂੰ ਹਰੇਕ ਜ਼ਿਲ੍ਹੇ ਦੇ 40-40 ਸ਼੍ਰੋਮਣੀ ਅਕਾਲੀ ਦਲ ਦੇ ਜਥੇਦਾਰਾਂ ਦੀਆਂ ਸੂਚੀਆਂ ਸੌਂਪਦੇ ਹੋਏ ਕਿਹਾ ਸੀ ਕਿ ਉਨ੍ਹਾਂ ਨੂੰ ਖੁਸ਼ ਰੱਖਿਆ ਜਾਵੇ। ਸੁਖਬੀਰ ਦੇ ਇਨ੍ਹਾਂ ਦਿਸ਼ਾ-ਨਿਰਦੇਸ਼ਾਂ ਨੂੰ ਲੈ ਕੇ ਸਹਿਯੋਗੀ ਦਲ ਭਾਜਪਾ ਵਿਚਾਲੇ ਰੋਸ ਫੈਲ ਗਿਆ। ਭਾਜਪਾ ਦੀ ਮੀਟਿੰਗ ਵਿਚ ਕਿਹਾ ਗਿਆ ਕਿ ਗਠਜੋੜ ਤਾਂ ਹੀ ਸਫਲਤਾਪੂਰਵਕ ਚੱਲ ਸਕਦਾ ਹੈ, ਜਦੋਂ ਇਮਾਨਦਾਰੀ ਨਾਲ ਕੰਮ ਕੀਤਾ ਜਾਵੇ।

**ਅਕਾਲੀ ਜਥੇਦਾਰਾਂ ਨੂੰ ਵਿਸ਼ੇਸ਼ ਅਧਿਕਾਰ ਦੇਣ 'ਤੇ ਰੋਸ**

ਭਾਜਪਾ ਗਠਜੋੜ ਦੇ ਸਾਰੇ ਵਰਕਰਾਂ ਨੂੰ ਬਰਾਬਰ ਮੰਨਦੀ ਹੈ ਅਤੇ ਉਨ੍ਹਾਂ ਵਿਚਾਲੇ ਉਸ ਨੂੰ ਭੇਦਭਾਵ ਮਨਜ਼ੂਰ ਨਹੀਂ। ਪਾਰਟੀ ਨੇ ਕਿਹਾ ਕਿ ਇਸ ਪ੍ਰਦੇਸ਼ ਵਿਚ ਜਾਰੀ ਇਸ਼ਤਿਹਾਰ ਮੁਹਿੰਮ ਵਿਚ ਭਾਜਪਾ ਨੂੰ ਜਾਣ ਬੁੱਝ ਕੇ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ। ਮੀਟਿੰਗ ਵਿਚ ਮਨੋਰੰਜਨ ਕਾਲੀਆ, ਨਵਜੋਤ ਸਿੰਘ ਸਿੱਧੂ, ਪ੍ਰੋ. ਰਜਿੰਦਰ ਭੰਡਾਰੀ, ਅਜੈ ਜਾਮਵਾਲ ਵੀ ਸ਼ਾਮਲ ਸਨ। ਉਧਰ ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਡਿਪਟੀ ਕਮਿਸ਼ਨਰਾਂ ਦੀ ਮੀਟਿੰਗ ਵਿਚ ਜਥੇਦਾਰਾਂ ਨਾਲ ਸਬੰਧਤ ਕੋਈ ਨਿਰਦੇਸ਼ ਨਹੀਂ ਦਿੱਤੇ ਗਏ। ਭਾਜਪਾ ਨੂੰ ਗ਼ਲਤਫਹਿਮੀ ਹੋਈ ਹੈ ਜਿਸ ਨੂੰ ਦੂਰ ਕਰ ਲਿਆ ਜਾਵੇਗਾ।

ਸ਼ੋਮਣੀ ਅਕਾਲੀ ਦਲ ਦੇ ਤਰਜ਼ਮਾਨ ਦਲਜੀਤ ਸਿੰਘ ਚੀਮਾਂ ਦੇ ਦਿੱਤੇ ਗਏ ਇਸ ਸਪਸ਼ਟੀਕਰਣ ਦੇ ਬਾਵਜੂਦ ਪੰਜਾਬ ਦੀ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਨੂੰ ਕੋਈ ਤਸੱਲੀ ਨਹੀਂ ਹੋਈ ਜਾਪਦੀ। ਭਾਜਪਾ ਦੇ ਅੰਦਰੂਨੀ ਸੂਤਰ ਦੱਸਦੇ ਹਨ ਕਿ ਆਉਂਦੇ ਦਿਨਾਂ 'ਚ ਇਸ ਮੁੱਦੇ ਨੂੰ ਹੋਰ ਵੀ ਗੰਭੀਰਤਾ ਨਾਲ ਉਠਾਇਆ ਜਾ ਸਕਦਾ ਹੈ। ਜੇ ਇਓਂ ਹੁੰਦਾ ਹੈ ਤਾਂ ਇਹ ਅਕਾਲੀ ਦਲ ਲਈ ਵੱਡਾ ਸੰਕਟ ਪੈਦਾ ਕਰਨ ਵਾਲੀ ਗੱਲ ਹੋਵੇਗੀ।

SHALU BADESH ADVT

KOPY CENTRE & PRINTING
"On Time ~ Every Time"
Digital Printing & Photo Copy
• Business Cards • Letter Heads • Invoices (NCR) • Flyers • Brochures • Invitation Cards • Tickets • Binders • PDF Files • Scanning • Lamination • Internet Service • Fax Service • Computer Service etc...
We do Art Work as well...
Tel: (780) 437-0200
Fax: (780) 437-0227 • kopycent@telus.net
9126B - 51 Ave. Edmonton, AB T6E 5L8

LUTHRA LAW OFFICE
Sarjan Luthra, B.Sc, LL.B, Barrister and Solicitor
* Corporate Commercial
* Real Estate Transactions
* Immigration Appeals
* ਕੰਪਨੀ ਮਾਮਲੇ
* ਰੀਅਲ ਇਸਟੇਟ
* ਇਮੀਗਰੇਸ਼ਨ ਅਪੀਲ
Services Also in Hindi, Punjabi, Urdu & Arabic
# 10, 3908-97 Street, Edmonton, AB, T6E 6N2
780 466 4660, 780 463 4205 luthralaw@canada.com



Sarjan Luthra

Eat-In
Take-Out

# Shan-E-Punjab

## Sweets & Restaurant

Speicializing in East Indian & Pakistani Sweets & Cuisine

**Lunch Buffet & Dinner Buffet**

Puri Chole, Saag, Chicken, Biryani, Goat/Lamb Curry,
Tandoori Chicken, Samosa, Papri Chat,Golgappey,
Garlic, Chicken & Paneer Naan,Mixed Sweets,
Gulab Jamun,Khoya Burfi, Rus-Gullas, Laddoo,
Sev Chewra, Namak Para, Fish, Chicken &
Veg. Pakora,Mango Shake & Lassi.

Seven Days a Week
**Business Hours: 11am-9pm**

9393-34 Avenue, Edmonton, AB.
Phone **(780) 434-7373**

WESTFORK *Interiors*

## Specializing in Cabinets & Counter tops

Kitchen & Vanities, Custom Cabinets, Staining & Spraying Doors

Endless Options
- On site full custom designing and manufacturing.
- Consultation for Kitchens, Bathrooms, Offices, Dens, Storage etc.
- Quality installation and delivery.
- One Location - Multiple Considerations
- Complete Range of Counter tops including laminate.

Custom Cabinetry
Exceptional Quality Customised Solutions
Premium Construction at Competitive Price.

**ਕੈਬਨਿਟ ਅਤੇ ਕਾਊਂਟਰ ਟੌਪ ਬਨਾਉਣ ਦੇ ਮਾਹਿਰ**
ਆਪਣੇ ਦਫ਼ਤਰ, ਘਰ, ਰਸੋਈ ਦੀ ਵਧੀਆ ਦਿੱਖ, ਉੱਤਮ ਕੁਆਲਟੀ, ਚੰਗੀ ਕਾਰੀਗਰੀ
ਅਤੇ ਵਾਜਬ ਮੁੱਲ ਦੇ ਸੁਮੇਲ ਵਾਸਤੇ ਹਮੇਸ਼ਾ ਯਾਦ ਰੱਖੋ **ਵੈਸਟਫੋਰਕ ਇੰਟੀਰੀਅਰਜ਼**



Westfork Interiors, 8307 Argyll Road, Edmonton T6C 4B2
Tel: 780-462-5325
Fax: 780-462-2672
www.westforkinteriors.com
info@westforkinteriors.com
Gurmail Matharu : 780-990-9349
Ranjit Matharu : 780-907-9889

Concept, Design and Installation

# Cambridge Windows Mfg. Inc.



ਘੱਟ ਕੀਮਤਾਂ ਦੀ ਗਰੰਟੀ
ਪੰਜਾਬੀ, ਹਿੰਦੀ ਤੇ
ਅੰਗਰੇਜ਼ੀ ਵਿਚ ਵਧੀਆ
ਤੇ ਭਰੋਸੇਯੋਗ ਸੇਵਾਵਾਂ

ਪੁਰਾਣੀਆਂ ਖਿੜਕੀਆਂ
ਬਦਲਾਉਣ ਜਾਂ ਨਵੇਂ ਘਰ
ਸੋਹਣੀਆਂ ਖਿੜਕੀਆਂ ਨਾਲ
ਸਜਾਉਣ ਲਈ ਹਮੇਸ਼ਾ ਯਾਦ ਰੱਖੋ

**ਕੈਂਬਰਿਜ ਵਿੰਡੋ**
**780-436-0111**
7941-Argyll Road Edmonton AB, T6C 4A9
BBB
www.cambridgewindow.com
Better Business Bureau ਦੇ ਮੈਂਬਰ

PASH

## DRIVING SCHOOL LTD.

"Learn to drive for life...accident free with confidence"

- ✓Government Approved
- Insurance Reduction Course
- ✓Defensive Driving Course
- ✓Refresher Courses
- ✓Preparation for Class 7
- ✓Road Test Preparation
- ✓Package & Hourly Rates

*Car Available for Road Test
*Free Pick Up & Drop Off


Jas Badesha


Shalu

ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਵਿਚ ਸੇਵਾਵਾਂ ਹਾਜ਼ਰ ਹਨ।
7 Days A Week

Lady Instructor
**Shalu Badesha 780-660-3071**

**Jas Badesha**
**780-908-2296**
pashdrivingschool@ymail.com

# ਐਲਬਰਟਾ ਵਿਚ ਜੌਬ ਬਰੋਕਰਾਂ ਦੀ ਪੋਲ ਖੁਲ੍ਹਣੀ ਸ਼ੁਰੂ

ਐਡਮਿੰਟਨ/ਟੇਲਰ ਬੈਂਡਿਗ

ਸਰਵਿਸ ਅਲਬਰਟਾ ਮੰਤਰੀ ਹੀਥਰ ਕਲਿਮਚਕ ਦਾ ਕਹਿਣਾ ਹੈ ਕਿ ਵਰਕਰਾਂ ਵੱਲੋਂ ਤੋੜੀ ਜਾ ਰਹੀ ਚੁੱਪ ਨੇ ਗੈਰ ਕਾਨੂੰਨੀ ਢੰਗ ਨਾਲ ਕੰਮ ਕਰ ਰਹੇ ਨੌਕਰੀ ਏਜੰਟਾਂ (ਜੌਬ ਬਰੋਕਰ) ਦੀ ਪੋਲ ਖੋਲ੍ਹਣੀ ਸ਼ੁਰੂ ਕਰ ਦਿੱਤੀ ਹੈ। ਉਸ ਦੇ ਇਸ ਐਲਾਨ ਦਾ ਇਹ ਨਤੀਜਾ ਰਿਹਾ ਕਿ ਐਡਮਿੰਟਨ ਦੀ ਗੈਰ-ਲਾਇਸੈਂਸਸ਼ੁਦਾ ਇੰਪਲਾਇਮੈਂਟ ਏਜੰਸੀ ਵੱਲੋਂ ਵਸੂਲੀ ਗੈਰ ਕਾਨੂੰਨੀ ਫੀਸ ਵਿਚੋਂ ਉਸ ਨੂੰ ਸਰਵਿਸ ਅਲਬਰਟਾ ਨੂੰ ਜੁਰਮਾਨਾ ਅਦਾ ਕਰਨਾ ਪਿਆ। ਕਲਿਮਚਕ ਦਾ ਕਹਿਣਾ ਹੈ ਕਿ ਇਸ ਨਾਲ ਅਜਿਹੇ ਵਿਅਕਤੀਆਂ ਨੂੰ ਆਪਣਾ ਪੈਸਾ ਵਾਪਸ ਦੇਣਾ ਵਧੇਰੇ ਮਹੱਤਵ ਰੱਖਦਾ ਹੈ।

ਇੰਪਲਾਇਮੈਂਟ ਬਰੋਕਰ '4 ਜੇ'ਜ਼ ਗਰੇਸੀਆ' ਦੀ ਸੰਚਾਲਕ ਜੌਸਫਾਈਨ ਗਰੇਸੀਆ ਰਾਮੋਸੋ ਨੇ ਸਹਾਇਕ ਵਰਕਰਾਂ ਤੇ ਹੋਰਨਾਂ ਸ਼ਹਿਰੀਆਂ ਤੋਂ ਪੈਸੇ ਇਕੱਠੇ ਕੀਤੇ ਅਤੇ ਦਾਅਵਾ ਕੀਤਾ ਕਿ ਇਸ ਫੀਸ ਨਾਲ ਫਲਸਤੀਨ ਵਿਚ ਰਹਿ ਰਹੇ ਉਨ੍ਹਾਂ ਦੇ ਰਿਸ਼ਤੇਦਾਰਾਂ ਨੂੰ ਅਲਬਰਟਾ ਵਿਚ ਨੌਕਰੀ ਮਿਲ ਸਕੇਗੀ ਪਰ ਫਲਸਤੀਨ ਤੇ ਗਰੇਸੀਆ ਵਿਚ ਰਹਿ ਰਹੇ ਉਨ੍ਹਾਂ ਰਿਸ਼ਤੇਦਾਰਾਂ ਨੂੰ ਹਾਲੇ ਤੱਕ ਨੌਕਰੀ ਨਹੀਂ ਮਿਲੀ।

ਅਲਬਰਟਾ ਦੇ ਫੇਅਰ ਟਰੇਡਿੰਗ ਐਕਟ ਨੇ ਇੰਪਲਾਇਮੈਂਟ ਏਜੰਸੀਆਂ ਨੂੰ ਵਰਕਰਾਂ ਤੋਂ ਨੌਕਰੀਆਂ ਦੇ ਨਾਂ 'ਤੇ ਪੈਸੇ ਵਸੂਲਣ ਤੋਂ ਵਰਜਿਆ ਹੈ। ਬਿਨਾਂ ਲਾਇਸੈਂਸ ਤੋਂ ਏਜੰਸੀ ਚਲਾਉਣਾ ਧੋਖਾਧੜੀ ਹੈ, ਇਸ ਲਈ ਦਸੰਬਰ 2008 ਵਿਚ ਰਾਮੋਸੋ ਖਿਲਾਫ ਗੈਰ-ਕਾਨੂੰਨੀ ਤੌਰ 'ਤੇ ਫੀਸ ਇਕੱਤਰ ਕਰਨ ਦੇ ਦੋਸ਼ ਲਾਏ ਗਏ ਅਤੇ ਦਸੰਬਰ 2009 ਵਿਚ ਉਸ ਨੂੰ ਕਸੂਰਵਾਰ ਠਹਿਰਾਇਆ ਗਿਆ। ਉਸ 'ਤੇ ਹੋਰ ਲੱਗੇ ਦੋਸ਼ ਵਾਪਸ ਲੈ ਲਏ ਗਏ ਅਤੇ 15 ਹਜ਼ਾਰ ਡਾਲਰ ਮੋੜਨ ਦੀ ਥਾਂ ਉਸ ਨੂੰ 4500 ਡਾਲਰ ਜੁਰਮਾਨਾ ਕੀਤਾ ਗਿਆ।

ਪਿਛਲੇ ਕੁਝ ਸਾਲਾਂ ਵਿਚ ਅਲਬਰਟਾ ਵਿਚ ਕੰਮ ਦਿਵਾਉਣ ਦੇ ਨਾਂ 'ਤੇ ਪਰਵਾਸੀਆਂ ਦਾ ਸੋਸ਼ਣ ਇਕ ਆਮ ਸਮੱਸਿਆ ਬਣ ਗਈ ਹੈ। ਇਸ ਬਾਰੇ ਕਲਿਮਚਕ ਦਾ ਵਿਸਵਾਸ਼ ਹੈ ਕਿ ਇਸ ਰੁਝਾਨ ਨੂੰ ਮੋੜਾ ਪੈ ਰਿਹਾ ਹੈ। ਉਸ ਅਨੁਸਾਰ ਇਨ੍ਹਾਂ ਬਰੋਕਰਾਂ ਖਿਲਾਫ ਬੋਲਣ ਵਾਲੇ ਲੋਕਾਂ ਦੀ ਗਿਣਤੀ ਵਿਚ ਵਾਧਾ ਹੋ ਰਿਹਾ ਹੈ। ਹੁਣ ਕਾਫੀ ਲੋਕ ਅੱਗੇ ਆ ਰਹੇ ਹਨ ਜਿਸ ਨਾਲ ਇਸ ਸਮੱਸਿਆ ਨੂੰ ਠੱਲ ਪੈ ਸਕੇਗੀ। 2009-10 ਦੇ ਵਿੱਤੀ ਵਰ੍ਹੇ ਵਿਚ ਸਰਵਿਸ ਅਲਬਰਟਾ ਨੂੰ ਜੌਬ ਬਰੋਕਰਾਂ ਬਾਰੇ 599 ਫੋਨ ਕਾਲਾਂ ਆਈਆਂ ਜਦਕਿ ਪਿਛਲੇ ਵਰ੍ਹੇ 901 ਮਿਲੀਆਂ ਸਨ।

ਉਧਰ ਅਲਬਰਟਾ ਫੈਡਰੇਸ਼ਨ ਆਫ ਲੇਬਰ ਦੇ ਪ੍ਰਧਾਨ ਗਿਲ ਮੈਕਗਾਉਨ, ਕਲਿਮਚਕ ਦੇ ਵਿਚਾਰ ਨਾਲ ਸਹਿਮਤ ਨਹੀਂ ਹੈ। ਉਸ ਦਾ ਕਹਿਣਾ ਹੈ ਕਿ ਰਾਮੋਸੋ ਵੱਲੋਂ ਅਦਾ ਕੀਤੀ 'ਟੋਕਨ ਫੀਸ' ਬਰੋਕਰਾਂ ਨੂੰ ਸਬਕ ਸਿਖਾਉਣ ਲਈ ਕਾਫੀ ਘੱਟ ਹੈ ਅਤੇ ਸਰਕਾਰ ਦੀ ਉਨ੍ਹਾਂ ਖਿਲਾਫ਼ ਕਾਰਵਾਈ ਵੀ ਸ਼ਲਾਘਾ ਵਾਲੀ ਨਹੀਂ। ਉਸ ਦਾ ਕਹਿਣਾ ਹੈ ਕਿ ਸਮੱਸਿਆ ਏਨੀ ਵੱਡੀ ਹੈ ਤੇ ਲਗਾਤਾਰ ਵੱਧ ਰਹੀ ਹੈ ਪਰ ਇਹ ਮਸਲੇ ਹੱਲ ਕਰਨ ਲਈ ਵਕੀਲਾਂ ਦੀ ਗਿਣਤੀ ਵੀ ਨਾ-ਕਾਫੀ ਹੈ।

ਆਰਜ਼ੀ ਵਿਦੇਸ਼ੀ ਵਰਕਰਾਂ ਦੇ ਵਕੀਲ ਯੈਸੀ ਬਾਇਲ ਵੀ ਇਸ ਗੱਲ ਨਾਲ ਸਹਿਮਤ ਹਨ ਕਿ ਰਾਮੋਸੋ ਦੀ ਸਜ਼ਾ ਕਾਫੀ ਘੱਟ ਹੈ। ਰਾਮੋਸੋ ਨੂੰ ਸਿਰਫ ਇਸ ਲਈ ਦੋਸ਼ੀ ਮੰਨਿਆ ਗਿਆ ਕਿ ਉਸ ਨੇ ਇੰਪਲਾਇਮੈਂਟ ਏਜੰਸੀ ਦਾ ਲਾਇਸੈਂਸ ਲੈਣ ਲਈ 120 ਡਾਲਰ ਨਹੀਂ ਭਰੇ। ਬਾਇਲ ਨੇ ਕਿਹਾ ਕਿ ਜੌਬ ਫਾਇੰਡਿੰਗ ਫੀਸ ਸਬੰਧੀ ਅਲਬਰਟਾ ਦਾ ਕਾਨੂੰਨ ਘਰੇਲੂ ਕੈਨੇਡੀਅਨਾਂ ਨਾਲ ਨਜਿੱਠਣ ਲਈ ਬਣਾਇਆ ਗਿਆ ਸੀ। ਪਰਵਾਸੀ ਵਰਕਰਾਂ ਸਬੰਧੀ ਬਰੋਕਰ ਅਕਸਰ ਦਾਅਵਾ ਕਰਦੇ ਹਨ ਕਿ ਉਨ੍ਹਾਂ ਦੇ ਇਮੀਗਰੇਸ਼ਨ ਸਬੰਧੀ ਦਸਤਾਵੇਜ਼ਾਂ ਨੂੰ ਪੂਰਾ ਕਰਨ ਲਈ ਫੀਸ ਲਈ ਜਾਂਦੀ ਹੈ।

# ਜੈਸੀ ਪਰਿਹਾਰ ਦੀ ਇਕ ਹੋਰ ਪੁਲਾਂਘ

ਐਡਮਿੰਟਨ/ਨ.ਦ.ਸ.



ਜੈਸੀ ਪਰਿਹਾਰ ਨੇ 'ਥਰਿਫਟੀ ਕਾਰ ਰੈਂਟਲ' ਲਾਂਚ ਕਰ ਕੇ ਇਕ ਹੋਰ ਪੁਲਾਂਘ ਪੁੱਟੀ ਹੈ। ਥਰਿਫਟੀ ਕਾਰ ਰੈਂਟਲ ਵਾਜਬ ਕੀਮਤਾਂ 'ਤੇ ਸ਼ਾਨਦਾਰ ਵਾਹਨ ਮੁਹੱਈਆ ਕਰਾਏਗੀ ਅਤੇ ਆਪਣੇ ਗਾਹਕਾਂ ਦੀਆਂ ਜ਼ਰੂਰਤਾਂ ਨੂੰ ਤਸੱਲੀਬਖਸ਼ ਢੰਗ ਨਾਲ ਪੂਰਾ ਕਰੇਗੀ। **ਇਸ ਵੇਲੇ ਉਹ ਚਾਰ ਥਾਵਾਂ ਕਿੰਗਜ਼ਵੇ, ਮੇਅਫੀਲਡ, ਇਨਸਾਈਡ ਮਿੱਲਵੁਡਜ਼ ਸਜ਼ੂਕੀ ਅਤੇ ਗੇਟਵੇਅ ਤੇ 53 ਐਵਨਿਊ ਵਿਚ ਆਪਣੀਆਂ ਸੇਵਾਵਾਂ ਦੇ ਰਹੇ ਹਨ। ਤਿੰਨ ਹੋਰ ਨਵੀਆਂ ਥਾਵਾਂ 'ਤੇ ਵੀ ਇਨ੍ਹਾਂ ਵੱਲੋਂ ਸੇਵਾਵਾਂ ਸ਼ੁਰੂ ਕੀਤੀਆਂ ਜਾ ਰਹੀਆਂ ਹਨ। 300 ਤੋਂ ਵੱਧ ਅਤੇ ਸਾਰੇ ਤਰ੍ਹਾਂ ਦੇ ਵਾਹਨਾਂ ਨੂੰ ਕਿਰਾਏ 'ਤੇ ਲੈਣ, ਵੇਚਣ ਅਤੇ ਲੀਜ਼ 'ਤੇ ਦੇਣ ਦੀ ਸੁਵਿਧਾ ਹੈ। ਸੰਸਾਰ ਭਰ ਵਿਚ ਇਨ੍ਹਾਂ ਦੀਆਂ ਸੇਵਾਵਾਂ ਲੈਣ ਲਈ ਤੁਸੀਂ ਇਨ੍ਹਾਂ** ਨੂੰ 1-800-THIRFTY ਜਾਂ www.thirfty.com 'ਤੇ ਸੰਪਰਕ ਕਰ ਸਕਦੇ ਹੋ।

# ਨਿਰਪੱਖ ਤੇ ਉਸਾਰੂ ਪੱਤਰਕਾਰੀ ਸਮੇਂ ਦੀ ਮੁੱਖ ਲੋੜ : ਨਰੇਸ਼ ਭਾਰਦਵਾਜ

**ਐਡਮਿੰਟਨ/ਜਰਨੈਲ ਬਸੋਤਾ**

ਪੱਤਰਕਾਰੀ ਦੇ ਖੇਤਰ ਵਿੱਚ ਵੱਧ ਰਹੇ ਪੱਖਪਾਤ ਅਤੇ ਗੰਦਲੇਪਨ ਤੋਂ ਉੱਤੇ ਉੱਠ ਕੇ ਅੱਜ ਨਿਰਪੱਖ ਤੇ ਉਸਾਰੂ ਪੱਤਰਕਾਰੀ ਸਮੇਂ ਦੀ ਲੋੜ ਹੈ ਜੋ ਸਮਾਜ ਵਿੱਚ ਸਹੀ ਦਿਸ਼ਾ ਪ੍ਰਦਾਨ ਕਰ ਸਕੇ। ਇਹ ਵਿਚਾਰ ਇੱਥੇ ਮਹਾਰਾਜਾ ਬੈਂਕੁਇਟ ਹਾਲ ਵਿੱਚ ਐੱਮ. ਐੱਲ. ਏ. ਨਰੇਸ਼ ਭਾਰਦਵਾਜ ਨੇ ਬੁੱਧੀਜੀਵੀਆਂ ਤੇ ਪੱਤਰਕਾਰਾਂ ਨੂੰ ਸੰਬੋਧਨ ਹੁੰਦਿਆਂ ਕਹੇ। ਇਸ ਮੌਕੇ ਮਹੀਨਾਵਾਰ ਪਰਚੇ 'ਨਵੀਂ ਦੁਨੀਆ' ਦਾ ਪਹਿਲਾ ਅੰਕ ਜੋਸ਼ੋ ਖ਼ਰੋਸ਼ ਨਾਲ ਰਲੀਜ਼ ਕੀਤਾ ਗਿਆ। ਜਿਸ ਦੀ ਘੁੰਡ ਚੁਕਾਈ ਦੀ ਰਸਮ ਐੱਮ. ਐੱਲ. ਏ. ਨਰੇਸ਼ ਭਾਰਦਵਾਜ, ਮਾਤਾ ਗਿਆਨ ਕੌਰ ਦਿਓਲ ਅਤੇ ਕੌਂਸਲਰ ਅਮਰਜੀਤ ਸੋਹੀ ਨੇ ਸਾਂਝੇ ਤੌਰ 'ਤੇ ਕੀਤੀ। ਇਸ ਦੌਰਾਨ ਇਸ ਪਰਚੇ ਦੇ ਸੰਪਾਦਕ ਦਲਬੀਰ ਸਾਂਗਿਆਣ ਨੇ ਪਾਠਕਾਂ ਨੂੰ ਮਿਆਰੀ ਤੇ ਨਿੱਗਰ ਸਮੱਗਰੀ ਪ੍ਰਦਾਨ ਕਰਨ ਦਾ ਵਿਸ਼ਵਾਸ ਦੁਆਇਆ। ਕੌਂਸਲਰ ਅਮਰਜੀਤ ਸੋਹੀ ਨੇ ਨਸ਼ਿਆਂ ਵਿੱਚ ਡੁੱਬ ਰਹੀ ਨੌਜਵਾਨੀ ਦੀਆਂ ਸਮੱਸਿਆਵਾਂ ਨੂੰ ਵੀ ਉਭਾਰਨ ਦਾ ਸੁਝਾਅ ਦਿੱਤਾ। ਪੱਤਰਕਾਰ ਜਰਨੈਲ ਸਿੰਘ ਨੇ ਕਿਹਾ ਕਿ ਜਿਹੜਾ ਮੀਡੀਆ ਲੋਕਾਂ ਦੀ ਗੱਲ ਕਰਦਾ ਹੈ, ਉਨ੍ਹਾਂ ਦੇ ਮਸਲਿਆਂ ਦੀ ਬਾਤ ਪਾਉਂਦਾ ਹੈ, ਲੋਕ ਆਪ ਮੁਹਾਰੇ ਹੀ ਉਸ ਮੀਡੀਏ ਨਾਲ ਜੁੜਦੇ ਹਨ। ਉਨ੍ਹਾਂ ਕਿਹਾ ਕਿ 'ਨਵੀਂ ਦਨੀਆ' ਤੋਂ ਪੰਜਾਬੀ ਪੱਤਰਕਾਰੀ ਵਿੱਚ ਨਿਵੇਕਲੀਆਂ ਪੈੜਾਂ ਪਾਉਣ ਦੀ ਉਮੀਦ ਕੀਤੀ ਜਾਣੀ ਚਾਹੀਦੀ ਹੈ। ਇਸ ਦੌਰਾਨ ਗੀਤਕਾਰ ਲਾਡੀ ਸੂਸਾਵਾਲਾ ਨੇ ਇੱਕ ਗੀਤ ਪੇਸ਼ ਕਰ ਕੇ ਚੰਗਾ ਰੰਗ ਬੰਨ੍ਹਿਆ ਅਤੇ ਹੋਰਨਾਂ ਤੋਂ ਇਲਾਵਾ ਜਸਵੀਰ ਦਿਓਲ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ।



# ਰੱਦ ਹੋਣਗੀਆਂ ਵੀਹ ਹਜ਼ਾਰ ਵੀਜ਼ਾ ਅਰਜ਼ੀਆਂ

ਮੈਲਬੋਰਨ/ਨ.ਦ.ਸ.

ਆਸਟਰੇਲੀਆ ਆਪਣੀ ਵੀਜ਼ਾ ਨੀਤੀ ਵਿਚ ਸੁਧਾਰ ਕਰਨ ਤਹਿਤ ਵਿਦੇਸ਼ੀ ਨਾਗਰਿਕਾਂ ਦੀਆਂ 20 ਹਜ਼ਾਰ ਵੀਜ਼ਾ ਅਰਜ਼ੀਆਂ ਰੱਦ ਕਰੇਗਾ। ਇਸ ਵਿਚ ਮੌਜੂਦਾ 'ਕੁਸ਼ਲ ਪਰਵਾਸ ਪ੍ਰੋਗਰਾਮ' ਤਹਿਤ ਰਹਿਣ ਵਾਲੇ ਭਾਰਤੀ ਵੀ ਸ਼ਾਮਲ ਹਨ। ਇਸ ਨਵੀਂ ਨੀਤੀ ਨਾਲ ਕਰੀਬ ਪੰਜ ਹਜ਼ਾਰ ਭਾਰਤੀਆਂ ਦੇ ਵੀ ਪ੍ਰਭਾਵਤ ਹੋਣ ਦਾ ਸ਼ੱਕ ਹੈ।

ਵਪਾਰ ਦੀ ਮੰਗ ਅਤੇ ਉਸ ਲਈ ਵੀਜ਼ਾ ਅਪੀਲ ਕਰਤਾਵਾਂ ਦੀਆਂ ਪੇਸ਼ੇਵਰ ਯੋਗਤਾਵਾਂ ਦੇ ਮਾਪਦੰਡਾਂ ਦੇ ਸਿੱਟੇ ਵਜੋਂ 20 ਹਜ਼ਾਰ ਵੀਜ਼ਾ ਅਰਜ਼ੀਆਂ ਰੱਦ ਕੀਤੀਆਂ ਜਾਣਗੀਆਂ। ਸੂਬਾਈ ਸਰਕਾਰਾਂ ਨੂੰ ਨਵੀਂ ਆਵਾਸ ਨੀਤੀ ਬਣਾਉਣ ਲਈ ਕਿਹਾ ਗਿਆ ਹੈ ਅਤੇ ਦੇਸ਼ ਵਿਚ ਉਨ੍ਹਾਂ ਵਪਾਰੀਆਂ ਦੀ ਨਵੀਂ ਸੂਚੀ ਤਿਆਰ ਕੀਤੀ ਜਾ ਰਹੀ ਹੈ, ਜਿਨ੍ਹਾਂ ਵਿਚ ਪ੍ਰੋਫੈਸ਼ਨਲਾਂ ਦੀ ਮੰਗ ਹੈ. ਸਰਕਾਰ ਕਿਸੇ ਇਕ ਨਿਸ਼ਚਿਤ ਵਪਾਰ ਲਈ ਵੀਜ਼ੇ ਦੀ ਵੱਧ ਤੋਂ ਵੱਧ ਸੰਖਿਆ ਮਿੱਥੇਗੀ। ਨਵੀਂ ਸਥਿਤੀ ਵਿਚ ਰਸੋਇਆਂ ਤੇ ਹੇਅਰਡ੍ਰੈਸਰਾਂ ਦੀ ਬਜਾਏ ਨਰਸਾਂ, ਮੈਡੀਕਲ ਪ੍ਰੋਫੈਸ਼ਨਲਾਂ, ਇੰਜਨੀਅਰ ਅਤੇ ਅਧਿਆਪਕਾਂ ਵਰਗੇ ਕੁਸ਼ਲ ਪ੍ਰੋਫੈਸ਼ਨਲ ਸਮੂਹਾਂ ਨੂੰ ਪਹਿਲਤਾ ਦਿੱਤੀ ਜਾਵੇਗੀ। ਰੱਦ ਕੀਤੀਆਂ ਜਾਣ ਵਾਲੀਆਂ ਅਰਜ਼ੀਆਂ ਸਤੰਬਰ 2007 ਤੋਂ ਪਹਿਲਾਂ ਦਿੱਤੇ ਗਏ ਸਨ।

ਅਖ਼ਬਾਰ 'ਦ ਏਜ' ਅਨੁਸਾਰ 20 ਹਜ਼ਾਰ ਵੀਜ਼ਾ ਅਰਜ਼ੀਆਂ ਦੀ ਵਾਪਸੀ ਲਈ ਸਰਕਾਰ ਨੂੰ 1.40 ਕਰੋੜ ਡਾਲਰ ਵਾਪਸ ਕਰਨੇ ਪੈਣਗੇ। ਸਰਕਾਰ ਇਸ ਅਪੀਲਕਰਤਾਵਾਂ ਲਈ ਸਾਲ 2012 ਤੱਕ ਕੁਝ ਹੋਰ ਪ੍ਰਬੰਧ ਕਰੇਗੀ। ਇੰਮੀਗਰੇਸ਼ਨ ਮੰਤਰੀ ਕ੍ਰਿਸ ਇਵਾਂਸ ਅਨੁਸਾਰ ਏਜੰਟ ਵਿਦੇਸ਼ੀ ਵਿਦਿਆਰਥੀਆਂ ਨੂੰ ਗੁੰਮਰਾਹ ਕਰਦੇ ਹਨ ਕਿ ਆਸਟਰੇਲੀਆ ਵਿਚ ਕਾਲਜਾਂ-ਯੂਨੀਵਰਸਿਟੀਆਂ ਵਿਚ ਦਾਖ਼ਲਾ ਲੈਣ ਨਾਲ ਉਨ੍ਹਾਂ ਨੂੰ ਉਥੇ ਰਹਿਣ ਦੀ ਆਗਿਆ ਆਪਣੇ ਆਪ ਮਿਲ ਜਾਵੇਗੀ। ਮੰਤਰੀ ਨੇ ਕਿਹਾ, 'ਅਜਿਹਾ ਨਹੀਂ ਹੈ ਅਤੇ ਨਾ ਹੋਵੇਗਾ।' ਇਵਾਂਸ ਨੇ ਕਿਹਾ ਕਿ ਸਰਕਾਰ ਮਾਹਰ ਪ੍ਰੋਫੈਸ਼ਨਲਾਂ ਦੇ ਪਰਵਾਸ ਨੂੰ ਸਮਰਥਨ ਦੇਵੇਗੀ। ਜ਼ਿਕਰਯੋਗ ਹੈ ਕਿ ਭਾਰਤ, ਬਰਤਾਨੀਆ ਅਤੇ ਚੀਨ ਤੋਂ ਸਭ ਤੋਂ ਵੱਧ ਪਰਵਾਸੀ ਆਸਟੇਰੀਲਆ ਪੁੱਜਦੇ ਹਨ।

## ਗਰੀਬ ਦਿਖਾਈ ਦੇਣ ਦੀ ਸਲਾਹ 'ਤੇ ਆਸਟਰੇਲੀਆ ਪੁਲਿਸ ਦੀ ਸਫ਼ਾਈ

ਭਾਰਤੀ **ਵਿਦਿਆਰਥੀਆਂ ਨੂੰ ਗਰੀਬਾਂ ਵਾਂਗ ਦਿਖਾਈ ਦੇਣ ਦਾ ਯਤਨ ਕਰਨ ਦੀ ਸਲਾਹ ਨੂੰ ਲੈ ਕੇ ਆਲੋਚਕਾਂ ਦੇ ਘੇਰੇ ਵਿਚ ਆਈ ਵਿਕਟੋਰੀਆ ਪੁਲਿਸ ਨੇ ਕਿਹਾ ਕਿ ਇਹ ਸੁਰੱਖਿਆ ਦੇ ਲਿਹਾਜ਼ ਨਾਲ ਹਲਕੇ ਅੰਦਾਜ਼ ਵਿਚ ਕਹੀ ਗਈ ਗੱਲ ਸੀ, ਜਿਸ ਨੂੰ ਪੂਰੀ ਤਰ੍ਹਾਂ ਮਾਮਲੇ ਤੋਂ ਵੱਖ ਕਰ ਲਿਆ ਗਿਆ ਹੈ।**

'ਦੀ ਆਸਟਰੇਲੀਅਨ' ਅਖ਼ਬਾਰ ਵਿਚ ਪ੍ਰਕਾਸ਼ਤ ਖਬਰ ਅਨੁਸਾਰ ਵਿਕਟੋਰੀਆ ਸਰਕਾਰ ਅਤੇ ਪੁਲੀਸ ਨੇ ਕਿਹਾ ਕਿ ਇਹ ਟਿੱਪਣੀ 'ਵਿਸ਼ੇਸ ਤੌਰ 'ਤੇ ਜਿੰਨਾ ਆਪਣੇ ਆਪ ਨੂੰ ਗਰੀਬ ਦਿਖਾ ਸਕਦੇ ਹਨ, ਦਿਖਾਓ' ਹਲਕੇ ਅੰਦਾਜ਼ ਵਿਚ ਦਿੱਤੀ ਗਈ ਸਲਾਹ ਸੀ। ਪੁਲੀਸ ਮੁਖੀ ਕਿਸੇ ਵੀ ਭਾਈਚਾਰੇ ਦੇ ਲੋਕਾਂ ਨੂੰ ਆਪਣੇ ਸਾਮਾਨ ਦੀ ਸੁਰੱਖਿਆ ਲਈ ਸੁਚੇਤ ਰਹਿਣ ਨੂੰ ਕਹਿ ਸਕਦੇ ਹਨ। ਵਿਕਟੋਰੀਆ ਪੁਲੀਸ ਮੁਖੀ ਸਿਮੋਨ ਓਵਰਲੈਂਡ ਨੇ ਇਕ ਸੁਰੱਖਿਆ ਮੰਚ 'ਤੇ ਭਾਰਤੀ ਵਿਦਿਆਰਥੀਆਂ ਨੂੰ ਕਿਹਾ ਸੀ ਕਿ ਜੇਕਰ ਉਹ ਮਹਿੰਗੇ ਸਾਮਾਨ ਆਪਣੇ ਨਾਲ ਨਹੀਂ ਰੱਖਣਗੇ, ਤਾਂ ਆਪਣੇ ਆਪ ਨੂੰ ਇਨ੍ਹਾਂ ਹਮਲਿਆਂ ਤੋਂ ਬਚਾਅ ਸਕਦੇ ਹਨ। 'ਦੀ ਏਜ' ਨੇ ਓਵਰਲੈਂਡ ਦੇ ਹਵਾਲੇ ਨਾਲ ਕਿਹਾ ਸੀ, 'ਆਪਣਾ ਆਈਪੋਡ ਤੇ ਕੀਮਤੇ ਗਹਿਣਿਆਂ ਦਾ ਪ੍ਰਦਰਸ਼ਨ ਨਾ ਕਰਨ' ਜਿੰਨਾ ਗਰੀਬ ਦਿਖ ਸਕਦੇ ਹੋ, ਓਨਾ ਗਰੀਬ ਦਿਖੋ।'

Klair Computer Inc.

IT Specialists Programming, Networking & Other Business Solutions

ਪ੍ਰੋਗਰਾਮਿੰਗ, ਨੈੱਟਵਰਕਿੰਗ ਅਤੇ ਕਿਸੇ ਵੀ ਤਰ੍ਹਾਂ ਦੀ ਕੰਪਿਊਟਰ ਦੀ ਸਮੱਸਿਆ ਵਾਸਤੇ ਜੱਗ ਕਲੇਰ ਨਾਲ ਸੰਪਰਕ ਕਰੋ।

Flexible and Affordable support for your Business.

The perfect IT support solutions is a phone call away. Contact us today to discuss your requirements further.



SERVICES:

* Support and administration of existing workstations and servers.
* Network implementation and support.
* Data Recovery, System Restore.
* On-Site and off-Site Support.
* Hardware and software installations and Upgrades.
* Deploy virus, spy-ware and security protection.
* Data management-design backup and disaster recovery methodologies.
* Available 24/7 for time sensitive incidents.
* Assist users with learning through training and "how-to" guides.
* Simple and affordable support service agreements.

BEST SERVICE BEST PRICE

For more info call:
Jag Klair (780) 265-0042
Office: (780) 757-4545
E-mail: jag@klair.ca, www.klair.ca

# ਦੁਨੀਆ ਵਿਚ 21.2 ਕਰੋੜ ਬੇਰੁਜ਼ਗਾਰ

ਜਨੇਵਾ/ਨ.ਦ.ਸ.

ਦੁਨੀਆ ਉਪਰ ਆਰਥਕ ਸੰਕਟ ਦੇ ਬੱਦਲ ਭਾਵੇਂ ਛਟਣ ਲੱਗੇ ਹਨ ਪਰ ਬੇਰੁਜ਼ਗਾਰਾਂ ਦੀ ਸੰਖਿਆ ਹਾਲੇ ਵੀ ਵੱਧ ਰਹੀ ਹੈ। ਕੌਮਾਂਤਰੀ ਮਜ਼ਦੂਰ ਸੰਗਠਨ (ਆਈ.ਐਲ.ਓ) ਦੀ ਰਿਪੋਰਟ ਮੁਤਾਬਕ ਦੁਨੀਆ ਵਿਚ ਬੇਰੁਜ਼ਗਾਰਾਂ ਦੀ ਸੰਖਿਆ 21.2 ਕਰੋੜ ਹੋ ਗਈ ਹੈ, ਜੋ 2007 ਦੇ ਮੁਕਾਬਲੇ 3.4 ਕਰੋੜ ਵੱਧ ਹੈ। ਸਭ ਤੋਂ ਵੱਧ ਝਟਕਾ ਨੌਜਵਾਨ ਕਾਮਿਆਂ ਨੂੰ ਲੱਗਿਆ ਹੈ, ਜਿਨ੍ਹਾਂ ਦੀ ਬੇਰੁਜ਼ਗਾਰੀ ਦਰ 1.8 ਫੀਸਦੀ ਤੋਂ ਵੱਧ ਕੇ 13.4 ਫੀਸਦੀ ਦਰਜ ਕੀਤੀ ਗਈ ਹੈ।

1991 ਤੋਂ ਬਾਅਦ ਇਹ ਸਭ ਤੋਂ ਵੱਧ ਵਾਧਾ ਹੈ। ਆਈ.ਐਲ.ਓ ਦੇ ਇਹ ਅੰਕੜੇ 2009 ਲਈ ਹਨ। ਸੰਗਠਨ ਦੇ ਡਾਇਰੈਕਟਰ ਜਨਰਲ ਜੁਆਨ ਸੋਮਾਵੀਆ ਨੇ ਕਿਹਾ ਹੈ ਕਿ ਰੋਜ਼ਗਾਰ ਬਚਾਉਣ ਤੇ ਨਵੇਂ ਮੌਕੇ ਪੈਦਾ ਕਰਨ ਲਈ ਸਾਨੂੰ ਉਸ ਤਰ੍ਹਾਂ ਦੀਆਂ ਨੀਤੀਆਂ ਦੀ ਲੋੜ ਹੈ, ਜਿਨ੍ਹਾਂ ਨੇ ਬੈਂਕਾਂ ਨੂੰ ਦੁਰਦਸ਼ਾ 'ਚੋਂ ਕੱਢਿਆ।

Nawi Dunia and people associated with it are not responsible for any claims made by the advertisers and do not endorse any product or services advertised in the Nawi Dunia. The contents of Nawi Dunia may not be reproduced without the written consent of the Publisher. The Publisher and/or Editor shall not be liable for any of the views expressed by the authors of articles or letters published in the Nawi Dunia, nor shall these opinions necessarily reflect those of the Published and/or Editor. Letters to the Editor become the property of Nawi Dunia, and may be Edited.

ਲੇਖਕਾਂ ਦੀਆਂ ਰਚਨਾਵਾਂ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਪੰਜਾਬ ਅੱਜ-ਕੱਲ੍ਹ

ਖ਼ਬਰਪਾਲ

## ਤਨਖ਼ਾਹੀਆ

ਕਿਸੇ ਸਮੇਂ ਅਕਾਲ ਤਖ਼ਤ ਦੇ ਜੱਥੇਦਾਰ ਰਹੇ ਪ੍ਰੋ. ਦਰਸ਼ਨ ਸਿੰਘ ਰਾਗੀ ਨੂੰ ਅਕਾਲ ਤਖ਼ਤ ਵੱਲੋਂ ਹੀ ਸਿੱਖ ਪੰਥ 'ਚੋਂ ਛੇਕ ਕੇ ਤਨਖ਼ਾਹੀਆ ਕਰਾਰ ਦੇ ਦਿੱਤਾ ਗਿਆ ਹੈ। ਪ੍ਰੋ.



ਦਰਸ਼ਨ ਸਿੰਘ ਰਾਗੀ ਨੂੰ ਇਹ ਸਜ਼ਾ 'ਦਸਮ ਗ੍ਰੰਥ' ਤੋਂ ਪੈਦਾ ਹੋਏ ਵਿਵਾਦ ਕਾਰਨ ਦਿੱਤੀ ਗਈ ਹੈ। ਪ੍ਰੋ. ਦਰਸ਼ਨ ਸਿੰਘ ਰਾਗੀ ਨੂੰ ਤਨਖ਼ਾਹੀਆ ਕਰਾਰ ਦੇਣ ਦਾ ਫੈਸਲਾ ਭਾਵੇਂ ਧਾਰਮਿਕ ਤੇ ਭਾਈਚਾਰਕ ਦਿੱਖ ਵਾਲਾ ਹੈ, ਪ੍ਰੰਤੂ ਇਸ ਨਾਲ ਰਾਜਨੀਤੀ ਵੀ ਜੁੜ ਗਈ ਹੈ। ਉਹ ਸਾਰੀਆਂ ਪੰਥਕ ਧਿਰਾਂ ਜੋ ਬਾਦਲ ਵਿਰੋਧੀ ਹਨ, ਪ੍ਰੋ. ਦਰਸ਼ਨ ਸਿੰਘ ਰਾਗੀ ਦੀ ਹਮਾਇਤ ਵਿਚ ਆ ਨਿੱਤਰੀਆਂ ਹਨ ਤੇ ਬਿਆਨ ਦੇ ਰਹੀਆਂ ਹਨ ਕਿ ਪ੍ਰੋ. ਦਰਸ਼ਨ ਸਿੰਘ ਰਾਗੀ ਨੂੰ ਦਿੱਤੀ ਗਈ ਸਜ਼ਾ ਰਾਜਸੀ ਹਿੱਤਾਂ ਤੋਂ ਪ੍ਰੇਰਿਤ ਹੈ। ਉਨ੍ਹਾਂ ਦਾ ਇਹ ਵੀ ਕਹਿਣਾ ਹੈ ਕਿ ਇਹ ਸਜ਼ਾ ਉਨ੍ਹਾਂ ਨੂੰ ਸ. ਪ੍ਰਕਾਸ਼ ਸਿੰਘ ਬਾਦਲ ਤੇ ਆਰ. ਐਸ. ਐਸ. ਦੇ ਇਸ਼ਾਰੇ 'ਤੇ ਦਿੱਤੀ ਗਈ ਹੈ। ਇਸ ਸਮੇਂ ਪ੍ਰੋ. ਦਰਸ਼ਨ ਸਿੰਘ ਰਾਗੀ ਨੂੰ ਅਕਾਲ ਤਖ਼ਤ ਤੋਂ ਦਿੱਤੀ ਗਈ ਸਜ਼ਾ ਸਿੱਖਾਂ ਅੰਦਰਲੇ ਰਾਜਸੀ ਧਰੁਵੀਕਰਣ ਦਾ ਮੁੱਦਾ ਬਣਦੀ ਦਿਖਾਈ ਦੇ ਰਹੀ ਹੈ।

## ਸ਼ਰੀਕੇਬਾਜ਼ੀ

ਪੰਜਾਬ ਪ੍ਰਦੇਸ਼ ਕਾਂਗਰਸ ਦੀ ਪ੍ਰਧਾਨਗੀ ਹਾਸਲ ਕਰਨ ਦੀ ਜ਼ੋਰ ਅਜ਼ਮਾਈ ਆਖ਼ਰੀ ਗੇੜ 'ਚ ਦਾਖ਼ਲ ਹੋ ਗਈ ਹੈ। ਸੰਭਾਵਨਾ ਇਹੋ ਬਣੀ ਹੋਈ ਹੈ ਕਿ ਹਾਈ ਕਮਾਂਡ ਵੱਲੋਂ ਕਿਸੇ ਢੁਕਵੇਂ ਵੇਲੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਪੰਜਾਬ ਪ੍ਰਦੇਸ਼ ਕਾਂਗਰਸ ਦਾ ਪ੍ਰਧਾਨ ਨਾਮਜ਼ਦ ਕਰ ਦਿੱਤਾ ਜਾਵੇਗਾ, ਪ੍ਰੰਤੂ ਪੰਜਾਬ ਪ੍ਰਦੇਸ਼ ਕਾਂਗਰਸ ਅੰਦਰ ਉੱਚੇ ਅਹੁਦਿਆਂ 'ਤੇ ਬਿਰਾਜਮਾਨ ਕਈ ਨੇਤਾ ਇਹ ਸਮਝਦੇ ਹਨ ਕਿ ਜਦੋਂ ਤੱਕ ਕੈਪਟਨ ਅਮਰਿੰਦਰ ਸਿੰਘ ਨੂੰ ਸੂਬੇ



ਦੀ ਕਾਂਗਰਸ ਇਕਾਈ ਦਾ ਪ੍ਰਧਾਨ ਨਹੀਂ ਬਣਾਇਆ ਜਾਂਦਾ ਉਦੋਂ ਤੱਕ ਆਪਣੀ ਦਾਅਵੇਦਾਰੀ ਦਾ ਪ੍ਰਭਾਵ ਬਣਾਈ ਰੱਖਣ 'ਚ ਭਲਾ ਕੀ ਹਰਜ਼? ਸ਼ਾਇਦ ਇਸੇ ਲਈ ਪ੍ਰਧਾਨਗੀ ਦੀ ਦਾਅਵੇਦਾਰੀ ਪੱਖੋਂ ਇਸ ਸਮੇਂ ਬੀਬੀ ਰਜਿੰਦਰ ਕੌਰ ਭੱਠਲ ਕੈਪਟਨ ਅਮਰਿੰਦਰ ਸਿੰਘ ਨੂੰ ਸਿੱਧੀ ਵੰਗਾਰ ਪੇਸ਼ ਕਰ ਰਹੀ ਹੈ। ਮੀਡਆ ਵਿਚ ਦੋਵੇਂ ਆਗੂ ਇਕ ਦੂਜੇ ਲਈ ਰਾਜ ਸਭਾ ਦੀ ਮੈਂਬਰੀ ਦੇ ਯੋਗਤਾ ਸਰਟੀਫਿਕੇਟ ਜ਼ਾਰੀ ਕਰ ਰਹੇ ਹਨ। ਇਕ ਦੂਜੇ ਨੂੰ ਰਾਜ ਸਭਾ ਦੀ ਮੈਂਬਰ ਲਈ ਯੋਗ ਠਹਿਰਾਉਣ ਪਿੱਛੇ ਭਾਵਨਾ ਉਹੀ ਕੰਮ ਕਰਦੀ ਹੈ ਜਿਹੜੀ ਇਸ ਲਕੋਕਤੀ ਵਿਚ ਦਰਸਾਈ ਗਈ ਹੈ, 'ਸ਼ਰੀਕ ਉੱਜੜੇ ਤੇ ਵਿਹੜਾ ਮੋਕਲਾ ਹੋਵੇ।' ਹੁਣ ਦੇਖੋ ਕਿਹੜਾ ਸ਼ਰੀਕ ਉੱਜੜ ਕੇ ਕੀਹਦੇ ਲਈ ਪੰਜਾਬ ਪ੍ਰਦੇਸ਼ ਕਾਂਗਰਸ ਦੀ ਪ੍ਰਧਾਨਗੀ ਦਾ ਵਿਹੜਾ ਮੋਕਲਾ ਕਰਦਾ ਹੈ।

## ਸੁਖਬੀਰ-ਕਾਲੀਆ ਕਮੇਟੀ

**The Entery Tax (in percent) Levied on Various Products**

| | |
|---|---|
| Marble | 12.5 |
| Ceramic Tiles | 12.5 |
| Cement | 12.5 |
| Lubricants | 12.5 |
| Diesel | 8.8 |
| Furnace Oil | 2 |
| Transformers | 4 |
| D. G. Sets | 12.5 |
| D-Oiled cake and Rice Bran | 4 |
| Plywood | 12.5 |
| Wheat Flour | 4 |
| Vanaspati/Refined Oils | 4 |

ਸੁਖਬੀਰ-ਕਾਲੀਆ ਕੇਮਟੀ ਦੀਆਂ ਸਿਫ਼ਾਰਸ਼ਾਂ ਪੰਜਾਬ ਕੈਬਨਿਟ ਨੇ ਸਰਬਸੰਮਤੀ ਨਾਲ ਪਾਸ ਕਰ ਦਿੱਤੀਆਂ ਹਨ। ਇਨ੍ਹਾਂ ਸਿਫ਼ਾਰਸ਼ਾਂ ਦੇ ਲਾਗੂ ਹੋ ਜਾਣ ਨਾਲ ਪੰਜਾਬ ਦੀ ਜਨਤਾ ਉੱਪਰ ਚਾਰ ਹਜ਼ਾਰ ਕਰੋੜ ਰੁਪਏ ਦਾ ਵਾਧੂ ਵਿੱਤੀ ਬੋਝ ਲੱਦ ਦਿੱਤਾ ਗਿਆ ਹੈ। ਆਮ ਆਦਮੀ ਪਹਿਲਾਂ ਹੀ ਲੱਕ ਤੋੜ ਮਹਿੰਗਾਈ ਦਾ ਭੰਨਿਆ ਪਿਆ ਹੈ। ਸਰਕਾਰੀ ਖ਼ਜ਼ਾਨੇ ਦੀ ਸਥਿਤੀ 'ਚ ਸੁਧਾਰ ਕਰਨ ਦਾ ਤਰਕ ਦੇ ਕੇ ਬੜੀ ਬੇਕਿਰਕੀ ਨਾਲ ਆਮ ਜਨਤਾ ਉੱਪਰ ਸੇਵਾਵਾਂ ਤੇ ਵਸਤਾਂ ਦੀਆਂ ਕੀਮਤਾਂ ਦੇ ਵਾਧੇ ਦਾ ਭਾਰ ਪਾ ਦਿੱਤਾ ਗਿਆ ਹੈ। ਸਰਕਾਰ ਦੇ ਇਸ ਫੈਸਲੇ ਨਾਲ ਮਹਿੰਗਾਈ 'ਚ ਹੋਰ ਵਾਧਾ ਹੋਵੇਗਾ ਜਦ ਕਿ ਆਦਮੀ ਪਹਿਲਾਂ ਹੀ ਮਹਿੰਗਾਈ ਦਾ ਬੇਹਿਸਾਬਾ ਸੰਤਾਪ ਭੋਗ ਰਿਹਾ ਹੈ। ਪਰ ਕੌਣ (ਬਾਦਲ) ਸਾਹਬ ਨੂੰ ਆਖੇ ਇਉਂ ਨਹੀਂ ਇੰਵ ਕਰ।

## ਰੁਜ਼ਗਾਰ ਦਾ ਤੰਗ ਹੋ ਰਿਹਾ ਘੇਰਾ

ਪੰਜਾਬੀ ਵਿਦੇਸ਼ ਜਾਕੇ ਕਮਾਈ ਕਰਨ ਨੂੰ ਉਪਜੀਵਕਾ ਕਮਾਉਣ ਦੇ ਇਕ ਸੰਭਵ ਤੇ ਵਧੀਆ ਵਿਕਲਪ ਵੱਜੋਂ ਲੈਂਦੇ ਹਨ ਤੇ ਵਿਦੇਸ਼ ਜਾ ਕੇ ਵਸਣ ਤੇ ਕਮਾਉਣ ਦੇ ਮੌਕੇ ਉਨ੍ਹਾਂ ਨੂੰ ਮਿਲਦੇ ਵੀ ਰਹੇ ਹਨ। ਇਨ੍ਹਾਂ ਮੌਕਿਆਂ ਦੀ ਸੰਭਾਵਨਾ ਘਟਣ ਤੇ ਕੁੱਝ ਦੇਸ਼ਾਂ 'ਚ ਪੰਜਾਬੀਆਂ, ਖ਼ਾਸ ਕਰਕੇ ਨਵੇਂ ਗਏ ਨੌਜਵਾਨਾਂ ਦੀ ਜਾਨ ਦੀ ਅਸੁਰੱਖਿਆ ਇਸ ਸਮੇਂ ਪੰਜਾਬੀਆਂ ਦੀ ਮੁੱਖ ਚਿੰਤਾ ਬਣੀ ਹੋਈ ਹੈ। ਇਹ ਸਥਿਤੀ ਅਸਟਰੇਲੀਆ 'ਚ ਵਿਸ਼ੇਸ਼ ਕਰਕੇ ਬਹੁਤ ਗੰਭੀਰ ਹੈ। ਇਥੇ ਪੰਜਾਬੀਆਂ ਉੱਪਰ ਹਮਲਿਆਂ ਤੇ ਪੰਜਾਬੀ ਨੌਜਵਾਨਾਂ ਦੇ ਕਤਲਾਂ ਦਾ ਸਿਲਸਿਲਾ ਰੁਕਣ ਦਾ ਨਾਂਅ ਹੀ ਨਹੀਂ ਲੈ ਰਿਹਾ। ਅਸਟਰੇਲੀਆ ਵਿਚ ਪਰਵਾਸੀਆਂ ਵਿਰੁੱਧ ਹੋ ਰਹੀ ਹਿੰਸਾ ਦੀ ਸਥਿਤੀ ਪੂਰੀ ਤਰ੍ਹਾਂ ਸਪਸ਼ਟ ਨਹੀਂ ਹਾਲਾਂ ਕਿ ਇਸਨੂੰ ਨਸਲੀ ਹਿੰਸਾ ਵੱਜੋਂ ਹੀ ਫੋਕਸ ਕੀਤਾ ਜਾ ਰਿਹਾ ਹੈ। ਉਂਜ ਪਿਛਲੇ




ਮਹੀਨੇ ਜਿਹੜੀਆਂ ਦੋ ਪੰਜਾਬੀ ਮੁਟਿਆਰਾਂ ਦੇ ਕਤਲ ਹੋਏ ਹਨ ਉਹ ਉਨ੍ਹਾਂ ਦੇ ਪੰਜਾਬੀ ਪਤੀਆਂ ਦੁਆਰਾ ਹੀ ਕੀਤੇ ਗਏ ਸਾਬਤ ਹੋਏ ਅਤੇ ਨਾਭੇ ਲਾਗਲੇ ਜਿਸ ਪੰਜਾਬੀ ਨੌਜਵਾਨ ਦਾ ਕਤਲ ਹੋਇਆ ਉਹ ਵੀ ਇਕ ਪੰਜਾਬੀ ਜੋੜੇ ਵੱਲੋਂ ਹੀ ਕੀਤਾ ਗਿਆ। ਕੁੱਝ ਵੀ ਹੋਵੇ ਅਸਟਰੇਲੀਆ 'ਚ ਹੋ ਰਹੀਆਂ ਵਾਰਦਾਤਾਂ ਨੇ ਪੰਜਾਬੀਆਂ ਦਾ ਅਸਟਰੇਲੀਆ ਜਾ ਵਸਣ ਦਾ ਉਤਸ਼ਾਹ ਹਾਲ ਦੀ ਘੜੀ ਮੱਠਾ ਪਾ ਦਿੱਤਾ ਹੈ, ਦੂਜੇ ਪਾਸੇ ਯੂ. ਕੇ. ਨੇ ਉਂਝ ਹੀ ਪੰਜਾਬੀ ਨੌਜਵਾਨਾਂ ਲਈ ਵੀਜ਼ਿਆਂ ਉੱਪਰ ਪਾਬੰਦੀ ਲਾ ਦਿੱਤੀ ਹੈ।

## ਖੇਡ ਮੇਲੇ

ਪੰਜਾਬ ਅੰਦਰ ਸਿਆਲੂ ਮਹੀਨਿਆਂ ਦੌਰਾਨ ਖੇਡ ਮੇਲਿਆਂ ਦਾ ਵਾਹਵਾ ਜ਼ੋਰ ਰਹਿੰਦਾ ਹੈ।



ਪ੍ਰਮੁੱਖ ਖੇਡ ਮੇਲੇ ਜਿਵੇਂ ਕਿ ਜਰਖੜ ਦਾ ਖੇਡ ਮੇਲਾ, ਢੁੱਡੀਕੇ ਦਾ ਖੇਡ ਮੇਲਾ ਆਦਿ ਸੰਪੰਨ ਹੋ ਚੁੱਕੇ ਹਨ। ਵਿਦੇਸ਼ੀ ਬੈਨਰਾਂ ਹੇਠ ਕਬੱਡੀ ਮੁਕਾਬਲਿਆਂ ਦੇ ਵਿਸ਼ੇਸ਼ ਆਯੋਜਨ ਵੀ ਹੋਏ ਹਨ। ਖੇਡ ਮੇਲੇ ਇਸ ਮਹੀਨੇ ਵਿਚ ਵੀ ਜ਼ਾਰੀ ਰਹਿਣਗੇ। ਗਰਮੀ ਵਧਣ ਤੇ ਹਾੜ੍ਹੀ ਦੀ ਫ਼ਸਲ ਸਾਂਭਣ ਸਮੇਂ ਤੱਕ ਇਹ ਸਿਮਟ ਜਾਣਗੇ। ਖੇਡਾਂ ਦੀ ਭਰਵੀਂ ਰੁੱਤ ਦੇ ਬਾਵਜੂਦ ਪੰਜਾਬ ਅੰਦਰ ਖੇਡਾਂ ਦੀ ਕੋਈ ਵਿਸ਼ੇਸ਼ ਲਹਿਰ ਦਿਖਾਈ ਨਹੀਂ ਦੇ ਰਹੀ। ਪੰਜਾਬੀਆਂ ਅੰਦਰ ਖੇਡਾਂ ਲਈ ਕੋਈ ਉਚੇਚੀ ਸਪਿਰਟ ਵੀ ਨਜ਼ਰੀਂ ਨਹੀਂ ਆ ਰਹੀ। ਏਨੀਆਂ ਖੇਡ ਸਰਗਰਮੀਆਂ ਹੋਣ 'ਤੇ ਵੀ ਆਮ ਪੰਜਾਬੀਆਂ 'ਚ ਖੇਡਾਂ ਪ੍ਰਤੀ ਉਤਸ਼ਾਹ ਕਿਉਂ ਨਹੀਂ? ਇਹ ਸਵਾਲ ਗੰਭੀਰਤਾ ਨਾਲ ਵਿਚਾਰਿਆ ਜਾਣਾ ਚਾਹੀਦਾ ਹੈ। ਖੇਡਾਂ ਵਿਚ ਭਾਗ ਲੈਣ ਪ੍ਰਤੀ ਵੱਧ ਰਹੀ ਅਰੁਚੀ ਦੇ ਮੱਦੇਨਜ਼ਰ ਪੰਜਾਬੀ ਨੌਜਵਾਨਾਂ ਦਾ ਮਨੋ-ਵਿਸ਼ਲੇਸ਼ਣ ਕਰਨਾ ਜ਼ਰੂਰੀ ਹੋ ਗਿਆ ਪ੍ਰਤੀਤ ਹੁੰਦਾ ਹੈ।

## ਭਰਤੀਆਂ

ਵੱਖ-ਵੱਖ ਸਰਕਾਰੀ ਵਿਭਾਗਾਂ ਦੀਆਂ ਖ਼ਾਲੀ ਅਸਾਮੀਆਂ ਭਰਨ ਲਈ ਪੰਜਾਬ ਸਰਕਾਰ ਵੱਲੋਂ ਅਪਣਾਈ ਭਰਤੀ ਨੀਤੀ ਬੜੀ ਅਜੀਬੋ-ਗਰੀਬ ਤੇ ਨਿਰਾਸ਼ਾਜਨਕ ਬਣਦੀ ਜਾ ਰਹੀ ਹੈ। ਇਹ ਨੀਤੀ ਆਪਣਾ ਕੇ ਸਰਕਾਰ ਨੇ ਖੁਦ ਹੀ ਆਪਣੀ ਭਰੋਸੇਯੋਗਤਾ ਉੱਪਰ ਸਵਾਲੀਆ ਨਿਸ਼ਾਨ ਲਗਾ ਲਿਆ ਹੈ। ਅਧਿਆਪਕਾਂ ਦੀ ਭਰਤੀ ਇਕ ਕੰਪਿਊਟਰ ਏਜੰਸੀ ਦੁਆਰਾ ਹੋ ਰਹੀ ਹੈ, ਲੋਕ ਸੰਪਰਕ ਵਿਭਾਗ ਦੀ ਭਰਤੀ ਲਈ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੂੰ ਕਿਹਾ ਗਿਆ ਹੈ। ਹੁਣੇ-ਹੁਣੇ ਮੰਡੀਕਰਣ ਬੋਰਡ, ਪੰਜਾਬ ਦੇ ਚੇਅਰਮੈਨ ਅਜਮੇਰ ਸਿੰਘ ਲੱਖੋਵਾਲ ਨੇ ਐਲਾਨ ਕੀਤਾ ਹੈ ਕਿ ਇਸ ਵਿਭਾਗ ਦੀਆਂ ਜਿਨ੍ਹਾਂ ਅਸਾਮੀਆਂ ਨੂੰ ਮਨਜ਼ੂਰੀ ਮਿਲ ਹੈ, ਉਹ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੁਆਰਾ ਭਰੀਆਂ ਜਾਣਗੀਆਂ, ਇਹ ਯੂਨੀਵਰਸਿਟੀ ਉਮੀਦਵਾਰਾਂ ਦੀ ਪ੍ਰੀਖਿਆ ਲਵੇਗੀ ਤੇ ਮੈਰਿਟ ਤਿਆਰ ਕਰੇਗੀ। ਇਹ ਫੈਸਲੇ ਜਿਹੜੇ ਸੰਕੇਤ ਸਪਸ਼ਟ ਰੂਪ 'ਚ ਦੇ ਰਹੇ ਹਨ ਉਨ੍ਹਾਂ ਮੁਤਾਬਿਕ ਸਰਕਾਰ ਵਿਚ ਮੈਰਿਟ ਅਧਾਰਿਤ



ਭਰਤੀ ਕਰ ਸਕਣ ਦਾ ਸਵੈ-ਭਰੋਸਾ ਹੀ ਨਹੀਂ ਹੈ। ਇਨ੍ਹਾਂ ਫੈਸਲਿਆਂ ਤੋਂ ਇਹ ਸੰਕੇਤ ਵੀ ਮਿਲਦਾ ਹੈ ਕਿ ਸਰਕਾਰ ਖ਼ੁਦ ਹੀ ਸਿੱਧ ਕਰ ਰਹੀ ਹੈ ਕਿ ਉਸਦੀ ਦਿਆਨਤਦਾਰੀ ਤੇ ਯੋਗਤਾ ਭਰਤੀ ਲਈ ਚੁਣੀਆਂ ਗਈਆਂ ਏਜੰਸੀਆਂ ਨਾਲੋਂ ਘੱਟ ਹੈ। ਭਰਤੀਆਂ ਕਿਹੋ-ਜਿਹੀਆਂ ਹੁੰਦੀਆਂ ਹਨ ਇਸ ਬਾਰੇ ਤਾਂ ਅਜੇ ਕੁੱਝ ਨਹੀਂ ਕਿਹਾ ਜਾ ਸਕਦਾ, ਪਰ ਭਰਤੀਆਂ ਦੇ ਮਾਮਲੇ 'ਚ ਪੰਜਾਬ ਸਰਕਾਰ ਦਾ ਅਕਸ ਹਾਲ ਦੀ ਘੜੀ ਬਿਲਕੁਲ ਸਾਫ਼ ਸੁਥਰਾ ਨਹੀਂ ਹੈ।

## ਬੀ. ਟੀ. ਬੀਜ

ਬੀਜ ਦੀ ਉਹ ਕਿਸਮ ਜੋ ਵੱਧ ਝਾੜ ਦੇਵੇ ਅਤੇ ਬਿਮਾਰੀ, ਕੀੜੇ ਆਦਿ ਤੋਂ ਵੀ ਮੁਕਤ ਰਹੇ, ਪੰਜਾਬ ਦੇ ਕਿਸਾਨ ਦੀ ਪਹਿਲੀ ਤਰਜੀਹ ਰਹੀ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ




ਲੁਧਿਆਣਾ ਵਿਖੇ ਹਰ ਵਰ੍ਹੇ ਲੱਗਣ ਵਾਲੇ ਕਿਸਾਨ ਮੇਲੇ 'ਚ ਕਿਸਾਨ ਦੇਖਕੇ ਤਾਂ ਸੱਭ ਕੁੱਝ ਆਉਂਦੇ ਹਨ, ਪ੍ਰੰਤੂ ਲਿਆਉਂਦੇ ਜ਼ਿਆਦਾਤਰ ਬੀਜ ਹੀ ਹਨ। ਆਮ ਕਿਸਾਨ ਨੂੰ ਘੱਟ ਹੀ ਪਤਾ ਹੈ ਕਿ ਇਹ ਵਧੀਆ ਬੀਜ ਕਿਵੇਂ ਤਿਆਰ ਹੁੰਦੇ ਹਨ। ਉਨ੍ਹਾਂ ਦਾ ਮੁੱਖ ਸਰੋਕਾਰ ਤਾਂ ਵਧੇਰੇ ਉਤਪਾਦਨ ਜਾਂ ਫਿਰ ਇਉਂ ਕਹਿ ਲਵੋ ਕਿ ਬੀਜ ਦੀ ਉਤਪਾਦਨ ਸਮਰੱਥਾ ਨਾਲ ਹੈ। ਬੀਜ ਪ੍ਰਤੀ ਕਿਸਾਨ ਦੀ ਵਿਸ਼ੇਸ਼ ਖਿੱਚ ਦਾ ਲਾਹਾ ਲੈਣ ਲਈ ਬਹੁਕੌਮੀ ਕੰਪਨੀਆਂ ਨੇ ਖੇਤੀਬਾੜੀ 'ਚ ਵਰਤੀਆਂ ਜਾਂਦੀਆਂ ਹੋਰ ਵਸਤਾਂ ਦੇ ਨਾਲ-ਨਾਲ ਬੀਜ ਵੀ ਬਾਜ਼ਾਰ ਵਿਚ ਉਤਾਰਨੇ ਜਾਰੀ ਰੱਖੇ ਹੋਏ ਹਨ, ਜਿਸਦੇ ਤਹਿਤ ਪਹਿਲਾਂ ਬੀ. ਟੀ. ਕਾਟਨ ਤੇ ਹੁਣ ਬੀ. ਟੀ. ਬੈਂਗਣ ਦੇ ਬੀਜ ਬਾਜ਼ਾਰ ਲਈ ਉਪਲਬਧ ਕਰਵਾਏ ਗਏ ਹਨ। ਦੋਵਾਂ ਹੀ ਫ਼ਸਲਾਂ ਕਪਾਹ ਤੇ ਬੈਂਗਣ ਦੇ ਬੀ. ਟੀ. ਕਿਸਮ ਦੇ ਇਹ ਬੀਜ ਆਉਂਦਿਆਂ ਸਾਰ ਹੀ ਵਿਵਾਦਾਂ 'ਚ ਘਿਰ ਗਏ ਹਨ। ਇਹ ਬੀਜ ਜੈਨੇਟਿਕ ਤਕਨੀਕ ਰਾਹੀਂ ਤਿਆਰ ਕੀਤੇ ਗਏ ਹਨ ਅਰਥਾਤ ਦੋਵਾਂ ਫਸਲਾਂ ਦੇ ਜੀਨ ਤਬਦੀਲ ਕਰਕੇ ਇਨ੍ਹਾਂ ਵਿਚੋਂ ਰੋਗਾਂ ਤੇ ਕੀਟਾਂ ਦਾ ਟਾਕਰਾ ਕਰਨ ਦੀ ਪ੍ਰਤੀਰੋਧਕ ਸਮਰੱਥਾ ਪੈਦਾ ਕਰ ਦਿੱਤੀ ਗਈ ਹੈ। ਨਿਰਸੰਦੇਹ, ਝਾੜ ਦੀ ਦ੍ਰਿਸ਼ਟੀ ਤੋਂ ਇਹ ਬੀਜ ਕਿਸਾਨ ਲਈ ਵਧੇਰੇ ਮੁਨਾਫ਼ਾ ਕਮਾਉਣ ਦਾ ਜ਼ਰੀਆ ਹੋ ਸਕਦੇ ਹਨ, ਪ੍ਰੰਤੂ ਮਾਹਿਰਾਂ ਦਾ ਵਿਚਾਰ ਹੈ ਕਿ ਇਨ੍ਹਾਂ ਬੀਜਾਂ ਤੋਂ ਤਿਆਰ ਫਸਲਾਂ ਵਾਤਾਵਰਣਕ ਵਿਗਾੜ ਪੈਦਾ ਕਰਨਗੀਆਂ, ਜਿਨ੍ਹਾਂ ਦਾ ਬਾਕੀ ਦੀਆਂ ਫਸਲਾਂ ਤੋਂ ਬਿਨਾਂ ਮਨੁੱਖੀ ਸਿਹਤ 'ਤੇ ਵੀ ਬੁਰਾ ਪ੍ਰਭਾਵ ਪਵੇਗਾ। ਬੀ. ਟੀ. ਬੈਂਗਣ ਦੇ ਬੀਜ ਪ੍ਰਤੀ ਵੱਡੀ ਪੱਧਰ 'ਤੇ ਤੌਖ਼ਲੇ ਪ੍ਰਗਟਾਏ ਜਾ ਰਹੇ ਹਨ ਤੇ ਇਸ ਸਮੇਂ ਕੇਂਦਰੀ ਵਾਤਾਵਰਣਕ ਤੇ ਜੰਗਲਾਤ ਮੰਤਰੀ ਜੈਰਾਮ ਰਮੇਸ਼ ਨੂੰ ਬੀ. ਟੀ. ਬੈਂਗਣ ਸਬੰਧੀ ਪੈਦਾ ਹੋਏ ਤੌਖ਼ਲਿਆਂ ਨੂੰ ਦੂਰ ਕਰਨ ਲਈ ਕਾਫ਼ੀ ਮੁਸ਼ੱਕਤ ਕਰਨੀ ਪੈ ਰਹੀ ਹੈ ਪ੍ਰੰਤੂ ਸਫ਼ਲਤਾ ਹਾਸਲ ਨਹੀਂ ਹੋ ਰਹੀ। ਬੀ. ਟੀ. ਬੈਂਗਣ ਦੀ ਕਾਸ਼ਤ ਸਬੰਧੀ ਉਨ੍ਹਾਂ ਦੀ ਪੰਜਾਬ ਫੇਰੀ ਵੀ ਬੇਸਿੱਟਾ ਹੀ ਰਹੀ। ਇਹ ਪਹਿਲੀ ਵਾਰ ਹੈ ਕਿ ਪੰਜਾਬ ਦੇ ਖੇਤੀ ਸੈਕਟਰ 'ਚ ਕਿਸੇ ਨਵੀਂ ਤਬਦੀਲੀ ਦੇ ਮੁਢਲੇ ਪੜਾਅ 'ਤੇ ਹੀ ਇਸ ਤਬਦੀਲੀ ਦੇ ਦੂਰਰਸ ਦੁਰਪ੍ਰਭਾਵ ਬਾਰੇ ਚੇਤਨਾ ਤੇ ਚਿੰਤਾ ਪੈਦਾ ਹੋਈ ਹੈ। ◻

# ਪੰਜਾਬ ਵਿਚ ਵਿਧਾਇਕਾਂ ਨੂੰ ਹਰ ਸਾਲ ਚਾਰ, ਸੰਸਦ ਮੈਂਬਰਾਂ ਨੂੰ ਮਿਲਦੇ ਹਨ ਦੋ ਕਰੋੜ

### ਵਿਧਾਇਕ ਤੋਂ ਘੱਟ ਸੰਸਦ ਮੈਂਬਰ ਦਾ ਫੰਡ

ਚੰਡੀਗੜ/ਇੰਦਰਪ੍ਰੀਤ ਸਿੰਘ

ਸੰਸਦ ਵਿਚ ਨੌ ਵਿਧਾਨ ਸਭਾ ਹਲਕਿਆਂ ਦੇ ਬਰਾਬਰ ਇਲਾਕੇ ਦੀ ਪ੍ਰਤੀਨਿਧਤਾ ਕਰਨ ਵਾਲੇ ਸੰਸਦ ਮੈਂਬਰਾਂ ਨੂੰ ਪੰਜਾਬ ਦੇ ਵਿਧਾਇਕਾਂ ਨਾਲੋਂ ਢਾਈ ਗੁਣਾ ਘੱਟ ਵਿਕਾਸ ਫੰਡ ਮਿਲਦਾ ਹੈ। ਇਹੀ ਨਹੀਂ, ਆਪਣੇ ਫੰਡ ਦਾ ਮਨਮਰਜ਼ੀ ਨਾਲ ਇਸਤੇਮਾਲ ਕਰਨ ਵਾਲੇ ਵਿਧਾਇਕ, ਸੰਸਦ ਮੈਂਬਰਾਂ ਦੇ ਅਖਤਿਆਰੀ ਫੰਡ 'ਤੇ 'ਬਾਜ਼ ਅੱਖ' ਰੱਖਦੇ ਹਨ। ਉਹ ਆਪਣੀ ਪਸੰਦ ਦੇ ਇਲਾਕੇ ਅਤੇ ਆਗੂਆਂ ਨੂੰ ਪੈਸੇ ਦਿਵਾਉਣ ਲਈ ਸੰਸਦ ਮੈਂਬਰਾਂ ਉਪਰ ਦਬਾਅ ਵੀ ਪਾਉਂਦੇ ਹਨ।

ਪੰਜਾਬ ਵਿਚ ਵਿਧਾਇਕਾਂ ਨੂੰ ਉਨ੍ਹਾਂ ਦੇ ਵਿਧਾਨ ਸਭਾ ਹਲਕੇ ਦੇ ਵਿਕਾਸ ਲਈ ਫੰਡ ਦੇਣ ਦਾ ਕੋਟਾ ਨਿਸ਼ਚਿਤ ਨਹੀਂ ਹੈ। ਅਕਾਲੀ-ਭਾਜਪਾ ਗਠਜੋੜ ਦੇ ਸੱਤਾ ਵਿਚ ਆਉਣ ਤੋਂ ਬਾਅਦ ਪਹਿਲੇ ਸਾਲ ਵਿਧਾਇਕਾਂ ਨੂੰ ਦੋ-ਦੋ ਕਰੋੜ ਰੁਪਏ ਮਿਲੇ ਸਨ ਜਿਸ ਨੂੰ ਅਗਲੇ ਸਾਲ ਤਿੰਨ-ਤਿੰਨ ਕਰੋੜ ਰੁਪਏ ਕਰ ਦਿੱਤਾ ਗਿਆ। ਚਾਲੂ ਵਿੱਤੀ ਸਾਲ ਵਿਚ ਇਸ ਨੂੰ ਵਧਾ ਕੇ ਪੰਜ ਕਰੋੜ ਕਰਨ ਦੀ ਤਿਆਰੀ ਚੱਲ ਰਹੀ ਹੈ।

ਕਿਉਂਕਿ ਸਰਕਾਰੀ ਖਜ਼ਾਨੇ ਦੀ ਹਾਲਤ ਅਜਿਹੀ ਨਹੀਂ ਹੈ ਕਿ ਉਥੋਂ ਵਿਧਾਇਕਾਂ ਨੂੰ ਏਨੀ ਰਕਮ ਦਿੱਤੀ ਜਾ ਸਕੇ, ਇਸ ਲਈ ਮੰਡੀ ਬੋਰਡ ਦਾ ਦਬਾਅ ਬਣਾਇਆ ਜਾ ਰਿਹਾ ਹੈ ਕਿ ਉਹ ਵਿਧਾਇਕਾਂ ਨੂੰ ਵਿਕਾਸ ਫੰਡ ਲਈ ਪੈਸੇ ਦੇਵੇ। ਮਜ਼ੇਦਾਰ ਗੱਲ ਇਹ ਹੈ ਕਿ ਸਰਕਾਰ ਦੇ ਫੰਡ ਲੈਣ ਕਾਰਨ ਮੰਡੀ ਬੋਰਡ ਨੂੰ ਆਪਣੇ ਵਿਕਾਸ ਕਾਰਜਾਂ ਲਈ ਕਰਜ਼ਾ ਲੈਣਾ ਪੈ ਰਿਹਾ ਹੈ।

> ***ਸੰਸਦ ਮੈਂਬਰਾਂ ਨੂੰ ਮਿਲਣ ਵਾਲੇ ਦੋ ਕਰੋੜ ਰੁਪਏ ਦੇ ਕੋਟੇ 'ਤੇ ਵੀ ਵਿਧਾਇਕਾਂ ਦੀ ਨਜ਼ਰ ਰਹਿੰਦੀ ਹੈ। ਇਕ ਅਕਾਲੀ ਸੰਸਦ ਮੈਂਬਰ ਇਸ ਗੱਲ ਤੋਂ ਕਾਫੀ ਖ਼ਫਾ ਹੈ ਕਿ ਉਨ੍ਹਾਂ ਦੇ ਹਲਕੇ ਨਾਲ ਸਬੰਧ ਰੱਖਣ ਵਾਲੇ ਜ਼ਿਆਦਾਤਰ ਅਕਾਲੀ-ਭਾਜਪਾ ਵਿਧਾਇਕ ਆਪਣੀ ਪਸੰਦ ਦੀ ਥਾਂ ਪੈਸਾ ਲਾਉਣ ਲਈ ਉਨ੍ਹਾਂ ਦੇ ਕੋਟੇ ਦੀ ਰਾਸ਼ੀ ਮੰਗਦੇ ਰਹਿੰਦੇ ਹਨ। ਜੇਕਰ ਉਹ ਟਾਲ ਮਟੋਲ ਕਰਨ ਤਾਂ ਚੋਣਾਂ ਵਿਚ ਕੀਤੇ ਕੰਮ ਗਿਣਾਉਣ ਲੱਗਦੇ ਹਨ। ਸਮਝ ਨਹੀਂ ਆਉਂਦਾ ਕਿ ਸੰਸਦ ਮੈਂਬਰ ਆਪਣੀ ਮਰਜ਼ੀ ਨਾਲ ਕੁਝ ਕਰ ਸਕਣਗੇ ਕਿ ਨਹੀਂ।***

### ਵਿਰੋਧੀ ਧਿਰ ਦੇ ਵਿਧਾਇਕਾਂ ਨਾਲ ਭੇਦ-ਭਾਵ

ਇਕ ਹੋਰ ਗੱਲ, ਸੰਸਦ ਮੈਂਬਰਾਂ ਨੂੰ ਅਖਤਿਆਰੀ ਕੋਟਾ ਜਾਰੀ ਕਰਦੇ ਸਮੇਂ ਕੇਂਦਰ ਸਰਕਾਰ ਉਨ੍ਹਾਂ ਨਾਲ ਕੋਈ ਪੱਖਪਾਤ ਨਹੀਂ ਕਰਦੀ ਪਰ ਪੰਜਾਬ ਸਰਕਾਰ ਏਨੀ 'ਉਦਾਰ' ਨਹੀਂ ਹੈ। ਇਥੇ ਜੋ ਦਲ ਸੱਤਾ ਵਿਚ ਰਹਿੰਦਾ ਹੈ, ਉਸ ਦੇ ਵਿਧਾਨ ਸਭਾ ਹਾਰ ਚੁੱਕੇ ਆਗੂਆਂ ਨੂੰ ਵੀ ਅਖਤਿਆਰੀ ਕੋਟਾ ਮਿਲ ਜਾਂਦਾ ਹੈ ਜਦਕਿ ਜਿੱਤਣ ਵਾਲੇ ਵਿਰੋਧੀ ਧਿਰ ਦੇ ਵਿਧਾਇਕ ਮੂੰਹ ਦੇਖਦੇ ਰਹਿ ਜਾਂਦੇ ਹਨ। ਜੇਕਰ ਕੋਈ ਆਜ਼ਾਦ ਵਿਧਾਇਕ ਵੀ ਵਿਰੋਧੀ ਧਿਰ ਨਾਲ 'ਦੋਸਤੀ' ਨਿਭਾਉਂਦਾ ਤਾਂ ਉਸ ਦੇ ਨਾਲ ਵੀ ਉਹੀ ਵਰਤਾਅ ਹੁੰਦਾ ਹੈ। ਹਾਕਮ ਧਿਰ ਅਕਾਲੀ-ਭਾਜਪਾ ਗਠਜੋੜ 'ਪਰੰਪਰਾ' ਦਾ ਪਾਲਣ ਬਾਖ਼ੂਬੀ ਕਰ ਰਹੀ ਹੈ। ਇਸ ਭੇਦਭਾਵ 'ਤੇ ਨਿਹਾਲ ਸਿੰਘ ਵਾਲਾ ਹਲਕੇ ਤੋਂ ਵਿਧਾਇਕ ਅਜੀਤ ਸਿੰਘ ਸ਼ਾਂਤ ਕਹਿੰਦੇ ਹਨ- 'ਇਹ ਲੋਕਤੰਤਰ ਨਹੀਂ ਹੈ। ਇਥੇ ਲੋਕਾਂ ਵੱਲੋਂ ਰੱਦ ਕੀਤੇ ਜਾ ਚੁੱਕੇ ਆਗੂ ਵਿਰੋਧੀ ਧਿਰ ਦੇ ਜਿੱਤੇ ਹੋਏ ਵਿਧਾਇਕਾਂ ਨਾਲੋਂ ਜ਼ਿਆਦਾ ਤਾਕਤਵਰ ਹਨ। ਹਾਰੇ ਹੋਏ ਆਗੂਆਂ ਨੂੰ ਸਰਕਾਰ ਹਲਕਾ ਇੰਚਾਰਜ ਬਣਾ ਕੇ ਉਨ੍ਹਾਂ ਤੋਂ ਵਿਕਾਸ ਸਕੀਮਾਂ ਦੇ ਚੈੱਕ ਵੰਡਵਾ ਰਹੀ ਹੈ।'

## ਸ਼ੋਕ ਸਮਾਚਾਰ

ਪੰਜਾਬੀ ਦੇ ਸਿਰਮੌਰ ਲੇਖਕ ਸੰਤੋਖ ਸਿੰਘ ਧੀਰ ਨਹੀਂ ਰਹੇ।

ਪੰਜਾਬੀ ਦੇ ਪ੍ਰਸਿੱਧ ਮਾਰਕਸਵਾਦੀ ਆਲੋਚਕ ਡਾ. ਟੀ. ਆਰ. ਵਿਨੋਦ ਅਤੇ ਡਾ. ਜੋਗਿੰਦਰ ਸਿੰਘ ਰਾਹੀ ਵੀ ਪਿਛਲੇ ਦਿਨੀ ਸਦਾ ਲਈ ਤੁਰ ਗਏ।

ਪ੍ਰੋਗਰੈਸਿਵ ਪੀਪਲਜ਼ ਫਾਉਂਡੇਸ਼ਨ ਆਫ਼ ਐਲਬਰਟਾ ਅਤੇ ਪੰਜਾਬੀ ਮੀਡੀਆ ਐਸੋਸੀਏਸ਼ਨ ਆਫ਼ ਐਲਬਰਟਾ ਦੇ ਪ੍ਰਧਾਨ ਡਾ. ਪੀ. ਆਰ. ਕਾਲੀਆ ਦੇ ਭੈਣ ਜੀ ਸਤਿਆਵਤੀ (ਬਰਤਾਨੀਆ) ਪਿਛਲਾ ਪਿੰਡ ਦਹੇੜੂ (ਲੁਧਿਆਣਾ) ਵੀ ਸਦੀਵੀਂ ਵਿਛੋੜਾ ਦੇ ਗਏ ਹਨ।

ਐਡਮਿੰਟਨ ਦੇ ਰੇਡੀਓ ਹੋਸਟ ਅਤੇ ਪ੍ਰਸਿੱਧ ਪਤੱਰਕਾਰ ਜਰਨੈਲ ਬਸੋਤਾ ਦੇ ਸਹੁਰਾ ਸਾਹਿਬ ਸ. ਜੀਵਾ ਸਿੰਘ ਗਿੱਲ ਪਿੰਡ ਚਿੱਲਾ (ਮੋਹਾਲੀ) ਦਾ ਵੀ ਪਿਛਲੇ ਦਿਨੀ ਦੇਹਾਂਤ ਹੋ ਗਿਆ।

ਅਦਾਰਾ 'ਨਵੀਂ ਦੁਨੀਆ' ਇਨ੍ਹਾਂ ਸਾਰਿਆਂ ਦੇ ਪਰਿਵਾਰਾਂ ਦੇ ਦੁੱਖ ਵਿਚ ਸ਼ਰੀਕ ਹੈ।

## ਵੈਨਕੂਵਰ ਵਿਚ ਸਰਦੀਆਂ ਦੀਆਂ ਉਲੰਪਿਕ ਖੇਡਾਂ ਸ਼ੁਰੂ

ਐਡਮਿੰਟਨ/ਦਲਬੀਰ ਸਾਂਗਿਆਣ

ਲੰਘੀ 12 ਫਰਵਰੀ ਤੋਂ ਵੈਨਕੂਵਰ ਵਿਚ ਸਰਦੀਆਂ ਦੀਆਂ ਉਲੰਪਿਕ ਖੇਡਾਂ ਸ਼ੁਰੂ ਹੋ ਗਈਆਂ ਹਨ। ਇਹ 28 ਫਰਵਰੀ ਤੱਕ ਚਲਣਗੀਆਂ। **ਅੱਜ ਦੇ ਇਲੈਕਟਰੋਨਿਕ ਸੰਚਾਰ ਮਾਧਿਅਮ ਨਾਲ ਗਲੋਬ ਦੇ ਹਰ ਹਿੱਸੇ ਤੋਂ ਇਨਾਂ ਖੇਡਾਂ ਨੂੰ ਦੇਖਿਆ ਜਾ ਸਕਦਾ ਹੈ ਜਾਂ ਇਨਾਂ ਬਾਰੇ ਗਿਆਨ ਹਾਸਲ ਕੀਤਾ ਜਾ ਸਕਦਾ ਹੈ।**

ਬਿਊਟੀਫੁਲ ਬ੍ਰਿਟਿਸ਼ ਕਲੰਬੀਆਂ ਦੀਆਂ ਢਲਾਨਾਂ ਵਾਲੀਆਂ ਪਹਾੜੀਆਂ ਵਿਚ ਹਜ਼ਾਰਾਂ ਖਿਡਾਰੀਆਂ, ਕੋਚਾਂ, ਪ੍ਰਬੰਧਕੀ ਢਾਂਚੇ ਸਣੇ ਲੱਖਾਂ ਦਰਸ਼ਕ ਨੇ ਇਨ੍ਹਾਂ ਖੇਡਾਂ ਦਾ ਅਨੰਦ ਮਾਣ ਰਹੇ ਹਨ। ਇਨ੍ਹਾਂ ਖੇਡਾਂ ਨੂੰ ਅੰਗਰੇਜ਼ੀ, ਫਰੈਂਚ ਭਾਸ਼ਾ ਤੋਂ ਇਲਾਵਾ ਬਾਈ ਹੋਰ ਇਥਨਿਕ ਬੋਲੀਆਂ ਵਿਚ ਵੀ ਪ੍ਰਸਾਰਤ ਕੀਤਾ ਜਾ ਰਿਹਾ ਹੈ। ਸੋ ਮਾਣ ਨਾਲ ਪੰਜਾਬੀ ਤੇ ਹਿੰਦੀ ਵੀ ਉਨ੍ਹਾਂ ਬਾਈ ਬੋਲੀਆਂ ਵਿਚ ਸ਼ਾਮਲ ਹੈ। ਭਾਰਤੀ ਮੂਲ ਦੇ ਲੋਕ ਵੀ ਆਈਸ ਹਾਕੀ ਵਿਚ ਦਿਲਚਸਪੀ ਰੱਖਦੇ ਹਨ। ਬੱਚਿਆਂ, ਬਜ਼ੁਰਗਾਂ ਤੇ ਔਰਤਾਂ ਨੂੰ ਆਈਸ ਹਾਕੀ ਬਾਰੇ ਗੱਲਾਂ ਕਰਦਿਆਂ ਬਹੁੱਤ ਬਾਰੇ ਸੁਣਿਆ ਹੈ। ਪਿਛਲੇ ਸਾਲ ਕੈਲਗਰੀ ਨਿਵਾਸੀ ਦੋ ਪੰਜਾਬੀ ਸਿੱਖ ਨੌਜਵਾਨਾਂ, ਹਰਨਰਾਇਣ ਸਿੰਘ ਅਤੇ ਪਰਮਿੰਦਰ ਸਿੰਘ, ਨੇ ਸੀ ਬੀ ਸੀ ਰੇਡੀਓ ਚੈਨਲ ਤੋਂ ਪੰਜਾਬੀ ਵਿਚ ਮੈਚਾਂ ਦਾ ਅੱਖੀ ਡਿੱਠਾ ਹਾਲ ਸੁਣਾਇਆ।

ਇਹ ਉਲੰਪਿਕ ਖੇਡਾਂ ਵੈਨਕੂਵਰ ਵਿਚ ਹੋ ਰਹੀਆਂ ਨੇ ਜਿਥੇ ਆਪਣਾ ਭਾਈਚਾਰਾ ਭਾਰੀ ਗਿਣਤੀ ਵਿਚ ਵਸ ਰਿਹਾ ਹੈ। ਸੋ ਬੜੇ ਹੀ ਸੁਭਾਗ ਵਾਲੀ ਗੱਲ ਹੈ ਕਿ ਮਨੋਰੰਜਨ ਦੇ ਨਾਲ ਨਾਲ ਸੱਭਿਆਚਾਰਕ ਬਦਲਾਅ ਵੀ ਆ ਰਹੇ ਹਨ। ਮੇਰਾ ਨਿਜ਼ੀ ਵਿਚਾਰ ਇਹ ਹੈ ਕਿ ਖੇਡਾਂ ਜ਼ਰੀਏ ਆਪਣੀ ਪੀੜ੍ਹੀ ਨੂੰ ਕਨੇਡਾ ਦੀ ਧਰਾਤਲ ਨਾਲ ਮਾਨਸਿਕ ਤੌਰ 'ਤੇ ਜੋੜਿਆ ਜਾਵੇ ਤਾਂ ਕਿ ਉਨ੍ਹਾਂ ਵਿਚ ਕੰਪੀਟੀਸ਼ਨ ਦੀ ਭਾਵਨਾ ਪੈਦਾ ਹੋਵੇ। ਇਥੋਂ ਦੇ ਜੰਮਪਲ ਭਾਰਤੀ ਮੂਲ ਦੇ ਬੱਚੇ ਵੀ ਸੋਨੇ, ਚਾਂਦੀ ਤੇ ਕਾਂਸੀ ਦੇ ਤਗਮਿਆਂ ਦੇ ਹੱਕਦਾਰ ਬਣ ਸਕਣ।

# ਬਦਲਣ ਲੱਗੀ ਹੈ ਪੰਜਾਬ ਦੀ ਸਿਆਸੀ ਫ਼ਿਜ਼ਾ

ਪੰਜਾਬ ਵਿਧਾਨ ਸਭਾ ਦੀਆਂ ਅਗਲੀਆਂ ਆਮ ਚੋਣਾਂ ਹੋਣ 'ਚ ਅਜੇ ਲੱਗਭੱਗ ਦੋ ਸਾਲ ਬਾਕੀ ਹਨ। ਇਹ ਦੇਖ ਕੇ ਸਾਰੀਆਂ ਸਿਆਸੀ ਪਾਰਟੀਆਂ ਨੇ ਚੋਣ ਦੰਗਲ ਲਈ ਆਪਣੀਆਂ ਤਿਆਰੀਆਂ ਆਰੰਭ ਦਿੱਤੀਆਂ ਹਨ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਿਛਲੇ ਦਿਨੀਂ ਚੰਡੀਗੜ੍ਹ 'ਚ ਪਾਰਟੀ ਹੈੱਡਕੁਆਟਰ ਵਿੱਚ ਅਕਾਲੀ ਦਲ ਦੇ ਆਗੂਆਂ, ਜ਼ਿਲਾ ਜਥੇਦਾਰਾਂ, ਕਾਰਜਕਾਰਨੀ 'ਤੇ ਕੋਰ ਕਮੇਟੀ ਦੇ ਸੀਨੀਅਰ ਆਗੂਆਂ ਨਾਲ ਦੋ ਦਿਨ ਮੀਟਿੰਗ ਕਰਕੇ ਚੋਣ ਰਣਨੀਤੀ ਦੀ ਸੱਤਾ 'ਤੇ ਵਿਆਪਕ ਵਿਚਾਰ ਵਟਾਂਦਰਾ ਕੀਤਾ।

ਹਾਲਾਂਕਿ ਇਹ ਮੀਟਿੰਗ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਛੇਤੀ ਹੋਣ ਜਾ ਰਹੀਆਂ ਚੋਣਾਂ ਨੂੰ ਲੈ ਕੇ ਸੱਦੀ ਗਈ ਸੀ। ਪਰ ਸੁਖਬੀਰ ਨੇ ਇਹ ਗੱਲ ਸਾਫ ਕਰ ਦਿੱਤੀ ਕਿ ਅਕਾਲੀ ਦਲ ਦਾ ਮੁੱਖ ਆਧਾਰ ਸ਼੍ਰੋਮਣੀ ਕਮੇਟੀ ਹੀ ਹੈ। ਪੰਜਾਬ ਦੀ ਸੱਤਾ 'ਤੇ ਕਾਬਜ਼ ਹੋਣ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ 'ਤੇ ਕਾਬਜ਼ ਹੋਣਾਂ ਜ਼ਰੂਰੀ ਹੈ।

## ਭਾਜਪਾ 'ਚ ਨਵੇਂ ਸਮੀਕਰਨ

ਦੂਜੇ ਪਾਸੇ ਸੱਤਾਧਾਰੀ ਗਠਜੋੜ ਦੀ ਦੂਜੀ ਭਾਈਵਾਲ ਪਾਰਟੀ ਭਾਜਪਾ 'ਚ ਵੀ ਹਲਚਲ ਮੱਚ ਗਈ ਹੈ। ਪ੍ਰੋ. ਰਜਿੰਦਰ ਭੰਡਾਰੀ ਦਾ ਕਾਰਜਕਾਲ ਪੂਰਾ ਹੋਣ ਉਪਰੰਤ ਅਸ਼ਵਨੀ ਸ਼ਰਮਾ ਨੂੰ ਪਾਰਟੀ ਦਾ ਨਵਾਂ ਪ੍ਰਧਾਨ ਚੁਣ ਲਿਆ ਗਿਆ ਹੈ। ਸਪੱਸ਼ਟ ਹੈ ਕਿ ਭਾਜਪਾ ਵੱਲੋਂ ਅਗਲੀਆਂ ਵਿਧਾਨ ਸਭਾ ਚੋਣਾਂ ਸ਼ਰਮਾ ਦੀ ਕਮਾਨ ਹੇਠ ਹੀ ਲੜੀਆਂ ਜਾਣਗੀਆਂ। ਸ਼ਰਮਾ ਦੇ ਪ੍ਰਧਾਨਗੀ ਅਹੁਦੇ 'ਤੇ ਬੈਠਣ ਦੇ ਨਾਲ ਹੀ ਸੂਬਾਈ ਭਾਜਪਾ 'ਚ ਅੰਦਰੂਨੀ ਸਮੀਕਰਨ ਵੀ ਬਦਲਣ ਲੱਗੇ ਹਨ। ਜੋ ਲੋਕ ਪਹਿਲਾ ਪੰਜਾਬ ਤੋਂ ਰਾਜ ਸਭਾ ਦੀਆਂ ਖਾਲੀ ਹੋਣ ਜਾ ਰਹੀਆਂ ਸੀਟਾਂ 'ਚੋਂ ਘੱਟੋ-ਘੱਟ ਇਕ ਸੀਟ 'ਤੇ ਚੁਣੇ ਜਾਣ ਦੀ ਉਮੀਦ ਲਗਾਈ ਬੈਠੇ ਸਨ,ਉਨ੍ਹਾਂ ਨੂੰ ਵੀ ਆਪਣੀ ਸਥਿਤੀ 'ਤੇ ਦੁਬਾਰਾ ਵਿਚਾਰ ਕਰਨਾ ਪਵੇਗਾ।

## ਕਾਂਗਰਸ ਦੀ ਸਥਿਤੀ ਅਸਪੱਸ਼ਟ

ਜਿੱਥੇ ਇੱਕ ਪਾਸੇ ਸੱਤਾਧਾਰੀ ਅਕਾਲੀ-ਭਾਜਪਾ ਗਠਜੋੜ 'ਚ ਅਗਲੀਆਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਪ੍ਰਕਿਰਿਆ ਸ਼ੁਰੂ ਹੋ ਗਈ ਹੈ, ਉੱਥੇ ਹੀ ਦੂਜੇ ਪਾਸੇ ਸੂਬੇ ਦੀ ਮੁੱਖ ਵਿਰੋਧੀ ਪਾਰਟੀ ਕਾਂਗਰਸ 'ਚ ਲੀਡਰਸ਼ਿਪ ਨੂੰ ਲੈ ਕੇ ਸਥਿਤੀ ਅਜੇ ਤੱਕ ਅਸਪੱਸ਼ਟ ਬਣੀ ਹੋਈ ਹੈ। ਮਹਿੰਦਰ ਸਿੰਘ ਕੇ. ਪੀ. ਪਾਰਟੀ ਦੇ ਪ੍ਰਧਾਨਗੀ ਅਹੁਦੇ 'ਤੇ ਪਿਛਲੇ ਸਾਲ ਤੋਂ ਵੀ ਜ਼ਿਆਦਾ ਸਮੇਂ ਤੋਂ ਟਿਕੇ ਹੋਏ ਹਨ। ਪਰ ਪਾਰਟੀ 'ਚ ਇਹ ਆਮ ਧਾਰਨਾ ਹੈ ਕਿ ਅਗਲੀਆਂ ਵਿਧਾਨ ਸਭਾ ਚੋਣਾਂ ਕਿਸੇ ਹੋਰ ਆਗੂ ਦੀ ਅਗਵਾਈ 'ਚ ਹੀ ਲੜੀਆਂ ਜਾਣਗੀਆਂ।

ਇਸ ਸਿਲਸਿਲੇ 'ਚ ਨਵੇਂ ਪ੍ਰਧਾਨ ਦੇ ਨਾਲ-ਨਾਲ ਪਾਰਟੀ ਦੀਆਂ ਸੰਗਠਾਤਮਕ ਚੋਣਾਂ ਦੀ ਪ੍ਰਕਿਰਿਆ ਵੀ ਸ਼ੁਰੂ ਹੋ ਚੁੱਕੀ ਹੈ, ਜੋ 31 ਜੁਲਾਈ 2010 ਤਕ ਸੰਪੰਨ ਹੋਣੀ ਹੈ। ਸੰਗਠਾਤਮਕ ਚੋਣਾਂ ਲੜਨ ਲਈ ਵੀ ਕਈ ਆਗੂ ਤਿਆਰੀਆਂ ਕਰ ਰਹੇ ਹਨ। ਪਰ ਇਹਨਾਂ ਸਾਰਿਆਂ ਦਾ ਇਹ ਵੀ ਕਹਿਣਾ ਹੈ ਕਿ ਆਗੂ ਉਹੀ ਚੁਣਿਆ ਜਾਏਗਾ, ਜਿਸ ਨੂੰ ਪਾਰਟੀ ਹਾਈਕਮਾਨ ਦਾ ਆਸ਼ੀਰਵਾਦ ਪ੍ਰਾਪਤ ਹੋਵੇਗਾ, ਇਸ ਲਈ ਚੋਣਾਂ ਲੜਨ ਦੀ ਤਿਆਰੀ ਦੇ ਨਾਲ-ਨਾਲ ਇਨ੍ਹਾਂ ਆਗੂਆਂ 'ਚ ਹਾਈਕਮਾਨ ਦਾ ਆਸ਼ੀਰਵਾਦ ਪ੍ਰਾਪਤ ਕਰਨ ਦੀ ਦੌੜ ਵੀ ਲੱਗੀ ਹੋਈ ਹੈ। ਆਸ਼ੀਰਵਾਦ ਲੈਣ ਵਾਲਿਆਂ 'ਚ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਵਿਧਾਨ ਸਭਾ 'ਚ ਵਿਰੋਧੀ ਧਿਰ ਦੀ ਆਗੂ ਰਾਜਿੰਦਰ ਕੌਰ ਭੱਠਲ, ਸਾਬਕਾ ਮੰਤਰੀ ਲਾਲ ਸਿੰਘ, ਪਰ੍ਤਾਪ ਸਿੰਘ ਬਾਜਵਾ, ਸ਼ਮਸ਼ੇਰ ਸਿੰਘ ਦੂਲੋ, ਸੀਨੀਅਰ ਆਗੂ ਜਗਮੀਤ ਸਿੰਘ ਬਰਾੜ, ਸਾਬਕਾ ਮੰਤਰੀ ਬ੍ਰਹਮ ਮਹਿੰਦਰਾ ਤੇ ਦਰਬਾਰੀ ਲਾਲ ਸ਼ਾਮਲ ਹਨ। ਇਨ੍ਹਾਂ ਸਾਰਿਆਂ ਨੇ ਕਾਂਗਰਸ ਨੂੰ ਅਗਲੀਆਂ ਚੋਣਾਂ 'ਚ ਜਿਤਾਉਣ ਲਈ ਆਪੋ-ਆਪਣੀ ਰਣਨੀਤੀ ਤਿਆਰ ਕੀਤੀ ਹੋਈ ਹੈ। ਪਰ ਕੇਂਦਰੀ ਆਗੂਆਂ ਦੇ ਆਸ਼ੀਰਵਾਦ ਤੋਂ ਬਿਨਾਂ ਇਹ ਸਭ ਅਧੂਰੀ ਹੈ। ਆਸ਼ੀਰਵਾਦ ਪ੍ਰਾਪਤ ਕਰਨ ਦੀ ਦੌੜ 'ਚ ਸਭ ਤੋਂ ਅੱਗੇ ਚੱਲ ਰਹੇ ਕੈਪਟਨ ਅਮਰਿੰਦਰ ਸਿੰਘ ਦਾ ਕਹਿਣਾ ਏ ਕਿ 2002 'ਚ ਉਨ੍ਹਾਂ ਨੇ ਬਤੌਰ ਸੂਬਾਈ ਪ੍ਰਧਾਨ ਕਾਂਗਰਸ ਨੂੰ ਜਿੱਤ ਦਿਵਾਈ ਸੀ ਤੇ 5 ਸਾਲਾਂ ਤੱਕ ਪਾਰਟੀ ਦਾ ਰਾਜ ਚੱਲਿਆ। 2007 'ਚ ਚੋਣਾਂ ਉਨ੍ਹਾਂ ਦੀ ਅਗਵਾਈ 'ਚ ਲੜੀਆਂ ਗਈਆਂ, ਪਰ ਕੁਝ ਕਮੀਆਂ ਕਾਰਨ ਸੱਤਾਂ ਕਾਂਗਰਸ ਦੇ ਹੱਥੋਂ ਨਿਕਲ ਗਈ। ਅਮਰਿੰਦਰ ਸਿੰਘ ਦੇ ਸਮਰਥਕਾਂ ਦਾ ਕਹਿਣਾ ਹੈ ਕਿ 2012 'ਚ ਸੱਤਾਂ ਦੁਬਾਰਾ ਪ੍ਰਾਪਤ ਕੀਤੀ ਜਾ ਸਕਦੀ ਹੈ ਕਿਉਂਕਿ ਅਮਰਿੰਦਰ ਸਿੰਘ ਹੀ ਦੇ ਸਕਦੇ ਹਨ। ਉਨ੍ਹਾਂ ਨੂੰ ਪੂਰੀ ਆਸ ਹੈ ਕਿ ਅਮਰਿੰਦਰ ਛੇਤੀ ਹੀ ਹਾਈਕਮਾਨ ਦੇ ਆਸ਼ੀਰਵਾਦ ਨਾਲ ਸੂਬਾਈ ਕਾਂਗਰਸ ਪ੍ਰਧਾਨ ਬਣਨਗੇ।

***ਏ. ਐੱਸ. ਪਰਾਸ਼ਰ***

## ਲੇਖਕਾਂ ਵੱਲੋਂ ਹੈਤੀ ਭੂਚਾਲ ਪੀੜਤਾਂ ਦੀ ਮਦਦ

ਕੈਲਗਰੀ (ਹਰਬੰਸ ਬੁੱਟਰ) ਪੰਜਾਬੀ ਲਿਖਾਰੀ ਸਭਾ ਕੈਲਗਰੀ ਦੀ ਨਵੇਂ ਸਾਲ ਦੀ ਪਹਿਲੀ ਮਿਲਣੀ ਕੋਸੋ ਦੇ ਹਾਲ ਵਿੱਚ ਹੋਈ। ਵਿੱਛੜ ਚੁੱਕੇ ਲੇਖਕਾਂ ਡਾ: ਜੋਗਿੰਦਰ ਸਿੰਘ ਰਾਹੀ, ਸਾਧੂ ਸਿੰਘ ਦਰਦ ਅਤੇ ਕਾ. ਜੋਤੀ ਬਾਸੂ ਨੂੰ ਇੱਕ ਮਿੰਟ ਦਾ ਮੋਨ ਧਾਰਕੇ ਸਰਧਾਂਜਲੀ ਭੇਟ ਕੀਤੀ ਗਈ। ਮੀਟਿੰਗ 'ਚ ਹੈਤੀ ਵਿੱਚ ਭੂਚਾਲ ਪੀੜਤਾਂ ਲਈ ਪੰਜਾਬੀ ਲਿਖਾਰੀ ਸਭਾ ਕੈਲਗਰੀ ਵੱਲੋ ਫੰਡ ਇਕੱਠਾ ਕਰਨ ਲਈ ਕਿਤਾਬਾਂ ਦੀ ਸੇਲ ਲਾਈ ਗਈ। 285 ਡਾਲਰ ਦੀਆਂ ਕਿਤਾਬਾਂ ਹੱਥੋ ਹੱਥੀ ਵਿੱਕ ਗਈਆਂ। 215 ਡਾਲਰ ਪੰਜਾਬੀ ਲਿਖਾਰੀ ਸਭਾ ਕੈਲਗਰੀ ਨੇ ਆਪਣੇ ਕੋਲੋਂ ਪਾਕੇ ਕੁੱਲ 500 ਡਾਲਰ ਹੈਤੀ ਦੇ ਭੂਚਾਲ ਪੀੜਤਾਂ ਦੀ ਮਦਦ ਲਈ ਭੇਜਣ ਦਾ ਫੈਸਲਾ ਕੀਤਾ। ਮਹਿੰਦਰਪਾਲ ਐਸ ਪਾਲ, ਪਰਮਜੀਤ ਸੰਦਲ (ਪੰਜਾਬੀ ਫਿਲਮ ਪ੍ਰੋਡਿਊਸਰ), ਭੋਲਾ ਚੌਹਾਨ, ਗੁਰਚਰਨ ਕੌਰ ਥਿੰਦ, ਜੋਗਿੰਦਰ ਸੰਘਾ, ਹਰਕਮਲ ਸਾਹਿਲ, ਬਲਜਿੰਦਰ ਸੰਘਾ, ਅਮਨਦੀਪ ਪਰਹਾਰ, ਲਾਡੀ ਗੋਬਿੰਦਪੁਰੀ, ਹਰਬੰਸ ਬੁੱਟਰ, ਹਰੀਪਾਲ, ਕੇਸਰ ਸਿੰਘ ਨੀਰ, ਮਨਜੋਤ ਗਿੱਲ, ਜਰਨੈਲ ਤੱਗੜ, ਜੱਸ ਚਾਹਲ ਅਤੇ ਗੁਰਬਚਨ ਬਰਾੜ ਨੇ ਆਪੋ-ਆਪਣੀਆਂ ਰਚਨਾਵਾਂ ਨਾਲ ਮਹਿਫਲ ਨੂੰ ਖੂਬਸੂਰਤੀ ਬਖਸ਼ੀ।

ਇਸ ਮੌਕੇ ਪ੍ਰੋ. ਮਨਜੀਤ ਸਿੰਘ ਸਿੱਧੂ, ਹਰਭਜਨ ਢਿੱਲੋਂ ਅਤੇ ਇਕਬਾਲ ਖਾਨ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਪੰਜਾਬੀ ਲਿਖਾਰੀ ਸਭਾ ਕੈਲਗਰੀ ਦੇ ਬਾਨੀਆਂ ਵਿੱਚੋਂ ਜਸਵੰਤ ਸਿੰਘ ਗਿੱਲ ਅਤੇ ਸਤਨਾਮ ਢਾਹ ਵੀ ਹਾਜਰ ਹੋਏ। ਸਟੇਜ ਸੰਚਾਲਨ ਦੀ ਜ਼ਿੰਮੇਵਾਰੀ ਹਰਬੰਸ ਬੁੱਟਰ ਨੇ ਨਿਭਾਈ।

## ਮੁਬਾਕਰਾਂ

ਪੰਜਾਬੀ ਦੇ ਪ੍ਰਸਿੱਧ ਨਾਟਕਕਾਰ ਡਾ. ਆਤਮਜੀਤ, ਪ੍ਰਸਿੱਧ ਲੇਖਕ ਡਾ. ਦਰਸ਼ਨ ਗਿੱਲ ਅਤੇ ਲੋਕ ਢਾਡੀ ਈਦੂ ਸ਼ਰੀਫ਼ ਨੂੰ ਪੰਜਾਬ ਭਾਸ਼ਾ ਵਿਭਾਗ ਵੱਲੋਂ ਮਿਲੇ ਸ਼੍ਰੋਮਣੀ ਪੁਰਸਕਾਰਾਂ ਲਈ 'ਨਵੀਂ ਦੁਨੀਆ' ਵੱਲੋਂ ਮੁਬਾਰਕਾਂ।


# Children's Education Funds Inc.

### ਕੀ ਤੁਸੀਂ ਜਾਣਦੇ ਹੋ?

* ਕਿ ਕੈਨੇਡੀਅਨ ਗੌਰਮਿੰਟ ਨੇ 0 ਤੋਂ 6 ਸਾਲ ਦੀ ਉਮਰ ਦੇ ਬੱਚਿਆਂ ਨੂੰ ਹਰ ਮਹੀਨੇ 100 ਡਾਲਰ ਦੇਣ ਦਾ ਐਲਾਨ ਕੀਤਾ ਹੈ।
* ਕਿ ਇਹ 100 ਡਾਲਰ ਜੁਲਾਈ 2006 ਤੋਂ ਮਿਲਣਾ ਸ਼ੁਰੂ ਹੋਇਆ ਹੈ।
* ਕਿ ਤੁਸੀਂ ਜੇਕਰ ਇਹੀ 100 ਡਾਲਰ RESP ਪਲੈਨ ਵਿਚ ਪਾਉਂਦੇ ਹੋ ਤਾਂ ਤੁਹਾਨੂੰ ਫੈਡਰਲ ਅਤੇ ਪ੍ਰੋਵਿੰਸ਼ੀਅਲ ਗਰਾਂਟਾਂ ਮਿਲ ਸਕਦੀਆਂ ਹਨ।
* ਕਿ ਭਾਵੇਂ ਤੁਸੀਂ ਪਹਿਲਾਂ ਵੀ RESP ਪੀ ਕੀਤੀ ਹੋਈ ਹੋਵੇ ਤਾਂ ਇਸ 100 ਡਾਲਰਾਂ ਦੀ ਇਕ ਹੋਰ RESP ਲੈ ਸਕਦੇ ਹੋ।ਜਦੋਂ ਤਕ ਤੁਸੀਂ ਇਕ ਬੱਚੇ ਦਾ ਉਮਰ ਭਰ ਵਿਚ 50,000 ਡਾਲਰ ਤੋਂ ਵੱਧ ਨਾ ਪਾਉਂਦੇ ਹੋਵੋ।
* ਕਿ ਜੇਕਰ ਤੁਸੀਂ ਇਹੀ 100 ਡਾਲਰ ਦੀ ਪੰਜ ਸਾਲਾ CET ਦੀ ਪਲੈਨ ਲੈਂਦੇ ਹੋ ਅਤੇ ਪੰਜ ਸਾਲ ਤੋਂ ਬਾਦ ਕੁਝ ਵੀ ਨਹੀਂ ਪਾਉਂਦੇ ਤਾਂ ਤਕਰੀਬਨ 31,000 ਡਾਲਰ ਬੱਚੇ ਦੀ ਕਾਲਜ ਜਾਂ ਯੂਨੀਵਰਸਿਟੀ ਦੀ ਪੜ੍ਹਾਈ ਸਮੇ ਮਿਲ ਸਕਦਾ ਹੈ।
* ਸੈਨਟੇਨੀਅਲ ਗਰਾਂਟ (800 ਡਾਲਰ) ਬੱਚੇ ਦੇ 2 ਸਾਲ ਦਾ ਹੋਣ ਤੋਂ ਪਹਿਲਾਂ ਹੀ ਲੈ ਸਕਦੇ ਹੋ।

### Did You Know?

* That Canadian Government announced to give $100 for every child up to 6 years of age?
* That this $100 will be coming to every parent for every child under 6 year of age starting the month of July 2006?
* That of you save money in your RESP, you can get all the Federal and Provincial Grants from the Government?
* That you can have as many RESP's as you want as long as total life time contribution per child is not over $50,000?
* That if you save $100 only for 5 years in CET Group Plan, it could add up to approximately $31,000* after 18 years?

*ਗੌਰਮਿੰਟ ਦੇ ਹੀ ਪੈਸਿਆਂ ਨੂੰ RESP ਵਿਚ ਪਾਕੇ ਗੌਰਮਿੰਟ ਦੀਆਂ ਹੀ ਫਰੀ ਗਰਾਂਟਾਂ ਦਾ ਫਾਇਦਾ ਉਠਾਓ।*

**Save New Free Money From Government For Your Child's Education Plan & Get Grants From Government**

*Want to know more about above all, please call today for FREE information* **JESSIE SINGH C.A.I.B.**
*(Branch Manager) of Children Education Funds Inc.*

**403-830-7007**



Jessie Singh C.A.I.B.

Based on post performance & actual educational assistance paid. This amount includes CESG, Enhanced CESG, CLB and ACES. This amount is not intended to reflect future results. Discretionary Enhancements are included in the value. The rate of return is not intended to reflect future values or returns on investments. Please refer to our prospectus for further details.

ਕੁਲ ਸੰਸਾਰ ਇਕ ਪਰਿਵਾਰ...

ਨਵੀਂ ਦੁਨੀਆ

## ਖੁਦਕੁਸ਼ੀ ਜਾਂ ਕਤਲ

ਪੰਜਾਬ ਵਿਚ ਆਏ ਦਿਨ ਅਣਹੋਣੀਆਂ ਵਾਪਰ ਰਹੀਆਂ ਹਨ। ਇਹ ਅਣਹੋਣੀਆਂ ਕੋਈ ਕੁਦਰਤੀ ਵਰਤਾਰਾ ਨਹੀਂ ਹਨ ਸਗੋਂ ਪੰਜਾਬ ਦੀ ਹਕੂਮਤੀ ਧਿਰ ਦੀ ਸਿਰੇ ਦੀ ਸੰਵੇਦਨਹੀਣਤਾ ਇਨ੍ਹਾਂ ਦੀ ਜੜ ਹੈ। ਪੰਜਾਬ ਦੇ ਵੱਖ ਵੱਖ ਖੇਤਰਾਂ ਦੇ ਆਪਣੇ ਹੱਕ ਮੰਗਦੇ ਲੋਕਾਂ ਉਪਰ ਹਕੂਮਤੀ ਡਾਂਗ-ਸੋਟਾ ਵਰ੍ਹਨਾ ਤਾਂ ਹੁਣ ਆਮ ਜਿਹੀ ਗੱਲ ਹੀ ਹੋ ਗਈ ਹੈ ਪਰ ਕਪੂਰਥਲਾ ਵਿਚ ਸਿਖਿਆ ਅਤੇ ਭਾਸ਼ਾ ਮੰਤਰੀ ਬੀਬੀ ਉਪਿੰਦਰਜੀਤ ਕੌਰ ਦੀ ਰਿਹਾਇਸ਼ ਨੇੜੇ ਐਜੂਕੇਸ਼ਨ ਗਾਰੰਟੀ ਸਕੀਮ ਤਹਿਤ ਵਲੰਟੀਅਰ ਅਧਿਆਪਕਾ ਕਿਰਨਜੀਤ ਕੌਰ ਵੱਲੋਂ ਸਰਕਾਰੀ ਵਤੀਰੇ ਤੋਂ ਅੱਕ ਕੇ ਆਪਣੇ ਆਪ ਨੂੰ ਲਾਈ ਅੱਗ ਨੇ ਸਰਕਾਰ ਅਤੇ ਪੁਲਸ ਪ੍ਰਸਾਸ਼ਨ ਦੀ ਅਵਾਮ ਪ੍ਰਤੀ ਸਿਰੇ ਦੀ ਸੰਵੇਦਨਹੀਮਤਾ ਦਾ ਭਾਂਡਾ ਚੁਰਸਤੇ ਵਿਚ ਭੰਨ ਦਿੱਤਾ ਹੈ। ਕਿਰਨਜੀਤ ਕੌਰ ਅਤੇ ਉਹਦੇ ਸਾਥੀ ਪਿਛਲੇ ਇਕ ਮਹੀਨੇ ਤੋਂ ਕਪੂਰਥਲਾ ਦੀਆਂ ਸੜਕਾਂ 'ਤੇ ਰੁਲ ਰਹੇ ਸਨ। ਕਿਸੇ ਨੇ ਉਨ੍ਹਾਂ ਦੀ ਬਾਤ ਤਾਂ ਕੀ ਪੁਛਣੀ ਸੀ, ਸਗੋਂ ਇਕ ਦੋ ਵਾਰ ਨਹੀਂ ਕਈ ਵਾਰ ਉਨ੍ਹਾਂ ਉਪਰ ਹੰਝੂ ਗੈਸ ਦੇ ਨਾਲ ਨਾਲ ਡਾਂਗ ਵੀ ਵਰ੍ਹਾਈ ਗਈ। ਇਨ੍ਹਾਂ ਅਧਿਆਪਕਾਂ ਦੇ ਧਰਨਾ ਪ੍ਰਦਰਸ਼ਨ ਵਾਲੀ ਥਾਂ ਤੋਂ ਕੁੱਝ ਗਜ਼ਾਂ 'ਤੇ ਰਹਿੰਦੀ ਸਿੱਖਿਆ ਮੰਤਰੀ ਬੀਬੀ ਉਪਿੰਦਰਜੀਤ ਕੌਰ ਨੂੰ ਕਦੇ ਦੋ ਪਲ ਦੀ ਵਿਹਲ ਵੀ ਇਨ੍ਹਾਂ ਦੀ ਪੀੜਾ ਸੁਣਨ ਲਈ ਨਹੀਂ ਮਿਲੀ। ਏਨੀ ਸੰਵੇਦਨਹੀਣਾ? ਕੀ ਇਹ ਹੀ ਹਨ ਸਾਡੇ ਨੁਮਾਇੰਦੇ? ਕਿਰਨਜੀਤ ਕੌਰ ਨਹੀਂ ਰਹੀ। ਹੁਣ ਬਾਅਦ ਵਿਚ ਕਿਰਨਜੀਤ ਕੌਰ ਦੇ ਪਰਿਵਾਰ ਨੂੰ ਆਰਥਕ ਮਦਦ ਦੇਣ ਦੇ ਐਲਾਨ ਕਿਸੇ ਦਾ ਕੀ ਸੌਰਨਗੇ? ਕਿਰਨਜੀਤ ਕੌਰ ਦੀ ਖੁਦਕੁਸ਼ੀ, ਖੁਦਕੁਸ਼ੀ ਨਹੀਂ, ਇਹ ਕਤਲ ਹੈ ਤੇ ਇਸ ਕਤਲ ਲਈ ਜ਼ਿੰਮੇਵਾਰ ਕੌਣ ਹਨ? ਤੇ ਇਹਨਾਂ ਨੂੰ ਸਜ਼ਾਵਾਂ ਕਿਹਨਾਂ ਨੇ ਦੇਣੀਆਂ ਹਨ? ਇਹ ਸਵਾਲ ਹੁਣ ਸਿਰਫ਼ ਹਵਾ ਵਿਚ ਨਹੀਂ ਹਨ, ਸਗੋਂ ਪੰਜਾਬੀਆਂ ਦੇ ਸੰਘਰਸ਼ਸ਼ੀਲ ਵਰਗ ਦੇ ਲੋਕਾਂ ਦੇ ਦਿਲਾਂ ਵਿਚ ਸੁਲਗ ਰਹੇ ਹਨ ਤੇ ਇਨ੍ਹਾਂ ਸਵਾਲਾਂ ਦੇ ਜੁਆਬ ਵੀ ਇਨ੍ਹਾਂ ਲੋਕਾਂ ਕੋਲ ਹੀ ਹਨ। ਜਿਸ ਦਿਨ ਸੁਲਗਦੇ ਬੋਲ ਇਕ-ਦੂਜੇ ਨਾਲ ਇਕ ਮਿਕ ਹੋਏ, ਜਿਸ ਦਿਨ ਵਖ-ਵਖ ਸੁਰਾਂ ਨੇ ਸਮੂਹ ਗਾਨ ਦਾ ਰੂਪ ਅਖ਼ਤਿਆਰ ਕਰ ਲਿਆ, ਲੋਕ ਮੁਕਤੀ ਦੀ ਲੜਾਈ ਦਾ ਬਿਗਲ ਵੱਜ ਜਾਣਾ ਹੈ ਤੇ ਕਿਰਨਜੀਤ ਵਰਗਿਆਂ ਦੇ ਕਾਤਲਾਂ ਨੇ ਜ਼ਮੀਨ 'ਤੇ ਡਿੱਗ ਹੀ ਪੈਣਾ ਹੈ।

## ਅਮਨ ਭੰਗ ਕਰਨ ਦੀ ਸਾਜ਼ਿਸ਼

ਇਨ੍ਹੀਂ ਦਿਨੀਂ ਹੀ ਜਲੰਧਰ ਵਿਚ ਕੁਝ ਮੋਟਰਸਾਈਕਲ ਸਵਾਰ ਨੌਜਵਾਨਾਂ ਵੱਲੋਂ ਨਸ਼ੇ ਵਿਚ ਧੁੱਤ ਹੋ ਕੇ ਲਗਾਤਾਰ ਦੋ ਰਾਤਾਂ ਮਜ਼ਦੂਰਾਂ ਉਪਰ ਤਲਵਾਰਾਂ ਨਾਲ ਕੀਤੇ ਹਮਲਿਆਂ ਨੇ ਇਕ ਨਵੀਂ ਚਿੰਤਾ ਪੈਦਾ ਕਰ ਦਿੱਤੀ ਹੈ। ਚਿੰਤਾ ਇਹ ਹੈ ਕਿ ਪਿਛਲੇ ਦਿਨੀਂ ਜਿਵੇਂ ਲੁਧਿਆਣਾ ਵਿਚ ਪਰਵਾਸੀ ਮਜ਼ਦੂਰਾਂ ਨੂੰ ਲੁਟਣ-ਕੁੱਟਣ ਦੀਆਂ ਵਾਰਦਾਤਾਂ ਹੋਈਆਂ ਤੇ ਉਹਦੇ ਪ੍ਰਤੀਕਰਮ ਵਿਚ ਮਜ਼ਦੂਰਾਂ ਨੇ ਆਪਣਾ ਗੁੱਸਾ ਪ੍ਰਗਟਾਇਆ, ਉਹਨੇ 6 ਦਿਨ ਤੱਕ ਲੁਧਿਆਣਾ ਨਿਵਾਸੀਆਂ ਨੂੰ ਘਰਾਂ ਵਿਚ ਕੈਦ ਕਰ ਦਿੱਤਾ ਸੀ। ਲੁਧਿਆਣਾ ਕਰਫਿਊ ਦੇ ਬਾਵਜੂਦ ਹਰ ਵਕਤ ਤਣਾਅ ਅਤੇ ਅਰਾਜਕ ਮਾਹੌਲ ਵਿਚ ਘਿਸੜਦਾ ਰਿਹਾ। ਬਿਲਕੁਲ ਉਸੇ ਤਰਜ਼ 'ਤੇ ਜਲੰਧਰ ਵਿਚ ਮਜ਼ਦੂਰਾਂ ਉਪਰ ਹਮਲੇ ਹੋਏ ਤੇ ਬਾਅਦ ਵਿਚ ਮਜ਼ਦੂਰਾਂ ਵੱਲੋਂ ਕੀਤੇ ਰੋਸ ਪ੍ਰਗਟਾਵਿਆਂ ਨੂੰ ਬੜੀ ਮੁਸ਼ਕਲ ਨਾਲ ਅਰਾਜਕਤਾ ਵਿਚ ਤਬਦੀਲ ਹੋਣ ਤੋਂ ਰੋਕਿਆ ਜਾ ਸਕਿਆ। ਹੁਣ ਚਿੰਤਾ ਅਤੇ ਖਦਸ਼ਾ ਇਹ ਹੈ ਕਿ ਕੀ ਪੰਜਾਬ ਦੇ ਹਰ ਸ਼ਹਿਰ ਨੂੰ ਲੁਧਿਆਣਾ ਬਣਾਉਣ ਦੀ ਕੋਈ ਸਾਜ਼ਿਸ਼ ਤਾਂ ਨਹੀਂ ਬਣਾਈ ਜਾ ਰਹੀ? ਕੀ ਪੰਜਾਬ ਦੀ ਅਮਨ-ਸ਼ਾਂਤੀ ਇਕ ਵਾਰ ਫੇਰ ਲੋਕ-ਦੁਸ਼ਮਣਾਂ ਦੇ ਨਿਸ਼ਾਨੇ 'ਤੇ ਤਾਂ ਨਹੀਂ? ਜੇ ਇਉਂ ਹੈ ਤਾਂ ਤੁਰੰਤ ਹੀ ਇਹਦੀ ਪੁਣਛਾਣ ਕਰਕੇ ਜ਼ਿੰਮੇਵਾਰ ਅਨਸਰਾਂ ਨੂੰ ਕਾਬੂ ਕੀਤਾ ਜਾਵੇ, ਨਹੀਂ ਤਾਂ ਵੱਖ ਵੱਖ ਧਿਰਾਂ ਦੀ ਆਪੋ-ਆਪਣੀ ਵੋਟ-ਬੈਂਕ ਸਿਆਸਤ ਪੰਜਾਬ ਨੂੰ ਮੁੜ ਬਲਦੀ ਦੇ ਬੂਥੇ ਦੇ ਸਕਦੀ ਹੈ। ਸਭ ਕੁਝ ਥਾਂ ਸਿਰ ਕਰਨ ਦੀ ਪਹਿਲੀ ਜ਼ਿੰਮੇਵਾਰੀ ਤਾਂ ਪੰਜਾਬ ਸਰਕਾਰ ਦੀ ਹੀ ਹੈ ਪਰ ਹਰ ਆਮ ਪੰਜਾਬੀ ਨੂੰ ਵੀ ਇਨ੍ਹਾਂ ਸਾਜ਼ਿਸ਼ਾਂ ਦੇ ਆਰ-ਪਾਰ ਦੇਖਣ ਲਈ ਕੁਝ ਵਧੇਰੇ ਚੌਕਸ ਹੋਣਾ ਹੀ ਪਵੇਗਾ।

## ਬਾਲ ਠਾਕਰੇ ਦੀ ਖਿਸਕਦੀ ਸਿਆਸੀ ਜ਼ਮੀਨ

ਇਸ ਤਰ੍ਹਾਂ ਦੀਆਂ ਬਲਾਵਾਂ ਦੀ ਨਜ਼ਰ ਸਿਰਫ਼ ਪੰਜਾਬ ਨੂੰ ਹੀ ਨਹੀਂ, ਸਾਰੇ ਮੁਲਕ ਨੂੰ ਲੱਗਦੀ ਜਾ ਰਹੀ ਹੈ। ਮੁੰਬਈ ਵਿਚ ਆਪਣੀ ਖੁੱਸਦੀ ਜਾ ਰਹੀ ਸਿਆਸੀ ਜ਼ਮੀਨ ਤੋਂ ਬੌਖਲਾਏ ਹੋਏ ਸ਼ਿਵ ਸੈਨਾ ਦੇ ਸੁਪਰੀਮੋ ਬਾਲ ਠਾਕਰੇ ਰੋਜ਼ ਹੀ ਕੁੱਝ ਨਾ ਕੁੱਝ ਅਜਿਹਾ ਬੋਲ ਰਹੇ ਹਨ, ਜਿਹਨੂੰ ਪੜ੍ਹ ਕੇ ਸੁਣ ਕੇ ਹੁਣ ਗੁੱਸਾ ਘੱਟ ਆਉਂਦਾ ਹੈ , ਬਾਲ ਠਾਕਰੇ ਉਪਰ ਤਰਸ ਵਧੇਰੇ ਆਉਂਦਾ ਹੈ । ਬਾਲ ਠਾਕਰੇ ਅਤੇ ਸ਼ਿਵ ਸੈਨਾ ਦੀ ਸਿਆਸਤ ਨੂੰ ਮਹਾਰਾਸ਼ਟਰ ਹੀ ਨਹੀਂ ਮੁੰਬਈ ਦੇ ਲੋਕਾਂ ਨੇ ਵੀ ਪੂਰੀ ਤਰ੍ਹਾਂ ਠੁਕਰਾ ਦਿੱਤਾ ਹੈ, ਇਸ ਤੋਂ ਬਾਲ ਠਾਕਰੇ ਬੇਹੱਦ ਪ੍ਰੇਸ਼ਾਨੀ ਦੇ ਆਲਮ ਵਿਚ ਹਨ। ਸਪਸ਼ੱਟ ਹੈ ਇਸੇ ਪ੍ਰੇਸ਼ਾਨੀ ਨੇ ਉਮਰ ਦੇ ਆਖਰੀ ਪੜਾਅ ਵਿਚ ਬਾਲ ਠਾਕਰੇ ਦੀ ਸੁੱਧ-ਬੁੱਧ ਗਾਇਬ ਕਰ ਦਿੱਤੀ ਹੈ। ਇਸੇ ਲਈ ਸ਼ਾਹਰੁਖ ਖਾਨ, ਉਹਦੀ ਫਿਲਮ 'ਮਾਈ ਨੇਮ ਇਜ਼ ਖਾਨ', ਰਾਹੁਲ ਗਾਂਧੀ ਅਤੇ ਸੋਨੀਆ ਗਾਂਧੀ ਤੱਕ ਨੂੰ ਉਹ ਗਾਲ੍ਹਾਂ ਕੱਢਣ ਵਰਗੀ ਭਾਸ਼ਾ ਵਿਚ ਵੰਗਾਰਦੇ ਹਨ। ਜਿਸ ਮਰਾਠੀ ਭਾਸ਼ਾ ਦੀ ਆਨ-ਬਾਨ ਅਤੇ ਸ਼ਾਨ ਦੀ ਦੁਆਈ ਦਿੰਦਿਆਂ ਬਾਲ ਠਾਕਰੇ ਨੇ ਹੁਣ ਤੱਕ ਆਪਣੀਆਂ ਸਿਆਸੀ ਇਛਾਵਾਂ ਦੇ ਮਹਿਲ ਬਣਾਏ ਸਨ, ਉਸੇ ਮਰਾਠੀ ਭਾਸ਼ਾ ਦੇ ਸ਼ਬਦਾਂ ਨੂੰ ਨਾਂਹ ਪੱਖੀ ਰੂਪ ਵਿਚ ਵਰਤਕੇ ਉਹ ਆਪਣੀ ਭਾਸ਼ਾ ਅਤੇ ਬੋਲੀ ਦੀ ਹੀ ਤੌਹੀਨ ਕਰ ਰਹੇ ਹੈ। ਸੱਚ ਇਹ ਹੈ ਕਿ ਬਾਲ ਠਾਕਰੇ ਦੇ ਸਾਰੇ ਹੀ ਮੁੱਦਿਆਂ ਨੂੰ ਉਹਨਾਂ ਦਾ ਭਤੀਜਾ ਰਾਜ ਠਾਕਰੇ ਹਥਿਆ ਕੇ ਲੈ ਗਿਆ ਹੈ ਤੇ ਉਹਨਾਂ ਪੱਲੇ ਹੁਣ ਕੁੱਝ ਬਚਿਆ ਨਹੀਂ ਹੈ। ਇਸੇ ਤੜਫਾਅ ਨੇ ਕਿਸੇ ਸਮੇਂ ਮੁੰਬਈ ਦੇ ਬਾਦਸ਼ਾਹ ਕਹੇ ਜਾਂਦੇ ਬਾਲ ਠਾਕਰੇ ਨੂੰ ਸਿਆਸੀ ਤੌਰ 'ਤੇ ਗਰੀਬੜਾ ਬਣਾ ਛੱਡਿਆ ਹੈ। ਮਹਾਰਾਸ਼ਟਰ ਦੀ ਕਾਂਗਰਸ ਪਾਰਟੀ ਦੀ ਅਗਵਾਈ ਵਾਲੀ ਸਰਕਾਰ ਹਾਲੇ ਵੀ ਬਾਲ ਠਾਕਰੇ ਦੀਆਂ ਆਮ ਭਾਰਤੀ ਅਤੇ ਮੁਲਕ ਵਿਰੋਧੀ ਕਾਰਵਾਈਆਂ 'ਤੇ ਚੁੱਪ ਦੀ ਸਿਆਸਤ ਖੇਡ ਰਹੀ ਹੈ ਪਰ ਮੁੰਬਈ ਦੇ ਲੋਕਾਂ ਨੇ ਬਾਲ ਠਾਕਰੇ ਨੂੰ ਉਹਦੀ ਅਸਲੀ ਜਗ੍ਹਾ ਦਿਖਾ ਹੀ ਦਿੱਤੀ ਹੈ। ਇਸ ਤੋਂ ਸਾਬਤ ਹੁੰਦਾ ਹੈ ਕਿ ਅਸਲ ਸ਼ਕਤੀ ਲੋਕ ਹੀ ਹੁੰਦੇ ਹਨ ਤੇ ਬਹੁਤੀ ਦੇਰ ਤੱਕ ਹਨੇਰਿਆਂ ਵਿਚ ਰਹਿਣਾ ਲੋਕਾਂ ਦੀ ਫ਼ਿਤਰਤ ਨਹੀਂ ਹੁੰਦੀ।

ਪੰਜਾਬੀ ਦੇ ਸਿਰਮੌਰ ਸਾਹਿਤਕਾਰ ਸੰਤੋਖ ਸਿੰਘ ਧੀਰ ਆਪਣੇ ਜੀਵਨ ਕਾਲ 'ਚ ਤਾਂ ਇਕ ਮਿਸਾਲ ਬਣੇ ਹੀ ਰਹੇ ਹਨ ਪਰ ਸਰੀਰਕ ਤੌਰ 'ਤੇ ਜੁਦਾ ਹੋਣ ਦੇ ਬਾਵਜੂਦ ਪਰਿਵਾਰ ਨੇ ਵੀ ਉਨ੍ਹਾਂ ਦੀ ਮ੍ਰਿਤਕ ਦੇਹ ਪੀ. ਜੀ. ਆਈ. ਚੰਡੀਗੜ੍ਹ ਨੂੰ ਖੋਜ ਲਈ ਦਾਨ ਕਰਕੇ ਇਕ ਹੋਰ ਮਿਸਾਲ ਪੈਦਾ ਕੀਤੀ ਹੈ। ਪਿੱਛੇ ਜਿਹੇ ਭਾਰਤ ਦੀ ਕਮਿਊਨਿਸਟ ਲਹਿਰ ਦੇ ਉੱਘੇ ਆਗੂ ਕਾਮਰੇਡ ਜੋਤੀ ਬਾਸੂ ਨੇ ਵੀ ਇਸੇ ਤਰ੍ਹਾਂ ਆਪਣਾ ਸਰੀਰ ਮੈਡੀਕਲ ਖੋਜ ਲਈ ਦਾਨ ਕੀਤਾ ਸੀ। ਆਉਂਦੇ ਦਿਨੀਂ ਸਰੀਰ ਦਾਨ ਕਰਨ ਦੀ ਇਕ ਲਹਿਰ ਉਠਣ ਦੀ ਉਮੀਦ ਕੀਤੀ ਜਾ ਸਕਦੀ ਹੈ।

Editorial Board: **Navtej, Dalbir Sangione (Canada)**
**Sushil Dosanjh (India)**
Advisory Board: **Dr. Karamjit Singh (Kurukshetra)**
**Prof. Rakesh Raman (Ludhiana)**
**Sulakhan Sarhadi (Gurdaspur)**
**Jasbir Deol (Edmonton)**
**Jessie Singh (Calgary)**

**Nawi Dunia Media & Entertainers Inc.**
**2nd Floor 3448 – 93 Street NW,**
**Edmonton T6E 6A4, Alberta (Canada)**
**Phone: 780 465 9118 Fax: 780 465 0661**
e-mail: **info@nawidunia.com**

# ਪੰਜਾਬ ਦਾ ਪ੍ਰਦੂਸ਼ਿਤ ਹੋ ਰਿਹਾ ਸਿਆਸੀ ਸਭਿਆਚਾਰ

## ਕਚਹਿਰੀਆਂ 'ਚ ਮੇਲੇ ਲਗਦੇ



**ਪ੍ਰੋ. ਰਾਕੇਸ਼ ਰਮਨ**

ਪੰਜਾਬ ਦਾ ਸਮਕਾਲੀ ਸਿਆਸੀ ਸਭਿਆਚਾਰ ਰਾਸ਼ਟਰੀ ਪੱਧਰ ਦੇ ਸਿਆਸੀ ਸਭਿਆਚਾਰ ਨਾਲੋਂ ਢੇਰ ਵੱਖਰਾ ਹੈ। ਦੇਸ਼ ਦੇ ਬਾਕੀ ਸੂਬਿਆਂ ਦੇ ਸਿਆਸੀ ਸਭਿਆਚਾਰ ਵੱਲ ਵੀ ਨਜ਼ਰ ਦੁੜਾਈ ਜਾਵੇ ਤਾਂ ਪੰਜਾਬ ਵਰਗਾ ਸਿਆਸੀ ਨਜ਼ਾਰਾ ਕਿਧਰੇ ਦਿਖਾਈ ਨਹੀਂ ਦਿੰਦਾ। ਕਿਹਾ ਜਾ ਸਕਦਾ ਹੈ ਕਿ ਜੇਕਰ ਬਾਕੀ ਪ੍ਰਾਂਤਾ ਦਾ ਆਪੋ-ਆਪਣਾ ਲੋਕ-ਸਭਿਆਚਾਰ ਹੈ ਅਰਥਾਤ ਦੇਸ਼ ਦੀ ਖੇਤਰੀ ਭਿੰਨਤਾ ਚਿੱਟੇ ਦਿਨ ਵਾਂਗ ਸਪਸ਼ਟ ਹੈ ਤਾਂ ਖੇਤਰੀ ਸਿਆਸਤ ਦਾ ਵਖਰੇਵਾਂ ਵੀ ਸਵੈ ਸਿੱਧ ਹੀ ਹੈ। ਜਦੋਂ ਤਕ ਖੇਤਰੀ ਤੇ ਸੂਬਾਈ ਲੋਕ-ਸਭਿਆਚਾਰਾਂ ਵਿਚਕਾਰ ਭਿੰਨਤਾਵਾਂ ਕਾਇਮ ਹਨ ਤਾਂ ਹਰ ਸੂਬਾਈ ਜਾਂ ਖੇਤਰੀ ਸਿਆਸੀ ਸਭਿਆਚਾਰ ਵਿਚਕਾਰ ਵੀ ਭਿੰਨਤਾ ਕਾਇਮ ਰਹੇਗੀ। ਇਸ ਨਜ਼ਰਏ ਤੋਂ ਦੇਖਿਆਂ ਪੰਜਾਬ ਦੇ ਸਭਿਆਚਾਰ ਦਾ ਵੱਖਰਾਪਣ ਗ਼ੈਰ-ਕੁਦਰਤੀ ਨਹੀਂ ਜਾਪਦਾ, ਪ੍ਰੰਤੂ ਇਸ ਵੱਖਰੇਪਣ ਨੂੰ ਨਿਆਂਯੁਕਤ ਜਾਂ ਤਰਕਸੰਗਤ ਤਦ ਹੀ ਠਹਿਰਾਇਆ ਜਾ ਸਕਦਾ ਜੇਕਰ ਕਿਸੇ ਖੇਤਰ ਜਾਂ ਸੂਬੇ ਦੇ ਸਿਆਸੀ ਸਭਿਆਚਾਰ ਦੀਆਂ ਜੜ੍ਹਾਂ ਉਥੋਂ ਦੇ ਲੋਕ-ਸਭਿਆਚਾਰ ਵਿਚ ਲੱਗੀਆਂ ਹੋਈਆਂ ਹੋਣ। ਲੋਕ-ਸਭਿਆਚਾਰ ਨਾਲੋਂ ਤੋੜ ਕੇ ਜਾਂ ਵਿਛੁੰਨ ਕੇ ਬਨਾਵਟੀ ਢੰਗ ਨਾਲ ਉਭਾਰਿਆ ਗਿਆ ਸਿਆਸੀ ਸਭਿਆਚਾਰ ਦਾ ਵਖਰੇਵਾਂ ਮਾਤਰ ਡਰਾਮੇਬਾਜ਼ੀ ਤੋਂ ਵੱਧ ਕੁੱਝ ਨਹੀਂ ਹੁੰਦਾ। ਇਹ ਨਾ ਕੇਵਲ ਬੇਹੱਦ ਖੋਖਲਾ ਹੀ ਹੁੰਦਾ ਹੈ ਸਗੋਂ ਆਮ ਕਰਕੇ ਬਹੁਤ ਸਾਰੇ ਵਕਤੀ ਭਰਮ-ਭੁਲੇਖਿਆਂ ਦੇ ਪੈਦਾ ਹੋਣ ਦਾ ਆਧਾਰ ਵੀ ਬਣਦਾ ਹੈ, ਇਹ ਭਰਮ ਭੁਲੇਖੇ ਆਖ਼ਰ ਨੂੰ ਆਮ ਆਦਮੀ ਨੂੰ ਚੁਣਾਵੀ ਮਨੋਰਥਾਂ ਖਾਤਰ ਫੁਸਲਾਉਣ ਲਈ ਬੜੇ ਸਹਾਈ ਸਿੱਧ ਹੁੰਦੇ ਹਨ। ਜਦੋਂ ਪੰਜਾਬ ਦੇ ਵਰਤਮਾਨ ਮੁੱਖ ਮੰਤਰੀ ਅਤੇ ਉਸਦੇ ਪਰਿਵਾਰ ਵਿਰੁੱਧ ਆਮਦਨ ਦੇ ਸ੍ਰੋਤਾਂ ਤੋਂ ਵੱਧ ਜਾਇਦਾਦ ਬਨਾਉਣ ਦੇ ਮੁਕੱਦਮੇ ਕੈਪਟਨ ਅਮਰਿੰਦਰ ਸਿੰਘ ਦੀ ਪਹਿਲਕਦਮੀ 'ਤੇ ਅਦਲਤਾਂ 'ਚ ਦਾਇਰ ਹੋਏ ਉਦੋਂ ਤੋਂ ਪੰਜਾਬ ਵਿਚ ਇਕ ਨਵੇਂ ਸਿਆਸੀ ਸਭਿਆਚਾਰ ਦਾ ਆਗ਼ਾਜ਼ ਹੋ ਗਿਆ। ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਦੇ ਕਾਰਜਕਾਲ ਦੌਰਾਨ ਅਕਾਲੀ ਦਲ (ਬ) ਦੇ ਕਾਰਕੁੰਨਾਂ ਨੇ ਇਸਨੂੰ ਖ਼ੂਬ ਵਿਕਸਿਤ ਕਰ ਲਿਆ ਅਤੇ ਕੈਪਟਨ ਸਰਕਾਰ ਦੇ ਪਤਨ ਤੋਂ ਬਾਅਦ ਇਹ ਸਿਲਸਿਲਾ ਉਸੇ ਰੂਪ ਵਿਚ ਅਗਾਂਹ ਤੁਰ ਪਿਆ, ਜਿਸ ਰੂਪ 'ਚ ਅਕਾਲੀ ਦਲ (ਬ) ਵੱਲੋਂ ਇਸਨੂੰ ਘੜਿਆ ਗਿਆ ਸੀ। ਇਸ ਸਭਿਆਚਾਰ ਦਾ ਬੁਨਿਆਦੀ ਢਾਂਚਾ ਤਾਂ ਉਹੀ ਰਿਹਾ ਕੇਵਲ ਕੈਪਟਨ ਤੇ ਬਾਦਲ ਦੀਆਂ ਭੂਮਿਕਾਵਾਂ ਇਕ ਦੂਜੀ ਨਾਲ ਬਦਲ ਗਈਆਂ।





ਸੰਨ 2002 ਦੀ ਪੰਜਾਬ ਵਿਧਾਨ ਸਭਾ ਚੋਣ ਕਾਂਗਰਸ ਪਾਰਟੀ ਨੇ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ 'ਚ ਲੜੀ ਸੀ। ਕੈਪਟਨ ਵੱਲੋਂ ਚੋਣ ਪ੍ਰਚਾਰ ਦੌਰਾਨ ਸ. ਪ੍ਰਕਾਸ਼ ਸਿੰਘ ਬਾਦਲ ਦੇ ਪਰਿਵਾਰ ਤੇ ਸਰਕਾਰ ਦੋਵਾਂ ਦੇ ਭ੍ਰਿਸ਼ਟਾਚਾਰ ਨੂੰ ਬੜੇ ਜ਼ੋਰ ਸ਼ੋਰ ਨਾਲ ਉਭਾਰਿਆ ਗਿਆ ਸੀ। ਚੋਣਾਂ 'ਚ ਲੋਕਾਂ ਦਾ ਫਤਵਾ ਕੈਪਟਨ ਅਮਰਿੰਦਰ ਸਿੰਘ ਦੇ ਹੱਕ 'ਚ ਆ ਗਿਆ। ਕੈਪਟਨ ਨੇ ਕਾਂਗਰਸ ਸਰਕਾਰ ਦੀ ਵਾਗਡੋਰ ਸੰਭਾਲਦਿਆਂ ਸਾਰ ਹੀ ਆਪਣਾ ਏਜੰਡਾ ਲਾਗੂ ਕਰ ਦਿੱਤਾ। ਇਸਦੇ ਤਹਿਤ ਉਸਦੀ ਸਰਕਾਰ ਵੱਲੋਂ ਨਾ ਕੇਵਲ ਸ. ਬਾਦਲ ਤੇ ਉਸਦੇ ਪਰਿਵਾਰ ਨੂੰ ਭ੍ਰਿਸ਼ਟਾਚਾਰ ਦੇ ਦੋਸ਼ਾਂ ਅਧੀਨ ਅਦਾਲਤਾਂ 'ਚ ਘਸੀਟ ਲਿਆ ਗਿਆ ਸਗੋਂ ਸ. ਬਾਦਲ ਦੀ ਸਰਕਾਰ ਦੇ ਕਈ ਅਹਿਮ ਸਾਬਕਾ ਮੰਤਰੀ ਵੀ ਕੈਪਟਨ ਦੀ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਦੀ ਲਪੇਟ ਵਿਚ ਆ ਗਏ ਤੇ ਕਈ ਸਰਕਾਰੀ ਨੌਕਰੀਆਂ ਦੀ ਭਰਤੀ ਦੇ ਘੋਟਾਲੇ ਬੇਪਰਦ ਹੋਣ ਨਾਲ ਰਾਜ ਦੀ ਸਮੁੱਚੀ ਸਰਕਾਰੀ ਮਸ਼ੀਨਰੀ ਦੀ ਪਿਛਲੀ ਕਾਰਗੁਜ਼ਾਰੀ 'ਤੇ ਸਵਾਲੀਆ ਨਿਸ਼ਾਨ ਲੱਗ ਗਏ। ਲੋਕ ਸੇਵਾ ਕਮਿਸ਼ਨ ਦੇ ਚੇਅਰਮੈਨ ਦੇ ਲਾਕਰਾਂ 'ਚੋਂ ਕਰੋੜਾਂ ਰੁਪਏ ਦੀ ਬਰਾਮਦਗੀ ਹੋਈ ਤੇ ਇਉਂ ਇਕ ਅਜਿਹੀ ਸਥਿਤੀ ਸਾਹਮਣੇ ਆਈ ਜਿਹੜੀ ਸੱਤਾ ਤੋਂ ਲਾਂਭੇ ਹੋਈ ਅਕਾਲੀ ਦਲ (ਬ) ਦੀ ਸਰਕਾਰ ਲਈ ਲਮੋਸ਼ੀ ਦਾ ਆਧਾਰ ਬਣ ਗਈ। ਪ੍ਰੰਤੂ ਇਸ ਨਮੋਸ਼ੀ ਨੂੰ ਸ਼ਾਤਰ ਹਾਕਮ ਵਰਗਾਂ ਦੀ ਸਿਆਸਤ ਨੇ ਨਵਾਂ ਮੋੜ ਨਵਾਂ ਰੰਗ ਦੇ ਦਿੱਤਾ ਤੇ ਇਹ (ਨਮੋਸ਼ੀ) ਬਾਅਦ ਵਿਚ ਇਕ ਐਸੇ ਅਮਲ ਵਿਚੋਂ ਲੰਘਾਈ ਗਈ ਤੇ ਹੁਣ ਵੀ ਲੰਘਾਈ ਜਾ ਰਹੀ ਹੈ ਕਿ ਇਹ ਸਿਆਸੀ ਦਰਜਾਬੰਦੀ ਦਾ ਮਾਪਦੰਡ ਬਣ ਗਈ ਹੈ। ਹੁਣ ਹਾਲ ਇਹ ਹੈ ਜਾਂ ਫਿਰ ਹਾਲ ਇਹ ਬਣਾ ਦਿੱਤਾ ਗਿਆ ਹੈ ਕਿ ਜਿੰਨੇ ਗੰਭੀਰ ਤੇ ਵੱਡੇ ਮੁਕੱਦਮੇ ਓਡਾ ਵੱਡਾ ਹੀ ਸਿਆਸੀ ਕੱਦ।

ਏਥੇ ਇਹ ਜ਼ਿਕਰ ਕਰਨਾ ਵੀ ਅਪ੍ਰਸੰਗਿਕ ਨਹੀਂ ਹੋਵੇਗਾ ਕਿ ਸ. ਪ੍ਰਕਾਸ਼ ਸਿੰਘ ਬਾਦਲ ਉੱਪਰ ਕੈਪਟਨ ਅਮਰਿੰਦਰ ਸਿੰਘ ਦੀ ਪਹਿਲਕਦਮੀ 'ਤੇ ਲੱਗੇ ਭ੍ਰਿਸ਼ਟਾਚਾਰ ਦੇ ਦੋਸ਼ ਕੋਈ ਨਵੇਂ ਨਹੀਂ ਸਨ। ਇਸ ਤੋਂ ਕਾਫ਼ੀ ਸਮਾਂ ਪਹਿਲਾਂ ਵੀ ਛੰਗਾਣੀ ਕਮਿਸ਼ਨ ਵੱਲੋਂ ਉਸ ਉੱਪਰ ਅਜਿਹੇ ਦੋਸ਼ ਲਗਾਏ ਜਾ ਚੁੱਕੇ ਸਨ, ਜਿਨ੍ਹਾਂ ਅਨੁਸਾਰ ਸ. ਬਾਦਲ ਵੱਲੋਂ ਬੇਨਾਮੀ ਜ਼ਮੀਨਾਂ ਖ਼ਰੀਦਣ ਦਾ ਮਾਮਲਾ ਕੁੱਝ ਸਮੇਂ ਲਈ ਕਾਫ਼ੀ ਭਖ਼ਿਆ ਵੀ ਸੀ, ਫਿਰ ਪੰਜਾਬ ਦੇ ਹਾਲਾਤ ਕਾਫ਼ੀ ਲੰਮੇ ਸਮੇਂ ਤੱਕ ਖ਼ਰਾਬ ਰਹਿਣ ਕਾਰਨ ਇਹ ਦੋਸ਼ ਭੁਲ-ਭੁਲਾ ਦਿੱਤੇ ਗਏ। ਉਂਝ ਵੀ ਸਿਆਸਤਦਾਨਾਂ ਉੱਪਰ ਭ੍ਰਿਸ਼ਟਾਚਾਰ ਦੇ ਦੋਸ਼ ਲੱਗਣੇ ਜਾਂ ਲਗਾਏ ਜਾਣੇ ਕੋਈ ਦੰਗ ਕਰ ਦੇਣ ਵਾਲੀ ਗੱਲ ਨਹੀਂ ਰਹਿ ਗਈ ਹੈ, ਕਿਉਂਕਿ ਦੇਸ਼ ਦੀ ਸੰਸਦੀ ਰਾਜਨੀਤੀ ਦਾ ਵੱਡਾ ਭਾਗ ਪੈਰਾਂ ਤੋਂ ਲੈ ਕੇ ਸਿਰ ਤੱਕ ਭ੍ਰਿਸ਼ਟਾਚਾਰ ਦੀ ਦਲਦਲ 'ਚ ਖੁੱਭਿਆ ਹੋਇਆ ਹੈ। ਕੈਪਟਨ ਵੱਲੋਂ ਇਸ ਮਾਮਲੇ 'ਚ ਨਵੀਂ ਗੱਲ ਇਹ ਹੋਈ ਕਿ ਪਹਿਲੀ ਵਾਰ ਬਾਦਲਾਂ ਨੂੰ ਅਦਾਲਤਾਂ 'ਚ ਵੰਗਾਰਿਆ ਗਿਆ, ਪ੍ਰੰਤੂ ਬਾਦਲਾਂ ਨੇ ਸਿਆਸੀ ਚਤੁਰਾਈ ਨਾਲ ਇਸ ਵੰਗਾਰ ਨੂੰ ਕਬੂਲਿਆ ਤੇ ਕੈਪਟਨ ਨੂੰ ਭਾਜੀ ਮੋੜਨ ਦੀ ਤਿਆਰੀ ਦੀ ਰਣਨੀਤੀ ਘੜ ਲਈ। ਦੇਖਿਆ ਜਾਵੇ ਤਾਂ ਇਸੇ ਰਣਨੀਤੀ ਦੇ ਆਧਾਰ 'ਤੇ ਪੰਜਾਬ ਦੀ ਸਿਆਸਤ ਦਾ ਨਵਾਂ ਮੁਹਾਂਦਰਾ ਉੱਭਰਿਆ ਹੈ।

ਸ. ਪ੍ਰਕਾਸ਼ ਸਿੰਘ ਬਾਦਲ ਦੀ ਭ੍ਰਿਸ਼ਟਾਚਾਰ ਦੇ ਦੋਸ਼ਾਂ ਅਧੀਨ ਹੋਈ ਗ੍ਰਿਫਤਾਰੀ ਦੇ ਦਿਨ ਤੋਂ ਹੀ ਇਹ ਪ੍ਰਭਾਵ ਪੈਦਾ ਕਰਨਾ ਸ਼ੁਰੂ ਕਰ ਦਿੱਤਾ ਗਿਆ ਕਿ ਇਹ ਕਾਨੂੰਨੀ ਕਾਰਵਾਈ ਸਰਾਸਰ ਸਿਆਸੀ ਜ਼ਿਆਦਤੀ ਹੈ। ਭਾਰਤੀ ਨਿਆਂ ਪ੍ਰਣਾਲੀ ਹੀ ਇਸ ਪ੍ਰਕਾਰ ਦੀ ਹੈ ਕਿ ਕਾਨੂੰਨ ਪ੍ਰਕਿਰਿਆ ਪੂਰੀ ਹੋਣ ਨੂੰ ਕਈ ਕਈ ਦਹਾਕੇ ਲੱਗ ਜਾਂਦੇ ਹਨ। ਅਦਾਲਤਾਂ 'ਚ ਬਾਦਲਾਂ ਦੀ ਪੇਸ਼ੀ ਹੁੰਦੀ ਗਈ, ਅਦਾਲਤਾਂ ਦੀ ਬੇਹੱਦ ਸੁਸਤ ਕਾਰਜ ਪ੍ਰਣਾਲੀ ਕਾਰਨ ਇਕ ਤਾਂ ਕੋਈ ਵੀ ਠੋਸ ਸਿੱਟਾ ਸਾਹਮਣੇ ਨਾ ਆਇਆ ਦੂਜੇ ਪਾਸੇ ਬਾਦਲਾਂ ਦੀਆਂ ਇਨ੍ਹਾਂ ਪੇਸ਼ੀਆਂ ਨੇ ਛੋਟੇ ਛੋਟੇ ਮੀਡੀਆ ਮੁਖੀ ਪ੍ਰਦਰਸ਼ਨਾਂ ਦਾ ਰੂਪ ਧਾਰਨ ਕਰ ਲਿਆ, ਜਿਸ ਤੋਂ ਇਨ੍ਹਾਂ ਨੂੰ ਸਿਆਸੀ ਲਾਭ ਪ੍ਰਾਪਤ ਹੋਣਾ ਸ਼ੁਰੂ ਹੋ ਗਿਆ। ਅਦਾਲਤ ਦੀ ਪੇਸ਼ੀ ਕਿਸੇ ਨਮੋਸ਼ੀ ਦਾ ਅਵਸਰ ਹੋਣ ਦੀ ਥਾਂ ਇਕ ਹੁਲਾਸ ਭਰੇ ਦਿਨ ਵਿਚ ਤਬਦੀਲ ਹੋਣ ਲੱਗ ਪਈ, ਜਿਸ ਦਿਨ ਭ੍ਰਿਸ਼ਟਾਚਾਰ ਦੇ ਕਥਿਤ ਦੋਸ਼ੀ ਨਾਇਕਾਂ ਵਾਂਗ ਪੇਸ਼ ਹੁੰਦੇ ਤਾਂ ਇਨ੍ਹਾਂ ਦੇ ਇਰਦ-ਗਿਰਦ ਵਿਧਾਇਕ ਤੇ ਸਾਬਕਾ ਵਜ਼ੀਰ ਵੀ ਟੌਅਰਾਂ ਕੱਢ ਕੇ ਇਕੱਤਰ ਹੁੰਦੇ। ਪ੍ਰੈਸ ਲਈ ਬਿਆਨ ਜ਼ਾਰੀ ਕਰਦਿਆਂ ਲੱਗੇ ਹੋਏ ਦੋਸ਼ਾਂ ਬਾਰੇ ਕੋਈ ਵੀ ਸਫ਼ਾਈ ਦੇਣ ਦੀ ਥਾਂ ਜ਼ਿਆਦਾ ਜ਼ੋਰ ਕੈਪਟਨ ਸਰਕਾਰ ਦੀ ਖਿਚਾਈ ਕਰਨ 'ਤੇ ਲਗਾਇਆ ਜਾਂਦਾ ਤੇ ਇਉਂ ਕਚਹਿਰੀਆਂ 'ਚ ਲੱਗਿਆ ਹਰ ਮੇਲਾ ਸੂਬੇ ਦੀ ਸੱਤਾ ਹਾਸਲ ਕਰਨ ਦੇ ਪੌਡੇ 'ਚ ਤਬਦੀਲ ਹੁੰਦਾ ਗਿਆ। ਕਚਹਿਰੀਆਂ 'ਚ ਲਗਦੇ ਮੇਲਿਆਂ ਦੀ ਇਸ ਪੌੜੀ ਨੇ ਸ. ਪ੍ਰਕਾਸ਼ ਸਿੰਘ ਬਾਦਲ ਨੂੰ ਇਕ ਵਾਰ ਫਿਰ ਸੱਤਾ ਦੇ ਗਲਿਆਰਿਆਂ 'ਚ ਪੁਚਾ ਦਿੱਤਾ ਤੇ ਨਾਲ ਹੀ ਪੰਜਾਬ ਦੇ ਸਿਆਸੀ ਸਭਿਆਚਾਰ 'ਚ ਸੱਤਾ ਹਾਸਲ ਕਰਨ ਦੀ ਇਕ ਨਵੀਂ ਜੁਗਤ ਨੂੰ ਵੀ ਜੋੜ ਦਿੱਤਾ।

ਤਿੰਨ ਵਰ੍ਹੇ ਪਹਿਲਾਂ ਗਠਿਤ ਹੋਈ ਅਕਾਲੀ ਸਰਕਾਰ ਕੈਪਟਨ ਅਮਰਿੰਦਰ ਸਿੰਘ ਵਿਰੁੱਧ ਕਿਉਂਕਿ ਭਰੀ-ਪੀਤੀ ਹੋਈ ਹੀ ਹੋਂਦ ਵਿਚ ਆਈ ਸੀ, ਇਸ ਲਈ ਇਸਨੇ ਕੈਪਟਨ ਵਿਰੁੱਧ ਦੋਸ਼ ਲੱਭ ਲਏ ਤੇ ਉਸਨੂੰ, ਲੁਧਿਆਣੇ ਦੇ ਬਹੁਚਰਚਿਤ ਸਿਟੀ ਸੈਂਟਰ ਘੁਟਾਲੇ ਨੂੰ ਲੈ ਕੇ, ਅਦਾਲਤਾਂ ਦੇ ਗੇੜ 'ਚ ਪਾ ਲਿਆ। ਅਦਾਲਤੀ ਗੇੜ ਦੇ ਬਾਦਲ ਪਰਿਵਾਰ ਨਾਲ ਜੁੜੇ ਨਤੀਜਿਆਂ ਦੇ ਮੱਦੇਨਜ਼ਰ ਕੈਪਟਨ ਨੇ ਵੀ ਇਉਂ ਪ੍ਰਤੀਤ ਹੁੰਦਾ ਹੈ ਕਿ ਜਿਵੇਂ ਇਸ ਗੇੜ ਨੂੰ ਖਿੜੇ ਮੱਥੇ ਕਬੂਲ ਕਰ ਲਿਆ ਹੋਵੇ। ਸ਼੍ਰੋਮਣੀ ਅਕਾਲੀ ਦਲ (ਬ) ਦੀਆਂ ਲੀਹਾਂ 'ਤੇ ਹੀ ਪੰਜਾਬ ਪ੍ਰਦੇਸ਼ ਕਾਂਗਰਸ ਨੇ ਬਾਦਲ ਸਰਕਾਰ ਵਿਰੁੱਧ ਆਪਣੇ ਵਿਰੋਧ ਦਾ ਮੁੱਖ ਮੁੱਦਾ ਆਪਣੇ ਨੇਤਾਵਾਂ ਤੇ ਕਾਰਕੁੰਨਾ ਉੱਪਰ ਵਰਤਮਾਨ ਸਰਕਾਰ ਦੇ ਜ਼ਬਰ ਨੂੰ ਬਣਾ ਲਿਆ ਹੈ। ਉਂਝ ਕਾਂਗਰਸ ਸਰਕਾਰ ਸਮੇਂ ਅਕਾਲੀਆਂ ਉੱਪਰ ਕਾਂਗਰਸੀ ਜ਼ਬਰ ਵੀ ਮਹਿਜ਼ ਨਾਅਰੇਬਾਜ਼ੀ ਤੱਕ ਹੀ ਸੀਮਿਤ ਸੀ ਤੇ ਸਥਿਤੀ ਹੁਣ ਵੀ ਉੱਪਰ ਤੋਂ ਲੈ ਕੇ ਹੇਠਾਂ ਤੱਕ ਲੱਗਭਗ ਉਹੋ ਹੀ ਹੈ। ਕੈਪਟਨ ਅਮਰਿੰਦਰ ਸਿੰਘ ਕਚਹਿਰੀ 'ਚ ਪੇਸ਼ੀ ਭੁਗਤਣ ਆਉਂਦੇ ਹਨ ਤਾਂ ਵਿਧਾਇਕਾਂ, ਸਾਬਕਾ ਵਜ਼ੀਰਾਂ ਤੇ ਸਥਾਨਕ ਨੇਤਾਵਾਂ ਦਾ ਲਾਮ ਲਸ਼ਕਰ ਵੀ ਨਾਲ ਹੀ ਆ ਜੁੜਦਾ ਹੈ। ਮੀਡੀਆ ਲਈ ਬਿਆਨ ਜ਼ਾਰੀ ਹੁੰਦੇ ਹਨ ਤੇ ਸੰਕੇਤਕ ਸ਼ਕਤੀ ਪ੍ਰਦਰਸ਼ਨ ਵੀ ਹੁੰਦਾ ਹੈ। ਗੱਲ ਕੀ, ਇਸ ਪੱਧਰ ਦੇ ਅਦਾਲਤੀ ਮਾਮਲੇ ਪ੍ਰਭਾਵਸ਼ਾਲੀ ਸਿਆਸੀ ਮੰਚ ਸਾਬਤ ਹੋ ਰਹੇ ਹਨ। ਇਹ ਲੋਕਾਂ ਲਈ ਪਾਰਟੀ ਸਮਾਗਮਾਂ ਤੋਂ ਵੀ ਖਿੱਚ ਭਰਪੂਰ ਬਣੇ ਹੋਏ ਹਨ। ਨਿਰਸੰਦੇਹ, ਸਿਆਸੀ ਨੇਤਾਵਾਂ ਤੇ ਪਾਰਟੀਆਂ ਨੂੰ ਅਦਾਲਤੀ ਮਾਮਲਿਆਂ ਦੇ ਫਿਲਹਾਲ ਲਾਭ ਪ੍ਰਾਪਤ ਹੋ ਰਹੇ ਹਨ, ਪਰ ਹੈ ਇਹ ਸਭ ਕੁੱਝ ਸਿਆਸੀ ਪ੍ਰਦੂਸ਼ਣ ਹੀ। ਇਸ ਸਿਆਸੀ ਪ੍ਰਦੂਸ਼ਣ 'ਚ ਲੋਕ ਹਿੱਤਾਂ ਦੀ ਰਾਜਨੀਤੀ ਦਾ ਲਗਾਤਾਰ ਘਾਣ ਹੋਈ ਜਾ ਰਿਹਾ ਹੈ ਤੇ ਰਾਜਪਾਟ ਉਨ੍ਹਾਂ ਲੋਕਾਂ ਦੇ ਹੱਥ ਲੱਗਾ ਹੋਇਆ ਹੈ, ਜਿਹੜੇ ਕੁਸ਼ਾਸਨ ਦੀਆਂ ਨਿੱਤ ਨਵੀਆਂ ਮਿਸਾਲਾਂ ਕਾਇਮ ਕਰ ਰਹੇ ਹਨ।

'ਨਵੀਂ ਦੁਨੀਆ' ਵਰਗਾ ਪਰਚਾ ਸਾਡੀ ਝੋਲੀ ਪਾਉਣ ਲਈ ਬਹੁਤ ਧੰਨਵਾਦ। ਬੜੀ ਦੇਰ ਤੋਂ ਮੈਂ ਕੁਝ ਅਜਿਹਾ ਤਲਾਸ਼ ਰਹੀ ਸੀ ਜੋ ਸਾਡੇ ਅੰਦਰ ਦੇ ਵਲਵਲਿਆਂ ਤੇ ਅਕਾਂਖਿਆਵਾਂ ਦਾ ਹਾਣੀ ਹੋਵੇ। ਹਰ ਇਨਸਾਨ ਦੇ ਅੰਦਰ ਕੁਝ ਨਾ ਕੁਝ ਪੁੰਗਰਦਾ ਤੇ ਵਹਿੰਦਾ ਰਹਿੰਦਾ ਹੈ, ਪਰ ਕਦੀ ਹਿੰਮਤ ਕਦੀ ਮੌਕਾ ਤੇ ਕਦੀ ਸਹੀ ਦਿਸ਼ਾ ਨਹੀਂ ਮਿਲਦੀ ਉਸਨੂੰ ਕਿਸੇ ਵਰਕੇ ਦੀ ਹਿੱਕ 'ਤੇ ਡੋਲ੍ਹਿਆ ਜਾਵੇ। ਇਹ ਪਰਚਾ ਪੜ੍ਹ ਕੇ ਇਉਂ ਲੱਗਿਆ ਕਿ ਇਹ ਸਾਡੀ ਇੱਥੇ ਦੀ ਬਿਜ਼ੀ ਲਾਈਫ਼ ਵਿਚ ਸਾਡਾ ਇਕ ਵਧੀਆ ਸਾਥੀ ਹੋ ਨਿਬੜੇਗਾ, ਤੇ ਰੂਹ ਨੂੰ ਸਕੂਨ ਦੇਵੇਗਾ। ਕੀ ਇਸ ਵਿਚ ਉਸ ਸਭ ਲਿਖਿਆ ਜਾ ਰਿਹਾ ਹੈ ਜੋ ਅਸੀਂ ਆਪਣੇ ਅੰਦਰ ਮਹਿਸੂਸ ਕਰਦੇ ਹਾਂ? ਪਰ ਕਦੀ ਜ਼ੁਬਾਨ ਜਾਂ ਅੱਖਰਾਂ ਰਾਹੀਂ ਇਸ ਨੂੰ ਬਾਹਰ ਨਹੀਂ ਆਉਣ ਦਿੱਤਾ? ਇਸ ਪਰਚੇ ਨੂੰ ਸ਼ੁਰੂ ਕਰਨ ਲਈ ਬਹੁਤ ਬਹੁਤ ਮੁਬਾਰਕ ਤੇ ਧੰਨਵਾਦ।

*ਸ਼ੁਭ ਇਛਾਵਾਂ ਸਹਿਤ,*
*ਮਨਿੰਦਰ-ਐਡਮਿੰਟਨ*
maninder_bachhal @yahoo.com

'ਨਵੀਂ ਦੁਨੀਆ' ਦਾ ਪਲੇਠਾ ਅੰਕ ਦਿਲ ਨੂੰ ਛੂਹ ਗਿਆ ਹੈ। ਬਹੁਤ ਸਾਰੇ ਅਖ਼ਬਾਰਾਂ, ਰਸਾਲੇ ਨਿਕਲਦੇ ਹਨ, ਪਰ ਥੋੜ੍ਹੀ ਬਹੁਤ ਫੋਲਾ ਫਾਲੀ ਤੋਂ ਬਾਅਦ ਮਨ ਅੱਕ ਜਾਂਦਾ ਹੈ। 'ਨਵੀਂ ਦੁਨੀਆ' ਦੇ ਪਹਿਲੇ ਸਫ਼ੇ ਤੋਂ ਲੈ ਕੇ ਆਖ਼ਰੀ ਸਫ਼ੇ ਤੱਕ ਰੂਹ ਨੂੰ ਖ਼ੁਸ਼ ਕਰਨ ਵਾਲੀਆਂ ਰਚਨਾਵਾਂ ਪੜ੍ਹਨ ਨੂੰ ਮਿਲੀਆਂ। ਪਹਿਲੇ ਅੰਕ ਦਾ ਮਿਆਰ ਦੇਖ ਕੇ ਲੱਗਦਾ ਹੈ ਕਿ ਇਹ ਪਰਚਾ ਲੰਮੀ ਦੌੜ ਦਾ ਘੋੜਾ ਸਾਬਤ ਹੋਵੇਗਾ।

***ਵਰਿੰਦਰ ਜੋਸ਼ੀ,***
***ਈਟੋਬੀਕੋ, ਟੋਰਾਂਟੋ***

# ਕੀ ਅਲਬਰਟਾ ਦੀ ਸਿਆਸਤ ਵਿਚ ਹਾਂ-ਪੱਖੀ ਤਬਦੀਲੀ ਹੋਵੇਗੀ?

**ਰਿਕਾਡੋ ਐਕੀਯੂਨਾ**

ਪਿਛਲੇ ਹਫ਼ਤਿਆਂ ਦੌਰਾਨ ਅਲਬਰਟਾ ਦੀ ਸਿਆਸਤ ਵਿਚ ਵੱਡੇ ਪੱਧਰ 'ਤੇ ਹੋਏ ਫੇਰ-ਬਦਲ ਨੇ ਇਹ ਸੋਚਣ ਲਈ ਮਜਬੂਰ ਕਰ ਦਿੱਤਾ ਹੈ ਕਿ ਕੀ ਵਾਕਯ ਹੀ ਇਨ੍ਹਾਂ ਤਬਦੀਲੀਆਂ ਦਾ ਅਸਰ ਦੇਖਣ ਨੂੰ ਮਿਲੇਗਾ? ਕੀ ਸੱਚਮੁੱਚ ਹੀ ਅਸੀਂ ਇਨ੍ਹਾਂ ਤਬਦੀਲੀਆਂ ਨੂੰ ਮਹਿਸੂਸ ਕਰ ਰਹੇ ਹਾਂ ਜਾਂ ਨਹੀਂ?

ਇਹ ਸਹੀ ਹੈ ਕਿ ਅਲਬਰਟਾ ਦੀ ਸਿਆਸਤ ਵਿਚ ਪਿਛਲੇ ਸਮਿਆਂ ਵਿਚ ਜੋ ਕੁਝ ਵਾਪਰਿਆ, ਉਸ ਨਾਲ ਕਾਫੀ ਜ਼ਿਆਦਾ ਬਦਲਾਅ ਦੇਖਣ ਨੂੰ ਮਿਲ ਰਹੇ ਹਨ। ਸਭ ਤੋਂ ਵੱਧ ਉਤਸ਼ਾਹ ਵਾਈਲਡ ਰੋਜ਼ ਅਲਾਇੰਸ ਪਾਰਟੀ (ਵੈਪ) ਵਿਚ ਦੇਖਣ ਨੂੰ ਮਿਲਿਆ। ਜਿਸ ਨੇ ਲੀਡਰਸ਼ਿਪ ਦੀ ਕਮਾਨ ਡੈਨੀਅਲ ਸਮਿੱਥ ਨੂੰ ਸੌਂਪ ਦਿੱਤੀ। ਸਮਿੱਥ ਨਵੇਂ ਜੋਸ਼, ਸਾਫ਼-ਸਪਸ਼ਟ ਅਤੇ ਨਿਰਪੱਖ ਵਾਅਦਿਆਂ ਨਾਲ ਮੈਦਾਨ 'ਚ ਉਤਰੀ ਹੈ। ਲੰਮੇ ਸਮੇਂ ਤੋਂ ਅਜਿਹੇ ਵਾਅਦਿਆਂ ਦੀ ਅਲਬਰਟਾ ਦੀ ਸਿਆਸਤ ਵਿਚੋਂ ਅਣਹੋਂਦ ਮਹਿਸੂਸ ਕੀਤੀ ਜਾ ਰਹੀ ਸੀ। ਵੈਪ ਵੱਲੋਂ ਸਮਿੱਥ ਨੂੰ ਆਪਣਾ ਲੀਡਰ ਐਲਾਨੇ ਜਾਣ ਮਗਰੋਂ ਪ੍ਰੋਗਰੈਸਿਵ ਕੰਜ਼ਰਵੇਟਿਵਜ਼ (ਪੀ. ਸੀ.) ਨੂੰ ਪਿੱਛੇ ਛੱਡਣ ਦਾ ਜੋਸ਼ ਉਬਾਲੇ ਖਾਣ ਲੱਗਾ ਹੈ।

ਇਸੇ ਦੌਰਾਨ ਲਿਬਰਲ ਤੇ ਕੰਜ਼ਰਵੇਟਿਵਜ਼ ਤੋਂ ਨਾਖੁਸ਼ ਧੜੇ ਨੇ ਇਕਜੁੱਟ ਹੋ ਕੇ ਨਵੀਂ ਪਾਰਟੀ ਦੇ ਗਠਨ ਦਾ ਐਲਾਨ ਕਰ ਦਿੱਤਾ ਹੈ। ਦਸੰਬਰ ਵਿਚ ਹੋਂਦ 'ਚ ਆਈ ਨਵੀਂ ਪਾਰਟੀ ਰਿਨਿਊ ਅਲਬਰਟਾ ਨੂੰ ਆਸ ਹੈ ਕਿ ਉਹ ਅਲਬਰਟਾ ਦੀ ਸਿਆਸੀ ਸਥਿਤੀ ਨੂੰ ਹਿਲਾ ਕੇ ਰੱਖ ਦੇਵੇਗੀ। ਉਹ ਆਪਣੇ ਆਪ ਨੂੰ ਉਨ੍ਹਾਂ ਲੋਕਾਂ ਦੀ ਢੋਈ ਮੰਨ ਰਹੇ ਹਨ ਜੋ ਸਰਕਾਰ ਵਿਚ ਤਬਦੀਲੀਆਂ ਚਾਹੁੰਦੇ ਹਨ ਪਰ ਮੌਜੂਦਾ ਵਿਰੋਧੀ ਪਾਰਟੀਆਂ ਵਿਚੋਂ ਕਿਸੇ ਨੂੰ ਪਸੰਦ ਨਹੀਂ ਕਰਦੇ। ਇਹ ਪਾਰਟੀ ਬਣਾਉਣ ਲਈ ਲੋੜੀਂਦੇ 7,000 ਦਸਤਖ਼ਤ ਜੁਟਾਉਣ ਵਿਚ ਲੱਗੇ ਹੋਏ ਹਨ ਪਰ ਇਸ ਤੋਂ ਪਹਿਲਾਂ ਹੀ ਉਹ ਮੀਡੀਆ ਦਾ ਧਿਆਨ ਬਟੋਰਣ ਅਤੇ ਆਨਲਾਈਨ 'ਤੇ ਆਪਣੀ ਮੌਜੂਦਗੀ ਦਰਸਾਉਣ ਵਿਚ ਕਾਮਯਾਬ ਹੋ ਗਏ ਹਨ।

ਪਰ ਸਵਾਲ ਉਥੇ ਹੀ ਖੜ੍ਹਾ ਹੈ। ਇਨ੍ਹਾਂ ਵਿਚੋਂ ਕੋਈ ਵੀ ਧਿਰ ਸੱਤਾ ਵਿਚ ਆਵੇ ਪਰ ਸਿਆਸੀ ਸਥਿਤੀਆਂ ਵਿਚ ਕਿੰਨੀਆਂ ਕੁ ਮਹੱਤਵਪੂਰਨ ਤਬਦੀਲੀਆਂ ਹੁੰਦੀਆਂ ਹਨ ਜਾਂ ਇਹ ਸੰਕੇਤ ਮਾਤਰ ਹੀ ਹਨ। ਅਲਬਰਟਾ ਵਿਚ ਅੱਜ ਜੋ ਕੁਝ ਵੀ ਵਾਪਰ ਰਿਹਾ ਹੈ ਕੀ ਇਸ ਦਾ ਸਿੱਟਾ ਇਹ ਨਿਕਲੇਗਾ ਕਿ ਖੇਤਰੀ ਸਰਕਾਰ ਦੀਆਂ ਯੋਜਨਾਵਾਂ ਜਾਂ ਨੀਤੀਆਂ ਮਹਿਲਾਵਾਂ ਵਿਚ ਅਸ਼ਰਦਾਰ ਤਬਦੀਲੀ ਹੋਵੇਗੀ। ਕੀ ਖੇਤਰੀ ਸਰਕਾਰ ਦੀਆਂ ਧਾਰਨਾਵਾਂ ਅਤੇ ਆਮ ਦਿਸ਼ਾ ਵਿਚ ਬੁਨਿਆਦੀ ਤਬਦੀਲੀ ਹੋਵੇਗੀ?

ਕੀ ਇਹ ਸਿਰਫ਼ ਕਲਪਨਾ ਮਾਤਰ ਹੈ ਕਿ ਆਮ ਸਿਆਸਤਦਾਨ ਪਿਛਲੇ ਸਾਲ ਦੇ ਤਜਰਬਿਆਂ ਤੋਂ ਲਾਭ ਖੱਟ ਰਹੇ ਹਨ ਜਿਸ ਨਾਲ ਅਲਬਰਟਾ ਵਿਚ ਆਉਂਦੀ 2012 ਨੂੰ ਨਵੀਂ ਪਾਰਟੀ ਦੀ ਸਰਕਾਰ ਹੋਵੇਗੀ? ਹਾਂ, ਕੀ ਇਹ ਸੰਭਵ ਹੈ? ਇਹ ਸੰਭਾਵਨਾ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਟੋਰੀਜ਼, ਵੈਪ ਅਤੇ ਰਿਨਿਊ ਅਲਬਰਟਾ ਅਗਲੇ ਦੋ ਸਾਲਾਂ ਵਿਚ ਕਿਹੋ ਜਿਹੀ ਪਹੁੰਚ ਅਪਨਾਉਂਦੀਆਂ ਹਨ। ਇਸ ਦਾ ਮਤਲਬ ਇਹ ਕਤੱਈ ਨਹੀਂ ਕਿ ਇਸ ਖੇਤਰ ਵਿਚ ਸਾਨੂੰ ਗੰਭੀਰ ਤਬਦੀਲੀਆਂ ਦੇਖਣ ਨੂੰ ਮਿਲਣਗੀਆਂ।

ਚੱਲੋ, ਵਾਈਲਡਰੋਜ਼ ਅਲਾਇੰਸ ਤੋਂ ਹੀ ਗੱਲ ਸ਼ੁਰੂ ਕਰਦੇ ਹਾਂ। ਭਾਵੇਂ ਇਸ ਦੀਆਂ ਨੀਤੀਆਂ ਸਾਫ਼ ਸਪਸ਼ਟ ਹਨ ਅਤੇ ਆਪਣਾ ਚੰਗਾ ਪ੍ਰਭਾਵ ਦੇਣ ਵਿਚ ਇਹਨੇ ਕਾਫ਼ੀ ਕੁਝ ਕੀਤਾ ਹੈ। ਇਸ ਵਿਚ ਖੇਤਰ ਦੇ ਲੋਕਾਂ ਨੂੰ ਵਧੇਰੇ ਨਿੱਜੀ ਸਿਹਤ ਸਹੂਲਤਾਂ ਦੇਣ ਦਾ ਸੁਝਾਅ ਵੀ ਸ਼ਾਮਲ ਹੈ। ਸਿੱਖਿਆ ਬਾਰੇ ਵੈਪ ਦੀ ਨੀਤੀ ਸਪਸ਼ਟ ਹੈ ਕਿ ਪਾਰਟੀ 'ਪੇਰੰਟਲ ਚੌਆਇਸ' ਸਬੰਧੀ ਸੰਵਿਧਾਨ ਦੇ ਹੱਕ ਵਿਚ ਹੈ ਅਤੇ ਪ੍ਰਾਈਵੇਟ ਸਕੂਲਾਂ ਦੀ ਸਹਾਇਤਾ ਲਈ ਟੈਕਸ ਡਾਲਰਜ਼ ਜਾਰੀ ਰੱਖੇਗੀ। ਆਰਥਕ ਪੱਧਰ 'ਤੇ ਵੈਪ ਟੈਕਸਾਂ ਵਿਚ ਕਮੀ ਅਤੇ ਰਾਇਲੈਟੀ ਘੱਟ ਰੱਖੇਗੀ। ਸਰਕਾਰੀ ਖਰਚਿਆਂ ਵਿਚ ਕਟੌਤੀ ਕਰੇਗੀ। ਜ਼ਮਹੂਰੀਅਤ ਦੇ ਸਵਾਲ 'ਤੇ ਪਾਰਟੀ ਵੱਡੇ ਪੱਧਰ 'ਤੇ ਖੁਲ੍ਹੇਪਣ, ਪਾਰਦਰਸ਼ਤਾ ਅਤੇ ਨਾਗਰਿਕਾਂ ਦੇ ਵਧੇਰੇ ਹੱਕਾਂ ਦੀ ਗੱਲ ਕਰਦੀ ਹੈ। ਦੂਜੇ ਪਾਸੇ ਸਮਿੱਥ ਨੇ ਇਹ ਭੇਤ ਖੋਲ੍ਹਣ ਤੋਂ ਇਨਕਾਰ ਕਰ ਦਿੱਤਾ ਹੈ ਕਿ ਉਸ ਦੀ ਲੀਡਰਸ਼ਿਪ ਮੁਹਿੰਮ ਨੂੰ ਕੌਣ ਫੰਡ ਮੁਹੱਈਆ ਕਰੇਗਾ।

ਦਿਲਚਸਪ ਪਹਿਲੂ ਇਹ ਹੈ ਕਿ ਰਿਨਿਊ ਅਲਬਰਟਾ ਦੀ ਵੈਬਸਾਈਟ ਵੀ ਸਰਕਾਰ ਤੇ ਵਪਾਰਕ ਵਿਚਾਲੇ ਨਿੱਜੀ ਵਪਾਰ ਤੇ ਸਹਿਯੋਗ ਭਰਪੂਰ ਮਾਹੌਲ ਦੀ ਮਹੱਤਤਾ ਦਾ ਹਵਾਲਾ ਦੇ ਰਹੀ ਹੈ। ਵਧੇਰੇ ਜਨਤਕ ਹਿੱਤਾਂ, ਪਬਲਿਕ-ਪ੍ਰਾਈਵੇਟ ਭਾਈਵਾਲੀ ਨੂੰ ਪਾਰਟੀ ਨੇ ਆਪਣੇ ਏਜੰਡੇ 'ਚ ਸ਼ਾਮਲ ਕੀਤਾ ਹੈ।

ਸੰਖੇਪ ਵਿਚ ਨਵੇਂ ਸਿਆਸੀ ਗਠਜੋੜਾਂ ਵੱਲੋਂ ਜਾਰੀ ਨੀਤੀਆਂ ਵਿਚੋਂ ਕਿਸੇ ਤੋਂ ਵੀ ਇਹ ਜ਼ਾਹਰ ਨਹੀਂ ਹੁੰਦਾ ਕਿ ਅਲਬਰਟਾ ਦੇ ਭਵਿੱਖ ਵਿਚ ਮਹੱਤਵਪੂਰਨ ਤਬਦੀਲੀ ਹੋਵੇਗੀ। ਇਨ੍ਹਾਂ ਪਾਰਟੀਆਂ ਵਿਚੋਂ ਭਾਵੇਂ ਕੋਈ ਸਰਕਾਰ ਬਣਾਉਂਦੀ ਹੈ ਤੇ ਭਾਵੇਂ ਵਿਰੋਧੀ ਧਿਰ 'ਚ ਬੈਠਦੀ ਹੈ ਪਰ ਇਸ ਖੇਤਰ ਦੀ ਸਥਿਤੀ ਵਿਚ ਕੋਈ ਅਹਿਮ ਤਬਦੀਲੀ ਨਹੀਂ ਹੋਣ ਲੱਗੀ। ਅਸੀਂ ਕੁਦਰਤੀ ਸਰੋਤਾਂ 'ਤੇ ਹੀ ਨਿਰਭਰ ਰਹਾਂਗੇ ਅਤੇ ਵਾਤਾਵਰਣ ਦੇ ਸੰਕਟਾਂ ਨਾਲ ਜੂਝਦੇ ਰਹਾਂਗੇ। ਸਾਡੀਆਂ ਸਿਹਤ ਸਹੂਲਤਾਂ ਅਤੇ ਸਿੱਖਿਆ ਪ੍ਰਣਾਲੀ ਵਿਚ ਕੋਈ ਅਸਰਦਾਰ ਸੁਧਾਰ ਨਹੀਂ ਹੋਣ ਵਾਲਾ। ਸਾਡੀਆਂ ਪਬਲਿਕ ਸੇਵਾਵਾਂ ਲਗਾਤਾਰ ਨਿਘਾਰ ਵੱਲ ਜਾਣਗੀਆਂ। ਸਾਡੇ ਜਨਤਕ ਹਿੱਤਾਂ ਨੂੰ ਅਲਬਰਟਾ ਦੇ ਆਰਥਕ ਤੇ ਸਿਆਸੀ ਪ੍ਰਭੂਆਂ ਦੇ ਨਿੱਜੀ ਸਵਾਰਥਾਂ ਦੀ ਪੂਰਤੀ ਲਈ ਕੁਰਬਾਨ ਕੀਤਾ ਜਾਂਦਾ ਰਹੇਗਾ।

*(ਲੇਖਕ ਯੂਨੀਵਾਰਸਿਟੀ ਆਫ਼ ਐਲਬਰਟਾ ਦੇ ਪਾਰਕਲੈਂਡ ਇੰਸਟੀਚਿਊਟ ਦੇ ਐਗਜ਼ੀਕਿਊਟਿਵ ਡਾਇਰੈਕਟਰ ਹਨ।)*

# ਜੇਲ੍ਹਾਂ 'ਚ ਬੰਦ ਮਾਸੂਮ ਬਚਪਨ

***ਭਾਰਤ ਬਾਲ ਅਧਿਕਾਰਾਂ ਦੀ ਯੂ. ਐਨ. ਓ. ਕਨਵੈਂਸਨ 'ਤੇ ਦਸਤਖ਼ਤ ਕਰਨ ਵਾਲੇ ਮੁਲਕਾਂ ਵਿਚੋਂ ਮੋਹਰੀ ਹੈ ਪਰ ਇਸ ਦਾ ਇਹ ਸੰਕਲਪ ਵੀ ਇਕ ਸੀਮਾਂ 'ਤੇ ਜਾ ਕੇ ਰੁਕ ਜਾਂਦਾ ਹੈ।***

**ਸੁਭਾਸ਼ ਗਾਤਾੜੇ**

ਤੇਰ੍ਹਾਂ ਵਰ੍ਹਿਆਂ ਦਾ ਰਿਆਜ਼ (ਬਦਲਿਆ ਨਾਂ) ਇਨ੍ਹੀਂ ਦਿਨੀਂ ਸ੍ਰੀਨਗਰ ਦੀ ਜੇਲ੍ਹ ਵਿਚ ਬੰਦ ਹੈ। ਕੁਝ ਮਹੀਨੇ ਪਹਿਲਾਂ ਆਪਣੇ ਨਗਰ ਦੇ ਕਿਸੇ ਨੌਜਵਾਨ ਦੀ ਸੁਰੱਖਿਆ ਬਲਾਂ ਵੱਲੋਂ ਕੀਤੀ ਗਈ ਹਤਿਆ ਤੋਂ ਬਾਅਦ ਜੋ ਹਿੰਸਕ ਝੜਪਾਂ ਹੋਈਆਂ ਸਨ, ਉਸ ਵਿਚ ਸਕੂਲ ਤੋਂ ਵਾਪਸ ਆ ਰਿਹਾ ਰਿਆਜ਼ ਵੀ ਫਸ ਗਿਆ ਸੀ। ਪੁਲੀਸ 'ਤੇ ਪਥਰਾਅ ਕਰਨ ਦੇ ਦੋਸ਼ ਵਿਚ ਸਕੂਲੀ ਬਸਤੇ ਦੇ ਨਾਲ ਹੀ ਪੁਲੀਸ ਵਾਲਿਆਂ ਨੇ ਉਸ ਨੂੰ ਫੜ ਲਿਆ ਸੀ ਅਤੇ ਨਗਰ ਦੀ ਜੇਲ੍ਹ ਵਿਚ ਪਹਿਲਾਂ ਤੋਂ ਜਮ੍ਹਾਂ ਭੀੜ ਦੇ ਨਾਲ ਹੀ ਸ੍ਰੀਨਗਰ ਦੀ ਜੇਲ੍ਹ ਵਿਚ ਭੇਜ ਦਿੱਤਾ ਸੀ। ਇਨ੍ਹੀਂ ਦਿਨੀਂ ਉਹ ਜੇਲ੍ਹ ਵਿਚ ਹੋਰਨਾਂ ਕੈਦੀਆਂ ਦੇ ਨਾਲ ਹੀ ਰਹਿੰਦਾ ਹੈ। ਜਿਨ੍ਹਾਂ ਵਿਚੋਂ ਅਜਿਹੇ ਬੰਦੀਆਂ ਦੀ ਚੰਗੀ-ਖਾਸੀ ਤਾਦਾਦ ਹੈ ਜੋ ਅਤਿਵਾਦੀ ਹਨ। ਫੈਕਟਰੀ ਵਿਚ ਮਜ਼ਦੂਰੀ ਕਰਨ ਵਾਲੇ ਉਸਦੇ ਪਿਤਾ, ਜੋ ਕੁਪਵਾੜਾ ਵਿਚ ਰਹਿੰਦੇ ਹਨ, ਕਦੇ ਕਦੇ ਉਸ ਨੂੰ ਮਿਲਣ ਆਉਂਦੇ ਹਨ। ਮਾਂ ਪਹਿਲਾਂ ਹੀ ਮਰ ਚੁੱਕੀ ਹੈ ਅਤੇ ਉਸ ਦੇ ਤਿੰਨ ਛੋਟੇ ਭਰਾ-ਭੈਣ ਵੀ ਹਨ। ਫਿਲਹਾਲ ਇਹ ਕਹਿਣਾ ਮੁਸ਼ਕਲ ਹੈ ਕਿ ਰਿਆਜ਼ ਦੀ ਰਿਹਾਈ ਕਦੋਂ ਹੋਵੇਗੀ? ਉਸ ਦੇ ਪਿਤਾ ਏਨੇ ਪੈਸੇ ਵਾਲੇ ਵੀ ਨਹੀਂ ਹਨ ਕਿ ਉਹ ਕੋਈ ਚੰਗਾ ਵਕੀਲ ਕਰ ਸਕਣ। 'ਪਬਲਿਕ ਸੇਫਟੀ ਐਕਟ' ਨਾਮ ਦੇ ਜਿਸ ਕਾਨੂੰਨ ਤਹਿਤ ਉਹ ਗ੍ਰਿਫਤਾਰ ਹੋਇਆ ਹੈ, ਉਸ ਵਿਚ ਆਪਣੇ ਅਪਰਾਧ ਲਈ ਜ਼ਮਾਨਤ ਕਰਾਉਣ ਵਿਚ ਹੀ ਕਈ ਵਾਰ ਸੱਤ-ਅਠ ਮਹੀਨੇ ਲੰਘ ਜਾਂਦੇ ਹਨ।

ਕਸ਼ਮੀਰ ਦੀ ਜੇਲ੍ਹ ਵਿਚ ਬੰਦ ਬੱਚਿਆਂ ਅਤੇ ਨੌਜਵਾਨਾਂ ਵਿਚ ਰਿਆਜ਼ ਇਕੱਲਾ ਨਹੀਂ ਹੈ। ਉਸ ਵਰਗੇ ਤਮਾਮ ਬੱਚੇ ਹਨ ਜੋ ਵੱਖ ਵੱਖ ਜੇਲ੍ਹਾਂ ਵਿਚ ਬੰਦ ਹਨ। ਖ਼ਬਰਾਂ ਅਨੁਸਾਰ ਪਿਛਲੇ ਸਾਲ ਦੋ ਮਹੀਨਿਆਂ ਅੰਦਰ ਇਸ ਵਿਵਾਦਗ੍ਰਸਤ ਕਾਨੂੰਨ ਤਹਿਤ ਕਰੀਬ 160 ਬੱਚਿਆਂ ਨੂੰ ਫੜ ਲਿਆ ਗਿਆ ਸੀ। ਦਰਅਸਲ ਸਾਲ 1990 ਤੋਂ ਹੀ ਜਦੋਂ ਤੋਂ ਕਸ਼ਮੀਰ ਵਿਚ ਅਤਿਵਾਦ ਨੇ ਜ਼ੋਰ ਫੜਿਆ ਹੈ, ਪੁਲੀਸ ਵੱਲੋਂ ਇਸੇ ਕਾਨੂੰਨ ਤਹਿਤ ਬੱਚਿਆਂ ਨੂੰ ਫੜਿਆ ਜਾ ਰਿਹਾ ਹੈ।

ਆਖਰ ਅਜਿਹੀ ਕੀ ਗੱਲ ਹੋ ਗਈ ਹੈ ਕਿ ਬੱਚਿਆਂ ਨੂੰ ਵੀ ਜੇਲ੍ਹਾਂ ਵਿਚ ਬੰਦ ਕਰਨਾ ਪੈ ਰਿਹਾ ਹੈ। ਦਰਅਸਲ ਕਸ਼ਮੀਰ ਵਿਚ ਬਾਲ ਸੁਧਾਰ ਘਰ ਹੈ ਹੀ ਨਹੀਂ। ਵੈਸੇ ਕਸ਼ਮੀਰ ਦੀ ਸਰਕਾਰ ਨੇ 1997 ਵਿਚ ਹੀ ਬਾਲ ਅਪਰਾਧ ਐਕਟ ਪਾਸ ਕੀਤਾ ਹੈ ਤਾਂ ਜੋ ਬਾਲ ਅਦਾਲਤਾਂ ਦੇ ਨਿਰਮਾਣ ਵੱਲ ਵਧਿਆ ਜਾ ਸਕੇ। ਦੁੱਖ ਦੀ ਗੱਲ ਇਹ ਹੈ ਕਿ ਅਦਾਲਤਾਂ ਇਸ ਕਾਨੂੰਨ ਦਾ ਸਹਾਰਾ ਨਹੀਂ ਲੈਂਦੀਆਂ ਅਤੇ ਸਭ ਤੋਂ ਚਿੰਤਾ ਵਾਲੀ ਗੱਲ ਇਹ ਹੈ ਕਿ ਰਾਜ ਵਿਚ ਬਾਲ ਅਦਾਲਤ ਵੀ ਨਹੀਂ ਹੈ। ਪਿਛਲੇ ਦਿਨੀਂ ਇਕ ਮਨੁੱਖੀ ਅਧਿਕਾਰ ਕਾਰਜਕਰਤਾ ਵਕੀਲ ਨੇ ਅਦਾਲਤ ਵਿਚ ਇਸ ਐਕਟ ਦੇ ਅਮਲ ਲਈ ਜਨਹਿਤ ਪਟੀਸ਼ਨ ਦਾਇਰ ਕੀਤੀ ਹੈ, ਇਸ ਸਿਲਸਿਲੇ ਵਿਚ ਰਾਜ ਨੂੰ ਨੋਟਿਸ ਵੀ ਜਾਰੀ ਹੋ ਚੁੱਕਾ ਹੈ। ਇਸ ਨੂੰ ਸਿਆਸੀ ਦਾਅ-ਪੇਚ ਦਾ ਨਤੀਜਾ ਕਹੀਏ ਜਾਂ ਬਾਕੀ ਸਮਾਜ ਦੀ ਮਾਨਸਿਕਤਾ ਕਿ ਅੱਜ ਦੀ ਤਾਰੀਕ ਵਿਚ ਵੀ ਕਸ਼ਮੀਰ ਵਿਚ ਬਾਲ ਸੁਧਾਰ ਘਰ ਦੀ ਗੈਰ-ਮੌਜੂਦਗੀ ਦਾ ਸਵਾਲ ਕਦੇ ਏਜੰਡੇ ਉਪਰ ਨਹੀਂ ਆ ਸਕਿਆ।

ਭਾਰਤ ਬਾਲ ਅਧਿਕਾਰਾਂ 'ਤੇ ਸੰਯੁਕਤ ਰਾਸ਼ਟਰ ਸੰਘ ਦੇ ਕਨਵੈਨਸ਼ਨ 'ਤੇ ਦਸਤਖ਼ਤ ਕਰਨ ਵਾਲੇ ਦੇਸਾਂ ਵਿਚ ਮੋਹਰੀ ਰਿਹਾ ਹੈ, ਪਰ ਇਹ ਸੰਕਲਪ ਵੀ ਮਹਿਜ਼ ਜੰਮੂ ਕਸ਼ਮੀਰ ਦੀ ਸਰਹੱਦ 'ਤੇ ਜਾ ਕੇ ਰੁਕ ਜਾਂਦਾ ਹੈ। ਕਸ਼ਮੀਰ ਨੂੰ ਸੰਵਿਧਾਨ ਵਿਚ ਵਿਸ਼ੇਸ਼ ਦਰਜਾ ਦਿੱਤਾ ਗਿਆ ਹੈ, ਫੇਰ ਇਹ ਮਸਲਾ ਕਸ਼ਮੀਰ ਦੀਆਂ ਪਾਰਟੀਆਂ ਅਤੇ ਸਿਆਸੀ ਜਮਾਤਾਂ ਦੇ ਜ਼ਿੰਮੇ ਵਧ ਆਉਂਦਾ ਹੈ, ਜਿਨ੍ਹਾਂ ਨੇ ਇਸ 'ਤੇ ਮੌਨ ਧਾਰਨਾ ਬੇਹਤਰ



ਸਮਝਿਆ ਹੈ। ਉਹ ਦਾਅਵਾ ਕਰ ਸਕਦੇ ਹਨ ਕਿ ਉਨ੍ਹਾਂ ਸਾਹਮਣੇ ਵੱਡੇ ਵੱਡੇ ਮੁੱਦੇ ਹਨ, ਉਨ੍ਹਾਂ ਸਾਹਮਣੇ ਬਾਲ ਸੁਧਾਰ ਘਰ ਦਾ ਮੁੱਦਾ ਕਿਤੇ ਨਹੀਂ ਠਹਿਰਦਾ।

ਅਜਿਹੀ ਗੱਲ ਨਹੀਂ ਹੈ ਕਿ ਬਾਕੀ ਹਿੰਦੂਸਤਾਨ ਵਿਚ ਬਣੇ ਬਾਲ ਸੁਧਾਰ ਘਰ ਕੋਈ 'ਸਵਰਗ' ਹਨ ਜਿਥੇ ਗੁੰਮਰਾਹ ਬੱਚੇ ਜਾਂ ਕਿਸੇ ਅਪਰਾਧ ਵਿਚ ਸ਼ਾਮਲ ਪਾਏ ਗਏ ਬੱਚੇ ਸੁਕੂਨ ਨਾਲ ਰਹਿੰਦੇ ਹਨ ਜਾਂ ਜਿਥੇ ਉਨ੍ਹਾਂ ਦੇ ਸਮੁੱਚੇ ਅਧਿਕਾਰਾਂ ਦੀ ਗਰੰਟੀ ਹੁੰਦੀ ਹੈ। ਦਰਅਸਲ, ਆਏ ਦਿਨ ਅਜਿਹੇ ਬਾਲ ਸੁਧਾਰ ਘਰਾਂ ਦੀ ਖ਼ਬਰ ਆਉਂਦੀ ਰਹਿੰਦੀ ਹੈ ਜੋ ਇਸੇ ਗੱਲ ਨੂੰ ਉਜਾਗਰ ਕਰਦੀ ਹੈ ਕਿ ਇਹ ਪ੍ਰਸ਼ਾਸਨਿਕ ਬੇਰੁਖੀ ਅਤੇ ਵੱਡੇ ਬੱਚਿਆਂ ਦੇ ਹੱਥੋਂ ਛੋਟਿਆਂ ਨੂੰ ਝਲਣੀਆਂ ਪੈਂਦੀਆਂ ਤਰ੍ਹਾਂ ਤਰ੍ਹਾਂ ਦੀਆਂ ਮੁਸੀਬਤਾਂ ਤੇ ਹਿੰਸਾ ਦੇ ਘਰਾਂ ਵਿਚ ਬਦਲ ਚੁੱਕੇ ਹਨ। ਪਿਛਲੇ ਦਿਨੀਂ ਦਿੱਲੀ ਦੇ ਬਾਲ ਸੁਧਾਰ ਘਰ ਦੀ ਭਾਰੀ ਦੁਰਦਸ਼ਾ ਨੂੰ ਲੈ ਕੇ ਉਥੇ ਬੰਦ ਬੱਚਿਆਂ ਦੇ ਭੱਜਣ ਦੀ ਖਬਰ ਆਈ ਸੀ। ਪਰ ਘੱਟੋ ਘਟ ਏਨਾ ਸਕੂਨ ਤਾਂ ਰਹਿੰਦਾ ਹੀ ਹੈ ਕਿ ਉਹ ਅਪਰਾਧੀਆਂ ਨਾਲ ਰਹਿਣ ਲਈ ਮਜਬੂਰ ਨਾ ਹੋਣ ਅਤੇ ਇਸ ਗੱਲ ਦੀ ਵੀ ਸੰਭਾਵਨਾ ਰਹਿੰਦੀ ਹੈ ਕਿ ਜੇਕਰ ਕਮੀਆਂ ਨੂੰ ਠੀਕ ਕੀਤਾ ਜਾਵੇ ਜਾਂ ਕਦੇ ਕੋਈ ਸਰੋਕਾਰ ਰੱਖਣ ਵਾਲੇ ਸੀਨੀਅਰ ਅਧਿਕਾਰੀ ਦੇਖ-ਰੇਖ ਕਰਨ ਤਾਂ ਬੱਚੇ ਸੁਧਰ ਵੀ ਸਕਦੇ ਹਨ ਅਤੇ 'ਸੁਧਾਰ ਘਰ' ਦੇ ਬਾਹਰ ਦਾ ਆਮ ਜੀਵਨ ਜਿਉਣ ਲਈ ਤਿਆਰ ਰਹਿ ਸਕਦੇ ਹਨ। ਇਸ ਤੋਂ ਇਲਾਵਾ ਸਭ ਤੋਂ ਵਧ ਅਜਿਹੇ ਸੁਧਾਰ ਘਰਾਂ ਅਤੇ ਬਾਲ ਅਦਾਲਤਾਂ ਦੀ ਮੌਜੂਦਗੀ ਸੰਯੁਕਤ ਰਾਸ਼ਟਰ ਸੰਘ ਦੇ ਬਾਲ ਅਧਿਕਾਰਾਂ ਦੀ ਕਨਵੈਨਸ਼ਨ ਲਈ ਢੁਕਵੀਂ ਮੰਨੀ ਜਾ ਸਕਦੀ ਹੈ, ਜਿਨ੍ਹਾਂ ਵਿਚ ਬੱਚਿਆਂ ਨੂੰ ਅਪਰਾਧੀਆਂ ਦੇ ਨਾਲ ਬੰਦੀਘਰਾਂ ਵਿਚ ਰੱਖਣ 'ਤੇ ਸਖ਼ਤ ਇਤਰਾਜ਼ ਪ੍ਰਗਟਾਇਆ ਗਿਆ ਹੈ। ਜੇਕਰ ਅਸੀਂ ਬਲ ਅਧਿਕਾਰਾਂ ਨੂੰ ਲੈ ਕੇ ਸੰਯੁਕਤ ਰਾਸ਼ਟਰ ਸੰਘ ਦੇ ਕਨਵੈਨਸ਼ਨ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸਾਲ 2000 ਵਿਚ ਬਣੇ 'ਜੁਵੇਨਾਈਲ ਜਸਟਿਸ' (ਕੇਅਰ ਐਂਡ ਪ੍ਰੋਟੈਕਸ਼ਨ) ਐਕਟ ਨੂੰ ਦੇਖੀਏ ਤਾਂ ਪਤਾ ਚੱਲਦਾ ਹੈ ਕਿ ਇਸ ਤਹਿਤ ਬੱਚਿਆਂ ਨੂੰ ਦੋ ਸ਼੍ਰੇਣੀਆਂ ਵਿਚ ਵੰਡਿਆ ਗਿਆ ਹੈ। ਇਕ ਤਾਂ ਅਜਿਹੇ ਬੱਚੇ ਜਿਨ੍ਹਾਂ ਨੇ ਕੋਈ 'ਅਪਰਾਧ' ਕੀਤਾ ਹੈ ਤੇ ਦੂਸਰੇ ਅਜਿਹੇ ਬੱਚੇ ਜੋ ਅਨਾਥ ਹਨ, ਭੱਜੇ ਹੋਏ ਹਨ ਜਾਂ ਭਿਖਾਰੀ ਰਹੇ ਹਨ, ਜਿਨ੍ਹਾਂ ਨੂੰ ਅਜਿਹੇ ਬੱਚਿਆਂ ਦੀ ਸ਼੍ਰੇਣੀ ਵਿਚ ਸ਼ਾਮਲ ਕੀਤਾ ਜਾਂਦਾ ਹੈ ਜਿਨ੍ਹਾਂ ਨੂੰ 'ਦੇਖ-ਰੇਖ ਤੇ ਸੁਰੱਖਿਆ ਦੀ' ਲੋੜ ਹੈ। ਮਸਲਨ ਮਹਾਰਾਸ਼ਟਰ ਬਾਰੇ ਕੀਤੇ ਗਏ ਅਧਿਐਨ ਦੱਸਦੇ ਹਨ ਕਿ ਉਥੇ ਇਸ ਨਿਯਮ ਤਹਿਤ ਬਣੇ 46 ਅਬਜ਼ਰਵੇਸ਼ਨ ਹੋਮਜ਼ ਹਨ ਜੋ ਘੱਟੋ ਘੱਟ ਦੋਹਾਂ ਸ਼੍ਰੇਣੀਆਂ ਦੇ 9 ਤੋਂ 10 ਹਜ਼ਾਰ ਬੱਚਿਆਂ ਦੀ ਦੇਖ-ਰੇਖ ਕਰਦੇ ਹਨ। ਇਨ੍ਹਾਂ 'ਘਰਾਂ' ਨੂੰ ਰਾਜ ਦੇ ਮਹਿਲਾ ਤੇ ਬਾਲ ਕਲਿਆਣ ਵਿਭਾਗ ਵੱਲੋਂ ਸਵੈ-ਸੇਵੀ ਸੰਸਥਾਵਾਂ ਦੀ ਮਦਦ ਨਾਲ ਆਜ਼ਾਦ ਤੌਰ 'ਤੇ ਚਲਾਇਆ ਜਾਂਦਾ ਹੈ।

ਕਹਿਣ ਲਈ ਤਾਂ ਕਸ਼ਮੀਰ ਦੇ ਕਾਨੂੰਨ ਵਿਚ ਲਿਖਿਆ ਗਿਆ ਹੈ ਕਿ ਨਾਬਾਲਗਾਂ ਦੀ ਗ੍ਰਿਫਤਾਰੀ ਸੁਧਾਰਾਤਮਕ ਹੋਵੇਗੀ ਨਾ ਕਿ ਸਜ਼ਾਤਮਕ, ਪਰ ਹਕੀਕਤ ਇਸ ਤੋਂ ਉਲਟ ਹੈ। ਅਕਤੂਬਰ ਵਿਚ ਪਥਰਾਅ ਕਰਨ ਦੇ ਦੋਸ਼ ਵਿਚ ਫੜੇ ਗਏ 11 ਨੌਜਵਾਨਾਂ ਵਿਚੋਂ ਤਿੰਨ ਨੇ ਪੁਲੀਸ 'ਤੇ ਦੋਸ਼ ਲਾਇਆ ਕਿ ਉਸ ਨੇ ਉਨ੍ਹਾਂ ਨੂੰ ਇਕ-ਦੂਸਰੇ ਨਾਲ ਜਬਰੀ ਯਨ ਸਬੰਧ ਬਣਾਉਣ ਲਈ ਮਜਬੂਰ ਕੀਤਾ। 'ਕਸ਼ਮੀਰ ਲਾਈਫ' ਦੇ ਪੱਤਰਕਾਰ ਮਾਜਿਦ ਮਕਬੂਲ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਵਿਚੋਂ ਇਕ 14 ਸਾਲ ਦੇ ਸਹੀਮ ਨੇ ਦੱਸਿਆ ਕਿ ਪੁਲੀਸ ਨੇ ਉਨ੍ਹਾਂ ਨੂੰ ਕਾਫੀ ਕੁੱਟਿਆ, ਨੰਗੇ ਕੀਤਾ ਤੇ ਜਬਰੀ ਯੋਨ ਸਬੰਧ ਬਣਾਏ। ਕਸ਼ਮੀਰ ਹੀ ਨਹੀਂ ਅਜਿਹੀਆਂ ਘਟਨਾਵਾਂ ਕਿਤੇ ਵੀ ਵਾਪਰ ਸਕਦੀਆਂ ਹਨ, ਪਰ ਕੀ ਕਸ਼ਮੀਰ ਵਿਚ ਬਾਲ ਸੁਧਾਰ ਘਰ ਦਾ ਨਾ ਹੋਣਾ ਕੌਮੀ ਚਿੰਤਾ ਦਾ ਵਿਸ਼ਾ ਨਹੀਂ ਹੋਣਾ ਚਾਹੀਦਾ? ਬਾਲ ਅਧਿਕਾਰਾਂ ਪ੍ਰਤੀ ਮਾਨਵਤਾ ਵੱਲੋਂ ਜ਼ਾਹਰ ਕੀਤੀ ਗਈ ਪ੍ਰਤੀਬੱਧਤਾ ਦਾ ਮਾਖੌਲ ਉਡਾਉਂਦੀ ਇਹ ਸਥਿਤੀ ਕਿਸੇ ਵੀ ਸਭਿਅਕ ਸਮਾਜ ਦੇ ਮੂੰਹ 'ਤੇ ਚਪੇੜ ਸਮਝੀ ਜਾਣੀ ਚਾਹੀਦੀ ਹੈ।

**ਧੁਖ਼ਦਾ ਕਾਲਮ**

**ਸੁਸ਼ੀਲ ਦੁਸਾਂਝ**

## '...ਕਿ ਮੌਸਮ ਸਾਫ਼ ਹੋ ਜਾਏ'

'ਜੈ ਜਵਾਨ,ਜੈ ਕਿਸਾਨ' ਦੇ ਨਾਅਰੇ ਵਾਲੇ ਆਪਣੇ ਮੁਲਕ ਵਿਚ ਲਾਲਸਾਵਾਂ ਦੀ ਜੈ-ਜੈਕਾਰ ਹੈ ਜਦਕਿ ਕਿਸਾਨਾਂ ਦੇ ਖੇਤਾਂ 'ਚ 'ਸਲਫਾਸ ਉੱਗ ਰਹੀ ਹੈ ਤੇ ਜਵਾਨ ਆਪਣੀ ਕਨਪਟੀ 'ਤੇ ਖੁਦ ਹੀ ਗੋਲੀਆਂ ਦਾਗ ਰਹੇ ਹਨ। ਉਂਝ ਤਾਂ ਵਿਦਿਆਰਥੀ, ਨੌਜਵਾਨਾਂ ਤੋਂ ਲੈ ਕੇ ਹਰ ਖੇਤਰ 'ਚ ਹੀ ਖੁਦਕੁਸ਼ੀਆਂ ਦਾ ਰੁਝਾਨ ਵਧਿਆ ਹੈ ਪਰ 'ਧੁਖਦਾ ਕਾਲਮ' 'ਚ ਅੱਜ ਭਾਰਤੀ ਫੌਜੀਆਂ 'ਚ ਵਧੇ ਇਸ ਰੁਝਾਨ 'ਤੇ ਚਰਚਾ ਕਰਦੇ ਹਾਂ। ਪਿਛਲੇ 5 ਸਾਲਾਂ ਵਿਚ ਕੋਈ 500 ਦੇ ਕਰੀਬ ਫੌਜੀਆਂ ਨੇ ਖੁਦਕੁਸ਼ੀਆਂ ਕੀਤੀਆਂ ਹਨ ਜਦਕਿ 100 ਦੇ ਲਗਭਗ ਫੌਜੀ ਜਵਾਨ ਅਤੇ ਅਫ਼ਸਰ ਆਪਣੇ ਹੀ ਸਾਥੀਆਂ ਹੱਥੋਂ ਮਾਰੇ ਗਏ ਹਨ। ਭਾਵੇਂ ਮੁਲਕ ਦੇ ਹਰ ਹਿੱਸੇ ਵਿਚ ਤਾਇਨਾਤ ਫੌਜੀਆਂ ਵਿਚਾਲੇ ਇਹ ਰੁਝਾਨ ਵਧਿਆ ਹੈ ਪਰ ਇਸ ਤਰ੍ਹਾਂ ਦੀਆਂ ਵਧੇਰੇ ਖਬਰਾਂ ਜੰਮੂ ਕਸ਼ਮੀਰ ਜਾਂ ਹੋਰਨਾਂ ਗੜਬੜਗ੍ਰਸਤ ਇਲਾਕਿਆਂ ਵਿਚੋਂ ਹੀ ਆਉਦੀਆਂ ਹਨ।

ਹੁਣ ਇਸ ਵਰਤਾਰੇ ਦੇ ਕਾਰਨਾਂ ਵੱਲ ਜਾਈਏ ਤਾਂ ਸਭ ਤੋਂ ਵੱਡਾ ਕਾਰਨ ਤਾਂ ਬਾਕੀ ਖੇਤਰਾ ਵਾਂਗ ਅੱਜ ਵੀ ਸਾਡੀ ਫੌਜ ਦਾ ਉਹ ਢਾਂਚਾ ਹੀ ਹੈ, ਜਿਹੜਾ ਭਾਰਤੀ ਅਵਾਮ ਨੂੰ ਦਬਾਉਣ ਲਈ ਕਦੇ ਅੰਗਰੇਜ਼ ਨੇ ਬਣਾਇਆ ਸੀ। ਇਹ ਢਾਂਚਾ ਢੀਚਕ ਢੀਚਕ ਕਰ ਕੇ ਤੁਰਦਾ ਹੈ ਪਰ ਅਸੀਂ ਕਦੇ ਇਹਦੇ ਕਲਪੁਰਜੇ ਬਦਲਣ ਬਾਰੇ ਸੋਚਿਆ ਹੀ ਨਹੀਂ। ਇਸੇ ਢਾਂਚੇ ਦਾ ਹੀ ਨਤੀਜਾ ਹੈ ਕਿ ਵੱਡੇ ਅਫ਼ਸਰਾਂ ਦਾ ਆਪਣੇ ਮਾਤਹਿਤ ਫੌਜ ਦੇ ਬਾਕੀ ਅਮਲੇ ਨਾਲ ਬੇਹਦ ਮਾੜਾ ਵਤੀਰਾ ਹੈ। ਅਫ਼ਸਰਾਂ ਦੇ ਇਸ ਮਾੜੇ ਵਤੀਰੇ ਦਾ ਸਭ ਤੋਂ ਜਿਆਦਾ ਸ਼ਿਕਾਰ ਸਾਧਾਰਣ ਫੌਜੀ ਜਵਾਨ ਹੀ ਹੁੰਦਾ ਹੈ। ਇਸ ਤੋਂ ਇਲਾਵਾ ਕੰਮ ਦੀਆਂ ਹਾਲਤਾਂ ਵੀ ਕਈ ਵਾਰ ਇਨ੍ਹਾਂ ਨੂੰ ਖੁਦਕੁਸ਼ੀ ਵੱਲ ਧੱਕ ਦਿੰਦੀਆਂ ਹਨ। ਆਪਣੇ ਪਰਿਵਾਰਾ ਤੋਂ ਦੂਰ-ਦੁਰਾਡੇ ਬੈਠੇ ਇਨ੍ਹਾਂ ਫੌਜੀ ਜਵਾਨਾਂ ਨੂੰ ਘਰੇਲੂ ਪ੍ਰੇਸ਼ਾਨੀਆਂ ਘੇਰੀ ਰੱਖਦੀਆਂ ਹਨ ,ਜੋ ਹੌਲੀ ਹੌਲੀ ਸਰੀਰਕ ਅਤੇ ਮਾਨਸਿਕ ਬੀਮਾਰੀਆਂ ਵਿਚ ਬਦਲ ਜਾਂਦੀਆਂ ਹਨ। ਲੋੜ ਪੈਣ 'ਤੇ ਇਨਾਂ ਜਵਾਨਾਂ ਨੂੰ ਛੁੱਟੀਆਂ ਮਨਜ਼ੂਰ ਕਰਵਾਉਣ ਲਈ ਵੀ ਖਾਸੀ ਮੁੱਸ਼ਕਤ ਕਰਨੀ ਪੈਂਦੀ ਹੈ।

ਨਾਲ ਹੀ ਇਕ ਅਹਿਮ ਗਲ ਇਹ ਵੀ ਹੈ ਕਿ ਸਰਹੱਦਾਂ ਦੀ ਰਾਖੀ ਦੀ ਥਾਂ ਇਨ੍ਹਾਂ ਨੂੰ ਘਰ ਵਿਚ ਹੀ ਬੈਠੇ ਦੁਸ਼ਮਣਾਂ ਨਾਲ ਦੋ-ਚਾਰ ਹੋਣਾ ਪੈਂਦਾ ਹੈ। ਸਰਹੱਦਾ 'ਤੇ ਜਦੋ ਲੋੜ ਪੈਂਦੀ ਹੈ ਤਾਂ ਦੁਸ਼ਮਣ ਨਜ਼ਰ ਆਉਦਾ ਹੈ ਪਰ ਜੰਮੂ ਕਸ਼ਮੀਰ ਜਾ ਮੁਲਕ ਦੇ ਹੋਰਨਾਂ ਅਜਿਹੇ ਹਿੱਸਿਆਂ ਵਿਚ ਲੜਦਿਆਂ ਇਨ੍ਹਾਂ ਨੂੰ ਪਤਾ ਹੀ ਨਹੀਂ ਲਗਦਾ ਕਿ ਗੋਲੀ ਕਿਧਰੋਂ ਆ ਜਾਣੀ ਹੈ।

ਭਾਰਤੀ ਫੌਜ ਲਈ ਹਰ ਵਰੇ ਰੱਖਿਆ ਜਾਂਦਾ ਅਰਬਾਂ ਰੁਪਏ ਦਾ ਬਜਟ ਤੁਹਾਡਾ ਕੀ ਖ਼ਿਆਲ ਹੈ ਕਿ ਸਧਾਰਣ ਫੌਜੀਆਂ ਦਾ ਜੀਵਨ ਪੱਧਰ ਸੁਧਾਰਨ ਲਈ ਹੁੰਦਾ ਹੈ? ਨਹੀਂ। ਇਨ੍ਹਾਂ ਅਰਬਾਂ ਰੁਪਇਆਂ ਨਾਲ ਹਥਿਆਰ ਖਰੀਦੇ ਜਾਂਦੇ ਹਨ। ਜੇ ਭਾਰਤੀ ਫੌਜ ਦੇ ਕੁਲ ਬਜਟ ਦਾ ਇਕ ਫੀਸਦੀ ਵੀ ਸਧਾਰਨ ਫੌਜੀਆਂ ਦੇ ਭਲੇ ਲਈ ਖਰਚ ਦਿੱਤਾ ਜਾਵੇ ਤਾਂ ਪੂਰਾ ਨਕਸ਼ਾ ਹੀ ਬਦਲ ਸਕਦਾ ਹੈ। ਇਹ ਹੀ ਕਾਰਨ ਹੈ ਕਿ ਸਾਡੀ ਫੌਜ ਦੇ ਵੱਡੇ ਅਫ਼ਸਰ ਵੀ ਆਪਣੀਆਂ ਨੌਕਰੀਆਂ ਛੱਡ ਕੇ ਵਿਦੇਸ਼ੀ ਕੰਪਨੀਆਂ ਵੱਲ ਭੱਜੇ ਜਾ ਰਹੇ ਹਨ ਤੇ ਆਪਣੀ ਫੌਜ ਚੰਗੇ ਅਫ਼ਸਰਾਂ ਦੀ ਭਾਰੀ ਕਮੀ ਨਾਲ ਜੂਝਣ ਲਈ ਮਜਬੂਰ ਹੈ। ਅੱਜ ਸਾਡਾ ਪੜਿਆ ਲਿਖਿਆ ਅਤੇ ਕਾਬਲ ਨੋਜਵਾਨ ਫੌਜ ਵੱਲ ਜੇ ਮੂੰਹ ਵੀ ਨਹੀਂ ਕਰਦਾ ਤਾਂ ਇਹਦੇ ਕਾਰਨਾਂ ਦਾ ਕੀ ਸਰਕਾਰ ਨੂੰ ਪਤਾ ਨਹੀਂ? ਸਭ ਪਤਾ ਹੈ ਪਰ ਸਰਕਾਰ ਦੀਆਂ ਤਰਜ਼ੀਹਾਂ ਕੁਝ ਹੋਰ ਹਨ।

ਇਹ ਗਲੋਬਲ ਸੰਸਾਰ ਦੀ ਮਾਇਆ ਹੈ, ਜਿਹਨੇ ਸਾਡੀ ਫੌਜ ਦੀਆਂ ਅੱਖਾਂ ਵੀ ਚੁੰਧਿਆ ਦਿੱਤੀਆਂ ਹਨ। ਇਹ ਲਾਲਸਾਵਾਂ ਦਾ ਸੰਸਾਰ ਹੈ। ਸੇਵਾ, ਮਿਸ਼ਨ ਅਤੇ ਮੁਲਕ ਲਈ ਕੁਰਬਾਨ ਹੋਣ ਦਾ ਜਜ਼ਬਾ ਲਾਲਸਾਵਾਂ ਦੇ ਇਸ ਸੰਸਾਰ ਨੇ ਹਜ਼ਮ ਕਰ ਲਿਆ ਹੈ 'ਤੇ ਇਸ ਗਲੋਬਲ ਮਾਇਆ ਨੂੰ ਖਿੱਚ ਖਿੱਚ ਕਿ ਲਿਆਉਣਾ ਹੀ ਸਾਡੇ ਹਾਕਮਾਂ ਦੀ ਪਹਿਲੀ ਤਰਜੀਹ ਹੈ। ਅਜਿਹੀ ਝੱਖੜ ਵਾਲੀ ਸਥਿਤੀ ਵਿਚ ਮਿਸ਼ਨਰੀ ਦੀਵੇ ਬਾਲਣ ਦੀ ਜੁਰਅੱਤ ਦੀ ਲੋੜ ਹੈ। ਇਹ ਲੋੜ ਮੁਲਕ ਦੀ ਜਵਾਨੀ ਨੇ ਪੂਰੀ ਕਰਨੀ ਹੈ। ਇਹ ਨਹੀਂ ਕਿ ਇਹ ਨਹੀਂ ਹੋ ਸਕਦਾ। ਇਸ ਇਤਿਹਾਸਕ ਕਾਰਜ ਨੇ ਅੱਜ ਨਹੀਂ ਤਾਂ ਕੱਲ ਪੂਰਾ ਹੋਣਾ ਹੀ ਹੋਣਾ ਹੈ। ਸਮਾਜ ਨੂੰ ਬਦਲ ਦੇਣ ਦੇ ਮਿਸ਼ਨ ਦੀ ਇਮਾਰਤ ਉਸਰਨੀ ਹੀ ਉਸਰਨੀ ਹੈ। ਇਮਾਰਤ ਦੀ ਸਭ ਤੋਂ ਉਪਰਲੀ ਇੱਟ ਨਾਲੋ ਨੀਹਾਂ ਦੀ ਇੱਟ ਦੀ ਮਹੱਤਤਾ ਕਿਤੇ ਜਿਆਦਾ ਹੁੰਦੀ ਹੈ। ਆਓ ਆਪਾਂ ਨੀਂਹ ਦੀਆਂ ਇੱਟਾਂ ਬਣੀਏ।

ਉਸਤਾਦ ਸ਼ਾਇਰ ਉਲਫ਼ਤ ਬਾਜਵਾ ਦੇ ਇਸ ਸ਼ਿਅਰ ਨਾਲ ਦਿਓ ਆਗਿਆ:

***ਹਨੇਰੀ ਬਣ ਕੇ ਝੁਲ ਐਸੀ ਕਿ ਮੌਸਮ ਸਾਫ਼ ਹੋ ਜਾਏ***
***ਤੇਰੇ ਅੱਗੇ ਅੜੇਗੀ ਝੂਠ ਦੀ ਕਾਲੀ ਘਟਾ ਕਦ ਤੱਕ?***

ਤੇਰੀਆਂ–ਮੇਰੀਆਂ

# "ਬਾਰਿਸ਼ ਦੀ ਸੁੱਚੀ ਕਣੀ" ਸੰਤੋਖ ਸਿੰਘ ਧੀਰ



*ਸੰਤੋਖ ਸਿੰਘ ਧੀਰ 12 ਦਸੰਬਰ, 2006*
*ਫ਼ੋਟੋਕਾਰ : ਸੁਸ਼ੀਲ ਦੁਸਾਂਝ*

## ਸੰਤੋਖ ਸਿੰਘ ਧੀਰ ਨਾਲ ਅਵਤਾਰ ਜੰਡਿਆਲਵੀ ਦੀਆਂ ਗੱਲਾਂ

ਪੰਜਾਬੀ ਦੇ ਬਹੁ–ਪੱਖੀ ਸਾਹਿਤਕਾਰ **ਸੰਤੋਖ ਸਿੰਘ ਧੀਰ** ਨਹੀਂ ਰਹੇ। ਇਸੇ ਮਹੀਨੇ ਦੀ 8 ਤਰੀਕ ਨੂੰ ਸ਼ਾਮ 5 ਵਜੇ ਉਨ੍ਹਾਂ ਆਖ਼ਰੀ ਸਾਹ ਲਿਆ। ਪੰਜਾਬੀ ਦੇ ਇਕੋ–ਇਕ ਕੁਲਵਕਤੀ ਲੇਖਕ ਸੰਤੋਖ ਸਿੰਘ ਧੀਰ ਨੇ 50 ਤੋਂ ਵਧੇਰੇ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਪਾਈਆਂ। 'ਕੋਈ ਇਕ ਸਵਾਰ' ਵਰਗੀ ਸ਼ਾਹਕਾਰ ਕਹਾਣੀ ਲਿਖਣ ਵਾਲੇ ਸੰਤੋਖ ਸਿੰਘ ਧੀਰ ਅਜਿਹੇ ਸਫ਼ਰ 'ਤੇ ਚਲੇ ਗਏ ਹਨ ਜਿਥੋਂ ਵਾਪਿਸ ਆਉਣਾ ਸੰਭਵ ਨਹੀਂ। 'ਨਵੀਂ ਦੁਨੀਆ' ਸ਼ਰਧਾਂਜਲੀ ਵੱਜੋਂ ਉਨ੍ਹਾਂ ਨਾਲ ਅਵਤਾਰ ਜੰਡਿਆਲਵੀ ਦੀ ਸਾਲ 2006 ਵਿਚ ਹੋਈ ਲੰਮੀ ਮੁਲਾਕਾਤ ਦੇ ਕੁਝ ਅੰਸ਼ ਛਾਪਣ ਦਾ ਮਾਣ ਲੈ ਰਿਹਾ ਹੈ।

***ਸੰਪਾਦਕ***

### ਕਵਿਤਾ ਦਾ ਜਨਮ

***? ਤੁਸੀਂ ਅਪਣੀ ਪਹਿਲੀ ਕਵਿਤਾ ਅਪਣੀ ਪਤਨੀ ਦੇ ਵਿਯੋਗ ਵਿਚ ਲਿਖੀ ਸੀ ਜਿਸਨੂੰ ਤੁਸੀਂ ਦੋਵੇਂ ਕੁੰਡਾ ਲਾ ਕੇ ਪੜ੍ਹਦੇ ਹੁੰਦੇ ਸੀ। ਫੇਰ ਇਸਨੂੰ ਨਸ਼ਟ ਕਰ ਦਿੱਤਾ। ਕੀ ਪਿਆਰ ਵਿਚ ਕਮੀ ਆ ਗਈ ਸੀ ਜਾਂ ਕਵਿਤਾ ਹੀ ਏਨੀ ਮਾੜੀ ਸੀ?***

➢ ਮੁਕਲਾਵੇ ਆਈ ਪਤਨੀ ਨਾਲ ਸੋਲਾਂ ਦਿਨ ਗੁਜ਼ਾਰ ਕੇ ਮੈਨੂੰ ਰਾਵਲਪਿੰਡੀ ਜਾਣਾ ਪਿਆ, ਆਪਣੇ ਪਿੰਡੋਂ ਪੰਜ ਸੌ ਮੀਲ, ਤੇ ਜਾਣਾ ਵੀ ਕਾਫ਼ੀ ਸਮੇਂ ਲਈ ਪਿਆ। ਉਨ੍ਹੀਂ ਦਿਨੀਂ ਪੰਜ ਸੌ ਮੀਲ ਦਾ ਫ਼ਾਸਲਾ ਪ੍ਰਦੇਸ ਹੀ ਹੁੰਦਾ ਸੀ। ਉਦੋਂ ਮੈਂ ਕਵਿਤਾ ਲਿਖਣ ਲਈ ਕਲਮ ਚੁੱਕੀ ਹੀ ਚੁੱਕੀ ਸੀ। ਪਤਨੀ ਨੂੰ ਚਿੱਠੀ ਲਿਖਣੀ ਸੀ। ਮੈਂ ਇਹ ਚਿੱਠੀ ਤੁਕਾਂ ਜੋੜ ਕੇ ਕਵਿਤਾ ਵਿਚ ਹੀ ਲਿਖਣੀ ਚਾਹੀ। ਬੈਂਤ ਛੰਦ ਦੇ ਛੇ–ਬੰਦਾਂ ਦੀ ਪਤਨੀ ਨੂੰ ਲਿਖੀ ਇਹ ਕਾਵਿ–ਚਿੱਠੀ ਮੇਰੀ ਪਹਿਲੀ ਕਵਿਤਾ ਸੀ। ਬੜੀ ਅਣਜਾਣ ਜਿਹੀ ਤੁਕਬੰਦੀ। "ਮੇਰੀ ਪਿਆਰੀਏ ਨੀ.... ਮੇਰੀ ਸੁਹਣੀਏ ਨੀ" ਸੰਬੋਧਨਾਂ ਨਾਲ ਲਿਖੀ ਹੋਈ। ਬੜਾ ਚਿਰ ਅਸੀਂ ਇਹ ਚਿੱਠੀ ਪਤਨੀ ਦੇ ਗਹਿਣਿਆਂ ਦੀ ਡੱਬੀ ਵਿਚ ਸੰਦੂਕ ਵਿਚ ਸੰਭਾਲ ਕੇ ਰੱਖੀ। ਕਦੇ–ਕਦੇ ਪਰਵਾਰ ਤੋਂ ਚੋਰੀ ਬੂਹਾ ਬੰਦ ਕਰਕੇ ਅਸੀਂ ਇਹ ਚਿੱਠੀ ਪੜ੍ਹਦੇ ਤੇ ਆਪਣਾ ਮਨ ਬਹਿਲਾ ਲੈਂਦੇ। ਨਸ਼ਟ ਇਹ ਪਿਆਰ ਵਿਚ ਆਈ ਕਮੀ ਜਾਂ ਕਵਿਤਾ ਮਾੜੀ ਹੋਣ ਕਰਕੇ ਨਹੀਂ ਸੀ ਕੀਤੀ, ਸਗੋਂ ਇਸ ਲਈ ਕੀਤੀ ਸੀ ਕਿ ਜਦੋਂ ਬੱਚੇ ਵੱਡੇ ਹੋਏ ਤੇ ਉਹਨਾਂ ਨੇ ਕਿਤੇ ਇਹ ਪੜ੍ਹ ਲਈ ਤਾਂ ਕੀ ਖ਼ਿਆਲ ਕਰਨਗੇ ਉਹ ਕਿ ਅਸੀਂ ਇਹ ਕੀ ਵਾਹੀਆਤੀਆਂ ਕਰਦੇ ਰਹੇ ਹਾਂ। ਕਵਿਤਾ ਤਾਂ ਮਾੜੀ ਹੋਣੀ ਹੀ ਸੀ ਉਦੋਂ ਅਨਾੜੀ ਜਿਹੀ ਕਲਮ ਦੀ।

***? ਤੁਹਾਡੀ ਚੇਤਨਾ ਵਿਚ ਹਿੰਦੂਤਵ ਕਿੰਨਾ ਕੁ ਹੈ ਤੇ ਸਿੱਖੀ ਕਿੰਨੀ ਕੁ?***

➢ "ਹਿੰਦੂਤਵ" ਲਫ਼ਜ਼ ਅੱਜਕੱਲ੍ਹ ਬੜੇ ਭੈੜੇ, ਸੰਕੀਰਨ ਅਤੇ ਫ਼ਿਰਕਾਪ੍ਰਸਤ ਅਰਥਾਂ ਦਾ ਸੰਚਾਰ ਕਰਨ ਵਾਲਾ ਹੈ। ਤੁਹਾਨੂੰ ਪੁੱਛਣਾ ਚਾਹੀਦਾ ਸੀ, ਮੈਂ ਕਿੰਨਾ ਕੁ ਹਿੰਦੂ ਹਾਂ, ਕਿੰਨਾ ਕੁ ਸਿੱਖ।

ਮੈਂ ਹਿੰਦੂ ਤੇ ਸਿੱਖ ਦੋਵੇਂ ਬਰਾਬਰ–ਬਰਾਬਰ ਹੀ ਹਾਂ। ਵੱਧ–ਘੱਟ ਦੀ ਮਾਤਰਾ ਦਾ ਮੈਨੂੰ ਕੁਝ ਵੀ ਪਤਾ ਨਹੀਂ। ਹਿੰਦੂ–ਸਿੱਖ ਦੋਵੇਂ ਮੈਂ ਇਸ ਲਈ ਹਾਂ ਕਿ ਨਾਨਕੇ ਮੇਰੇ ਹਿੰਦੂ ਤੇ ਦਾਦਕੇ ਸਿੱਖ ਪਰਵਾਰ ਸਨ। ਦੋਹਾਂ ਘਰਾਂ ਦੇ ਰਸਮ–ਰਿਵਾਜ, ਰਹੁ–ਰੀਤਾਂ, ਰਹਿਣ–ਸਹਿਣ ਸੁਤੇ ਸਿੱਧ ਹੀ ਮੇਰੇ ਉਤੇ ਪ੍ਰਭਾਵ ਪਾਉਂਦੇ ਰਹੇ ਹਨ। ਦਾਦਕੇ ਬਹੁਤਾ ਰਹਿਣ ਕਾਰਨ ਭਾਰੂ ਪ੍ਰਭਾਵ ਭਾਵੇਂ ਸਿੱਖ ਹੋਣ ਦਾ ਬਹੁਤਾ ਹੈ, ਖ਼ਾਸਕਰ ਬਾਹਰੀ ਰੂਪ ਵਿਚ, ਪਰ ਮਾਨਸਿਕਤਾ ਵਿਚ ਇਹ ਪ੍ਰਭਾਵ ਦੋਵੇਂ ਇਕ–ਦੂਜੇ ਵਿਚ ਸਮੋਏ ਬਰਾਬਰ–ਬਰਾਬਰ ਹੀ ਹਨ।

ਉਂਜ ਸਿੱਖ ਸਾਰੇ ਹੀ ਹਿੰਦੂ ਵੀ ਹਨ ਤੇ ਸਿੱਖ ਵੀ। ਕੋਈ ਕਿੰਨਾ ਹੀ ਕਹੀਂ ਜਾਵੇ ਕਿ ਅਸੀਂ ਹਿੰਦੂ ਨਹੀਂ ਹਾਂ, ਪਰ ਉਹ ਸਭ ਹਿੰਦੂ ਵੀ ਹਨ। ਪਹਿਲੀ ਗੱਲ ਤਾਂ ਇਹ ਹੈ ਕਿ ਹਿੰਦੂ ਮਾਤਾ ਦੇ ਗਰਭ ਵਿਚੋਂ ਹੀ ਸਿੱਖਾਂ ਨੇ ਜਨਮ ਲਿਆ ਹੈ। ਸਾਰੇ ਗੁਰੂ ਹਿੰਦੂ ਸਨ। ਨਾਨਕ ਦੇਵ, ਅੰਗਦ ਦੇਵ, ਅਮਰ ਦਾਸ, ਰਾਮ ਦਾਸ ਸਾਰੇ ਹਿੰਦੂ ਨਾਂਅ ਹਨ। ਗੁਰੂ ਨਾਨਕ ਦੀ ਮਾਤਾ ਦਾ ਨਾਂਅ ਮਾਤਾ ਤ੍ਰਿਪਤਾ ਦੇਵੀ ਸੀ ਤੇ ਪਿਤਾ ਦਾ ਨਾਂਅ ਕਲਿਆਣ ਰਾਏ (ਕਾਲੂ ਪਤਾ ਨਹੀਂ ਕਿਉਂ ਕਹਿ ਦਿੰਦੇ ਹਨ)। ਦਾਦੇ ਦਾ ਨਾਂਅ, ਸ਼ਾਇਦ, ਰਾਮਨਾਰਾਇਣ ਸੀ। ਗੁਰੂ ਤੇਗ਼ ਬਹਾਦੁਰ ਦਾ ਅਸਲ ਨਾਂਅ ਤਿਆਗ ਮੱਲ ਸੀ। ਤੇਗ਼ ਬਹਾਦੁਰ ਉਹਨਾਂ ਦਾ ਖ਼ਿਤਾਬ ਹੈ ਜੋ ਉਹਨਾਂ ਦੇ ਪਿਤਾ ਸ੍ਰੀ ਗੁਰੂ ਹਰਿਗੋਬਿੰਦ ਨੇ, ਕੋਈ ਛੋਟੀ ਜਿਹੀ ਜੰਗ ਜਿੱਤ ਕੇ ਆਉਣ ਉਤੇ ਉਹਨਾਂ ਨੂੰ ਦਿੱਤਾ ਸੀ।

ਸਿੱਖਾਂ ਦੇ ਸਾਰੇ ਜਨਮ–ਮਰਨ ਦੇ ਸੰਸਕਾਰ ਹਿੰਦੂਆਂ ਵਾਲੇ ਹਨ। ਦਸਹਿਰਾ, ਦੀਵਾਲੀ ਸਾਰੇ ਤਿਥ–ਤਿਹਾਰ ਸਾਂਝੇ ਹਨ। ਸਿੱਖ ਵੀ ਦਸਹਿਰਾ–ਦੀਵਾਲੀ ਹਿੰਦੂਆਂ ਵਾਂਗ ਮਨਾਉਂਦੇ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਦੇ ਪੰਜ ਪਿਆਰੇ ਹਿੰਦੂ ਸਨ। ਦਇਆ ਰਾਮ, ਸਾਹਿਬ ਚੰਦ, ਮੋਹਕਮ ਚੰਦ, ਹਿੰਮਤ ਰਾਏ, ਧਰਮ ਚੰਦ। ਸੀਸ ਭੇਟ ਕਰਨ ਵੇਲੇ ਸਾਰੇ ਹੀ ਇਹ ਹਿੰਦੂ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੇ ਜੀਵਨ ਦੇ ਤਿੰਨ ਹਿੱਸੇ ਗੋਬਿੰਦ "ਰਾਏ" ਹੁੰਦੇ ਸਨ। ਇਕ ਹਿੱਸਾ ਉਹ "ਸਿੰਘ" ਸਨ। ਇਹ "ਸਿੰਘ" ਵੀ ਉਹਨਾਂ ਨੇ ਰਾਜਪੂਤਾਂ ਕੋਲੋਂ ਲਿਆ ਸੀ–ਸਿੱਖਾਂ ਵਿਚ ਮਿਲੀਟੈਂਸੀ ਦੇ ਭਾਵ ਸੰਚਾਰ ਕਰਨ ਲਈ। ਠੀਕ ਹੈ, ਗੁਰੂ ਗੋਬਿੰਦ ਸਿੰਘ ਨੇ ਖ਼ਾਲਸਾ ਪੰਥ ਸਾਜਿਆ, ਕਿਉਂਕਿ ਮੁਗ਼ਲ ਰਾਜ ਦੇ ਜ਼ੁਲਮ ਅਤੇ ਜਬਰ ਵਿਰੁੱਧ ਤਲਵਾਰ ਚੁੱਕਣ ਦੀ ਲੋੜ ਸੀ। ਇਹ ਇਤਿਹਾਸਕ ਲੋੜ ਸੀ। ਪਰ ਸਿੱਖ ਕੇਵਲ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਹੀ ਸਿੱਖ ਨਹੀਂ, ਦਸਾਂ ਗੁਰੂਆਂ ਦੇ ਸਿੱਖ ਹਨ। ਗੁਰੂ ਗ੍ਰੰਥ ਸਾਹਿਬ ਨੂੰ ਵੀ ਦਸਾਂ ਪਾਤਸ਼ਾਹੀਆਂ ਦਾ ਸਰੂਪ ਆਖਿਆ ਜਾਂਦਾ ਹੈ ਜੋ ਅੱਜ ਗੁਰ–ਗੱਦੀ ਉਤੇ ਹਨ। ਸੋ ਅਸੀਂ ਇਸ ਅਨੁਸਾਰ ਸਾਰੇ ਹਿੰਦੂ ਵੀ ਹਾਂ ਤੇ ਸਿੱਖ ਵੀ। ਭਾਵੇਂ ਸਿੱਖ ਧਰਮ ਅੱਜ ਵੱਖ ਰੂਪ ਲੈ ਚੁੱਕਾ ਹੈ।

ਭਾਈ ਕਾਨ੍ਹ ਸਿੰਘ ਨਾਭਾ ਨੇ ਇਕ ਕਿਤਾਬਚਾ ਲਿਖਿਆ ਸੀ: "ਹਮ ਹਿੰਦੂ ਨਹੀਂ।" ਪਰ ਇਸ ਥੀਸਿਸ ਨੂੰ ਜੀਵਨ ਦੀ ਸਚਾਈ ਮਾਨਤਾ ਨਹੀਂ ਦਿੰਦੀ।

ਉਂਜ ਹਿੰਦੂ ਕੋਈ ਧਰਮ ਵੀ ਨਹੀਂ, ਇਹ ਇਕ ਜੀਵਨ–ਸ਼ੈਲੀ ਹੈ, ਇਸੇ ਕਾਰਨ ਹਿੰਦੂਆਂ ਵਿਚ ਵੰਨ–ਸੁਵੰਨਤਾ ਵੀ ਬਹੁਤ ਹੈ। ਕੋਈ ਹਿੰਦੂ ਸ਼ਿਵਜੀ ਨੂੰ ਮੰਨਦਾ ਹੈ, ਕੋਈ ਵਿਸ਼ਨੂੰ ਨੂੰ, ਕੋਈ ਰਾਮ ਨੂੰ, ਕੋਈ ਕ੍ਰਿਸ਼ਨ ਨੂੰ, ਕੋਈ ਹਨੂਮਾਨ ਨੂੰ, ਕੋਈ ਮਹਾਂਬੀਰ ਨੂੰ। ਕੋਈ ਗੋਲ ਤਿਲਕ ਲਾਉਂਦਾ ਹੈ, ਕੋਈ ਲੰਮਾ, ਕੋਈ ਤਿੰਨ ਧਾਰੀਆਂ ਵਾਲਾ। ਉੱਤਰੀ ਹਿੰਦੋਸਤਾਨ ਦਾ ਹਿੰਦੂ ਗਊ ਦੀ ਪੂਜਾ ਕਰਦਾ ਹੈ, ਦੱਖਣੀ ਹਿੰਦੋਸਤਾਨ ਦਾ ਹਿੰਦੂ ਗਊ ਦਾ ਮਾਸ ਖਾਂਦਾ ਹੈ। ਰਾਮਾਇਣ–ਮਹਾਭਾਰਤ ਵਿਚ ਕਿਤੇ ਹਿੰਦੂ ਨਾਂਅ ਨਹੀਂ। ਵੇਦਾਂ ਵਿਚ ਵੀ ਕਿਤੇ ਨਹੀਂ। ਹਿੰਦੂ, ਮੁਸਲਮਾਨਾਂ ਵਲੋਂ ਰੱਖਿਆ ਗਿਆ ਨਾਂਅ ਹੈ। ਸਿੰਧ ਵਾਦੀ ਦੇ ਹੋਣ ਕਾਰਨ ਅਸੀਂ ਉਨ੍ਹਾਂ ਲਈ "ਸਿੰਧੂ" ਸਾਂ। ਅਰਬ ਦੇ ਮੁਸਲਮਾਨ "ਸੀਨ" ਨੂੰ "ਹੇ" ਉਚਾਰਣ ਕਰਦੇ ਹਨ। ਇਸ ਲਈ ਉਹ "ਸਿੰਧੂ" ਨੂੰ "ਹਿੰਦੂ" ਆਖਦੇ ਹੁੰਦੇ ਹਨ। ਉਹਨਾਂ ਲਈ ਹਿੰਦੋਸਤਾਨ ਦਾ ਮੁਸਲਮਾਨ ਵੀ ਹਿੰਦੂ ਹੈ। ਕੋਈ ਭਾਰਤੀ ਮੁਸਲਮਾਨ ਅਰਬ ਦੇਸ ਜਾਂਦਾ ਹੈ। ਅਰਬੀ ਉਹਨੂੰ ਪੁੱਛਦਾ ਹੈ: "ਕਹਾਂ ਸੇ ਆਇਆ?" ਭਾਰਤੀ ਮੁਸਲਮਾਨ ਹਿੰਦੋਸਤਾਨ ਦਾ ਨਾਂਅ ਲੈਂਦਾ ਹੈ। ਅਰਬੀ ਅਗੋਂ ਆਖੇਗਾ: "ਅੱਛਾ–ਅੱਛਾ, ਤੋ ਤੁਮ ਹਿੰਦੂ ਹੈ।" ਸਿੰਧ ਵਾਦੀ ਦੇ ਰਹਿਣ ਵਾਲੇ ਉਹਨਾਂ ਲਈ ਸਾਰੇ ਹੀ ਹਿੰਦੂ ਹਨ। ਭਾਰਤ ਵਿਚ ਲੰਮਾ ਸਮਾਂ ਮੁਸਲਮਾਨਾਂ ਦਾ ਰਾਜ ਰਿਹਾ ਤੇ ਹਿੰਦੂ ਨਾਂਅ ਪ੍ਰਚਲਤ ਹੋਇਆ। ਉਂਜ ਹਿੰਦੂ ਕੋਈ ਧਰਮ ਨਹੀਂ। ਬ੍ਰਾਹਮਣ, ਕਸ਼ਤਰੀ, ਵੈਸ਼, ਸ਼ੂਦਰ ਅਜਿਹੀ–ਵਰਣ–ਵੰਡ ਹੀ ਸੀ ਪਹਿਲਾਂ।

### ਡਡਹੇੜੀ ਦਾ ਬਚਪਨ

**? ਡਡਹੇੜੀ ਵਿਚ ਤੁਹਾਡੇ ਆਲੇ ਦੁਆਲੇ ਦੇ ਲੋਕ ਕਿਹੋ ਜਿਹੇ ਸਨ? ਕੀ ਤੁਹਾਡੀ ਅਖਾਉਤੀ ਨੀਵੀਂ ਜਾਤੀ ਹੋਣ ਕਰਕੇ ਤੁਹਾਨੂੰ ਕਿਸੇ ਨਮੋਸ਼ੀ ਦਾ ਸਾਹਮਣਾ ਵੀ ਕਰਨਾ ਪਿਆ?**

➢ ਜ਼ਾਤ–ਪਾਤ ਦੀ ਸੰਸਥਾ ਸਾਡੀ ਬੜੀ ਹੀ ਅਣਮਨੁੱਖੀ ਹੈ। ਇਹ ਅਣਮਨੁੱਖਤਾ ਸੰਸਾਰ ਵਿਚ ਹੋਰ ਕਿਤੇ ਵੀ ਨਹੀਂ। ਪਾਕਿਸਤਾਨ, ਬੰਗਲਾਦੇਸ਼ ਜਾਂ ਜਿਹੜੇ ਹੋਰ ਖ਼ਿੱਤੇ ਕਦੇ ਭਾਰਤ ਨਾਲ ਹੀ ਹੁੰਦੇ ਸਨ, ਉਹਨਾਂ ਵਿਚ ਜ਼ਰੂਰ ਹੈ। ਉਹ ਵੀ ਜਿਹੜੇ ਮੁਸਲਮਾਨ ਹਿੰਦੂਆਂ ਵਿਚੋਂ ਬਣੇ ਹਨ, ਉਹ ਹਿੰਦੂਆਂ ਵਾਲੇ ਇਸ ਕੋੜ੍ਹ ਨੂੰ ਆਪਣੇ ਨਾਲ ਲੈ ਗਏ ਹਨ। ਉਂਜ ਹਨ ਅਖਾਉਤੀ ਇਹ। ਧਰਮ ਵੀ ਤੇ ਜ਼ਾਤਾਂ ਵੀ। ਗੁਰੂ ਸਾਹਿਬ ਤਾਂ ਕਹਿੰਦੇ ਹਨ ਕਿ ਮਾਨਸ ਦੀ ਜਾਤ ਸਭ ਦੀ ਇਕੋ ਮੰਨਣੀ ਚਾਹੀਦੀ ਹੈ–ਮਾਨਸ ਹੋਣਾ। ਪਰ ਇਹ ਅਣਮਨੁੱਖਤਾ ਭਾਰਤ ਵਿਚ ਏਨੀ ਡੂੰਘੀ ਹੈ ਕਿ ਬਹੁਤ ਵੱਡੀ ਗਿਣਤੀ ਸਾਡੀ, ਬਿਨਾਂ ਕਸੂਰ, ਨਮੋਸ਼ੀਆਂ–ਸ਼ਰਮਿੰਦਗੀਆਂ ਹੰਢਾਉਂਦੀ ਹੈ। ਗੁਰੂ ਗੋਬਿੰਦ ਸਿੰਘ ਜਿਹੇ ਮਹਾਨ ਪੁਰਸ਼ ਦੇ ਹੁਕਮਾਂ ਉਤੇ ਵੀ ਕੋਈ ਕੰਨ ਧਰਦਾ ਨਹੀਂ। ਰਿਸ਼ੀਆਂ–ਮੁਨੀਆਂ ਦੇ ਭਾਰਤ ਦਾ ਪਰਨਾਲਾ ਉਥੇ ਦਾ ਉਥੇ ਹੈ।

ਇਹ ਅਖਾਉਤੀ ਜ਼ਾਤਾਂ–ਪਾਤਾਂ "ਉਚੀਆਂ" ਵੀ ਹਨ ਤੇ "ਨੀਵੀਆਂ" ਵੀ। ਭਾਰਤੀਆਂ ਦੀ ਸੋਚ ਅਨੁਸਾਰ ਛੀਂਬਾ ਨੀਵੀਂ ਜਾਤੀ ਹੈ। ਪਰ ਚੂਹੜਾ, ਚਮਾਰ, ਗੰਢੀਲਾ ਤੇ ਸਹਿੰਸੀ ਆਦਿ ਹੋਰ ਵੀ ਨੀਵੀਆਂ ਜਾਤੀਆਂ ਹਨ। ਸਗੋਂ ਅਤਿ ਦੀਆਂ ਨੀਵੀਆਂ। ਇਨ੍ਹਾ ਵਿਚ ਜਨਮ ਲੈਣਾ ਮਨੁੱਖਾ ਜੂਨ ਵਿਚ ਨਾ ਜਨਮ ਲੈਣ ਦੇ ਬਰਾਬਰ ਹੈ। ਭਾਵ ਕਿਸੇ ਪਸ਼ੂ ਸਮਾਨ। ਜਿੰਨੀ ਹੀਣਤ ਇਨ੍ਹਾਂ ਜ਼ਾਤਾਂ ਵਿਚ ਜਨਮੇ ਹੋਏ ਅਭਾਗਿਆਂ ਨੂੰ ਜੀਵਨ ਵਿਚ ਭੋਗਣੀ ਪੈਂਦੀ ਹੈ, ਉਸਦੀ ਥਾਹ ਉਸ ਜ਼ਾਤ ਵਿਚ ਆਪ ਜਨਮ ਲੈਣ ਨਾਲ ਹੀ ਪਾਈ ਜਾ ਸਕਦੀ ਹੈ। ਰੋਗ ਤਾਂ ਹੋਰ ਵੀ ਭਾਰਤੀ ਸਮਾਜ ਨੂੰ ਹਜ਼ਾਰਾਂ ਲੱਗੇ ਹੋਏ ਹਨ; ਪਰ ਇਕ ਇਸ ਰੋਗ ਕਰਨ ਹੀ ਭਾਰਤੀ ਸਮਾਜ ਸੌ–ਫ਼ੀ–ਸਦੀ ਤੋਂ ਵੱਧ ਅਣਮਨੁੱਖੀ ਹੈ।

ਸਾਡੀ ਜ਼ਾਤ ਵਿਚ–ਵਿਚਾਲੇ ਜਿਹੇ ਦੀ ਨੀਵੀਂ ਜ਼ਾਤ ਹੈ। ਨਮੋਸ਼ੀ ਦਾ ਸਬੰਧ ਕਿਸੇ ਦੀ ਸੈਂਸਟਿਵਿਟੀ ਨਾਲ ਹੈ। ਮੈਂ ਕਿਉਂਕਿ ਸੈਂਸਟਿਵ ਹਾਂ, ਕੁਝ ਵਧੇਰੇ ਹੀ ਕੋਮਲ–ਭਾਵੀ, ਇਸ ਲਈ ਮੈਨੂੰ ਇਹ ਨਮੋਸ਼ੀ ਬਹੁਤ ਮਹਿਸੂਸ ਹੁੰਦੀ ਰਹੀ, ਤੇ ਹੁਣ ਵੀ ਹੁੰਦੀ ਰਹਿੰਦੀ ਹੈ; ਹਾਲਾਂਕਿ ਮਾਨਸਿਕ ਪੱਧਰ ਕਾਫ਼ੀ ਉੱਚੀ ਉੱਠੀ ਹੋਈ ਹੈ ਮੇਰੀ – ਦ੍ਰਿਸ਼ਟੀਕੋਣ ਵਿਗਿਆਨਕ ਕਾਰਨ। ਮੈਨੂੰ ਆਪਣੀ ਜ਼ਾਤ ਦੱਸਣੀ ਬਹੁਤ ਮੁਸ਼ਕਿਲ ਹੁੰਦੀ ਹੈ। ਭਾਵੇਂ ਮੈਨੂੰ ਪਤਾ ਹੈ ਕਿ ਇਹ ਨਿਰੀ ਅਖਾਉਤੀ ਹੀ ਹੈ।

ਕਈ ਲੋਕ ਅਜਿਹੇ ਹਨ ਜੋ ਆਪਣੀ ਨੀਵੀਂ ਤੋਂ ਨੀਵੀਂ ਜ਼ਾਤ ਵੀ ਝੱਟ ਹੀ ਦੱਸ ਦਿੰਦੇ ਹਨ, ਬਿਨਾਂ ਕਿਸੇ ਕੰਪਲੈਕਸ, ਜਿਵੇਂ ਉਨ੍ਹਾਂ ਨੂੰ ਉੱਚੀ–ਨੀਵੀਂ ਜ਼ਾਤ ਦਾ ਕੋਈ ਇਹਸਾਸ ਹੀ ਹੁੰਦਾ ਨਹੀਂ। ਕੌਣ ਹੁੰਦੇ ਹੋ? ਚੂਹੜੇ। ਕੌਣ ਹੁੰਦੇ ਹੋ? ਸਹਿੰਸੀ। ਇਹ ਅਤੀ ਸਾਧਾਰਨ ਹੁੰਦੇ ਹਨ। ਕੰਪਲੈਕਸ–ਰਹਿਤ ਜਾਂ ਕੋਈ ਅਤਿ ਸਧਾਰਨ ਹੁੰਦਾ ਹੈ ਜਾਂ ਫੇਰ ਕੋਈ ਮਹਾਂਪੁਰਸ਼। ਰਵੀਦਾਸ ਆਪਣੇ ਆਪ ਨੂੰ ਜਦੋਂ ਚਮਾਰ ਕਹਿੰਦੇ ਹਨ, ਉਹ ਨਾ ਕੇਵਲ ਹਰ ਕਿਸਮ ਦੇ ਕੰਪਲੈਕਸ ਤੋਂ ਰਹਿਤ ਹੋ ਚੁੱਕੇ ਹੁੰਦੇ ਹਨ, ਸਗੋਂ ਇਸ ਸਮਾਜ ਦੇ ਉਹ ਪਿਉ ਬਣ ਗਏ ਹੁੰਦੇ ਹਨ। ਜਦੋਂ ਆਪਣੇ ਆਪ ਨੂੰ ਉਹ ਚਮਾਰ ਕਹਿੰਦੇ ਹਨ, ਉਹ ਇਸ ਸਮਾਜ ਦੇ ਮੂੰਹ ਉਤੇ ਚਪੇੜ ਮਾਰ ਰਹੇ ਹੁੰਦੇ ਹਨ–ਸਮਾਜ ਜਿਹੜਾ ਜ਼ਾਤ–ਪਾਤ ਦੀ ਸੰਸਥਾ ਦਾ ਸਿਰਜਕ ਤੇ ਸੁਧਾ ਬ੍ਰਾਹਮਣਵਾਦੀ ਤੇ ਅਤਿ ਦਾ ਪਿਛਾਂਹਖਿਚੂ ਹੈ ਤੇ ਸਾਰੀ ਕੌਮ ਦੀਆਂ ਸਦੀਆਂ ਦੀਆਂ ਗ਼ੁਲਾਮੀਆਂ ਦਾ ਕਾਰਨ ਹੈ। ਇਸੇ ਤਰ੍ਹਾਂ ਨਾਮਦੇਵ, ਕਬੀਰ, ਤ੍ਰਿਲੋਚਨ, ਸੈਣ ਤੇ ਹੋਰ ਸੰਤਾਂ ਤੇ ਭਗਤਾਂ ਨੇ ਵੀ ਇਸ ਸਮਾਜ ਨੂੰ ਫੈਂਟਿਆ।

ਮੇਰੇ ਪਿੰਡ ਦੇ ਲੋਕ ਪਹਿਲਾਂ ਵੀ ਬਹੁਤ ਚੰਗੇ ਸਨ ਤੇ ਹੁਣ ਵੀ ਬਹੁਤ ਚੰਗੇ ਹਨ। ਕਿਸੇ ਸਮੇਂ ਮੈਂ ਉਹਨਾਂ ਲਈ "ਛੀਂਬਿਆਂ ਦਾ ਮੁੰਡਾ" ਸਾਂ। ਹੁਣ ਮੈਂ ਉਹਨਾਂ ਦੀ ਬੋਲੀ ਦਾ ਬਹੁਤ ਵੱਡਾ ਲੇਖਕ ਹਾਂ ਜੋ ਦੁਨੀਆਂ ਵਿਚ ਪ੍ਰਸਿੱਧ ਹਾਂ ਤੇ ਜਿਸ ਨੇ ਉਨ੍ਹਾਂ ਦੇ ਪਿੰਡ ਦੇ ਨਾਂਅ ਨੂੰ ਰੌਸ਼ਨ ਕੀਤਾ ਹੋਇਆ ਹੈ। ਕਦੇ ਮੈਂ ਉਨ੍ਹਾਂ ਦੇ ਪਿੰਡ ਦਾ ਇਕ ਆਮ ਜਿਹਾ ਵਸਨੀਕ ਸਾਂ, ਅੱਜ ਮੈਂ ਮੰਨਿਆ–ਦੰਨਿਆ ਹੋਇਆ ਤੇ ਇੱਜ਼ਤ–ਮਾਣ ਵਾਲਾ ਹਾਂ। ਜਦੋਂ ਮੈਂ ਪਿੰਡ ਰਹਿੰਦਾ ਸਾਂ ਤੇ ਲੇਖਕ ਵਜੋਂ ਮੇਰੀ ਪ੍ਰਸਿੱਧੀ ਤੇ ਸ਼ੋਭਾ ਹੋਣ ਲੱਗ ਪਈ ਸੀ, ਲੋਕੀ ਮੇਰਾ ਉਦੋਂ ਵੀ ਬਹੁਤ ਮਾਣ–ਇੱਜ਼ਤ ਕਰਦੇ ਸਨ। ਮੇਰੇ ਚਾਚੇ–ਤਾਇਆਂ ਦੀ ਥਾਂ ਲਗਦੇ ਮੇਰੇ ਬਜ਼ੁਰਗ ਵੀ ਮੈਨੂੰ "ਧੀਰ ਸਾਹਿਬ" ਕਹਿੰਦੇ ਸਨ।

ਮੇਰਾ ਪਿੰਡ ਮੇਰੇ ਉਤੇ ਬਹੁਤ ਮਾਣ ਕਰਦਾ ਹੈ।

### ਨਾ ਚੰਗਾ ਪਤੀ – ਨਾ ਚੰਗਾ ਪਿਤਾ

***? ਅਪਣੀ ਪਤਨੀ ਨਾਲ ਤੁਸੀਂ ਸੱਠ ਕੁ ਸਾਲ ਬਿਤਾਏ। ਕਿਹੋ ਜਿਹਾ ਸੀ ਇਹ ਸਮਾਂ?***

➢ ਬੜਾ ਚੰਗਾ। ਜਿੰਨਾ ਚੰਗਾ ਹੋ ਸਕਦਾ ਸੀ, ਉਸ ਤੋਂ ਕਿਤੇ ਵੱਧ ਚੰਗਾ।

ਮੇਰੇ ਦੁੱਖਾਂ ਦੇ ਤਿੰਨ ਚੌਥਾਈ ਮੇਰੀ ਪਤਨੀ ਦੇ ਹਿੱਸੇ ਆਏ। ਕੋਈ ਹੋਰ ਪਤਨੀ ਹੁੰਦੀ ਤਾਂ ਮੇਰੇ ਨਾਲ ਰਹਿ ਨਾ ਸਕਦੀ, ਜਿਵੇਂ ਮੈਂ ਦੁੱਖਾਂ–ਭੁੱਖਾਂ ਨਾਲ ਹੀ ਘੁਲਦਾ ਰਿਹਾ ਹਾਂ।

ਮੈਂ ਨਾ ਚੰਗਾ ਪਤੀ ਸਾਂ, ਨਾ ਚੰਗਾ ਪਿਤਾ। ਮੈਂ ਆਪਣੀ ਪਤਨੀ ਦਾ ਕਦੇ ਵੀ ਕੋਈ ਸ਼ੌਕ ਪੂਰਾ ਨਹੀਂ ਕਰ ਸਕਿਆ। ਨਾ ਹੀ ਆਪਣੇ ਬੱਚਿਆਂ ਦਾ। ਪਰ ਮੇਰੀ ਪਤਨੀ ਤੇ ਬੱਚੇ ਬੜੇ ਸਿਦਕੀ ਜੀਵ ਸਾਬਿਤ ਹੋਏ। ਉਨ੍ਹਾਂ ਦੇ ਸਿਦਕੀ ਹੋਣ ਦਾ ਸਿਹਰਾ ਮੇਰੀ ਪਤਨੀ ਦੇ ਸਿਰ ਬੱਝਦਾ ਹੈ।

ਮੇਰੀ ਪਤਨੀ ਤੇ ਬੱਚਿਆਂ ਨੇ, ਖ਼ਾਸ ਕਰ ਮੇਰੀ ਪਤਨੀ ਨੇ, ਉੱਕਾ ਹੀ ਪ੍ਰੇਰਨਾ–ਰਹਿਤ ਖ਼ੁਸ਼ਕ ਜੀਵਨ ਜੀਵਿਆ। ਮੈਂ ਤਾਂ ਕਵੀ ਦਰਬਾਰਾਂ ਤੇ ਹੋਰ ਸਾਹਿਤ ਸਮਾਗਮਾਂ ਵਿਚ ਆਮ ਹੀ ਜਾਂਦਾ ਰਹਿੰਦਾ ਸਾਂ ਤੇ ਜਦੋਂ ਵਾਪਸ ਆਉਂਦਾ ਸਾਂ ਤਾਂ ਮਾਣ–ਇੱਜ਼ਤ ਹੋਣ ਕਾਰਨ ਪ੍ਰੇਰਨਾਵਾਂ ਨਾਲ ਭਰਿਆ ਅਤੇ ਛਲਕਦਾ ਹੋਇਆ ਆਉਂਦਾ ਸਾਂ, ਪਰ ਇਹ ਪ੍ਰੇਰਨਾਵਾਂ ਮੇਰੀ ਪਤਨੀ ਦੇ ਹਿੱਸੇ ਨਹੀਂ ਆਈਆਂ। ਜਦੋਂ ਆ ਕੇ ਦੱਸਣਾ ਤਾਂ ਹੂੰ–ਹਾਂ ਕਰ ਦਿੰਦੀ ਸੀ। ਹੋਈ ਹੋਵੇਗੀ ਮੇਰੀ ਸ਼ੋਭਾ, ਮੇਰੀ ਸਿਫ਼ਤ, ਮੇਰੀ ਪ੍ਰਸੰਸਾ। ਉਹ ਕੀ ਕਰੇ ਇਸ ਸ਼ੋਭਾ ਨੂੰ? ਮੇਰੀ ਇਸ ਸ਼ੋਭਾ ਨਾਲ ਆਟਾ–ਦਾਲ ਤਾਂ ਨਹੀਂ ਆ ਜਾਣਾ। ਮੈਂ ਜਦ ਵੀ ਕਿਤੇ ਜਾਂਦਾ ਸਾਂ, ਪ੍ਰਸੰਸਕਾਂ ਨਾਲ ਭਰੇ ਹੋਏ ਸਮਾਗਮਾਂ ਵਿਚ ਜਾਂਦਾ ਸਾਂ ਤੇ ਨਾਲ ਦੀ ਨਾਲ ਮਾਣ–ਸਤਿਕਾਰ ਪ੍ਰਾਪਤ ਕਰਦਾ ਰਿਹਾ ਹਾਂ। ਪਰ ਮੇਰੀ ਪਤਨੀ ਨੇ ਸਾਰਾ ਕਾਰਜ ਪਰਦੇ ਪਿੱਛੇ ਰਹਿ ਕੇ ਕੀਤਾ। ਮੇਰੇ ਕੰਮ ਦਾ ਤਿੰਨ ਚੌਥਾਈ ਉਸੇ ਦੀ ਕਿਰਤ–ਕਮਾਈ ਹੈ। ਮੇਰੀ ਆਪਣੀ ਘਾਲਣਾ ਦਾ ਘੱਟ ਹਿੱਸਾ ਰਹਿ ਜਾਂਦਾ ਹੈ।

7 ਜੁਲਾਈ 2000 ਨੂੰ ਮੈਂ ਇਕ ਕਵਿਤਾ ਲਿਖੀ ਸੀ। ਉਨ੍ਹੀਂ ਦਿਨੀਂ ਮੇਰੀ ਪਤਨੀ ਸਖ਼ਤ ਬੀਮਾਰ ਪਈ ਸੀ। ਉੱਪਰਲੀਆਂ ਗੱਲਾਂ ਉਸ ਵਿਚ ਵੀ ਆਪਣੇ ਆਪ ਆ ਗਈਆਂ ਸਨ। ਕਵਿਤਾ ਹੈ:

ਮੇਰੀ ਪਤਨੀ ਹੈ ਬੀਮਾਰ
ਮਨ 'ਚ ਆਉਂਦੇ ਨੇ ਬੜੇ ਭੈੜੇ
ਖ਼ਿਆਲ
ਭਾਵੇਂ ਮਨ ਨੂੰ ਸਾਂਭਦਾ ਹਾਂ
ਵਾਰ–ਵਾਰ

---

**ਦੋ ਮੁਸਾਫ਼ਿਰ**

ਦੋ ਦਿਸ਼ਾਵਾਂ ਵਲੋਂ ਆਏ
ਇਕ ਥਾਂ ਹੋਏ ਇਕੱਠੇ
ਲਾਵਾਂ ਜਦ ਦੋਹਾਂ ਨੇ
ਲੈ ਲਈਆਂ ਸੀ ਚਾਰ,
ਆਖਿਆ ਸੀ ਧਰਮ ਨੇ
ਇਸਨੂੰ ਸੰਜੋਗ
ਲੱਗ ਰਹੀ ਸੀ ਸਾਰੀ ਦੁਨੀਆਂ
ਖ਼ੁਸ਼ਗਵਾਰ
ਕਿਉਂਕਿ ਇਹ ਸੰਜੋਗ ਦੀ ਸੀ
ਫੁੱਲਾਂ ਦੀ ਲੱਦੀ ਬਹਾਰ।

---

ਫੇਰ ਲੰਮੇ ਪੈਂਡਿਆਂ ਵੱਲ ਤੁਰ ਪਏ
ਇਕ–ਦੂਜੇ ਨਾਲ ਮੋਢਾ ਜੋੜ ਕੇ
ਜ਼ਿੰਦਗੀ ਦਾ ਜਿਵੇਂ ਹੁੰਦਾ ਹੈ ਵਿਹਾਰ।

---

ਇਕ ਪੱਛੋਤਾਵਾ ਮੈਨੂੰ
ਅੱਜ ਵੱਢ-ਵੱਢ ਖਾ ਰਿਹਾ ਹੈ
ਲੜ ਨਿੱਖਟੂ ਇਕ ਕਵੀ ਦੇ
ਲੱਗ ਗਈ ਇਕ ਭੋਲੀ ਨਾਰ
ਜਿਹੜਾ ਕਰ ਸਕਿਆ ਕਦੇ ਨਾ
ਉਸਦੇ ਪੂਰੇ ਚਾਅ-ਮਲ੍ਹਾਰ
ਅੱਖੀਆਂ ਨੇ ਡੁਬਡੁਬਾਈਆਂ
ਡਿੱਗਣ ਨੂੰ ਫਿਰਦੇ ਨੇ ਹੰਝੂ
ਹਾਹ! ਮੈਂ ਕਿੰਨਾ ਨਿਕੰਮਾ!
ਕਿੰਨਾ ਹਾਂ ਮੈਂ ਗੁਨਾਹਗਾਰ!!

---

ਦੋ ਮੁਸਾਫ਼ਿਰ
ਆ ਕੇ ਇਕ ਰਸਤੇ 'ਤੇ ਮਿਲਦੇ
ਇਕ ਦਿਨ ਰਸਤੇ ਉਹਨਾਂ ਦੇ ਪਾਟਦੇ
ਸੱਚ ਹੈ ਇਹ, ਪਰ ਇਹ ਸੱਚ
ਏਨਾ ਹੈ ਜ਼ਾਲਿਮ
ਸਹਿ ਨਹੀਂ ਸਕਦਾ ਮੇਰਾ ਮਨ
ਏਸੇ ਕਾਰਨ
ਅੱਖਾਂ ਵਿਚ ਹੰਝੂ ਭਰੇ,
ਏਸੇ ਕਾਰਨ
ਮੇਰੇ ਮਨ ਉਤੇ
ਮਣਾਂ-ਮੂੰਹੀਂ ਹੈ ਭਾਰ।

---

ਨਾਲ ਸੰਜੋਗਾਂ ਦੇ
ਜੁੜਿਆ ਹੈ ਵਿਜੋਗ
ਦੋਵੇਂ ਮਿਲ ਕੇ ਹਨ ਚਲਾਉਂਦੇ
ਏਸ ਜਗ-ਜੀਵਨ ਦੀ ਕਾਰ
ਆਖਦਾ ਹੈ ਧਰਮ ਨਿਤ ਇਹ
ਗਿਆਨ ਦੇ ਉੱਚੇ ਵਿਚਾਰ।

---

ਗਿਆਨ ਮੈਨੂੰ ਹੈ ਬਥੇਰਾ
ਪਰ ਮੈਂ ਫਿਰ ਵੀ ਅਗਿਆਨੀ
ਜਿਵੇਂ ਸੂਰਜ ਨੂੰ ਦਬੋਚੇ
ਆ ਕੇ ਕਿਧਰੋਂ ਅੰਧਕਾਰ,
ਡੋਲਦੀ ਹੈ ਮਨ ਦੀ ਬੇੜੀ
ਫਸ ਗਈ ਵਿਚ ਮੰਝਧਾਰ
ਉਠਦੀਆਂ ਸਾਗਰ 'ਚੋਂ ਛੱਲਾਂ
ਮੇਰੀ ਪਤਨੀ ਹੈ ਬੀਮਾਰ।

5 ਅਪਰੈਲ 2001 ਨੂੰ ਮੇਰੀ ਪਤਨੀ ਇਸ ਸੰਸਾਰ ਨੂੰ ਛੱਡ ਕੇ ਚਲੀ ਗਈ ਸੀ।

### ਕੁਲਵਕਤੀ ਲੇਖਕ

***? ਤੁਸੀਂ ਪੰਜਾਬੀ ਵਿਚ ਇਕੋ-ਇਕ ਕੁਲਵਕਤੀ ਲੇਖਕ ਹੋ। ਕੀ ਤੁਹਾਨੂੰ ਨਹੀਂ ਸੀ ਪਤਾ ਕਿ ਇਸ ਬੋਲੀ ਵਿਚ ਲਿਖ ਕੇ ਗੁਜ਼ਾਰਾ ਨਹੀਂ ਹੁੰਦਾ?***

➢ ਜਦੋਂ ਕੋਈ ਕਿਸੇ ਪਾਸੇ ਸਿਰੜ ਨਾਲ ਲਗਦਾ ਹੈ ਤਾਂ ਨਫ਼ਾ-ਨੁਕਸਾਨ ਨਹੀਂ ਸੋਚਦਾ। ਉਹਦੀ ਪ੍ਰਤੀਬੱਧਤਾ ਉਹਨੂੰ ਉਸ ਪਾਸੇ ਲੈ ਜਾਂਦੀ ਹੈ।

ਭਗਤ ਸਿੰਘ ਨੂੰ ਪਤਾ ਸੀ ਕਿ ਜੋ ਕੁਝ ਉਹ ਕਰ ਰਿਹਾ ਹੈ, ਉਸਦੀ ਸਜ਼ਾ ਮੌਤ ਹੈ। ਫਾਂਸੀ ਦੀ ਸਜ਼ਾ ਹੋਣ ਮਗਰੋਂ ਜੇ ਕੋਈ ਉਸ ਨੂੰ ਮੱਤਾਂ ਦਿੰਦਾ ਕਿ ਕੀ ਤੈਨੂੰ ਪਤਾ ਨਹੀਂ ਸੀ...? ਤਾਂ ਉਸਦਾ ਕੋਈ ਮਤਲਬ ਨਹੀਂ ਸੀ। ਇਸ ਤੋਂ ਬਿਨਾਂ ਹਾਲਾਤ ਜਾਂ ਸਮਾਂ ਹਨ ਜਿਹੜੇ ਕਿਸੇ ਨੂੰ ਕਿਸੇ ਪਾਸੇ ਸਮਰਪਤ ਕਰ ਦਿੰਦੇ ਹਨ। ਮੈਨੂੰ ਮੇਰੇ ਹਾਲਾਤ ਜਾਂ ਸਮੇਂ ਨੇ ਵੀ ਮੈਨੂੰ ਕੁਲਵਕਤੀ ਲੇਖਕ ਹੋਣ ਦੇ ਆਦੇਸ਼ ਦਿੱਤੇ। ਹਾਲਾਤ ਜਾਂ ਸਮੇਂ ਦੇ ਆਦੇਸ਼ ਬੜੇ ਸਖ਼ਤ ਤੇ ਪ੍ਰਬਲ ਹੁੰਦੇ ਹਨ।

ਦੂਜੀ ਗੱਲ, ਅਵਤਾਰ ਜੀ, ਸੰਸਾਰ ਨੂੰ ਕੁਝ ਝੱਲ-ਵਲੱਲੇ ਲੋਕਾਂ ਦੀ ਲੋੜ ਵੀ ਹੁੰਦੀ ਹੈ। ਫ਼ੈਜ਼ ਦਾ ਇਕ ਸ਼ੇਅਰ ਹੈ :

ਉਨਹੀਂ ਕੇ ਫ਼ੈਜ਼ ਸੇ ਬਾਜ਼ਾਰੇ-ਅਕਲ ਰੌਸ਼ਨ ਹੈ
ਜੋ ਗਾਹ-ਗਾਹ ਜਨੂੰ ਅਖ਼ਤਿਆਰ ਕਰਤੇ ਹੈਂ।
ਜਨੂੰਨੀ, ਮਜਨੂੰ ਹੁੰਦੇ ਹਨ।

***? ਮੇਰੀ ਬੜੀ ਰੀਝ ਹੈ ਕਿ ਕਲਮ ਸਾਹਿਤਕਾਰ ਦੀ ਹੋਵੇ ਤੇ ਚਾਲ ਪੱਤਰਕਾਰ ਦੀ। ਬਹੁਤ ਚੰਗਾ ਲਿਖਾਂ ਤੇ ਬਹੁਤ ਵੱਧ ਵੀ _ ਏਨੇ ਬੀਤ ਗਏ ਸਾਲਾਂ ਵਿਚ ਤੁਸੀਂ ਆਪਣੀ ਇਸ ਰੀਝ ਨੂੰ ਪੂਰਾ ਕਰਨ ਲਈ ਕੀ ਕੀਤਾ?***

➢ ਬਥੇਰਾ ਕੁਝ ਕੀਤਾ। ਆਪਣੇ ਵਿਤ ਅਨੁਸਾਰ ਚੰਗਾ ਵੀ ਲਿਖਿਆ ਤੇ ਵੱਧ ਵੀ। "ਕਲਮ ਸਾਹਿਤਕਾਰ ਦੀ ਤੇ ਚਾਲ ਪੱਤਰਕਾਰ ਦੀ" ਪਿੱਛੇ ਭਾਵਨਾ ਦੇਖਣੀ ਚਾਹੀਦੀ ਹੈ, ਲਫ਼ਜ਼ੀ ਮਾਅਨੇ ਨਹੀਂ। ਮੇਰੀ ਬੜੀ ਸੱਧਰ ਹੈ, ਮੈਂ ਬਹੁਤ ਕੰਮ ਕਰਾਂ ਤੇ ਬਹੁਤ ਚੰਗਾ ਕੰਮ ਕਰਾਂ। ਪਰ ਇਹ ਇਕ ਸੱਧਰ ਹੈ ਜੋ ਬੜੀ ਚੰਗੀ ਤੇ ਨੇਕ ਹੈ ਜਿਸਦੀ ਤੁਹਾਡੇ ਵਲੋਂ ਸਰਾਹਣਾ ਹੋਣੀ ਚਾਹੀਦੀ ਹੈ। ਇਸਦਾ ਮਤਲਬ ਇਹ ਨਹੀਂ ਕਿ ਦੁੱਧ ਦੀ ਥਾਂ ਕੱਚੀ ਲੱਸੀ ਨਾਲ ਹੀ ਕੜਾਹਾ ਭਰਿਆ ਜਾਵੇ। ਅਜਿਹੀ "ਪੱਤਰਕਾਰ ਦੀ ਚਾਲ" ਕਿਸੇ ਵੀ ਸਾਹਿਤਕਾਰ ਲਈ ਅਤਿ ਦੀ ਹਾਨੀਕਾਰਕ ਹੈ। ਅੰਗਰੇਜ਼ੀ ਦਾ ਅਖਾਣ ਹੈ: Do little do good. ਇਹ ਅਖਾਣ ਵਡਮੁੱਲਾ ਹੈ।

### ਜੀਣ-ਥੀਣ ਲਈ ਕਿੱਤੇ

***? ਇਕ ਵਾਰੀ ਕਮਾਈ ਕਰਨ ਲਈ ਤੁਸੀਂ ਸ਼ਰਾਬ ਦਾ ਠੇਕਾ ਵੀ ਲੈ ਲਿਆ ਸੀ। ਅਫ਼ੀਮ ਵੀ ਵੇਚੀ ਸੀ। ਸ਼ਰਾਬ ਵਿਚ ਪਾਣੀ ਵੀ ਪਾਉਂਦੇ ਸੀ। ਤੁਹਾਡੀ ਆਤਮਾ ਨੇ ਤੁਹਾਨੂੰ ਲਾਹਨਤ ਨਹੀਂ ਪਾਈ?***

➢ "ਕਮਾਈ" ਕਰਨ ਲਈ ਨਹੀਂ, ਰੋਜ਼ੀ-ਰੋਟੀ ਦਾ ਹੀਲਾ ਕਰਨ ਲਈ। ਕਮਾਈਆਂ ਕਰਨ ਦੇ ਤਾਂ ਕਦੇ ਰਾਹ ਹੀ ਨਹੀਂ ਪਿਆ ਮੈਂ।

ਹਾਂ, ਸ਼ਰਾਬ ਦਾ ਵੀ ਠੇਕਾ ਲਿਆ ਸੀ, ਅਫ਼ੀਮ ਦਾ ਵੀ। ਸ਼ਰਾਬ ਵਿਚ ਪਾਣੀ ਵੀ ਪਾਉਂਦਾ ਸਾਂ ਤੇ ਅਫ਼ੀਮ ਵਿਚ ਮਿਲਾਵਟਾਂ ਵੀ ਕਰਦਾ ਸਾਂ। ਪਰ ਇਹ ਗੱਲਾਂ ਤੁਹਾਨੂੰ ਦੱਸੀਆਂ ਵੀ ਮੈਂ ਹੀ ਹਨ। ਤੁਹਾਨੂੰ ਹੀ ਨਹੀਂ, ਸਗੋਂ ਜੱਗ- ਜਹਾਨ ਨੂੰ ਵੀ, ਜਦੋਂ ਇਨ੍ਹਾਂ ਦਾ ਜ਼ਿਕਰ ਮੈਂ ਆਪਣੀ ਸਵੈ-ਜੀਵਨੀ ਵਿਚ ਕਰਦਾ ਹਾਂ। ਜਿਹੜਾ ਬੰਦਾ ਇਨ੍ਹਾਂ ਗੱਲਾਂ ਦਾ ਆਪ ਇਕਬਾਲ ਕਰ ਰਿਹਾ ਹੈ ਤੇ ਕਹਿੰਦਾ ਹੈ ਕਿ ਇਹ ਗੱਲਾਂ ਮੈਂ ਮਾੜੀਆਂ ਕਰਦਾ ਰਿਹਾ ਹਾਂ, ਉਸਦੀ ਆਤਮਾ ਭਲਾ ਕਿਹੋ-ਜਿਹੀ ਹੋ ਸਕਦੀ ਹੈ? ਇਹੋ ਜਿਹੀਆਂ ਗੱਲਾਂ ਲੋਕੀ ਆਮ ਛੁਪਾ ਲੈਂਦੇ ਹਨ, ਪਰ ਮੈਂ ਦੱਸ ਰਿਹਾ ਹਾਂ ਤੇ ਸਭ ਨੂੰ ਦੱਸ ਰਿਹਾ ਹਾਂ ਤੇ ਇਉਂ ਦੱਸ ਰਿਹਾ ਹਾਂ ਜਿਵੇਂ ਕੋਈ ਗੁਨਾਹਗਾਰ ਸੱਚੇ ਦੀ ਦਰਗਾਹ ਵਿਚ ਖਲੋਤਾ ਬੋਲ ਰਿਹਾ ਹੋਵੇ। ਕੀ ਕਿਸੇ ਸ਼ਕਤੀਸ਼ਾਲੀ ਤੇ ਜਾਗੀ ਹੋਈ ਜ਼ਮੀਰ ਤੋਂ ਬਿਨਾਂ ਕੋਈ ਇਹ ਗੱਲਾਂ ਦੱਸ ਸਕਦਾ ਹੈ? ਅਜਿਹੀਆਂ ਗੱਲਾਂ ਨੂੰ ਆਪਣੇ ਬਾਰੇ ਸ਼ਰੇ-ਆਮ ਉਜਾਗਰ ਕਰਨਾ ਕਿਸੇ ਬਲੌਰ ਵਰਗੀ ਸਾਫ਼-ਸਫ਼ਾਫ਼ ਜ਼ਮੀਰ ਦਾ ਹੀ ਕੰਮ ਹੈ, ਕਿਸੇ ਮੈਲੀ ਤੇ ਚਿੱਕੜ ਜਿਹੀ ਮਲੀਨ ਜ਼ਮੀਰ ਦਾ ਕੰਮ ਨਹੀਂ।

ਅਫ਼ੀਮ ਜਾਂ ਸ਼ਰਾਬ ਵਿਚ ਮੈਂ ਕਦੋਂ ਮਿਲਾਵਟ ਕਰਦਾ ਸਾਂ? ਜਦੋਂ ਮੇਰੀ ਉਮਰ ਬਾਈ ਜਾਂ ਤੇਈ ਵਰ੍ਹੇ ਦੀ ਹੁੰਦੀ ਸੀ। ਉਦੋਂ ਮੈਨੂੰ ਕਿਹੜੀਆਂ ਜ਼ਮੀਰਾਂ ਦੇ ਗਿਆਨ ਸਨ? ਉਦੋਂ ਤਾਂ ਆਮ ਲੋਕਾਂ ਵਾਂਗੂੰ ਸਾਡੇ ਲਈ ਪੈਸਾ ਹੀ ਮੁੱਖ ਸੀ। ਭਾਵੇਂ ਪੈਸਾ ਉਦੋਂ ਵੀ ਸਾਡੇ ਨੇੜੇ ਨਹੀਂ ਸੀ ਆਇਆ ਕਦੇ।

ਉਦੋਂ ਨਾ ਮੈਂ ਕਮਿਊਨਿਸਟ ਸਾਂ, ਨਾ ਹੀ ਚੰਗਾ ਕਵੀ ਜਾਂ ਲੇਖਕ, ਸੂਝ ਹੀ ਕੋਈ ਨਹੀਂ ਸੀ। "ਪ੍ਰੀਤ ਲੜੀ" ਵੀ ਕਾਫ਼ੀ ਮਗਰੋਂ ਪੜ੍ਹਨੀ ਸ਼ੁਰੂ ਕੀਤੀ ਸੀ, ਚੰਗੀ ਤਰ੍ਹਾਂ।

***? ਤੁਸੀਂ ਕੁਝ ਚਿਰ ਸੁਆਟਰਾਂ ਦੇ ਕਾਰਖ਼ਾਨੇ ਵਿਚ ਕੰਮ ਵੀ ਕੀਤਾ, ਗਿਆਨੀ ਕਾਲਜ ਵੀ ਖੋਲ੍ਹਿਆ, ਦਿੱਲੀ ਮੇਮਾਂ ਦੇ ਕੱਪੜੇ ਵੀ ਸੀਤੇ, ਪਰ ਕਿਤੇ ਵੀ ਨਾ ਟਿਕ ਸਕੇ। ਕਾਰਨ?***

➢ ਕਾਰਨ ਕੀ ਹੋ ਸਕਦਾ ਸੀ, ਕੁਝ ਨਾ ਕੁਝ ਬਣਨ ਦੀ ਅਚੇਤ ਮਨ ਦੀ ਭਟਕਣਾ ਸੀ। ਬਥੇਰੇ ਲੋਕੀ ਮੇਰੇ ਵਾਂਗੂੰ ਏਧਰ-ਉਧਰ ਭਟਕਦੇ ਤੇ ਕੰਮ ਬਦਲਦੇ ਰਹਿੰਦੇ ਹਨ। ਕਦੇ ਕਿਸੇ ਇਕ ਕੰਮ ਵਿਚ ਟਿਕ ਕੇ ਬੈਠ ਜਾਂਦੇ ਹਨ। ਇਹ ਭਟਕਣਾ ਆਪਣਾ ਆਪ ਪਛਾਨਣ ਲਈ ਵੀ ਹੁੰਦੀ ਹੈ-ਆਪਣੇ ਅੰਦਰ ਦੀਆਂ ਸਿਰਜਣਾਤਮਕ ਸ਼ਕਤੀਆਂ ਪਛਾਨਣ ਲਈ। ਆਖ਼ਿਰ ਮੈਨੂੰ ਸਾਹਿਤਕਾਰ ਦੀ ਕਲਮ ਫੜਨੀ ਠੀਕ ਜਾਪੀ। ਮੇਰੀ ਸਿਰਜਣਾਤਮਕ ਸ਼ਕਤੀ ਇਸ ਪਾਸੇ ਵੱਲ ਵਗ ਤੁਰੀ। ਕੀ ਇਹ ਮਾੜੀ ਗੱਲ ਹੋਈ? ਕੀ ਮੈਂ ਹੁਣ ਕਿਤੇ ਨਾ ਕਿਤੇ ਟਿਕ ਕੇ ਨਹੀਂ ਬੈਠ ਗਿਆ? ਟਿਕ ਕੇ ਏਨਾ ਬੈਠਿਆ ਕਿ ਆਪਣੇ ਆਪ ਨੂੰ ਕੁਲਵਕਤੀ ਲੇਖਕ ਹੀ ਬਣਾ ਲਿਆ। ਏਦੋਂ ਵੱਧ ਹੋਰ ਕਿਵੇਂ ਮੈਂ ਟਿਕ ਕੇ ਬੈਠ ਸਕਦਾ ਸਾਂ?

ਸੁਆਟਰ ਸਿਊਣੇ, ਗਿਆਨੀ ਕਾਲਜ, ਮੇਮਾਂ ਦੇ ਕੱਪੜੇ, ਕੀ ਜਿਹੜਾ ਕੰਮ ਮੈਂ ਹੁਣ ਟਿਕ ਕੇ ਕਰ ਰਿਹਾ ਹਾਂ, ਮੇਰੇ ਲਈ ਇਸ ਨਾਲੋਂ ਚੰਗਾ ਕੰਮ ਹੋ ਸਕਦੇ ਸਨ? ਨਹੀਂ, ਕਦਾਚਿਤ ਨਹੀਂ। ਜੋ ਵਡਿਆਈ ਮੇਰੇ ਇਸ ਸਿਰਜਣਾਤਮਕ ਕੰਮ ਦੀ ਹੈ, ਉਹ ਉਪ੍ਰੋਕਤ ਕੰਮਾਂ ਦੀ ਕਦੇ ਵੀ ਨਹੀਂ ਹੋ ਸਕਦੀ ਸੀ। ਉਹ ਕੰਮ ਯੰਤਰਕ ਸਨ ਤੇ ਬਹੁਤ ਕਰਕੇ ਆਪਣੇ ਢਿੱਡ ਨੂੰ ਝੁਲਕਾ ਦੇਣ ਲਈ ਹੋਣੇ ਸਨ, ਇਹ ਕੋਮਲ ਹੁਨਰ ਹੈ। ਇਹ ਕੰਮ ਇਤਿਹਾਸ ਵਿਚ ਸਾਂਭਿਆ ਜਾਣ ਵਾਲਾ ਵੀ ਹੈ, ਕੁਝ ਨਾ ਕੁਝ।

ਕੌੜੇ ਤਜਰਬੇ

***? ਜੀਵਨ ਪ੍ਰੀਤੀ, ਪ੍ਰੀਤ ਲੜੀ, ਪੰਜ ਦਰਿਆ ਤੇ ਨਵਾਂ ਜ਼ਮਾਨਾ ਦੀਆਂ ਸਮੇਂ ਸਮੇਂ ਮਿਲੀਆਂ ਸਭ ਨੌਕਰੀਆਂ ਤਾਂ ਤੁਹਾਡੀ ਲਿਖਣ-ਰੁਚੀ ਅਨੁਸਾਰ ਹੀ ਸਨ। ਕੀ ਇਹ ਸਭ ਕੌੜੇ ਤਜਰਬੇ ਹੀ ਸਨ ਜਾਂ ਤੁਹਾਡੇ ਵਿਚ ਹੀ ਕੋਈ ਨਾ ਸੋਧਿਆ ਜਾਣ ਵਾਲਾ ਨੁਕਸ ਸੀ?***

➢ "ਜੀਵਨ ਪ੍ਰੀਤੀ" ਨਾ-ਪਾਇਦਾਰ ਜਿਹਾ ਸ਼ੌਕੀਆ ਕੱਢਿਆ ਪਰਚਾ ਸੀ। ਉਥੇ ਕੋਈ ਐਡੀਟਰ ਲੰਮਾ ਸਮਾਂ ਰਹਿ ਹੀ ਨਹੀਂ ਸੀ ਸਕਦਾ ਤੇ ਨਾ ਹੀ ਮਾਲਿਕ ਹੀ ਰੱਖਦਾ ਸੀ। ਕਦੇ ਰੱਖ ਲੈਂਦਾ, ਕਦੇ ਹਟਾ ਦੇਂਦਾ। ਮੈਨੂੰ ਦੋ ਵਾਰ ਰੱਖਿਆ ਤੇ ਹਟਾਇਆ ਗਿਆ। ਹੋਰ ਵੀ ਕਈਆਂ ਸੰਪਾਦਕਾਂ ਨਾਲ ਇਵੇਂ ਹੋਇਆ। ਕੋਈ ਬਕਾਇਦਗੀ ਨਹੀਂ ਸੀ।

"ਪ੍ਰੀਤ ਲੜੀ" ਵਿਚ ਮੈਂ ਨੌਕਰੀ ਕਰਨ ਨਹੀਂ ਸੀ ਗਿਆ। ਪ੍ਰੀਤ ਨਗਰ ਪ੍ਰੈਸ ਵਿਚ ਮੇਰਾ ਪਹਿਲਾ ਕਹਾਣੀ ਸੰਗ੍ਰਹਿ ਛਪਿਆ ਸੀ, ਉਹਦੇ ਪਰੂਫ਼ ਪੜ੍ਹਨ ਲਈ ਗਿਆ ਸਾਂ। ਉਨੇ ਕੁ ਸਮੇਂ ਲਈ ਨਵਤੇਜ ਨੇ ਮੈਨੂੰ ਆਪਣੇ ਨਾਲ ਸਹਾਇਕ ਵਜੋਂ ਲਾ ਲਿਆ ਸੀ। ਜਦੋਂ ਕਿਤਾਬ ਛਪ ਗਈ, ਮੈਂ ਉਥੋਂ ਵਾਪਸ ਆ ਗਿਆ ਸੀ। ਮੋਹਨ ਸਿੰਘ ਕੋਲ ਵੀ ਮੈਂ "ਪੰਜ ਦਰਿਆ" ਦਾ ਸਹਾਇਕ ਸੰਪਾਦਕ ਬਣਕੇ ਨਹੀਂ ਗਿਆ ਸਾਂ। ਉਹਨੇ ਕੁਝ ਕਿਤਾਬਾਂ ਆਪਣੀ ਪ੍ਰਕਾਸ਼ਨਾ ਵਲੋਂ ਯੂਨੀਵਰਸਿਟੀ ਦੇ ਕੋਰਸਾਂ ਲਈ ਸਬਮਿਟ ਕਰਨੀਆਂ ਸਨ। ਉਹਨਾਂ ਦੀ ਤਿਆਰੀ ਲਈ ਮੈਨੂੰ ਸੱਦਿਆ ਗਿਆ ਸੀ। ਪੰਜ ਦਰਿਆ ਤਾਂ ਉਨਾ ਸਮਾਂ ਛਪ ਹੀ ਨਹੀਂ ਸਕਿਆ ਸੀ। ਮੈਂ ਸਤੰਬਰ ਵਿਚ ਗਿਆ ਸਾਂ। ਅਕਤੂਬਰ ਸ਼ੁਰੂ ਹੁੰਦਿਆਂ ਹੀ ਬੇਤਹਾਸ਼ਾ ਬਾਰਿਸ਼ਾਂ ਹੋਈਆਂ ਅਤੇ ਸਾਰੇ ਪੰਜਾਬ ਵਿਚ ਹੜ੍ਹ ਹੀ ਆ ਗਏ ਸਨ ਤੇ ਪਿੰਡੋਂ ਮੇਰਾ ਘਰ ਢਹਿਣ ਦੀ ਚਿੱਠੀ ਪੁੱਜ ਗਈ ਸੀ। ਮੈਨੂੰ ਵਾਪਸ ਆਉਣਾ ਪਿਆ।

ਪਰ, ਜੇ ਬਾਰਿਸ਼ਾਂ ਨਾ ਵੀ ਹੁੰਦੀਆਂ ਤੇ ਮੇਰਾ ਘਰ ਨਾ ਵੀ ਢਹਿੰਦਾ ਤਾਂ ਵੀ ਮੋਹਨ ਸਿੰਘ ਕੋਲ ਮੈਂ ਰਹਿ ਨਹੀਂ ਸਕਣਾ ਸੀ। ਮੋਹਨ ਸਿੰਘ ਜਿੰਨਾ ਵੱਡਾ ਤੇ ਵਧੀਆ ਸਾਡਾ ਕਵੀ ਹੈ ਤੇ ਜਿੰਨਾ ਵਧੀਆ ਉਹ ਦੋਸਤ ਸੀ, ਉਨਾ ਹੀ ਮਾੜਾ ਬੌਸ ਸੀ। ਉਹ ਬਹੁਤ ਸਖ਼ਤ ਬੌਸ ਸੀ। ਅਜਿਹੇ ਮਾੜੇ ਬੌਸ ਕੋਲ ਮੈਂ ਰਹਿ ਹੀ ਨਹੀਂ ਸਕਦਾ ਸਾਂ।

"ਨਵਾਂ ਜ਼ਮਾਨਾ" ਵਿਚ ਮੈਂ ਯੋਗ ਸਾਬਿਤ ਨਹੀਂ ਹੋਇਆ। ਮੇਰੇ ਸਾਹਿਤਕਾਰ ਨੂੰ ਪੱਤਰਕਾਰ ਬਣਨ ਵਿਚ ਮੁਸ਼ਕਿਲ ਪੇਸ਼ ਆ ਰਹੀ ਸੀ। ਕਵੀ, ਕਹਾਣੀ ਲੇਖਕ ਨੂੰ ਮੈਨੂੰ ਖ਼ਬਰ ਲਿਖਣੀ ਨਹੀਂ ਸੀ ਆਉਂਦੀ। ਇਹਨੂੰ ਤੁਸੀਂ ਮੇਰੇ ਵਿਚ ਨਾ ਸੋਧਿਆ ਜਾ ਸਕਣ ਵਾਲਾ ਚਾਹੇ ਨੁਕਸ ਸਮਝ ਲਓ, ਚਾਹੇ ਹੋਰ ਜੋ ਮਰਜ਼ੀ। ਉਂਜ "ਨਵਾਂ ਜ਼ਮਾਨਾ" ਨੇ ਮੈਨੂੰ ਆਪ ਵੱਖ ਨਹੀਂ ਕੀਤਾ, ਸਗੋਂ ਮਨੋਰੋਗ ਦੇ ਤੀਜੀ ਵਾਰ ਹਮਲੇ ਕਾਰਨ ਮੈਨੂੰ ਡਾਕਟਰ ਨੇਕੀ ਕੋਲ ਰੋਹਤਕ ਜਾਣਾ ਪੈ ਗਿਆ ਸੀ। ਫੇਰ ਮੈਂ ਰਾਜ਼ੀ ਹੋਣ ਮਗਰੋਂ "ਨਵਾਂ ਜ਼ਮਾਨਾ" ਨਹੀਂ ਗਿਆ। ਕਿਉਂਕਿ ਮੈਂ ਅਨਾੜੀ ਸਾਂ।

***? 1946 ਵਿਚ ਤੁਸੀਂ ਅਪਣਾ ਇਕ ਪਰਚਾ ਕੱਢਣ ਦੀ ਤਿਆਰੀ ਕੀਤੀ ਸੀ। ਡੈਕਲਰੇਸ਼ਨ ਵੀ ਲਿਆ ਤੇ ਪੈਸੇ ਲਈ ਘਰਵਾਲੀ ਦੀਆਂ ਟੂਮਾਂ ਵੀ ਵੇਚੀਆਂ। ਪਰ ਏਸ ਪਰਚੇ ਦਾ ਪਲੇਠਾ ਅੰਕ ਵੀ ਨਾ ਨਿਕਲਿਆ। ਕੀ ਗੱਲ ਹੋਈ?***

➢ ਗੱਲ ਕੀ ਹੋਣੀ ਸੀ, ਨਹੀਂ ਨਿਕਲਿਆ। ਘਰ ਵਾਲੀ ਦੀਆਂ ਟੂਮਾਂ ਵੇਚੀਆਂ ਨਹੀਂ ਸਨ, ਗਿਰਵੀ ਰਖ ਦਿੱਤੀਆਂ ਸਨ। ਇਕ ਮਹੀਨੇ ਦਾ ਵਿਆਜ ਦੇ ਕੇ ਛੇਤੀ ਹੀ ਛੁਡਾ ਲਈਆਂ। ਮੈਨੂੰ ਪਤਾ ਲੱਗ ਗਿਆ ਕਿ ਪਰਚਾ ਮੈਥੋਂ ਚੱਲਣਾ ਨਹੀਂ। ਚੰਗਾ ਹੋਇਆ, ਆਟੇ-ਦਾਲ ਦੇ ਭਾਅ ਦਾ ਮੈਨੂੰ ਛੇਤੀ ਪਤਾ ਲੱਗ ਗਿਆ ਸੀ। ਨਹੀਂ ਤਾਂ...

### ਦੋ ਪੈਰ ਘੱਟ ਤੁਰਨਾ

**? ਕਈ ਤੁਹਾਨੂੰ ਖੜ੍ਹੀ ਉਂਗਲ ਵਾਲਾ ਧੀਰ ਬਲਕਿ ਖੜੀ ਉਂਗਲ ਨਾਲ ਲੱਗਿਆ ਧੀਰ ਕਰਕੇ ਜਾਣਦੇ ਹਨ। ਕੀ ਇਹ ਤੁਹਾਡੀ ਜ਼ਿੱਦੀ ਤਬੀਅਤ ਦੀ ਨਿਸ਼ਾਨੀ ਨਹੀਂ ਜਿਸ ਨਾਲ ਨਿਮਰਤਾ ਤੇ ਦਲੀਲ ਦਾ ਘਾਣ ਹੋ ਜਾਂਦਾ ਹੈ?**

➢ ਨਹੀਂ, ਇਹ "ਜ਼ਿੱਦੀ ਤਬੀਅਤ" ਦੀ ਨਿਸ਼ਾਨੀ ਨਹੀਂ, ਇਹ ਆਪਣੀ ਗੱਲ ਉਤੇ ਦ੍ਰਿੜ੍ਹ ਵਿਸ਼ਵਾਸ ਹੋਣ ਦੀ ਨਿਸ਼ਾਨੀ ਹੈ। ਇਸ ਨਾਲ "ਨਿਮਰਤਾ ਤੇ ਦਲੀਲ ਦਾ ਘਾਣ" ਕਿਵੇਂ ਹੋ ਜਾਂਦਾ ਹੈ? ਕਿਥੇ ਨਿਮਰਤਾ ਅਤੇ ਦਲੀਲ, ਕਿਥੇ ਉਂਗਲ ਖੜ੍ਹੀ ਕਰਕੇ ਬੋਲਣਾ!

ਉਂਗਲ ਹਰ ਵੇਲੇ ਹੀ ਤਾਂ ਖੜ੍ਹੀ ਨਹੀਂ ਹੁੰਦੀ ਮੇਰੀ; ਜਦੋਂ ਕਿਤੇ ਬੋਲਣਾ ਹੋਵੇ, ਤਕਰੀਰ ਕਰਨੀ ਹੋਵੇ, ਉਥੇ ਕਿਸੇ ਖ਼ਾਸ ਜਸਚਰ ਲਈ ਹੀ ਖੜ੍ਹੀ ਹੁੰਦੀ ਹੈ ਤੇ ਆਪੇ ਖੜ੍ਹੀ ਹੋ ਜਾਂਦੀ ਹੈ-ਜਿਥੇ ਆਪਣੀ ਗੱਲ ਨੂੰ ਮਜ਼ਬੂਤੀ ਨਾਲ ਕਹਿਣਾ ਹੋਵੇ, ਸਵੈ-ਭਰੋਸੇ ਨਾਲ।

### ਪਬਲਿਸ਼ਰ

***? ਇਕ ਵਾਰ ਦਿੱਲੀ ਦੇ ਉੱਘੇ ਪਬਲਿਸ਼ਰ ਨਾਲ ਗੱਲ ਹੋਈ ਸੀ। ਛੱਡ ਯਾਰ- ਉਹ ਕਹਿਣ ਲੱਗਾ-ਧੀਰ ਨੂੰ ਛੱਡ। ਉਹ ਤਾਂ ਇਕ ਕੰਨੇ ਦੀ ਖ਼ਾਤਰ ਗ਼ੁੱਸੇ ਹੋ ਜਾਂਦਾ ਹੈ। ਕੀ ਇਹ ਗ਼ੁੱਸਾ ਏਸ ਖੜ੍ਹੀ ਉਂਗਲ ਕਰਕੇ ਈ ਤਾਂ ਨਹੀਂ?***

➢ ਇਹ ਦਿੱਲੀ ਦਾ ਉੱਘਾ ਪਬਲਿਸ਼ਰ ਨਵਯੁਗ ਦੇ ਭਾਪਾ ਪ੍ਰੀਤਮ ਸਿੰਘ ਜੀ ਸਨ।

ਲਿਖਤ ਵਿਚ ਇਕ ਕੰਨੇ ਤਕ ਦਾ ਵੀ ਬਹੁਤ ਮਹੱਤਵ ਹੁੰਦਾ ਹੈ, ਸਗੋਂ ਇਕ ਕੌਮੇ ਤਕ ਦਾ ਵੀ। ਮੈਂ ਆਪਣੀ ਲਿਖਤ ਨੂੰ ਸੌ-ਫ਼ੀ-ਸਦੀ ਤੋਂ ਉਤੇ ਠੀਕ ਛਪਿਆ ਦੇਖਣਾ ਚਾਹੁੰਦਾ ਹਾਂ। ਲੇਖਕ ਨੂੰ ਆਪਣੀ ਲਿਖਤ ਨਾਲ ਏਨਾ ਹੀ ਸੁਹਿਰਦ ਹੋਣਾ ਚਾਹੀਦਾ ਹੈ।

ਪਰਚਿਆਂ ਦੇ ਸੰਪਾਦਕ ਮੇਰੇ ਉਤੇ ਬਹੁਤ ਮਿਹਰਬਾਨ ਹਨ। ਮੈਨੂੰ ਮੇਰੀ ਹਰ ਲਿਖਤ ਦੇ ਪਰੂਫ਼ ਪੜ੍ਹਨ ਲਈ ਭੇਜਦੇ ਰਹਿੰਦੇ ਹਨ। ਸਗੋਂ ਦੋ-ਦੋ, ਤਿੰਨ-ਤਿੰਨ ਵਾਰ ਵੀ ਜੇ ਗ਼ਲਤੀਆਂ ਬਹੁਤੀਆਂ ਹੋਣ। ਤੁਹਾਡਾ "ਹੁਣ" ਵੀ ਉਹਨਾਂ ਵਿਚੋਂ ਇਕ ਹੈ।

ਭਾਪਾ ਪ੍ਰੀਤਮ ਸਿੰਘ ਜੀ ਮੇਰੇ ਉਤੇ ਬਹੁਤ ਮਿਹਰਬਾਨ ਰਹੇ ਹਨ। ਇਕ ਵਾਰ ਮੇਰੀ ਇਕ ਕਹਾਣੀ ਦੇ ਪਰੂਫ਼ ਉਨ੍ਹਾਂ ਮੈਨੂੰ ਇੰਗਲੈਂਡ ਭੇਜੇ ਸਨ ਜੋ ਕਿਸੇ ਕਿਤਾਬ ਵਿਚ ਨਹੀਂ, "ਆਰਸੀ" ਵਿਚ ਹੀ ਛਪਣੀ ਸੀ। ਹਾਲਾਂਕਿ ਉਹ ਹਰ ਕਿਸੇ ਨੂੰ ਪਰੂਫ਼ ਨਹੀਂ ਸਨ ਭੇਜਦੇ ਹੁੰਦੇ।

"ਛੱਡ ਯਾਰ-ਧੀਰ ਨੂੰ ਛੱਡ-ਉਹ ਤਾਂ ਇਕ ਕੰਨੇ ਪਿੱਛੇ ਵੀ..." ਆਖਣ ਪਿੱਛੇ ਉਨ੍ਹਾਂ ਦਾ ਹਲਕਾ-ਹਲਕਾ ਪਿਆਰ ਵੀ ਝਲਕਦਾ ਹੈ। ਮੇਰੀ ਅਜਿਹੀ ਆਦਤ ਬਾਰੇ ਸੁਣ ਕੇ ਮੈਨੂੰ ਮਾਣ ਵੀ ਬਹੁਤ ਹੁੰਦਾ ਹੈ।

ਪਰੂਫ਼ਾਂ ਨਾਲ "ਖੜੀ ਉਂਗਲ" ਦਾ ਕੋਈ ਸੰਬੰਧ ਨਹੀਂ।

***? ਤੁਹਾਡਾ 'ਪੰਜਾਬੀ ਟ੍ਰਿਬਿਊਨ' ਨਾਲ ਝਗੜਾ ਹੋਇਆ। 'ਜਾਗ੍ਰਤੀ' ਤੇ ਤੁਸੀਂ ਮੁਕੱਦਮਾ ਕੀਤਾ। 'ਪ੍ਰੀਤ ਲੜੀ' ਤੋਂ ਨਾਖ਼ੁਸ਼ ਹੋਏ। ਦੂਰਦਰਸ਼ਨ ਤੋਂ ਦੁਖੀ ਰਹੇ। ਹੋਰ ਕਿਸੇ ਵੀ ਲੇਖਕ ਨਾਲ ਐਸਾ ਹੁੰਦਾ ਕਿਉਂ ਨਹੀਂ ਸੁਣਿਆ?***

➢ "ਪੰਜਾਬੀ ਟ੍ਰਿਬਿਊਨ" ਨੇ ਮੇਰੀ ਕਹਾਣੀ "ਭੁੱਲੇ ਹੋਏ" ਕੱਟ-ਵੱਢ ਕੇ ਛਾਪ ਦਿੱਤੀ। ਖ਼ਾਲਿਸਤਾਨੀ ਲਹਿਰ ਉਤੇ ਕਟਾਖਸ਼ ਕਰਦੀ ਕਹਾਣੀ ਸੀ ਇਹ। ਐਡੀਟਰ ਉਦੋਂ ਬਰਜਿੰਦਰ ਸਿੰਘ ਹਮਦਰਦ ਸੀ। ਮੈਂ ਗਿਲਾ ਕੀਤਾ, ਕਹਾਣੀ ਮੋੜੀ ਜਾ ਸਕਦੀ ਸੀ, ਕੱਟ-ਵੱਢ ਕੇ ਛਾਪਣ ਦਾ ਅਧਿਕਾਰ ਨਹੀਂ ਸੀ ਉਨ੍ਹਾਂ ਨੂੰ। ਉਹਨੇ ਅਫ਼ਸੋਸ ਪ੍ਰਗਟ ਕੀਤਾ। ਹੋਰ ਕੋਈ ਝਗੜਾ ਨਹੀਂ ਹੋਇਆ। ਕੱਟ-ਵੱਢ ਐਤਵਾਰੀ ਐਡੀਸ਼ਨ ਵਾਲੇ ਕਿਸੇ ਉਪ-ਸੰਪਾਦਕ ਨੇ ਹੀ ਕੀਤੀ ਸੀ। ਤਾਂ ਵੀ ਜ਼ਿੰਮੇਵਾਰੀ ਐਡੀਟਰ ਦੀ ਹੀ ਸੀ।

"ਜਾਗ੍ਰਤੀ" ਨੇ ਮੇਰੀ ਸਵੈ-ਜੀਵਨੀ "ਬ੍ਰਿਹਸਪਤੀ" ਦੇ ਕੁਝ ਕਾਂਡ ਨਾ ਕੇਵਲ ਕੱਟ-ਵੱਢ ਕੇ ਛਾਪੇ, ਸਗੋਂ ਕਈ ਵਾਕ ਹੀ ਮੇਰੇ ਇਉਂ ਬਦਲ ਦਿੱਤੇ ਕਿ ਅਰਥਾਂ ਦੇ ਅਨਰਥ ਕਰ ਦਿੱਤੇ ਗਏ। ਜਿਵੇਂ; ਮੈਂ ਲਿਖਿਆ ਸੀ : "ਮੇਰੇ ਪਿਤਾ ਦੇ ਕਹੇ-ਕਹਾਏ ਮੇਰੀ ਮਾਂ ਨੇ ਆਪਣੇ ਗਲ ਕਿਰਪਾਨ ਵੀ ਪਹਿਨ ਲਈ ਸੀ। ਪਰ ਉਸਦਾ ਫ਼ਾਇਦਾ ਨਹੀਂ ਸੀ ਕੋਈ। ਇਹ ਕਿਰਪਾਨ ਛੇਤੀ ਹੀ ਫੇਰ ਉਸਨੇ ਲਾਹ ਵੀ ਦਿੱਤੀ ਸੀ।" "ਜਾਗ੍ਰਤੀ" ਨੇ ਛਾਪਿਆ : "ਇਹ ਕਿਰਪਾਨ ਉਹਨੇ ਸਦਾ ਅੰਗ-ਸੰਗ ਰੱਖੀ।" ਇਸੇ ਤਰ੍ਹਾਂ ਥਾਂ-ਪਰ-ਥਾਂ ਫ਼ਿਕਰੇ ਬਦਲੇ ਹੋਏ ਤੇ ਅਰਥ ਵਿਗਾੜੇ ਪਏ ਸਨ।

ਐਡੀਟਰ ਸੁਖਪਾਲਵੀਰ ਸਿੰਘ ਹਸਰਤ ਸੀ। ਮੈਂ ਰੋਸ ਕਰਨ ਗਿਆ। ਪਰ ਉਹਨੇ ਉਲਟਾ ਆਖਿਆ ਕਿ ਇਹ ਸਾਡਾ ਅਧਿਕਾਰ ਹੈ। ਅਤਿ ਦੀ ਅਸੁਹਿਰਦਤਾ ਤੇ ਗ਼ੈਰ-ਜ਼ਿੰਮੇਵਾਰੀ ਨਾਲ ਮੇਰੇ ਨਾਲ ਉਹ ਪੇਸ਼ ਆਇਆ ਸੀ। ਮੈਂ ਆਖਿਆ, ਅਗਲੇ ਅੰਕ ਵਿਚ ਇਸ ਬਾਰੇ ਅਫ਼ਸੋਸ ਕਰੋ। ਉਸ ਆਖਿਆ, ਅਸੀਂ ਇਉਂ ਅਫ਼ਸੋਸ ਨਹੀਂ ਕਰਦੇ ਹੁੰਦੇ। ਮੈਂ ਮੁਕੱਦਮਾ ਦਾਇਰ ਕੀਤਾ ਅਤੇ ਮੈਂ ਕੇਸ ਜਿੱਤ ਗਿਆ।

"ਪ੍ਰੀਤ ਲੜੀ" ਤੋਂ "ਨਾਖ਼ੁਸ਼" ਰਹਿਣ ਦੀ ਗੱਲ ਮੈਨੂੰ ਸਮਝ ਨਹੀਂ ਆਈ। ਗੁਰਬਖ਼ਸ਼ ਸਿੰਘ, ਨਵਤੇਜ ਸਿੰਘ, ਸੁਮੀਤ ਸਿੰਘ ਵੇਲੇ ਮੇਰੇ ਸਦਾ ਚੰਗੇ ਸਬੰਧ ਰਹੇ। "ਪ੍ਰੀਤ ਲੜੀ" ਮੈਨੂੰ ਬੜੇ ਸਤਿਕਾਰ ਨਾਲ ਛਾਪਦੀ ਰਹੀ ਹੈ। ਪਰੂਫ਼ ਵੀ ਮੈਨੂੰ ਆਉਂਦੇ ਰਹੇ। ਗੁਰਬਖ਼ਸ਼ ਸਿੰਘ ਦੇ ਵੇਲੇ ਵੀ।

ਦੂਰਦਰਸ਼ਨ ਨੇ ਮੇਰੀ ਕਹਾਣੀ "ਕੋਈ ਇਕ ਸਵਾਰ" ਨਾਲ ਨਾਟਕੀ ਰੂਪ ਦੇਣ ਵੇਲੇ ਬਹੁਤ ਵਧੀਕੀ ਕੀਤੀ ਸੀ। ਹਾਂ-ਪੱਖੀ ਅੰਤ ਨੂੰ ਨਾਂਹ-ਪੱਖੀ ਬਣਾ ਕੇ ਮੇਰੇ ਅਸਲ ਭਾਵ ਹੀ ਨਸ਼ਟ ਕਰ ਦਿੱਤੇ। ਮੇਰੀ ਕਹਾਣੀ ਵਿਚ ਮੇਰਾ ਨਾਇਕ (ਬਾਰੂ ਤਾਂਗੇ ਵਾਲਾ) ਤਾਂਗੇ ਵਿਚੋਂ ਸਵਾਰੀਆਂ ਲਹਿ ਕੇ ਬਸ ਵਿਚ ਜਾ ਬੈਠਣ ਮਗਰੋਂ ਮੁੜ ਪਰੈਣੀ ਉੱਚੀ ਕਰਕੇ ਖੰਨੇ ਦਾ ਹੋਕਾ ਮਾਰਦਾ ਤੇ ਮੁੜ ਸੰਗਰਾਮ ਕਰਦਾ ਹੈ, ਪਰ ਦੂਰਦਰਸ਼ਨ ਨੇ ਬਾਰੂ ਕੋਲੋਂ ਘੋੜੇ ਨੂੰ ਹੀ ਛਾਂਟਿਆਂ ਨਾਲ ਕੁੱਟਣ ਲਾ ਦਿੱਤਾ ਸੀ। ਜਿਵੇਂ ਸਵਾਰੀਆਂ ਲਹਿ ਜਾਣ ਵਿਚ ਘੋੜੇ ਦਾ ਕਸੂਰ ਹੋਵੇ। ਅਜਿਹੇ ਉੱਚ ਕੋਟੀ ਦੇ "ਪ੍ਰਬੀਨ" ਦੂਰਦਰਸ਼ਨ ਨਾਲ ਮੈਂ ਲੜਦਾ ਜਾਂ ਨਾ ਲੜਦਾ?

ਹੋਰ ਕਿਸੇ ਲੇਖਕ ਨਾਲ ਨਹੀਂ ਵਾਪਰਦੀਆਂ ਹੋਣਗੀਆਂ ਇਉਂ ਮੇਰੇ ਜਿਹੀਆਂ ਦੁਰਘਟਨਾਵਾਂ। ਕਿਸੇ ਲੇਖਕ ਦੀ ਲਿਖਤ ਦਾ ਇਉਂ ਤੋੜਿਆ ਜਾਣਾ ਉਸ ਨਾਲ ਦੁਰਘਟਨਾ ਹੀ ਹੁੰਦੀ ਹੈ, ਅਤੇ ਉਸਦਾ ਘੋਰ ਅਪਮਾਨ ਵੀ। ਦੂਜੀ ਗੱਲ ਇਹ ਵੀ ਹੈ ਕਿ ਕੋਈ ਇਸ ਅਪਮਾਨ ਨੂੰ ਕਿੰਨਾ ਕੁ ਸਹਿਣ ਕਰ ਸਕਦਾ ਹੈ, ਜਾਂ ਕਿਸੇ ਨੂੰ ਇਹ ਵਿਹਾਰ ਅਪਮਾਨ ਮਹਿਸੂਸ ਹੁੰਦਾ ਵੀ ਹੈ?

### ਦਿੱਲੀ ਦੀ ਕਵਿਤਾ

***? 1963 ਦੇ ਗੇੜ ਵਿਚ ਮੈਂ ਪਾਣੀਪਤ ਤੁਹਾਡੇ ਮੂੰਹੋਂ ਦਿੱਲੀ ਨਾਮ ਦੀ ਕਵਿਤਾ ਸੁਣੀ ਸੀ। ਅਫ਼ਵਾਹ ਸੀ ਕਿ ਤੁਹਾਨੂੰ ਅੰਮ੍ਰਿਤਾ ਪ੍ਰੀਤਮ ਨਾਲ ਇਸ਼ਕ ਹੋ ਗਿਆ ਹੈ। ਅਸਲੀਅਤ ਕੀ ਸੀ?***

➢ ਕਿੱਥੇ "ਦਿੱਲੀ" ਨਾਮ ਦੀ ਕਵਿਤਾ, ਕਿਥੇ ਅੰਮ੍ਰਿਤਾ ਪ੍ਰੀਤਮ ਨਾਲ ਮੇਰੇ ਇਸ਼ਕ ਹੋ ਜਾਣ ਦੀ ਅਫ਼ਵਾਹ! ਅਫ਼ਵਾਹਾਂ ਦੇ ਅਰਥ ਅਸੀਂ ਸਾਰੇ ਚੰਗੀ ਤਰ੍ਹਾਂ ਜਾਣਦੇ ਹਾਂ। ਵਾਰਿਸਸ਼ਾਹ, ਕਹਿੰਦੇ ਹਨ, ਕਿਸੇ ਭਾਗਭਰੀ ਨੂੰ ਇਸ਼ਕ ਕਰਦਾ ਹੁੰਦਾ ਸੀ। ਅਸਲੀਅਤ ਦੱਸਣ ਲਈ ਵਾਰਿਸ ਨੇ "ਹੀਰ" ਦਾ ਕਿੱਸਾ ਲਿਖਿਆ ਸੀ। ਮੇਰੇ ਕਿਸੇ ਵੀ ਇਸ਼ਕ ਦੀ ਅਸਲੀਅਤ ਤੁਹਾਨੂੰ ਮੇਰੀਆਂ ਰਚਨਾਵਾਂ ਵਿਚੋਂ ਹੀ ਲੱਭਣੀ ਚਾਹੀਦੀ ਹੈ।

ਇਸ਼ਕ ਦਾ ਤਕਾਜ਼ਾ ਹੈ, ਆਸ਼ਿਕ ਆਪਣੇ ਇਸ਼ਕ ਬਾਰੇ ਕਦੇ ਆਪ ਇਜ਼ਹਾਰ ਨਾ ਕਰੇ। ਇਸ਼ਕ ਦੀ ਪਾਕੀਜ਼ਗੀ ਇਸੇ ਤਰ੍ਹਾਂ ਹੀ ਕਾਇਮ ਰਹਿ ਸਕਦੀ ਹੈ।

***? ਬੜੇ ਲੋਕ ਅੰਮ੍ਰਿਤਾ ਨਾਲ ਨੇੜਤਾ ਦਾ ਦਾਅਵਾ ਕਰੀ ਜਾਂਦੇ ਹਨ। ਤੁਸੀਂ ਪਿਛਾਂਹ ਮੁੜਕੇ ਦੇਖਦੇ ਹੋ ਤਾਂ ਕਿਵੇਂ ਲੱਗਦਾ ਹੈ?***

➢ ਕਰੀਂ ਜਾਣ ਬੜੇ ਲੋਕ ਅੰਮ੍ਰਿਤਾ ਨਾਲ ਨੇੜਤਾ ਦਾ ਦਾਅਵਾ। ਮੇਰਾ ਇਸ ਨਾਲ ਕੀ ਸਬੰਧ?

ਪਿਛਾਂਹ ਮੁੜਕੇ ਦੇਖਣ ਨਾਲ ਜੋ ਕੁਝ ਲਗਦਾ ਹੈ, ਉਹ ਮੈਂ ਆਪਣੀ ਸਵੈ-ਜੀਵਨੀ "ਬ੍ਰਿਹਸਪਤੀ" ਵਿਚ ਲਿਖ ਚੁੱਕਾ ਹਾਂ। ਸਵੈ-ਜੀਵਨੀਆਂ ਵਿਚ ਸਭ ਨੇ ਆਪਣਾ ਬੀਤਿਆ ਹੀ ਵਾਚਿਆ ਹੁੰਦਾ ਹੈ।

ਮੈਂ ਚੰਗੇ ਕੰਮ ਵੀ ਕੀਤੇ ਹਨ, ਮਾੜੇ ਵੀ। ਸੁੱਖ ਵੀ ਭੋਗੇ ਹਨ, ਦੁੱਖ ਵੀ। ਪਿਆਰ ਵੀ ਕੀਤਾ ਹੈ, ਨਫ਼ਰਤ ਵੀ। ਡਿਗਿਆ ਵੀ ਹਾਂ ਤੇ ਉਠਿਆ ਵੀ। ਸਭ ਵਿਸਤਾਰ ਮੇਰੀ ਸਵੈ-ਜੀਵਨੀ ਵਿਚ ਦਰਜ ਹਨ।

***? 1960 ਦੇ ਕਰੀਬ ਹੀ ਤੁਹਾਨੂੰ ਮਨੋਰੋਗ ਦਾ ਦੌਰਾ ਪਿਆ ਸੀ। ਖ਼ਿਆਲ ਹੈ, ਅੰਮ੍ਰਿਤਾ ਦੀ ਬੇਰੁਖ਼ੀ ਕਰਕੇ ਹੀ ਅਜਿਹਾ ਹੋਇਆ ਸੀ। ਸਚਾਈ ਕੀ ਹੈ?***

➢ ਮੇਰੇ ਮਨੋਰੋਗ ਦਾ ਅੰਮ੍ਰਿਤਾ ਪ੍ਰੀਤਮ ਨਾਲ ਕੋਈ ਸਬੰਧ ਨਹੀਂ।

***? ਤੁਹਾਡੀਆਂ ਕਈ ਕਵਿਤਾਵਾਂ ਵਿਚੋਂ ਘੋਰ ਉਦਾਸੀਆਂ ਵੀ ਨਜ਼ਰ ਆਈਆਂ ਹਨ-ਅਸੀਂ ਘਿਰ ਗਏ ਕਾਲੀਆਂ ਲਹਿਰਾਂ ਵਿਚ, ਝੱਖੜਾਂ ਵਿਚ ਕਾਲਿਆਂ ਕਹਿਰਾਂ ਵਿਚ-ਲਗਦਾ ਹੈ ਤੁਸੀਂ ਕਦੇ ਅਸਮਾਨ ਵਿਚ ਹੁੰਦੇ ਹੋ, ਕਦੇ ਪਾਤਾਲ ਵਿਚ। ਕੀ ਇਸੇ ਤਰ੍ਹਾਂ ਹੀ ਹੈ?***

➢ ਹਾਂ, ਇਸੇ ਤਰ੍ਹਾਂ ਹੀ ਹੈ। ਇਹ ਮਨੋ-ਅਵਸਥਾਵਾਂ ਮੈਂ ਬਹੁਤ ਹੰਢਾਉਂਦਾ ਰਿਹਾ ਹਾਂ।

ਮਨੁੱਖ ਲਈ ਉਦਾਸ ਹੋਣਾ ਵੀ ਬੜਾ ਹੀ ਜ਼ਰੂਰੀ ਹੈ, ਜਿਹੜਾ ਉਦਾਸ ਹੁੰਦਾ ਹੈ, ਉਸੇ ਨੂੰ ਪਤਾ ਲੱਗਦਾ ਹੈ ਕਿ ਖ਼ੁਸ਼ੀ ਕੀ ਹੁੰਦੀ

ਹੈ ਤੇ ਕਿੱਡੀ ਵੱਡੀ ਨਿਆਮਤ ਹੈ।

ਵੱਡੇ-ਵੱਡੇ ਮਹਾਂਪੁਰਸ਼ ਉਦਾਸ ਹੁੰਦੇ ਰਹੇ ਹਨ। ਗੁਰੂ ਗ੍ਰੰਥ ਸਾਹਿਬ ਵਿਚ ਅੰਤ ਉਤੇ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਹੈ। ਉਦਾਸੀਆਂ-ਵੈਰਾਗਾਂ ਦੇ ਵਰਣਨ ਕਾਰਨ ਹੀ ਇਹ ਬਾਣੀ ਮਹਾਨਤਾ ਦੀ ਸਿਖ਼ਰ ਨੂੰ ਛੂਹ ਰਹੀ ਹੈ।

ਉਦਾਸੀ ਕਿਸੇ ਨੂੰ ਮਹਾਤਮਾ ਬੁੱਧ ਤੇ ਗੁਰੂ ਨਾਨਕ ਜਿਹੇ ਮਹਾਨ ਮਨੁੱਖ ਬਣਾ ਦਿੰਦੀ ਹੈ। ਸਚਾਈ ਦੀ ਤਲਾਸ਼ ਵਿਚ ਗੁਰੂ ਨਾਨਕ ਦੇ ਲੰਮੇ ਸਫ਼ਰ ਉਨ੍ਹਾਂ ਦੀਆਂ ''ਉਦਾਸੀਆਂ'' ਹਨ।

ਮਹਾਤਮਾ ਬੁੱਧ ਉਦਾਸ ਹੋ ਕੇ ਹੀ ਚੋਰੀਓਂ ਘਰੋਂ ਨੱਸੇ ਤੇ ਅੰਤ ਸਿਧਾਰਥ ਤੋਂ ਬੁੱਧ ਬਣੇ।

ਨਿਰੀ ਚੜ੍ਹਦੀ ਕਲਾ ਵੀ ਅਸੰਤੁਲਤ ਜੀਵਨ ਹੈ। ਸੰਤੁਲਤ ਜੀਵਨ ਲਈ ਹਸਣਾ-ਰੋਣਾ ਦੋਵੇਂ ਬੜੇ ਜ਼ਰੂਰੀ ਹਨ।

ਉਦਾਸੀ ਸਾਨੂੰ ਆਪਣੇ ਅੰਦਰ ਝਾਕਣ ਲਈ ਪ੍ਰੇਰਦੀ ਹੈ। ਆਪਣਾ ਮੂਲ ਪਛਾਨਣ ਲਈ। ਉਦਾਸ ਹੋਏ ਵੈਰਾਗੇ ਲੋਕ ਹੀ ਚਿੰਤਨਸ਼ੀਲ ਹੋ ਸਕਦੇ ਹਨ।

ਮੇਰਾ ਅਸਮਾਨ ਜਾਂ ਪਾਤਾਲ ਵਿਚ ਹੋਣਾ ਮੇਰੀ ਖ਼ੁਸ਼ੀ-ਗ਼ਮੀ ਦੀਆਂ ਅਤਿ ਦੀਆਂ ਮਨੋ-ਅਵਸਥਾਵਾਂ ਹਨ। ਇਨ੍ਹਾਂ ਨੇ ਮੇਰੀ ਕਲਪਣਾ ਨੂੰ ਬਾਜ਼ਾਂ ਵਰਗੇ ਖੰਭ ਦਿੱਤੇ।

***? ਮੁਹਾਲੀ ਵਿਚ ਮਕਾਨ ਬਣਾਉਣ ਵੇਲੇ ਤੁਹਾਡੇ ਹੋਈਆਂ ਚੋਰੀਆਂ ਦੀ ਵਿਥਿਆ ਮੈਂ ਪੜ੍ਹਦਾ ਰਿਹਾ ਹਾਂ। ਇੱਟਾਂ ਵੀ ਲੈ ਗਏ ਚੋਰ। ਇਹ ਚੋਰ ਕੋਈ ਉਚੀ ਸ਼੍ਰੇਣੀ ਦੇ ਤਾਂ ਹੁੰਦੇ ਨਹੀਂ। ਫੇਰ ਸਾਧਾਰਨ .ਗਰੀਬ ਵਿਅਕਤੀ ਦੇ ਕਿਰਦਾਰ ਤੇ ਕਿੰਤੂ ਨਹੀਂ ਲੱਗ ਜਾਂਦਾ?***

➣ ਸਾਧਾਰਨ ਗ਼ਰੀਬ ਵਿਅਕਤੀਆਂ ਦੀ ਗ਼ਰੀਬੀ ਦਾ ਹੱਲ ਚੋਰੀਆਂ ਨਾਲ ਨਹੀਂ ਹੋ ਸਕਦਾ। ਇਸਦਾ ਹੱਲ ਆਪਣੀ ਸ਼੍ਰੇਣੀ ਨਾਲ ਜਥੇਬੰਦ ਹੋ ਕੇ ਇੱਜ਼ਤ ਦੀ ਰੋਟੀ ਦੇਣ ਵਾਲੇ ਨਿਜ਼ਾਮ ਲਈ ਸੰਗਰਾਮ ਕਰਨਾ ਹੀ ਹੈ। ਚੋਰੀ ਨੂੰ ਕੋਈ ਸਮਾਜ ਚੰਗਾ ਨਹੀਂ ਸਮਝਦਾ-ਗ਼ਰੀਬਾਂ ਦਾ ਸਮਾਜ ਵੀ। ਇਹ ਨਿੰਦਨੀਯ ਕਾਰਜ ਹੈ। ਅਨੈਤਿਕ।

***? ਕੀ ਤੁਹਾਨੂੰ ਅਜੇ ਵੀ ਵਿਸ਼ਵਾਸ ਹੈ ਕਿ ਸਾਡਾ ਸਮਾਜ ਕਦੇ ਸ਼੍ਰੇਣੀ ਤੇ ਜ਼ਾਤ ਰਹਿਤ ਸਮਾਜ ਵਿਚ ਬਦਲ ਸਕੇਗਾ?***

➣ ਹਾਂ, ਮੈਨੂੰ ਵਿਸ਼ਵਾਸ ਹੈ। ਕਿਉਂਕਿ ਇਹ ਮੇਰੀ ਜਾਂ ਮੇਰੇ ਵਰਗਿਆਂ ਦੀ ਹੀ ਨਹੀਂ, ਸਮਾਜ ਦੀ ਆਪਣੀ ਲੋੜ ਹੈ। ਭਾਵੇਂ ਕਦੇ ਬਦਲੇ।

''ਅਜੇ ਵੀ'' ਤੋਂ ਸ਼ਾਇਦ ਤੁਹਾਡਾ ਭਾਵ ਸੋਵੀਅਤ ਰੂਸ ਦੇ ਟੁੱਟ ਜਾਣ ਤੋਂ ਹੈ। ਸਾਡੇ ਸਮਾਜ ਦੀ ਤਬਦੀਲੀ ਦਾ ਸੋਵੀਅਤ ਰੂਸ ਦੇ ਟੁੱਟ ਜਾਣ ਨਾਲ ਕੋਈ ਸਬੰਧ ਨਹੀਂ, ਇਹ ਸਾਡੇ ਲੋਕਾਂ ਦੀਆਂ ਆਪਣੀਆਂ ਸਮੱਸਿਆਵਾਂ ਤੇ ਸੰਗਰਾਮਾਂ ਨਾਲ ਸਬੰਧਤ ਹੈ। ਭਾਵੇਂ ਸੱਟ ਵੱਜੀ ਹੈ, ਪਰ ਲੋਕ ਉਸ ਸੱਟ ਵਿਚੋਂ ਬਾਹਰ ਨਿਕਲ ਆਏ ਹਨ, ਸਾਡੇ ਵੀ ਤੇ ਰੂਸ ਦੇ ਵੀ, ਤੇ ਸਗੋਂ ਕੁਲ ਸੰਸਾਰ ਦੇ ਹੀ।

### ਅੱਤਵਾਦ ਤੇ ਰਾਜਨੀਤੀ

***? ਅਮਰੀਕਾ ਵਿਚ ਅਤਿਵਾਦੀਆਂ ਦੇ 9/11 ਸਤੰਬਰ ਵਾਲੇ ਕਾਰੇ ਵਿਚ ਹਜ਼ਾਰਾਂ ਬੇਗੁਨਾਹ ਮਾਰੇ ਗਏ ਸਨ। ਤੁਸੀਂ ਇਸ ਖ਼ੂਨ ਖ਼ਰਾਬੇ ਨੂੰ ਕਿਵੇਂ ਲੈਂਦੇ ਹੋ?***

➣ ਬੇਗੁਨਾਹਾਂ ਦੇ ਮਾਰੇ ਜਾਣ ਦਾ ਅਫ਼ਸੋਸ ਸੀ ਤੇ ਹੈ। ਪਰ ਮੈਂ ਇਹ ਜ਼ਰੂਰ ਕਹਿੰਦਾ ਹਾਂ ਕਿ ਚੰਗਾ ਹੋਇਆ, ਅਮਰੀਕਾ ਨੂੰ ਵੀ ਇਹ ਪਤਾ ਲੱਗ ਗਿਆ ਕਿ ਅੱਗ, ਅੱਗ ਹੀ ਹੁੰਦੀ ਹੈ, ਬਸੰਤਰ ਨਹੀਂ ਹੁੰਦੀ। ਅਮਰੀਕਾ ਵਿਚ ਤਾਂ ਇਸ ''ਕਾਰੇ'' ਨਾਲ ਤਿੰਨ ਹਜ਼ਾਰ ਲੋਕ ਹੀ ਮਰੇ ਸਨ, ਸਾਡੇ ਖ਼ਾਲਿਸਤਾਨੀ ਅਤਿਵਾਦ ਵਿਚ ਵੀਹ-ਪੱਚੀ ਹਜ਼ਾਰ ਮਰੇ ਤੇ ਜੰਮੂ ਅਤੇ ਕਸ਼ਮੀਰ ਵਿਚ ਹੁਣ ਤੱਕ ਪੱਚੀ ਹਜ਼ਾਰ ਤੋਂ ਵੱਧ ਮਾਰੇ ਜਾ ਚੁੱਕੇ ਹਨ ਤੇ ਅਜੇ ਹੋਰ ਮਰ ਰਹੇ ਹਨ। ਕੌਣ ਨਹੀਂ ਜਾਣਦਾ ਕਿ ਇਸ ਦਹਿਸ਼ਤਗਰਦੀ ਪਿੱਛੇ ਪਾਕਿਸਤਾਨ ਰਾਹੀਂ ਅਮਰੀਕਾ ਦਾ ਹੀ ਹੱਥ ਸੀ ਤੇ ਅੱਜ ਵੀ ਹੈ? ਠੀਕ, ਉਹਦੇ ਤਿੰਨ ਹਜ਼ਾਰ ਬੇਗੁਨਾਹ ਲੋਕ ਸਨ ਜੋ ਮਰਨੇ ਨਹੀਂ ਸਨ ਚਾਹੀਦੇ। ਪਰ ਕੀ ਸਾਡੇ ਪੰਜਾਹ ਹਜ਼ਾਰ ਗੁਨਾਹਗਾਰ ਲੋਕ ਸਨ? ਉਹ ਨਹੀਂ ਸਨ ਬੇਗੁਨਾਹ? ਪਾਕਿਸਤਾਨ ਦੀ ਆਈ. ਐਸ. ਆਈ. ਇਹ ਕਾਰੇ ਕਰਵਾਉਂਦੀ ਹੈ ਅਤੇ ਅਮਰੀਕੀ ਸਾਮਰਾਜ ਉਹਨੂੰ ਹਥਿਆਰ ਵੀ ਦਿੰਦਾ ਹੈ, ਲੱਖਾਂ-ਕਰੋੜਾਂ ਡਾਲਰ ਵੀ।

***? ਅਫ਼ਗਾਨਿਸਤਾਨ ਵਿਚ ਤਾਲਿਬਾਨ ਵਲੋਂ ਬੁੱਧ ਦੀ ਮੂਰਤੀ ਨੂੰ ਤੋਪਾਂ ਨਾਲ ਉਡਾ ਦੇਣ 'ਤੇ ਤੁਸੀਂ ਇਕ ਅੱਥਰੂ ਨਹੀਂ ਰੋਏ। ਕੋਈ ਅੱਖਰ ਨਹੀਂ ਲਿਖਿਆ, ਡਾਇਰੀ ਵਿਚ ਵੀ ਨਹੀਂ?***

➣ ਜ਼ਰੂਰੀ ਨਹੀਂ, ਹਰ ਲੇਖਕ, ਹਰ ਘਟਨਾ ਬਾਰੇ ਕਵਿਤਾ ਜਾਂ ਕਹਾਣੀ ਜ਼ਰੂਰ ਹੀ ਲਿਖੇ। ਕੋਈ ਲੇਖਕ ਇਉਂ ਲਿਖ ਸਕਦਾ ਵੀ ਨਹੀਂ।

ਮੇਰੀ ਡਾਇਰੀ ਪੁਸਤਕ ਰੂਪ ਵਿਚ ਦੋ ਭਾਗਾਂ ਵਿਚ ਛਪੀ ਹੈ ਤੇ ਤੀਜਾ ਪ੍ਰਕਾਸ਼ਕ ਨੂੰ ਛਪਣ ਲਈ ਭੇਜਿਆ ਹੋਇਆ ਹੈ। ਸ਼ਾਇਦ ਬੁੱਧ ਦੀ ਮੂਰਤੀ ਬਾਰੇ ਉਸ ਵਿਚ ਕੋਈ ਪੰਨਾ ਹੋਵੇ। ਪਰ ਜੇ ਨਾ ਵੀ ਹੋਵੇ ਤਾਂ ਇਹ ਗੱਲ ਵੀ ਕਿਹੜੀ ਹੈ?

ਦੂਜੀ ਗੱਲ : ਕੀ ਸਭ ਘਟਨਾਵਾਂ ਬਾਰੇ ਮਹੀਓਂ ਰੋਵਾਂ ਤੇ ਕੀਰਨੇ ਪਾਵਾਂ? ਤੁਸੀਂ ਵੀ ਕੁਝ ਰੋਵੋ-ਪਿੱਟੋ!

### ਕਾਰੀਆਂ ਸੱਟਾਂ

***? ਤੁਹਾਡੇ ਦੋ ਦਾਮਾਦ ਬਲਜੀਤ ਪਨੂੰ ਤੇ ਬੰਤ ਸਿੰਘ ਰਾਏਪੁਰੀ ਅਜਾਈਂ ਮਾਰੇ ਗਏ ਹਨ। ਤੁਸੀਂ ਕਿਵੇਂ ਮਹਿਸੂਸ ਕੀਤਾ?***

➣ ਬਲਜੀਤ ਸੜਕ ਹਾਦਸੇ ਵਿਚ ਮਾਰਿਆ ਗਿਆ ਸੀ, ਚਹੇੜੂ ਦੇ ਪੁਲ ਤੋਂ ਥੋੜ੍ਹਾ ਪਰੇ ਜਲੰਧਰ ਵੱਲ, 25 ਅਕਤੂਬਰ 1980 ਨੂੰ। ਬੰਤ ਨੂੰ 4 ਮਈ 1988 ਨੂੰ ਖ਼ਾਲਿਸਤਾਨੀ ਅੱਤਵਾਦੀਆਂ ਨੇ ਜਲੰਧਰ ਕਤਲ ਕਰ ਦਿੱਤਾ ਸੀ, 'ਜਗ ਬਾਣੀ' ਅਖ਼ਬਾਰ ਵਿਚ ਕੰਮ ਕਰਨ ਕਾਰਨ। ਉਹ 'ਜਗ ਬਾਣੀ' ਦਾ ਚੀਫ਼ ਸਬ ਐਡੀਟਰ ਸੀ। ਬਲਜੀਤ ਉਦੋਂ 'ਨਵਾਂ ਜ਼ਮਾਨਾ' ਵਿਚ ਉਪ ਸੰਪਾਦਕ ਸੀ।

ਬਲਜੀਤ ਨੂੰ ਮੈਂ ਬਹੁਤ ਰੋਇਆ। ਕਿਉਂਕਿ ਉਸ ਦੀ ਮੌਤ ਅਜਾਈਂ ਸੀ ਤੇ ਕਿਸੇ ਲੇਖੇ ਨਹੀਂ ਲੱਗੀ ਸੀ। ਜਦੋਂ ਉਸਦੀ ਖ਼ਬਰ ਮਿਲੀ, ਸੁਣਦੀ ਸਾਰ ਜਿਵੇਂ ਮੈਂ ਆਪਣੇ ਹੋਸ਼-ਹਵਾਸ ਖੋ ਬੈਠਾ ਸਾਂ ਤੇ ਪਿੰਡ ਮੈਂ ਆਪਣੀ ਬੈਠਕ ਵਿਚ ਏਧਰ-ਉਧਰ ਹੱਥ ਮਾਰਦਾ ਫਿਰਦਾ ਸਾਂ। ਇਹ ਵੀ ਮੈਨੂੰ ਕਿਸੇ ਨੇ ਦੱਸਿਆ ਸੀ ਕਿ ਉਦੋਂ ਮੈਂ ਕੀ ਕਰ ਰਿਹਾ ਸਾਂ।

ਬੰਤ ਦੀ ਖ਼ਬਰ ਮਿਲਦੀ ਸਾਰ ਝਟਕਾ ਤਾਂ ਬਹੁਤ ਵੱਜਾ ਸੀ, ਪਰ ਇਕ ਗੱਲੋਂ ਸੰਤੁਸ਼ਟੀ ਸੀ ਕਿ ਉਸਦੀ ਮੌਤ ਦੇਸ ਦੀ ਇੱਜ਼ਤ ਦੇ ਹਿੱਸੇ ਆਈ ਤੇ ਉਹ ਸ਼ਹੀਦ ਹੋਇਆ ਹੈ।

ਬੰਤ ਨੂੰ ਸਿਰਫ਼ ਇਸ ਕਾਰਨ ਕਤਲ ਕੀਤਾ ਗਿਆ ਸੀ ਕਿ ਉਹ ਹਿੰਦ ਸਮਾਚਾਰ ਗਰੁਪ ਦੇ ਅਖ਼ਬਾਰ ਵਿਚ ਕੰਮ ਕਰਦਾ ਸੀ ਜੋ ਖ਼ਾਲਿਸਤਾਨ ਦਾ ਨੁਕਤਾਚੀਨ ਸੀ। ਉਨ੍ਹੀਂ ਦਿਨੀਂ ਸਿਰਫ਼ ਦੋ ਅਖ਼ਬਾਰ, ਨਵਾਂ ਜ਼ਮਾਨਾ ਤੇ ਹਿੰਦ ਸਮਾਚਾਰ ਸਮੂਹ, ਖ਼ਾਲਿਸਤਾਨੀਆਂ ਦੇ ਖ਼ਿਲਾਫ਼ ਨਿਧੜਕ ਹੋ ਕੇ ਬਹਾਦੁਰੀ ਨਾਲ ਲਿਖ ਰਹੇ ਸਨ। ਬੰਤ ਨੇ ਵੀ ਪ੍ਰਤੀਬੱਧ ਹੋ ਕੇ ਲਿਖਿਆ, ਇਸ ਲਈ ਉਹਨੂੰ ਮਾਰਿਆ ਗਿਆ।

ਬਲਜੀਤ ਬਾਰੇ ਮੈਂ ਇਕ ਨਾਵਲ ''ਮੈਨੂੰ ਇਕ ਸੁਫਨਾ ਆਇਆ'' ਲਿਖਿਆ ਹੈ ਜਿਸ ਵਿਚ ਨਾਂਅ ਤੇ ਥਾਂ ਸਭ ਸੱਚੇ ਰੱਖੇ ਗਏ ਹਨ। ਇਹ ਨਾਵਲ ਇਕ ਰੁਦਨ ਹੈ। ਕਿਉਂਕਿ ਅਜਾਈਂ ਮੌਤ ਕਾਰਨ ਮੈਂ ਉਸ ਨੂੰ ਬਹੁਤ ਰੋਇਆ ਸਾਂ। ਪਰ ਬੰਤ ਬਾਰੇ ਮੈਂ ਰੋਇਆ ਨਹੀਂ। ਉਹਦੀ ਮੌਤ ਕਿਸੇ ਲੇਖੇ ਲੱਗੀ ਸੀ। ਉਸ ਬਾਰੇ ਮੈਂ ਲੰਮੀ ਤੇ ਜ਼ੋਰਦਾਰ ਕਵਿਤਾ ਲਿਖੀ-''ਨਹੀਂ, ਮੈਂ ਰੋਵਾਂਗਾ ਨਹੀਂ।'' ਕਿਉਂਕਿ ਆਪਣੇ ਅੱਥਰੂਆਂ ਨਾਲ ਮੈਂ ਉਹਦੇ ਡੁਲ੍ਹੇ ਲਾਲ ਲਹੂ ਦੇ ਰੰਗ ਨੂੰ ਹਲਕਾ ਨਹੀਂ ਸਾਂ ਕਰਨਾ ਚਾਹੁੰਦਾ।

### ਸਾਹਿਤਿਕ ਪਿਤਾਮਾ

***? ਗੁਰਬਖ਼ਸ਼ ਸਿੰਘ ਨੂੰ ਤੁਸੀਂ ਆਪਣਾ ਲੇਖਕ ਪਿਤਾ ਮੰਨਦੇ ਹੋ। ਕੀ ਉਹ ਫੇਲ੍ਹ ਹੋਇਆ ਸੁਪਨਸਾਜ਼ ਨਹੀਂ ਸੀ?***

➣ ਲੇਖਕ ਗੁਰਬਖ਼ਸ਼ ਸਿੰਘ ਮੇਰੇ ਸਾਹਿਤਕ ਪਿਤਾ ਹਨ, ਪੰਜਾਬੀ ਸਾਹਿਤ ਜਗਤ ਦੇ ਪਿਤਾਮਾ। ਮੇਰੇ ਹੀ ਨਹੀਂ, ਮੇਰੀ ਸਾਰੀ ਪੀੜ੍ਹੀ ਦੇ ਉਹ ਸਾਹਿਤਕ ਪਿਤਾ ਹਨ, ਇਹ ਮੇਰਾ ਮੰਨਣਾ ਹੈ। ਉਹਨਾਂ ਦੀ ''ਸੁਪਨਸਾਜ਼ੀ'' ਨਾਲ ਮੇਰਾ ਕੋਈ ਸਬੰਧ ਨਹੀਂ। ਗੁਰਬਖ਼ਸ਼ ਸਿੰਘ ਦੀ ਕਲਮ ਨੇ ਪੰਜਾਬੀ ਸਾਹਿਤ ਜਗਤ ਵਿਚ ਇਨਕਲਾਬ ਲੈ ਆਂਦਾ ਸੀ। ਗੁਰਬਖ਼ਸ਼ ਸਿੰਘ ਤੋਂ ਪਹਿਲਾਂ ਪੰਜਾਬੀ ਸਿੱਖੀ ਘੇਰੇ ਵਿਚ ਹੀ ਸੀ। ਗੁਰਬਖ਼ਸ਼ ਸਿੰਘ ਦੀ ਕਲਮ ਨਾਲ ਪੰਜਾਬੀ ਸਾਹਿਤ ਦਾ ਖ਼ਾਸਾ ਇਕਦਮ ਧਰਮਨਿਰਪੱਖ ਬਣ ਗਿਆ। ''ਪ੍ਰੀਤ ਲੜੀ'' ਦੇ ਆਉਣ ਨਾਲ ''ਤਾਰੇ ਛਿਪੇ ਅੰਧੇਰ ਪਲੋਆ'' ਵਾਲੀ ਹਾਲਤ ਬਣ ਗਈ ਸੀ।

ਜੇ ਤੁਸੀਂ ਪ੍ਰੀਤ ਨਗਰ ਦੇ ਵਸਿਆ ਨਾ ਰਹਿ ਸਕਣ ਕਾਰਨ ਗੁਰਬਖ਼ਸ਼ ਸਿੰਘ ਨੂੰ ਫੇਲ੍ਹ ਹੋਇਆ ਸੁਪਨਸਾਜ਼ ਕਹਿੰਦੇ ਹੋ ਤਾਂ ਇਸ ਵਿਚ ਉਸਦਾ ਦੋਸ਼ ਨਹੀਂ। ਸਰਹੱਦ ਉਤੇ ਆ ਜਾਣ ਕਾਰਨ ਪ੍ਰੀਤ ਨਗਰ ਦੀ ਇਹ ਹਾਲਤ ਦੇਸ਼- ਵੰਡ ਨੇ ਕੀਤੀ ਹੈ।

ਸੁਪਨੇ ਮਨੁੱਖ ਲੈਂਦਾ ਹੈ। ਮਹਾਂਪੁਰਸ਼ ਤੇ ਵੱਡੇ ਆਦਮੀ ਵੱਡੇ ਸੁਪਨੇ ਲੈਂਦੇ ਹਨ। ਜ਼ਰੂਰੀ ਨਹੀਂ, ਉਹਨਾਂ ਦੇ ਸੁਪਨੇ ਸਾਰੇ ਹੀ ਸਾਕਾਰ ਹੋ ਜਾਣ। ਗੁਰੂ ਨਾਨਕ ਨੇ ''ਸਭੇ ਸਾਂਝੀਵਾਲ'' ਦਾ ਸੁਪਨਾ ਲਿਆ ਸੀ, ਸੰਤ ਰਵਿਦਾਸ ਜੀ ਨੇ ''ਬੇਗਮਪੁਰਾ ਸਹਰ'' ਵਾਲਾ। ਪਰ ਇਹ ਅਜੇ ਤਕ ਪੂਰੇ ਨਹੀਂ ਹੋਏ। ਕੀ ਇਨ੍ਹਾਂ ਨੂੰ ''ਫੇਲ੍ਹ ਹੋਏ ਸੁਪਨੇਸਾਜ਼'' ਆਖੀਏ? ਅਜਿਹੇ ਸੁਪਨਿਆਂ ਕਾਰਨ ਹੀ ਇਹ ਸਾਡੇ ਲਈ ਪੂਜਨੀਕ ਹਨ।

***? ਐਮ.ਐਸ. ਰੰਧਾਵਾ ਨੂੰ ਤੁਸੀਂ ਮਹਾਂਰਿਸ਼ੀ, ਮਹਾਂ ਆਤਮਾ, ਮਹਾਂ ਕਲਾਕਾਰ ਲਿਖਿਆ। ਅੰਗਰੇਜ਼ਾਂ ਵੇਲੇ ਰੰਧਾਵਾ ਦੇਸ਼ ਭਗਤਾਂ ਨੂੰ ਸਜ਼ਾਵਾਂ ਦਿੰਦਾ ਹੁੰਦਾ ਸੀ। ਕਾਕੋਰੀ ਕੇਸ ਵੇਲੇ ਇਹਦੇ ਬਾਰੇ ਮਨਮਥਨਾਥ ਗੁਪਤ ਨੇ ਵੀ ਲਿਖਿਆ ਸੀ। ਕੀ ਇਹ ਸੱਚ ਸੀ ਜਾਂ ਤੁਸੀਂ ਹੀ ਸ਼ਖ਼ਸੀ ਪੂਜਾ ਦੀਆਂ ਹੱਦਾਂ ਨੂੰ ਛੂਹ ਗਏ ਸੀ?***

➣ ਐਮ.ਐਸ. ਰੰਧਾਵਾ ਨੂੰ ਜਿਹੋ ਜਿਹਾ ਮੈਂ ਦੇਖਿਆ, ਉਹੋ ਜਿਹਾ ਹੀ ਲਿਖਿਆ ਹੈ। ਅੰਗਰੇਜ਼ਾਂ ਵੇਲੇ ਦੇਸ਼ ਭਗਤਾਂ ਨੂੰ ਉਹਦੇ ਸਜ਼ਾਵਾਂ ਦੇਣ ਬਾਰੇ ਮੈਨੂੰ ਕੁਝ ਵੀ ਪਤਾ ਨਹੀਂ। ਮੈਂ ਤਾਂ ਉਹਦੀਆਂ ਹਰ ਕਿਸੇ ਤੋਂ ਸਿਫ਼ਤਾਂ ਹੀ ਸੁਣਦਾ ਰਿਹਾ ਹਾਂ।

ਕਦੇ ਰੰਧਾਵਾ ਚੰਡੀਗੜ੍ਹ ਦਾ ਚੀਫ਼ ਕਮਿਸ਼ਨਰ ਹੁੰਦਾ ਸੀ। ਚੰਡੀਗੜ੍ਹ ਦਾ ਰੋਜ਼ ਗਾਰਡਨ, ਪੰਜਾਬ ਆਰਟ ਕੌਂਸਲ, ਸੜਕਾਂ ਉਤੇ ਬਿਰਛ-ਬੂਟੇ ਤੇ ਹੋਰ ਹਰ ਸੁੰਦਰਤਾਈ ਨੂੰ ਲੋਕੀ ਉਸ ਨਾਲ ਜੋੜਦੇ ਹਨ। ਪੰਜਾਬੀ ਬੋਲੀ ਤੇ ਸਾਹਿਤ ਦਾ ਉਹ ਹੱਦ ਤੋਂ ਵੱਧ ਸ਼ੁਭ ਚਿੰਤਕ ਸੀ। ਸੁਹਣੀਆਂ-ਸੁਹਣੀਆਂ ਲਾਇਬਰੇਰੀਆਂ ਕਈ ਥਾਈਂ ਉਹਨੇ ਬਣਵਾਈਆਂ। ਲਛਮਣ ਸਿੰਘ ਗਿੱਲ ਨੂੰ ਪੰਜਾਬ ਵਿਚ ਪੰਜਾਬੀ ਲਾਗੂ ਕਰਨ ਦਾ ਮਸ਼ਵਰਾ ਰੰਧਾਵਾ ਨੇ ਹੀ ਦਿੱਤਾ ਸੀ, ਲਛਮਣ ਸਿੰਘ ਗਿੱਲ ਦੀ ਇਹ ਆਪਣੀ ਸੋਚ ਨਹੀਂ ਸੀ।

ਸ਼ਖ਼ਸੀਅਤ ਵੀ ਰੰਧਾਵਾ ਜੀ ਦੀ ਬਹੁਤ ਖ਼ੂਬਸੂਰਤ ਸੀ। ਸੁਹਣੀ ਸ਼ਕਲ, ਜਲ-ਜਲੌਅ। ਮੈਨੂੰ ਜਦੋਂ ਮਿਲਦੇ ਸਨ, ਖਿੜੇ ਮੱਥੇ ਮਿਲਦੇ ਸਨ। ਮੈਨੂੰ ਉਹ ਮਹਾਂ ਰਿਸ਼ੀ, ਮਹਾਂ ਆਤਮਾ, ਮਹਾਂ ਕਲਾਕਾਰ ਹੀ ਨਜ਼ਰ ਆਉਂਦੇ ਸਨ।

ਜਿਸ ਨੂੰ ਰੰਧਾਵਾ ਜੀ ਦੇ ਮਾੜੇ ਪੱਖਾਂ ਦਾ ਪਤਾ ਹੈ, ਉਹ ਉਸ ਬਾਰੇ ਲਿਖ ਦੇਵੇ।

### ਮਿੱਤਰ-ਲੇਖਕ-ਅਲੋਚਕ

***? ਬਲਵੰਤ ਗਾਰਗੀ ਨਾਲ ਤੁਹਾਡੀ ਬੜੀ ਮਿੱਤਰਤਾ ਸੀ। ਪਰ ਉਹ ਤਾਂ ਪ੍ਰਤੀਬੱਧ ਲੇਖਕ ਨਹੀਂ ਸੀ?***

➣ ਮਿੱਤਰਤਾ ਕਿਸੇ ਪ੍ਰਤੀਬੱਧ ਦੀ ਪ੍ਰਤੀਬੱਧ ਨਾਲ ਹੀ ਨਹੀਂ ਹੁੰਦੀ, ਕਿਸੇ ਗ਼ੈਰ-ਪ੍ਰਤੀਬੱਧ ਨਾਲ ਵੀ ਹੋ ਸਕਦੀ ਹੈ। ਇਹ ਤਾਂ ਉਹੀ ਗੱਲ ਹੈ ਕਿ ਕਿਸੇ ਹਿੰਦੂ ਦੀ ਮਿੱਤਰਤਾ ਕਿਸੇ ਹਿੰਦੂ ਨਾਲ ਹੀ ਹੋਵੇ ਤੇ ਕਿਸੇ ਸਿੱਖ ਦੀ ਸਿੱਖ ਨਾਲ।

ਗਾਰਗੀ ਬੜਾ ਚੰਗਾ ਲੇਖਕ ਸੀ ਤੇ ਬੜੀ ਦਿਲਕਸ਼ ਸ਼ਖ਼ਸੀਅਤ ਦਾ ਮਾਲਿਕ। ਮੈਨੂੰ ਆਪਣੇ ਘਰ ਠਹਿਰਾ ਕੇ ਉਸਨੂੰ ਖ਼ੁਸ਼ੀ ਹੁੰਦੀ ਸੀ। ਜਦੋਂ ਮੈਂ ਪਿੰਡ ਰਹਿੰਦਾ ਸਾਂ, ਦਿੱਲੀਓਂ ਜਲੰਧਰ ਜਾਂਦਾ ਉਹ ਮੈਨੂੰ ਰਾਹ ਵਿਚ ਉੱਤਰ ਕੇ ਮਿਲਦਾ। ਉਹ ਮੈਨੂੰ ਗੁਣਵਾਣ ਲੇਖਕ ਸਮਝਦਾ ਹੁੰਦਾ ਸੀ।

***? ਗੁਰਚਰਨ ਰਾਮਪੁਰੀ ਤੇ ਅਜਾਇਬ ਚਿੱਤਰਕਾਰ ਬਾਰੇ ਵੀ ਬੜੇ ਤੇਹੁ ਨਾਲ ਗੱਲਾਂ ਕਰਦੇ ਹੋ। ਇਨ੍ਹਾਂ ਦੇ ਗੁਣ ਔਗੁਣਾਂ ਦਾ ਵੀ ਕੁਝ ਦੱਸੋ?***

➣ ਇਹ ਦੋਵੇਂ ਮੇਰੇ ਬੜੇ ਪੁਰਾਣੇ ਤੇ ਬੜੇ ਗਹਿਰੇ ਦੋਸਤ ਹਨ। ਅਜਾਇਬ ਪਹਿਲਾਂ ਦੋਸਤ ਬਣਿਆ, ਗੁਰਚਰਨ ਪਿਛੋਂ।

ਇਨ੍ਹਾਂ ਵਿਚ ਬਹੁਤ ਗੁਣ ਹਨ। ਸਾਰੇ ਏਥੇ ਬਖਾਨੇ ਨਹੀਂ ਜਾਣੇ। ਗੁਰਚਰਨ ਕਵੀ ਤਾਂ ਹੈ ਹੀ ਚੰਗਾ, ਹਾਜ਼ਰ ਜਵਾਬੀ ਤੋਂ ਬਿਨਾਂ, ਉਹਦੀਆਂ ਗੱਲਾਂ ਵੀ ਬੜੀਆਂ ਰਸੀਲੀਆਂ ਤੇ ਦਿਲਚਸਪ ਹੁੰਦੀਆਂ ਹਨ। ਅਜਾਇਬ ਦਾ ਸਾਹਿਤਕ ਪਾਇਆ ਬਹੁਤ ਉੱਚਾ ਹੈ। ਜੋ ਵੀ ਲਿਖਦਾ ਹੈ, ਪੱਕਾ ਅਤੇ ਨੁੱਕਦਾਰ। ਅੱਜ ਕੱਲ੍ਹ ਗ਼ਜ਼ਲਾਂ ਲਿਖਦਾ ਹੈ। ਉਹਦੇ ਵਰਗੀ ਪੁਖ਼ਤਾ ਗ਼ਜ਼ਲ ਹਰ ਕੋਈ ਲਿਖ ਸਕਦਾ ਨਹੀਂ।

ਸਾਹਿਰ ਲੁਧਿਆਣਵੀ ਦਾ ਉਹ ਬਹੁਤ ਦੋਸਤ ਹੁੰਦਾ ਸੀ। ਸਾਹਿਰ ਦੇ ਮੁੰਬਈ ਜਾਣ ਤੋਂ ਪਹਿਲਾਂ ਉਹ ਤੇ ਸਾਹਿਰ ਅੱਧੀ-ਅੱਧੀ ਰਾਤ ਤਕ ਲੁਧਿਆਣੇ ਦੀਆਂ ਸੜਕਾਂ 'ਤੇ ਆਵਾਰਾਗਰਦੀ ਕਰਦੇ ਰਹਿੰਦੇ। ''ਤਾਜ'' ਤੇ ਕਈ ਹੋਰ ਨਜ਼ਮਾਂ ਸਾਹਿਰ ਨੇ ਅਜਾਇਬ ਨਾਲ ਆਵਾਰਾਗਰਦੀ ਕਰਦਿਆਂ ਲਿਖੀਆਂ ਸਨ।

ਅਜਾਇਬ ਅਤੇ ਗੁਰਚਰਨ ਹੀ ਹਨ ਜਿਨ੍ਹਾਂ ਮੈਨੂੰ ਕਮਿਊਨਿਸਟ ਪਾਰਟੀ ਵੱਲ ਪ੍ਰੇਰਿਆ।

ਅਜਾਇਬ ਘੋਲੀ ਬਹੁਤ ਰਿਹਾ। ਉਸ ਨੂੰ ਉਹਦੀ ਘੋਲ ਨੇ ਬਹੁਤ ਪਿੱਛੇ ਰੱਖਿਆ ਹੈ। ਇਹ ਉਹਦਾ ਵੱਡਾ ਔਗੁਣ ਹੈ। ਬਾਕੀ ਔਗੁਣ ਦੋਹਾਂ ਨੂੰ ਆਪਣੇ ਆਪ ਦੱਸਣੇ ਚਾਹੀਦੇ ਹਨ।

***? ਤੁਸੀਂ ਪਾਸ਼ ਨੂੰ ਮਹਾਨ ਕਵੀ ਲਿਖਿਆ। ਇਹਦੇ ਮੈਮੋਰੀਅਲ ਟਰੱਸਟ ਦਾ ਇਨਾਮ ਵੀ ਲਿਆ। ਪਰ ਪਾਸ਼ ਨੇ ਆਪਣੀ ਚਿੱਠੀ ਵਿਚ ਤੁਹਾਨੂੰ ਮੰਗਤਾ ਕਹਿ ਕੇ ਨਿਵਾਜਿਆ। ਅਜੀਬ ਸਤਿਕਾਰ ਨਹੀਂ ਇਹ?***

➣ ਪਾਸ਼ ਦੇ ਕਾਵਿ-ਗੁਣ ਦੀ ਮੈਂ ਪ੍ਰਸੰਸਾ ਕੀਤੀ, ਅਤੇ ਕਰਦਾ ਰਹਾਂਗਾ। ਉਹ ਇਕ ਵਿਲੱਖਣ ਕਵੀ ਸੀ। ਪਾਸ਼ ਦੇ ਮੈਮੋਰੀਅਲ ਟਰੱਸਟ ਨੇ ਮੈਨੂੰ ਇਨਾਮ ਦਿੱਤਾ, ਮੈਂ ਮਾਣ ਨਾਲ ਲੈਣ ਗਿਆ। ਉਸ ਸਮੇਂ ਮੈਨੂੰ ਇਕ ਕਿਤਾਬ ਦਿੱਤੀ ਗਈ ਸੀ, ਪਾਸ਼ ਦੀਆਂ ਚਿੱਠੀਆਂ ਦੀ। ਉਸ ਵਿਚ ਇਕ ਚਿੱਠੀ ਸੀ ਜੋ ਮੈਨੂੰ ਹੁਣ ਯਾਦ ਨਹੀਂ ਕਿ ਕਿਸ ਵੱਲ ਲਿਖੀ ਹੋਈ ਸੀ। ਉਸ ਵਿਚ ਮੇਰਾ ਅਤੇ ਸ਼ਿਵ ਕੁਮਾਰ ਦਾ ਇੰਗਲੈਂਡ ਜਾਣ ਬਾਰੇ ਜ਼ਿਕਰ ਕੀਤਾ ਹੋਇਆ ਸੀ। ਉਨ੍ਹੀਂ ਦਿਨੀਂ ਉਹ ਆਪ ਇੰਗਲੈਂਡ ਜਾਣ ਦਾ ਯਤਨ ਕਰ ਰਿਹਾ ਹੋਵੇਗਾ ਕਿ ਉਹਨੂੰ ਵੀ ਕੋਈ ਬੁਲਾਵੇ ਤੇ ਉਹ ਵੀ ਉਥੇ ਜਾ ਸਕੇ। ਉਹਨੇ ਇਸ ਸੰਦਰਭ ਵਿਚ ਇਹ ਗੱਲ ਲਿਖੀ ਹੋਈ ਸੀ ਕਿ ਉਹ ਸ਼ਿਵ ਕੁਮਾਰ ਜਾਂ ਧੀਰ ਵਾਂਗ ਮੰਗਤਾ ਨਹੀਂ। ਮੈਂ ਉਹ ਚਿੱਠੀ ਪੜ੍ਹੀ ਤਾਂ ਮੈਨੂੰ ਬਹੁਤ ਦੁੱਖ ਹੋਇਆ। ਮੈਂ ਆਪਣੀ ਡਾਇਰੀ ਦਾ ਪੰਨਾ ਲਿਖਦੇ ਆਖਿਆ ਕਿ ਮੈਨੂੰ ਹੁਣ ਪਤਾ ਲੱਗਾ ਹੈ ਕਿ ਮੈਂ ਮੰਗਤਾ ਵੀ ਹਾਂ, ਮੈਂ ਤਾਂ ਆਪਣੇ ਆਪ ਨੂੰ ਕੁਝ ਹੋਰ ਹੀ ਸਮਝ ਰਿਹਾ ਸਾਂ।

ਇਹ ਪੰਨਾ ਛਪਿਆ ਤਾਂ ਉਹਦੇ ਇਕ ਸ਼ਰਧਾਲੂ ਦੀ ਚਿੱਠੀ ਆਈ : ''ਧੀਰ ਜੀ, ਬੱਚਿਆਂ ਦੀਆਂ ਗੱਲਾਂ ਦਾ ਗੁੱਸਾ ਨਹੀਂ ਕਰੀਦਾ। ਨਜ਼ਰ-ਅੰਦਾਜ਼ ਕਰ ਛੱਡੀਦਾ ਹੈ।''

ਪਾਸ਼ ਮੇਰਾ ਬਹੁਤ ਸਤਿਕਾਰ ਕਰਦਾ ਤੇ ਝੁਕ ਕੇ ਮਿਲਦਾ ਹੁੰਦਾ ਸੀ। ਪਿਛਲੇ ਦਿਨੀਂ, ਕਹਿੰਦੇ ਹਨ ਕਿ, ਬਹੁਤ ਸ਼ਰਾਬ ਪੀਣ ਲੱਗ ਗਿਆ ਸੀ ਤੇ ਕੁਝ ਉਲਾਰ ਹੋ ਗਿਆ ਸੀ। ਸੰਭਵ ਹੈ, ਇਹ ''ਅਜੀਬ ਸਤਿਕਾਰ'' ਇਸ ਕਾਰਨ ਹੋ ਗਿਆ ਹੋਵੇ। ਪਰ ਇਹ ਉਸ ਵੱਲੋਂ ਹੀ ਸੀ। ਮੇਰਾ ਤਾਂ ਉਹ ਅਜ਼ੀਜ਼ ਸੀ।

### ਲੂਣਾ ਦੀ ਮੁਖ਼ਾਲਫ਼ਤ

***? ਸ਼ਿਵ ਕੁਮਾਰ ਦੀ ਲੂਣਾ ਦੇ ਤੁਸੀਂ ਖ਼ਿਲਾਫ਼ ਬੋਲੇ ਪਰ ਸੰਤ ਸਿੰਘ ਸੇਖੋਂ ਵਰਗਾ ਸੂਝਵਾਨ ਇਸਦਾ ਅੰਗਰੇਜ਼ੀ ਉਲਥਾ ਕਰਨ ਤਕ ਗਿਆ। ਕੀ ਮੰਨੀਏ ਕੌਣ ਸਹੀ ਸੀ?***

➣ ਸ਼ਿਵ ਕੁਮਾਰ ਦੀ ''ਲੂਣਾ'' ਦੇ ਖ਼ਿਲਾਫ਼ ਮੈਂ ਬੋਲਿਆ ਹੀ ਨਹੀਂ, ਸਗੋਂ ਮੈਂ ਉਹਦੇ ਖ਼ਿਲਾਫ਼ ਲੇਖ ਵੀ ਲਿਖਿਆ ਹੈ ਜੋ ਮੇਰੀ ਪੁਸਤਕ ''ਮਿੱਸੇ ਦਾਣੇ'' ਵਿਚ ਸ਼ਾਮਿਲ ਹੈ। ਸ਼ਿਵ ਕੁਮਾਰ ਦੀ ਲੂਣਾ ਬੁਨਿਆਦੀ ਤੌਰ 'ਤੇ ਗ਼ਲਤ ਹੈ। ਇਹ ਅਰਧ-ਮਿਥਿਹਾਸਿਕ ਕਹਾਣੀ ਹੈ। ਤੁਸੀਂ ਮਿਥਿਹਾਸ ਜਾਂ ਅਰਧ-ਮਿਥਿਹਾਸ ਨੂੰ ਬਦਲ ਨਹੀਂ ਸਕਦੇ, ਵਿਆਖਿਆ ਨਵੀਂ ਕਰ ਸਕਦੇ ਹੋ। ਸ਼ਿਵ ਕੁਮਾਰ ਨੇ ਵਿਆਖਿਆ ਨਵੀਂ ਨਹੀਂ ਕੀਤੀ, ਕਹਾਣੀ ਨੂੰ ਤੋੜਿਆ-ਭੰਨਿਆ ਤੇ ਅਰਥਾਂ ਨੂੰ ਉਲਟਾਇਆ ਹੈ। ਹੁਣ ਤਕ ਪ੍ਰਾਪਤ ਤੇ ਲੋਕਾਂ ਵਲੋਂ ਪ੍ਰਵਾਨੀ ਗਈ ਪੂਰਨ ਦੀ ਕਹਾਣੀ ਵਿਚ ਲੂਣਾ ਖਲਨਾਇਕਾ ਹੈ, ਪਰ ਸ਼ਿਵ ਕੁਮਾਰ ਖਲਾਇਕਾ ਨੂੰ ਨਾਇਕਾ ਬਣਾ ਕੇ ਪੇਸ਼ ਕਰਦਾ ਹੈ ਜਿਸ ਨਾਲ ਵਾਜਬੀਅਤ ਨਹੀਂ। ਅਤੇ ਫੇਰ ਏਥੇ ਵੀ ਕਿਰਦਾਰ ਪੱਖੋਂ ਲੂਣਾ ਪਹਿਲੀਆਂ ਕਹਾਣੀਆਂ ਵਾਂਗੂੰ ਖਲਨਾਇਕਾ ਹੀ ਰਹਿੰਦੀ ਹੈ।

ਲੂਣਾ ਬੁੱਢੇ ਨਾਲ ਵਿਆਹੀ ਗਈ, ਇਹ ਉਸ ਨਾਲ ਜਬਰ ਹੈ। ਪੂਰਨ ਉਤੇ ਮੋਹਿਤ ਹੋ ਜਾਣਾ ਵੀ ਉਹਦਾ ਹੱਕ-ਬਿਜਾਨਬ ਹੈ। ਪਰ ਜਦੋਂ ਉਹ ਪੂਰਨ ਉਤੇ ਝੂਠਾ ਦੋਸ਼ ਲਾਉਂਦੀ ਹੈ, ਉਦੋਂ ਉਹ ਹੱਕ-ਬਨਾਜਬ ਨਹੀਂ। ਇਹ ਦੋਸ਼ ਆਪਣਾ ਆਪ ਬਚਾਉਣ ਲਈ ਲਾਇਆ ਗਿਆ ਹੈ। ਪਰ ਜਿਹੜੇ ਸੱਚੇ ਪ੍ਰੇਮੀ ਹਨ, ਉਹ ਤਾਂ ਦੂਜੇ ਦੇ ਦੋਸ਼ਾਂ ਨੂੰ ਵੀ ਆਪਣੇ ਉਤੇ ਲੈ ਲੈਂਦੇ ਤੇ ਸੂਲੀਆਂ ਝੂਟ ਜਾਂਦੇ ਹਨ, ਆਪਣੇ ਦੋਸ਼ ਦੂਜੇ ਉਤੇ ਲਾਉਣੇ ਤਾਂ ਇਕ ਪਾਸੇ ਰਹੇ। ਸ਼ਿਵ ਕੁਮਾਰ ਦੀ ਲੂਣਾ ਵੀ ਪਹਿਲੀਆਂ ਲੂਣਾਵਾਂ ਵਾਂਗ ਇਹੋ ਕਾਰਜ ਕਰਦੀ ਹੈ। ਇਸ ਲਈ ਉਹ ਖਲਨਾਇਕਾ ਹੈ। ਉਹ ਕਿਸੇ ਸੱਚੀ ਨਾਇਕਾ ਵਾਂਗ ਰਾਹ-ਦਿਸੇਰੀ ਨਹੀਂ ਹੈ।

ਫੇਰ ਪਾਖੰਡਣ ਬੜੀ ਹੈ ਸ਼ਿਵ ਕੁਮਾਰ ਦੀ ਸਿਰਜੀ ਲੂਣਾ। ਜਦੋਂ ਸਲਵਾਨ ਪੂਰਨ ਨੂੰ ਸਜ਼ਾ ਸੁਣਾਉਣ ਲਗਦਾ ਹੈ ਤਾਂ, ਸ਼ਿਵ ਕੁਮਾਰ ਦੀ ਲੂਣਾ, ਨੱਸੀ-ਨੱਸੀ ਆ ਕੇ ਸਲਵਾਨ ਨੂੰ ਆਖਣ ਲੱਗਦੀ ਹੈ :

*ਮਹਾਰਾਜ! ਕੁਝ ਰਹਿਮ ਕਮਾਓ*<br>
*ਇਹ ਬੱਚਾ ਹੈ, ਬੁੱਧਹੀਣ ਹੈ*<br>
*ਇਸ ਤੇ ਏਡਾ ਜ਼ੁਲਮ ਨਾ ਢਾਓ।*

ਬੁੱਧਹੀਣ ਪੂਰਨ ਹੈ ਜਾਂ ਲੂਣਾ ਆਪ? ਬੁੱਧਹੀਣਾਂ ਵਾਲਾ ਕੰਮ ਕਿਸ ਨੇ ਕੀਤਾ ਹੈ? ਪੂਰਨ ਨੇ? ਸੋ ਸ਼ਿਵ ਕੁਮਾਰ ਦੀ ਲੂਣਾ ਸੌ-ਫ਼ੀ-ਸਦੀ ਖਲਾਇਕਾ ਹੈ। ਝੂਠੀ ਹੈ, ਮੱਕਾਰ ਹੈ, ਡਿੱਗੀ ਹੋਈ ਤੇ ਕਪਟੀ ਹੈ। ਅਜਿਹੇ ਕਿਰਦਾਰ ਮਹਾਂ ਕਾਵਾਂ ਦੇ ਨਾਇਕ ਨਹੀਂ ਹੁੰਦੇ।

ਬੁੱਢੇ ਨਾਲ ਵਿਆਹੇ ਜਾਣ ਵਿਚ ਪੂਰਨ ਦਾ ਕੋਈ ਕਸੂਰ ਨਹੀਂ, ਸਮਾਜ ਦਾ ਕਸੂਰ ਹੈ। ਪਰ ਲੂਣਾ ਮਰਵਾਉਂਦੀ ਪੂਰਨ ਨੂੰ ਹੈ!

ਸ਼ਿਵ ਕੁਮਾਰ ਜੇ ਕਿਸੇ ਜਵਾਨ ਔਰਤ ਦੇ ਬੁੱਢੇ ਨਾਲ ਵਿਆਹੇ ਜਾਣ ਦੇ ਦੁਖਾਂਤ ਨੂੰ ਲਿਖਣਾ ਚਾਹੁੰਦਾ ਸੀ ਤਾਂ ਉਹਨੂੰ ਕਿਸੇ ਆਮ ਔਰਤ ਦੀ ਚੋਣ ਕਰ ਲੈਣੀ ਚਾਹੀਦੀ ਸੀ। ਪੂਰਨ ਦੀ ਇਸ ਕਹਾਣੀ ਨੂੰ ਇਉਂ ਤੋੜਨਾ ਨਹੀਂ ਸੀ ਚਾਹੀਦਾ। ਕੱਲ੍ਹ ਨੂੰ ਕੋਈ ਹਿਟਲਰਾਂ-ਮਸੋਲੀਨੀਆਂ ਤੇ ਟੋਜੋਆਂ ਨੂੰ ਨਾਇਕ ਬਣਾ ਧਰੇਗਾ।

ਅੰਗਰੇਜ਼ੀ ਉਲਥਾ ਕਰਨ ਨਾਲ ਕੋਈ ਗ਼ਲਤ ਕਿਤਾਬ ਠੀਕ ਸਾਬਿਤ ਨਹੀਂ ਹੋ ਜਾਂਦੀ। ਇਹ ਅੰਗਰੇਜ਼ੀ ਭਾਸ਼ਾ ਦੀ ਉਚਿਆਈ (Supermacy) ਨੂੰ ਮੰਨਣਾ ਹੈ ਮੱਲੋ-ਮੱਲੀ ਦਾ।

ਸੇਖੋਂ ਵਰਗਾ ''ਸੂਝਵਾਨ'' ਖ਼ਾਲਿਸਤਾਨੀ ਲਹਿਰ ਦਾ ਸਮਰਥੱਕ ਬਣ ਗਿਆ ਸੀ ਤੇ ਫ਼ਾਸ਼ਿਸਟ ਖ਼ਾਲਿਸਤਾਨੀ ਬੇਗੁਨਾਹਾਂ ਦੇ ਕਾਤਲਾਂ ਨੂੰ ਨੌਜਵਾਨ, ਜੁਝਾਰੂ, ਬੱਚੇ ਤੇ ਮੁੰਡੇ ਆਖ ਲਗਾਤਾਰ ਉਹਨਾਂ ਦੇ ਹੱਕ ਵਿਚ ਲੇਖ ਲਿਖ ਰਿਹਾ ਸੀ। ਸੰਤ ਸਿੰਘ ਸੇਖੋਂ ਦੀ ''ਸੂਝਵਾਨੀ'' ਅੱਗੇ ਮੈਂ ਦੋਵੇਂ ਹੱਥ ਜੋੜਦਾ ਹਾਂ।

### ਰੂਸ ਦਾ ਇਨਕਲਾਬ

***? ਤੁਹਾਡੇ ਜੀਵਨ ਕਾਲ ਵਿਚ ਹੀ ਰੂਸ ਦਾ ਇਨਕਲਾਬ ਚਲਾ ਵੀ ਗਿਆ। ਕੀ ਤੁਸੀਂ ਵੀ ਸਮਝਦੇ ਹੋ ਕਿ ਅਸਲੀ ਇਨਕਲਾਬ ਅਜੇ ਆਉਣਾ ਹੈ ਜਾਂ ਖ਼ਬਰੇ ਆਵੇ ਹੀ ਨਾ?***

➣ ਲੋਕ ਪੂੰਜੀਵਾਦੀ ਰਾਜਪ੍ਰਬੰਧ ਤੋਂ ਸੰਤੁਸ਼ਟ ਨਹੀਂ। ਇਸਦਾ ਬਦਲ ਚਾਹੁੰਦੇ ਹਨ। ਉਹ ਬਦਲ ਗ਼ੈਰ-ਪੂੰਜੀਵਾਦੀ ਰਾਜਪ੍ਰਬੰਧ ਹੈ-ਸਭੇ ਸਾਂਝੀਵਾਲਤਾ ਵਾਲਾ। ਅਸੀਂ ਉਹਨੂੰ ਸਮਾਜਵਾਦ, ਇਨਕਲਾਬ, ਕੁਝ ਵੀ ਕਹੀਏ।

''ਆਵੇ ਹੀ ਨਾ'' ਵਾਲੀ ਗੱਲ ਦਰੁਸਤ ਨਹੀਂ ਹੈ। ਗ਼ਰੀਬੀ, ਬੇਕਾਰੀ, ਬੀਮਾਰੀ, ਬੇਰੁਜ਼ਗਾਰੀ ਤੇ ਬੇ-ਯਕੀਨੀ ਦੀ ਹਾਲਤ ਹਰ ਪਾਸੇ ਦਿਸ ਰਹੀ ਹੈ। ਲੋਕ ਸੰਘਰਸ਼ ਕਰਦੇ ਤੇ ਡਾਂਗਾਂ-ਗੋਲੀਆਂ ਖਾਂਦੇ ਚੰਡੀਗੜ੍ਹ ਦੇ ਮਟਕਾ ਚੌਕ ਵਿਚ ਅਸੀਂ ਰੋਜ਼ ਤੱਕ ਰਹੇ ਹਾਂ। ਇਹ ਮਟਕਾ ਚੌਕ ਸਾਰੇ ਦੇਸ਼ ਵਿਚ ਫੈਲਿਆ ਹੋਇਆ ਹੈ। ਸੋ ''ਆਵੇ ਹੀ ਨਾ'' ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

***? ਭਾਰਤ ਦੀਆਂ ਕਮਿਊਨਿਸਟ ਪਾਰਟੀਆਂ ਦੇ ਦੋਫਾੜ ਹੋਣ ਵਿਚ ਕੁਝ ਇਕ ਲੀਡਰਾਂ ਦੇ ਨਿੱਜੀ ਹਿਤ ਵੀ ਸ਼ਾਮਲ ਸਨ?***

➣ ਦੋਫਾੜ ਹੋਣ ਵੇਲੇ ਤਾਂ ਨਿੱਜੀ ਹਿਤ ਨਹੀਂ ਸਨ, ਸਿਆਸੀ ਮਤਭੇਦ ਸਨ, ਚੀਨ ਦੇ ਹਮਲੇ ਬਾਰੇ ਤੇ ਜਨ ਸੰਘ (ਅੱਜ ਦੀ ਭਾਜਪਾ) ਦੇ ਮੁਕਾਬਲੇ ਕਾਂਗਰਸ ਵੱਲ ਪਹੁੰਚ ਬਾਰੇ। ਪਰ ਹੁਣ ਇੱਕ ਨਾ ਹੋਣ ਵਿਚ ਜ਼ਰੂਰ ਨਿੱਜੀ ਹਿਤ ਹਨ, ਜਦ ਪਾਲਸੀ ਅਤੇ ਸਿਧਾਂਤ ਵੀ ਦੋਹਾਂ ਦੇ ਅੱਜ ਇਕ ਹਨ। ਇਹ ਨਿੱਜੀ ਹਿਤ ਲੀਡਰੀਆਂ-ਚੌਧਰਾਂ ਦੇ ਹਨ। ਹਿਤਾਂ ਤੋਂ ਬਿਨਾਂ ਕੁਝ ਹਉਮੈ ਵੀ ਹੈ ਲੀਡਰਾਂ ਦੀ। ਸੀ.ਪੀ.ਐਮ. ਜਿਸ ਸਿਆਸਤ ਕਾਰਨ ਵੱਖ ਹੋਈ ਸੀ ਸੀ.ਪੀ.ਆਈ. ਭਾਵ ਮਾਂ-ਪਾਰਟੀ ਨਾਲੋਂ, ਅੱਜ ਉਸੇ ਸਿਆਸਤ ਉਤੇ ਉਹ ਵਾਪਸ ਪਰਤ ਆਈ ਹੈ; ਸਗੋਂ ਇਸ ਸਿਆਸਤ ਦੀ ਉਹ ਸੀ.ਪੀ.ਆਈ. ਤੋਂ ਕਿਤੇ ਵੱਧ ਧਾਰਨੀ ਬਣੀ ਹੋਈ ਹੈ; ਪਰ ਇੱਕ ਹੋਣਾ ਨਹੀਂ ਚਾਹੁੰਦੀ। ਬੰਗਾਲ ਅਤੇ ਕੇਰਲਾ ਵਿਚ ਹਕੂਮਤਾਂ ਹੋਣ ਕਾਰਨ ਉਹਨੂੰ ਇਸਦਾ ਬਹੁਤ ਘੁਮੰਡ ਹੈ। ਉਹ ਦੇਸ ਬਾਰੇ ਨਹੀਂ ਸੋਚਦੀ, ਉਸ ਲਈ ਕੇਰਲਾ ਅਤੇ ਬੰਗਾਲ ਹੀ ਸਾਰਾ ਦੇਸ ਹਨ।

***? ਚੀਨ ਦੇ ਭਾਰਤ ਉੱਪਰ ਹੋਏ ਹਮਲੇ ਬਾਰੇ ਹੁਣ ਇਨਕਸ਼ਾਫ਼ ਹੋਏ ਹਨ ਕਿ ਅਸਲ ਵਿਚ ਇਹ ਹਮਲਾ ਰੂਸ ਦੀ ਸ਼ਹਿ ਨਾਲ ਹੀ ਹੋਇਆ ਸੀ। ਕੀ ਤੁਹਾਨੂੰ ਇਹ ਸੁਣਕੇ ਧੱਕਾ ਨਹੀਂ ਲਗਦਾ?***

➣ ਬਿਲਕੁਲ ਗ਼ਲਤ। ਰੂਸ ਨੂੰ ਇਸ ਹਮਲੇ ਲਈ ਸ਼ਹਿ ਦੇਣ ਦਾ ਕੀ ਫ਼ਾਇਦਾ ਹੋ ਸਕਦਾ ਸੀ? ਰੂਸ ਨਾਲ ਤਾਂ ਉਦੋਂ ਚੀਨ ਦੇ ਮਤਭੇਦ ਹੀ ਬਹੁਤ ਸਨ। ਉਹ ਹਮਲਾ ਚੀਨ ਦੀ ਗ਼ੈਰ-ਕਮਿਊਨਿਸਟ, ਪਸਾਰਵਾਦੀ, ਫ਼ਿਊਡਲ ਸੋਚ ਨੇ ਕੀਤਾ ਸੀ। ਸਾਮੰਤਵਾਦੀ ਹੈਂਕੜ ਨੇ। ਰੂਸ ਆਪਣੀ ਮਸਲਹਤ ਕਾਰਨ

ਕੁਝ ਚਿਰ ਚੁੱਪ ਰਿਹਾ ਸੀ। "ਚੀਨ ਭਰਾ ਹੈ, ਭਾਰਤ ਦੋਸਤ।'' ਫੇਰ ਉਸ ਨਿਖੇਧੀ ਕੀਤੀ। ਸ਼ਹਿ ਦੇਣ ਵਾਲੇ ਨੇ ਨਿਖੇਧੀ ਕਿਉਂ ਕਰਨੀ ਸੀ?

ਭਾਰਤ ਵਿਚ ਜਨਸੰਘ ਜ਼ਰੂਰ ਆਖ ਰਿਹਾ ਸੀ ਕਿ ਇਹ ਹਮਲਾ ਚੀਨ ਕੋਲੋਂ ਰੂਸ ਨੇ ਕਰਵਾਇਆ ਹੈ, ਚੀਨ ਇਕੱਲਾ ਨਹੀਂ ਸੀ। ਜਨਸੰਘ ਅੱਜ ਦੀ ਭਾਜਪਾ ਹੈ।

ਰੂਸ ਭਾਰਤ ਦਾ ਉਦੋਂ ਵੀ ਦੋਸਤ ਸੀ, ਅੱਜ ਵੀ ਦੋਸਤ ਹੈ। ਚੀਨ ਅੱਜ ਵੀ ਕਿਸੇ ਗੱਲੋਂ ਤੀਜੇ ਦਿਨ ਵਿਟਰ ਜਾਂਦਾ ਹੈ।

44 ਸਾਲਾਂ ਮਗਰੋਂ ਜਿਹੜੇ "ਇਨਕਸ਼ਾਫ਼'' ਅੱਜ ਹੋਏ ਹਨ, ਇਨ੍ਹਾਂ ਦੇ ਇਨਕਸ਼ਾਫ਼ੀਏ ਏਨਾ ਚਿਰ ਕਿਥੇ ਸੁੱਤੇ ਰਹੇ? ਅਜਿਹੇ "ਇਨਕਸ਼ਾਫ਼ਾਂ'' ਪਿਛੇ ਕਿਸੇ ਸੰਸਾਰ ਪੱਧਰ ਦੇ "ਮਹਾਂ ਜਨਸੰਘੀਆਂ'' ਭਾਵ ਸਾਮਰਾਜੀਆਂ ਦੇ ਮਹਾਨ-ਮਹਾਨ ਖੋਜਕਾਰ ਖੋਜਕਾਰੀਆਂ ਕਰਦੇ ਹਨ। ਇਹ ਉਨ੍ਹਾਂ ਦੇ ਹੀ ਕੱਢੇ ਹੋਏ "ਦੁਰਲੱਭ'' ਸਿੱਟੇ ਹਨ।

### ਰਚਨਾ ਪ੍ਰਕਿਰਿਆ

***? ਕਾਫ਼ੀ ਸਮੇਂ ਮਗਰੋਂ ਮੈਂ ਮੁੜ ਕੇ ਛੰਦਾਬੰਦੀ ਵਿਚ ਕਵਿਤਾ ਲਿਖੀ ਹੈ। ਛੰਦਾਬੰਦੀ ਮਾੜੀ ਨਹੀਂ ਸਗੋਂ ਬਹੁਤ ਚੰਗੀ ਹੈ। (ਅਗਸਤ 1984)। ਇਹ ਮੰਨ ਕੇ ਵੀ ਤੁਸੀਂ ਹੁਣ ਛੰਦਾਬੰਦੀ ਵਿਚ ਨਹੀਂ ਲਿਖਦੇ। ਨਾ ਹੀ ਤੁਸੀਂ .ਗਜ਼ਲ ਲਿਖੀ ਹੈ। ਕਿਉਂ?***

➢ 1984 ਵਿਚ ਮੈਂ ਇਹ ਗੱਲ ਕਿਤੇ ਕਹੀ ਜਾਂ ਲਿਖੀ ਹੋਵੇਗੀ, ਆਪਣੀ ਡਾਇਰੀ ਦੇ ਪੰਨੇ ਵਿਚ ਜਾਂ ਕਿਤੇ ਹੋਰ। ਇਨ੍ਹਾਂ ਬਾਈ ਵਰ੍ਹਿਆਂ ਵਿਚ ਮੈਂ ਛੰਦਾਬੰਦੀ ਤੇ ਖੁੱਲ੍ਹਾ ਰੂਪ ਦੋਵੇਂ ਤਰ੍ਹਾਂ ਕਵਿਤਾਵਾਂ ਲਿਖੀਆਂ। ਇਹ ਕੋਈ ਪੱਕਾ ਗੁਰ ਨਹੀਂ, ਫ਼ੈਸਲਾ ਵਿਸ਼ਾ ਕਰਦਾ ਹੈ ਕਿ ਉਹ ਕਿਸ ਰੂਪ ਵਿਚ ਪ੍ਰਗਟ ਹੋਣਾ ਚਾਹੁੰਦਾ ਹੈ। ਕਵਿਤਾ ਚੰਗੀ, ਪ੍ਰਭਾਵਸ਼ਾਲੀ ਹੋਣੀ ਚਾਹੀਦੀ ਹੈ, ਖੁਲ੍ਹੀ ਹੋਵੇ ਜਾਂ ਛੰਦਾਂ ਵਿਚ।

ਨਾ ਸਿਰਫ਼ ਮੈਂ ਗ਼ਜ਼ਲ ਹੀ ਨਹੀਂ ਲਿਖੀ, ਮੈਂ ਕੁੰਡਲੀਆਂ, ਦੋਹੜੇ, ਸਵੱਈਏ, ਦਵੱਈਏ, ਛਪੈ ਛੰਦ, ਕੋਰੜਾ, ਸੋਰਠਾ, ਚੌਪਈ, ਡਿਓਢ, ਕਬਿੱਤ ਬਹੁਤ ਕੁਝ ਨਹੀਂ ਲਿਖਿਆ। ਮੁਕੱਦਮਾ ਮੇਰੇ ਉਤੇ ਕੇਵਲ ਗ਼ਜ਼ਲ ਦਾ ਨਹੀਂ, ਇਨ੍ਹਾਂ ਸਭਨਾਂ ਦਾ ਬਹੁਤ ਵੱਡਾ ਬਣਦਾ ਹੈ।

ਉਂਜ ਮੇਰਾ ਮੱਤ ਹੈ, ਗ਼ਜ਼ਲ ਪੰਜਾਬੀ ਦੀ ਸਿਨਫ਼ ਨਹੀਂ, ਉਰਦੂ-ਫ਼ਾਰਸੀ-ਅਰਬੀ ਦੀ ਸਿਨਫ਼ ਹੈ। ਜਿਵੇਂ ਗੀਤ ਉਰਦੂ ਦੀ ਸਿਨਫ਼ ਨਹੀਂ। ਜੇ ਕੋਈ ਉਰਦੂ ਵਿਚ ਗੀਤ ਲਿਖਣ ਲਗਦਾ ਹੈ ਤਾਂ ਉਸ ਵਿਚ ਹਿੰਦੀ ਡਿਕਸ਼ਨ ਆਪਣੇ ਆਪ ਆ ਜਾਂਦੀ ਹੈ। ਪੀਆ, ਰੈਣ, ਪੀਤ, ਪੀਤਮ, ਨੈਨ, ਬਾਲਮ, ਸਾਜਨ, ਬੀਤ ਗਏ, ਆਦਿ।

ਪੰਜਾਬੀ ਵਿਚ ਕੋਈ ਹੀ ਠੀਕ ਗ਼ਜ਼ਲ ਲਿਖਦਾ ਹੈ। ਨਹੀਂ ਤਾਂ ਗ਼ਜ਼ਲ ਦੇ ਨਾਂਅ ਨਾਲ ਬੜੀ ਹੀ ਘਟੀਆ ਦਰਜੇ ਦੀ ਕਵਿਤਾ ਲਿਖੀ ਜਾ ਰਹੀ ਹੈ।

ਫ਼ਰੀਦ, ਸ਼ਾਹ ਹੁਸੈਨ, ਬੁਲ੍ਹੇ ਸ਼ਾਹ, ਵਾਰਿਸਸ਼ਾਹ ਇਨ੍ਹਾਂ ਵੀ ਗ਼ਜ਼ਲ ਨਹੀਂ ਲਿਖੀ। ਹਾਲਾਂਕਿ ਉਹ ਫ਼ਾਰਸੀ-ਅਰਬੀ ਦੇ ਸਾਰੇ ਹੀ ਆਲਿਮ ਫ਼ਾਜ਼ਿਲ ਸਨ।

ਸੁਣਿਆ ਹੈ, ਫ਼ਰੀਦ ਜੀ ਨੇ ਕਿਤੇ ਕੋਈ ਗ਼ਜ਼ਲ ਲਿਖੀ ਹੈ, ਪਰ ਉਹ ਫ਼ਾਰਸੀ ਵਿਚ ਹੈ, ਪੰਜਾਬੀ ਵਿਚ ਨਹੀਂ ਲਿਖੀ।

***? ਕਿਸੇ ਸਾਹਿਤਕ ਰਚਨਾ ਨੇ ਕੋਈ ਇਨਕਲਾਬ ਤਾਂ ਲਿਆਂਦਾ ਨਹੀਂ। ਕੀ ਤੁਸੀਂ ਨਹੀਂ ਮਹਿਸੂਸ ਕਰਦੇ ਕਿ ਲੇਖਕ ਸਿਰਫ਼ ਏਸ ਲਈ ਲਿਖਦਾ ਹੈ ਕਿ ਉਹ ਲਿਖਣ ਬਿਨਾਂ ਰਹਿ ਨਹੀਂ ਸਕਦਾ?***

➢ ਸਾਹਿਤਕ ਰਚਨਾਵਾਂ ਇਨਕਲਾਬ ਲਿਆਉਣ, ਨਾ ਲਿਆਉਣ, ਉਹ ਇਨਕਲਾਬੀਆਂ ਨੂੰ ਸੂਝ-ਬੂਝ ਨਾਲ, ਸਪਿਰਟ ਨਾਲ, ਅਗਾਂਹਵਧੂ ਵਿਚਾਰਾਂ ਨਾਲ ਲੈਸ ਜ਼ਰੂਰ ਕਰਦੀਆਂ ਹਨ, ਜੇ ਉਹ ਅਜਿਹੇ ਗੁਣ ਰੱਖਦੀਆਂ ਰਚਨਾਵਾਂ ਹਨ। ਇਤਿਹਾਸ ਵਿਚ ਕਿਤੇ-ਕਿਤੇ ਸਾਹਿਤਕ ਰਚਨਾਵਾਂ ਨੇ ਇਨਕਲਾਬ ਲਿਆਂਦੇ ਵੀ। ਜਿਵੇਂ ਫ਼ਰਾਂਸ ਵਿਚ ਰੂਸੋ ਤੇ ਵਾਲਟੇਅਰ ਆਦਿ ਦੀਆਂ ਰਚਨਾਵਾਂ ਨੇ।

ਸਾਹਿਤ ਦਾ ਕੰਮ ਧੀਮਾ ਹੈ। ਕਦੇ-ਕਦੇ ਇਹ ਅਚਨਚੇਤੀ ਕ੍ਰਿਸ਼ਮੇ ਵੀ ਕਰ ਦਿੰਦਾ ਹੈ।

ਇਕ ਕੰਮ ਤਲਵਾਰ ਦਾ ਹੈ, ਇਕ ਕਲਮ ਦਾ। ਕਲਮ ਦਾ ਕੰਮ ਤਲਵਾਰ ਨਾਲੋਂ ਘੱਟ ਮਹੱਤਵਪੂਰਨ ਨਹੀਂ।

ਲੇਖਕ ਨੂੰ ਲਿਖਣਾ ਹੀ ਉਦੋਂ ਚਾਹੀਦਾ ਹੈ ਜਦੋਂ ਉਹ ਲਿਖੇ ਬਿਨਾਂ ਰਹਿ ਨਾ ਸਕੇ। ਲਿਖਣ ਲਈ ਹੀ ਲਿਖਣਾ, ਲਿਖਣਾ ਨਹੀਂ।

***? ਕਿਸੇ ਸੰਸਥਾ ਜਾਂ ਪਾਰਟੀ ਵਿਚਾਰਧਾਰਾ ਤੋਂ ਹਟਕੇ ਜਾਂ ਉੱਪਰ ਉੱਠ ਕੇ ਹੀ ਕੋਈ ਚੋਟੀ ਦੀ ਸਾਹਿਤਕ ਰਚਨਾ ਹੋ ਸਕਦੀ ਹੈ। ਕੀ ਤੁਸੀਂ ਸਹਿਮਤ ਹੋ?***

➢ ਨਹੀਂ। ਚੋਟੀ ਦੀ ਸਾਹਿਤਕ ਰਚਨਾ ਦਾ ਸਬੰਧ ਲੇਖਕ ਦੇ ਪ੍ਰਤਿਭਾਸ਼ਾਲੀ ਹੋਣ ਨਾਲ ਹੈ। ਇਕ ਪ੍ਰਤਿਭਾਸ਼ਾਲੀ ਲੇਖਕ ਹਰ ਹਾਲਤ ਵਿਚ ਹੀ ਚੋਟੀ ਦੀ ਰਚਨਾ ਰਚ ਸਕਦਾ ਹੈ।

***? ਤੁਹਾਡੀਆਂ ਕਈ ਕਹਾਣੀਆਂ ਪੜ੍ਹਕੇ ਲਗਦਾ ਹੈ ਕਿ ਤੁਸੀਂ ਆਪ ਬੀਤੀ ਨੂੰ ਇੰਨ ਬਿੰਨ ਲਿਖ ਦਿੰਦੇ ਹੋ। ਵਿਚ ਕੋਈ ਕਾਰੀਗਰੀ ਨਹੀਂ ਪਾਉਂਦੇ ਤਾਂ ਜੋ ਕਹਾਣੀ ਦਾ ਤਰਕ ਬਣ ਸਕੇ।***

➢ ਕਾਰੀਗਰੀ ਦਾ ਕੋਈ ਪੈਮਾਨਾ ਨਹੀਂ, ਨਹੀਂ ਤਾਂ ਆਪਾਂ ਮਿਣਤੀ ਕਰ ਲੈਂਦੇ।

ਕਹਾਣੀਆਂ ਦੇ ਨਾਂਅ ਦੱਸ ਦਿੰਦੇ ਤਾਂ ਚੰਗਾ ਸੀ। ਮੈਂ ਮਾੜਾ-ਮੋਟਾ ਦੱਸ ਸਕਦਾ, ਕੋਈ ਪੈਮਾਨਾ ਨਾ ਹੋਣ ਦੇ ਬਾਵਜੂਦ, ਘੜੀ ਤੋਂ ਬਿਨਾਂ ਸਮੇਂ ਦਾ ਅੰਦਾਜ਼ਾ ਲਾ ਲੈਣ ਵਾਂਗ, ਕਿ ਇਸ ਵਿਚ ਏਨੀ ਕੁ ਕਾਰੀਗਰੀ ਤਾਂ ਜ਼ਰੂਰ ਪਈ ਹੋਈ ਹੈ ਤੇ ਏਨਾ ਕੁ ਤਰਕ ਬਣ ਰਿਹਾ ਹੈ। ਉਂਜ ਸਾਂਝੀ ਕੰਧ, ਲੁਟੇਰੇ, ਮਲੰਗ ਅਤੇ ਅਨੇਕਾਂ ਹੋਰ ਕਹਾਣੀਆਂ ਮੇਰੀਆਂ ਆਪ ਬੀਤੀਆਂ ਹਨ ਤੇ ਮੇਰੀਆਂ ਸ੍ਰੇਸ਼ਟ ਕਹਾਣੀਆਂ ਹਨ। ਸਭ ਇਨ੍ਹਾਂ ਨੂੰ ਉੱਚ ਕੋਟੀ ਦੀਆਂ ਕਹਾਣੀਆਂ ਮੰਨ ਰਹੇ ਹਨ।

***? ਡਾਇਰੀ ਲਿਖਣ ਤੇ ਛਪਣ ਵਿਚਾਲੇ ਵਕ.ਫਾ ਲੋੜੀਂਦਾ ਹੈ। ਪਰ ਤੁਸੀਂ ਤਾਂ ਅਗਲੇ ਦਿਨ ਹੀ ਛਪਵਾ ਦਿੰਦੇ ਹੋ ਤੇ ਫੇਰ ਇਹਨੂੰ ਸਾਹਿਤ ਦੇ ਘੇਰੇ ਵਿਚ ਗਿਣਦੇ ਹੋ। ਕੀ ਇਹ .ਗਲਤ ਨਹੀਂ?***

➢ ਮੇਰੀ ਡਾਇਰੀ ਆਮ ਡਾਇਰੀਆਂ ਵਾਂਗ ਨਿਰੀ ਨਿੱਜੀ ਨਹੀਂ ਹੁੰਦੀ, ਰਾਜਨੀਤਕ-ਸਮਾਜਕ ਵਿਸ਼ਿਆਂ ਬਾਰੇ ਬਹੁਤੀ ਹੁੰਦੀ ਹੈ ਜਿਸ ਕਾਰਨ ਇਹ ਨਾਲੋ-ਨਾਲ ਛਪਣ ਲਈ ਭੇਜ ਦਿੰਦਾ ਹਾਂ। ਮੇਰੀ ਡਾਇਰੀ ਵਿਚ ਟਿੱਪਣੀ ਦਾ ਮਹੱਤਵ ਵਧੇਰੇ ਹੁੰਦਾ ਹੈ।

ਡਾਇਰੀ ਨੂੰ ਸਾਹਿਤ ਦੇ ਘੇਰੇ ਵਿਚ ਮੈਂ ਹੀ ਨਹੀਂ ਲੈ ਕੇ ਆਉਂਦਾ, ਸਾਹਿਤ ਦਾ ਇਤਿਹਾਸ ਵੀ ਲੈ ਕੇ ਆਉਂਦਾ ਹੈ। ਡਾਇਰੀ ਵੀ ਸਾਹਿਤ ਦੀ ਇਕ ਵਿਧਾ ਮੰਨੀ ਗਈ ਹੈ। ਡਾਇਰੀ ਵੀ ਤੇ ਚਿੱਠੀਆਂ ਵੀ।

***? ਅੰਗਰੇਜ਼ੀ ਲੇਖਕ ਚਾਰਲਸ ਡਿਕਨਜ਼ ਲਿਖਣ ਵੇਲੇ ਆਪਣੇ ਮੇਜ਼ ਤੇ ਇਕ ਨਿੱਕੇ ਜਿਹੇ ਬਾਂਦਰ ਦਾ ਬੁੱਤ ਰਖ ਲੈਂਦਾ ਸੀ ਜਿਸ ਨਾਲ ਉਹਦਾ ਮਨ ਟਿਕਦਾ ਸੀ। ਕੀ ਤੁਹਾਨੂੰ ਵੀ ਕਿਸੇ ਵਸਤੂ ਤੋਂ ਸਹਾਇਤਾ ਮਿਲਦੀ ਹੈ?***

➢ ਨਹੀਂ, ਮੈਨੂੰ ਅਜਿਹੀ ਕੋਈ ਆਦਤ ਨਹੀਂ। ਮੇਰੀ ਸਹਾਇਤਾ ਮੇਰੀ ਅੰਦਰ ਦੀ ਪ੍ਰੇਰਨਾ ਹੀ ਕਰਦੀ ਹੈ। ਹਾਂ, ਮੇਰਾ ਮੇਜ਼ ਨਾਲ ਇਕ ਹੋਰ ਤਰ੍ਹਾਂ ਦਾ ਸਬੰਧ ਜ਼ਰੂਰ ਹੈ। ਜਦੋਂ ਕੁਝ ਫੁਰਿਆ ਹੁੰਦਾ ਹੈ, ਪ੍ਰੇਰਨਾ ਜਾਗੀ ਹੁੰਦੀ ਹੈ, ਉਦੋਂ ਮੇਜ਼ ਆਪਣੇ ਕੋਲ ਮੈਨੂੰ ਆਪ ਬੁਲਾਉਂਦੀ ਹੈ। ਜਦੋਂ ਕੁਝ ਨਹੀਂ ਔੜਦਾ, ਉਂਜ ਮੈਂ ਮੇਜ਼ ਉਤੇ ਲਿਖਣ ਲਈ ਬੈਠਾ ਹੁੰਦਾ ਹਾਂ, ਤਾਂ ਮੇਜ਼ ਮੈਨੂੰ ਆਪ ਤੋਂ ਦੂਰ ਧੱਕਣ ਲੱਗ ਜਾਂਦੀ ਹੈ। ਪ੍ਰੇਰਨਾ ਸਮੇਂ ਮੇਜ਼ ਮੈਨੂੰ ਚਾਨਣ ਵਾਂਗ, ਮਹਿਕ ਵਾਂਗ, ਸੂਖਮ ਜਿਹੀ ਜਾਪਦੀ ਹੈ। ਪਰ ਜਦੋਂ ਪ੍ਰੇਰਨਾ ਨਹੀਂ ਹੁੰਦੀ, ਉਹੀਓ ਮੇਜ਼ ਸਥੂਲ ਜਿਹੀ ਨਿਰੀ ਲੱਕੜ ਦਿਸਦੀ ਹੈ ਜਿਸ ਵਿਚ ਕੋਈ ਖਿੱਚ ਨਹੀਂ ਹੁੰਦੀ।

ਜਦੋਂ ਕੁਝ ਨਾ ਲਿਖਾਂ, ਭਾਵ ਮੇਜ਼ ਤੋਂ ਕਾਫ਼ੀ ਸਮੇਂ ਤੋਂ ਦੂਰ-ਦੂਰ ਹੀ ਹੋਇਆ ਰਹਾਂ, ਮੇਰੇ ਵਿਚ ਛੁਟਿੱਤਣਦਾ ਇਹਸਾਸ ਪੈਦਾ ਹੋ ਜਾਂਦਾ ਹੈ।

### ਨਿੱਜ ਤੇ ਪਰਿਵਾਰ

***? ਕਦੇ ਅਸੀਂ ਆਖਦੇ ਸਾਂ ਸਾਡਾ ਤਾਨਸੈਨ, ਸਾਡਾ ਬੈਜੂਬਾਵਰਾ, ਅੱਜ ਅਸੀਂ ਡਿਸਕੋ ਤੇ ਕੱਛਾਂ ਮਾਰ ਰਹੇ ਹਾਂ। ਕੀ ਡਿਸਕੋ ਤੇ ਕੱਛਾਂ ਮਾਰਨਾ ਯਨੀ ਨੱਚਣਾ ਮਾੜਾ ਹੈ? ਲਗਦਾ ਨਹੀਂ ਕਿ ਤੁਸੀਂ ਸਮੇਂ ਤੋਂ ਪਿੱਛੇ ਰਹਿ ਗਏ ਹੋ?***

➢ ਇਹ ਤੁਕਾਂ ਮੇਰੀ ਕਿਸੇ ਕਵਿਤਾ ਦੀਆਂ ਹਨ। ਇਸ ਵੇਲੇ ਯਾਦ ਨਹੀਂ, ਉਥੇ ਕੀ ਪ੍ਰਸੰਗ ਹੈ।

ਡਿਸਕੋ ਉਤੇ ਕੱਛਾਂ ਮਾਰਨੀਆਂ ਯਨੀ ਨੱਚਣਾ ਮਾੜਾ ਨਹੀਂ, ਪਰ ਆਪਣੇ ਤਾਨਸੈਨਾਂ ਅਤੇ ਬੈਜੂਬਾਵਰਿਆਂ ਨੂੰ ਛੱਡ ਕੇ ਡਿਸਕੋ ਉਤੇ ਕੱਛਾਂ ਮਾਰਨਾ ਸੌ-ਫ਼ੀ-ਸਦੀ ਮਾੜਾ ਹੈ। ਆਪਣਾ ਆਪ ਭੁਲਾ ਕੇ ਬਿਗਾਨੇ ਸਭਿਆਚਾਰਾਂ ਦੀਆਂ ਨਕਲਾਂ ਕਦੇ ਵੀ ਚੰਗੀਆਂ ਨਹੀਂ ਹਨ।

ਤਾਨਸੈਨ ਤੇ ਬੈਜੂਬਾਵਰਾ ਸਾਡੇ ਸਭਿਆਚਾਰ ਦੇ, ਸੰਗੀਤ ਦੇ, ਤੇ ਰਾਗਾਂ ਦੇ ਸੌਂਦਰਯ ਦੇ ਪ੍ਰਤੀਕ ਹਨ। ਜੇ ਮੇਰੀ ਇਸ ਸੋਚ ਨੂੰ ਤੁਸੀਂ ਸਮੇਂ ਤੋਂ ਪਿੱਛੇ ਰਹਿ ਗਿਆ ਸਮਝਦੇ ਹੋ ਤਾਂ ਜ਼ਰੂਰ ਮੈਂ ਸਮੇਂ ਤੋਂ ਪਿੱਛੇ ਹੀ ਹਾਂ।

ਪੰਜਾਬੀ ਨੂੰ ਵਿਸਾਰ ਕੇ ਅੰਗਰੇਜ਼ੀ ਪੜ੍ਹਨ ਦਾ ਮਸ਼ਵਰਾ ਮੈਂ ਕਿਸੇ ਪੰਜਾਬੀ ਨੂੰ ਦੇਣਾ ਨਹੀਂ ਚਾਹਾਂਗਾ। ਨਾ ਹੀ ਕਿਸੇ ਭਾਰਤੀ ਨੂੰ ਆਪਣੀ ਮਾਤ ਭਾਸ਼ਾ ਵਿਸਾਰਕੇ।

ਗਾਂਧੀ ਜੀ ਦਾ ਕਥਨ ਹੈ : "ਮੈਂ ਆਪਣੇ ਘਰ ਦੇ ਚੁਫੇਰੇ ਕੰਧਾਂ ਨਹੀਂ ਉਸਾਰਨਾ ਚਾਹੁੰਦਾ ਅਤੇ ਨਾ ਹੀ ਮੈਂ ਆਪਣੀਆਂ ਖਿੜਕੀਆਂ ਬੰਦ ਰੱਖਣੀਆਂ ਚਾਹੁੰਦਾ ਹਾਂ। ਮੈਂ ਆਪਣੇ ਘਰ ਵਿਚ ਸਭ ਦੇਸ਼ਾਂ ਦੀ ਸੰਸਕ੍ਰਿਤੀ ਦੀਆਂ ਪੌਣਾਂ ਦਾ ਪੂਰੀ ਸੁਤੰਤਰਤਾ ਨਾਲ ਰੁਮਕਣਾ ਪਸੰਦ ਕਰਦਾ ਹਾਂ। ਪ੍ਰੰਤੂ ਮੈਂ ਨਹੀਂ ਚਾਹੁੰਦਾ ਕਿ ਕੋਈ ਮੈਨੂੰ ਮੇਰੀਆਂ ਜੜ੍ਹਾਂ ਤੋਂ ਉਖਾੜ ਦੇਵੇ। ਮੈਂ ਦੂਜੇ ਲੋਕਾਂ ਦੇ ਘਰਾਂ ਵਿਚ ਵਸਣਾ ਪਸੰਦ ਨਹੀਂ ਕਰਦਾ-ਭਿਖਾਰੀ ਜਾਂ ਗ਼ੁਲਾਮ ਵਾਂਗ।''

***? ਤੁਹਾਡਾ ਕੇਂਦਰੀ ਸਭਾ ਦੀ ਪ੍ਰਧਾਨਗੀ ਦਾ ਤਜਰਬਾ ਮਾੜਾ ਰਿਹਾ। ਏਨੀ ਸ਼ਕਤੀਸ਼ਾਲੀ ਜਥੇਬੰਦੀ ਨੂੰ ਤੁਸੀਂ ਕੋਈ ਨਵੀਂ ਸੇਧ ਕਿਉਂ ਨਾ ਦੇ ਸਕੇ?***

➢ ਮੇਰਾ ਕੇਂਦਰੀ ਸਭਾ ਦੀ ਪ੍ਰਧਾਨਗੀ ਦਾ ਤਜਰਬਾ ਮਾੜਾ ਕਿਵੇਂ ਰਿਹਾ? ਤੁਸੀਂ ਇਹ ਗੱਲ ਕਿਸ ਆਧਾਰ ਤੇ ਕਹਿ ਰਹੇ ਹੋ? ਕੇਂਦਰੀ ਸਭਾ ਦੀ ਕਾਨਫ਼ਰੰਸ ਨੂੰ ਹੋਇਆਂ ਪੰਜ ਵਰ੍ਹੇ ਹੋ ਗਏ ਸਨ। ਮੈਂ ਚੰਡੀਗੜ੍ਹ ਵਿਚ ਬੜੀ ਸ਼ਾਨਦਾਰ ਕਾਨਫ਼ਰੰਸ ਕਰਵਾਈ। ਕੇਂਦਰੀ ਸਭਾ ਦੇ ਫ਼ੰਡ ਵਿਚ ਇਕ ਪੈਸਾ ਵੀ ਨਹੀਂ ਸੀ। ਮੈਂ ਜਦੋਂ ਚਾਰ ਵਰ੍ਹੇ ਮਗਰੋਂ ਚਾਰਜ ਛੱਡਿਆ, ਕਾਨਫ਼ਰੰਸ ਦੀ ਬੱਚਤ ਵਿਚੋਂ ਤਿੰਨ ਲੱਖ ਰੁਪਏ ਦੇ ਨੇੜੇ ਕੇਂਦਰੀ ਸਭਾ ਨੂੰ ਫ਼ੰਡ ਦਿੱਤਾ।

ਕੇਂਦਰੀ ਸਭਾ ਨੂੰ ਮੈਂ "ਨਵੀਂ ਸੇਧ'' ਕੀ ਦਿੰਦਾ? ਕੇਂਦਰੀ ਸਭਾ ਦੇ ਬਹੁਤੇ ਮੈਂਬਰ ਜਾਗ੍ਰਤ ਮਾਰਕਸਵਾਦੀ ਹਨ। ਮਾਰਕਸਵਾਦ ਦੇ ਧਾਰਨੀਆਂ ਨੂੰ ਹੋਰ ਨਵੀਂ ਸੇਧ ਕਿਹੜੀ ਦੇਣ ਦੀ ਲੋੜ ਸੀ? ਕੀ ਇਸ ਤੋਂ ਚੰਗਾ ਫ਼ਲਸਫ਼ਾ ਦੁਨੀਆਂ ਵਿਚ ਕੋਈ ਹੋਰ ਹੈ?

ਜੇ ਸੇਧ ਤੋਂ ਮਤਲਬ ਕੋਈ ਜਥੇਬੰਦਕ ਕਾਰਜ ਹੈ ਤਾਂ ਤੁਸੀਂ ਆਪ ਹੀ ਇਸ ਸਭਾ ਨੂੰ ਸ਼ਕਤੀਸ਼ਾਲੀ ਕਹਿ ਰਹੇ ਹੋ। ਕੀ ਕਸਰ ਰਹਿ ਜਾਂਦੀ ਹੈ ਫੇਰ।

ਤੁਸੀਂ ਮੈਨੂੰ ਅਸਫਲ ਪ੍ਰਧਾਨ ਸਾਬਿਤ ਕਰਨਾ ਚਾਹਿਆ ਹੈ। ਮੈਂ ਅਸਫਲ ਪ੍ਰਧਾਨ ਨਹੀਂ, ਬਹੁਤ ਸਫਲ ਪ੍ਰਧਾਨ ਸਾਂ।

***? ਕੀ ਤੁਹਾਡੇ ਦੇਖਦਿਆਂ ਦੇਖਦਿਆਂ ਹੀ ਪੰਜਾਬੀ ਲੇਖਣੀ ਦਾ ਮਿਆਰ ਤੇ ਪੰਜਾਬੀ ਲੇਖਕਾਂ ਦਾ ਕਿਰਦਾਰ ਬੇਹੱਦ ਡਿਗ ਨਹੀਂ ਗਿਆ?***

➢ ਮੇਰੇ ਲਈ ਸਾਰੇ ਹੀ ਪੰਜਾਬੀ ਲੇਖਕਾਂ ਬਾਰੇ ਇਹ ਗੱਲ ਆਖਣੀ ਮੁਸ਼ਕਿਲ ਹੈ। ਇਹ ਹੂੰਝਾ-ਫੇਰੂ ਬਿਆਨ ਹੈ।

### ਨਾਸਤਿਕਤਾ ਦਾ ਵਿਖਾਵਾ

***? ਸਾਬਤ ਸਬੂਤ ਕਰਤਾਰੀ ਸਿੱਖੀ ਨੁਹਾਰ ਦੇ ਹੁੰਦਿਆਂ ਤੁਸੀਂ ਕਿੰਨੇ ਕੁ ਨਾਸਤਿਕ ਹੋ। ਪੰਜਾਬੀ ਕਮਿਊਨਿਸਟਾਂ ਦੀਆਂ ਜਨਮ ਮਰਨ ਦੀਆਂ ਰੀਤਾਂ ਵੀ ਧਾਰਮਿਕ ਹਨ। ਫੇਰ ਨਾਸਤਿਕਤਾ ਦੇ ਵਿਖਾਵੇ ਦੀ ਕੀ ਮਜਬੂਰੀ?***

➢ ਮੈਂ ਉਨਾ ਹੀ ਨਾਸਤਿਕ ਹਾਂ ਜਿੰਨਾ ਕੋਈ ਰੱਬ ਨੂੰ ਨਾ ਮੰਨਣ ਵਾਲਾ ਨਾਸਤਿਕ ਹੋ ਸਕਦਾ ਹੈ। ਮੇਰਾ ਵਿਸ਼ਵਾਸ ਹੈ ਕਿ ਰੱਬ ਮਨੁੱਖ ਦੀ ਖ਼ਿਆਲੀ ਕਲਪਣਾ ਹੈ, ਇਸਦੀ ਕੋਈ ਹੋਂਦ ਨਹੀਂ। ਰੱਬ ਨੇ ਸਾਨੂੰ ਨਹੀਂ ਬਣਾਇਆ, ਰੱਬ ਨੂੰ ਅਸੀਂ ਬਣਾਇਆ ਹੈ, ਮਨੁੱਖਾਂ ਨੇ। ਰੱਬ ਦੀ ਉਮਰ ਕੁਝ ਹਜ਼ਾਰ ਵਰ੍ਹੇ ਹੀ ਹੈ ਜਦਕਿ ਮਨੁੱਖ ਦੀ ਉਮਰ ਲੱਖਾਂ ਵਰ੍ਹੇ ਤੱਕ ਜਾ ਰਹਿੰਦੀ ਹੈ।

ਵੇਦਾਂ ਵਿਚ ਕਿਤੇ ਰੱਬ ਜਾਂ ਈਸ਼ਵਰ ਦਾ ਨਾਂਅ ਨਹੀਂ। ਅੱਗ, ਪਾਣੀ, ਹਵਾ ਆਦਿ ਪਦਾਰਥਾਂ ਦਾ ਨਾਂਅ ਹੈ। ਵੇਦਾਂ ਦੇ ਰਿਸ਼ੀ-ਮੁੰਨੀ ਇਨ੍ਹਾਂ ਪਦਾਰਥਾਂ ਦਾ ਮਾਨਵੀਕਰਣ ਕਰਕੇ ਤੇ ਇਨ੍ਹਾਂ ਨੂੰ ਦੇਵਤੇ ਕਲਪ ਕੇ ਪਹਿਲਾਂ ਇਨ੍ਹਾਂ ਦੀ ਉਸਤਤ ਕਰਦੇ ਹਨ ਤੇ ਫੇਰ ਚੰਗੇ ਜੀਵਨ ਲਈ ਇਨ੍ਹਾਂ ਤੋਂ ਮੰਗਾਂ ਮੰਗਦੇ ਹਨ-ਗਊਆਂ ਦੇਹ, ਘੋੜੇ ਦੇਹ, ਚੰਗੇ-ਚੰਗੇ ਮਿੱਤਰ ਦੇਹ, ਸ਼ਤਰੂਆਂ ਦਾ ਨਾਸ਼ ਕਰ, ਆਦਿ।

ਭਾਰਤ ਦੇ ਨੌਂ ਦਰਸ਼ਨ ਹਨ। ਇਨ੍ਹਾਂ ਵਿਚੋਂ ਸਾਢੇ ਸੱਤ ਰੱਬ ਦੀ ਹੋਂਦ ਤੋਂ ਇਨਕਾਰੀ ਹਨ। ਸਿਰਫ਼ ਡੇਢ ਦਰਸ਼ਨ ਹੈ ਜੋ ਰੱਬ ਦੀ ਹੋਂਦ ਨੂੰ ਮੰਨਦਾ ਹੈ। ਪਰ ਅਸੀਂ ਹਾਂ ਕਿ ਸਾਢੇ ਸੱਤ ਦੀ ਗੱਲ ਸੁਣਦੇ ਹੀ ਨਹੀਂ ਹਾਂ। ਸਿਰਫ਼ ਡੇਢ ਦਰਸ਼ਨ ਦਾ ਹੀ ਲੜ ਫੜੀ ਬੈਠੇ ਹਾਂ।

ਜਨਮ-ਮਰਨ ਦੀਆਂ ਰਹੁ-ਰੀਤਾਂ ਇਕ ਸਮਾਜੀ ਅਮਲ ਹੈ। ਪੰਜਾਬੀ ਕਮਿਊਨਿਸਟ ਸਮਾਜ ਨੂੰ ਨਾਲ ਰੱਖਣ ਲਈ ਇਉਂ ਕਰਨ ਲਈ ਮਜਬੂਰ ਹਨ। ਕਈ ਵਾਰ ਨੇੜੇ ਦੇ ਰਿਸ਼ਤੇਦਾਰ ਹੀ ਰੁੱਸ ਬਹਿੰਦੇ ਹਨ। ਏਥੇ ਕੱਟੜਤਾ ਛੱਡ ਕੇ ਸਮਝੌਤਾ ਕੀਤਾ ਗਿਆ ਹੁੰਦਾ ਹੈ। ਪਰ ਕੋਈ-ਕੋਈ ਕਮਿਊਨਿਸਟ, ਜਿਸਦਾ ਆਲਾ ਦੁਆਲਾ ਉਸ ਨਾਲ ਸਹਿਮਤ ਹੋ ਗਿਆ ਹੁੰਦਾ ਹੈ, ਇਨ੍ਹਾਂ ਧਾਰਮਿਕ ਰਹੁ-ਰੀਤਾਂ ਨੂੰ ਪਾਸੇ ਵੀ ਰੱਖ ਦਿੰਦਾ ਹੈ। ਸੋਹਨ ਸਿੰਘ ਜੋਸ਼, ਅਵਤਾਰ ਸਿੰਘ ਮਲਹੋਤਰਾ ਇਸਦੀ ਇਕ ਮਿਸਾਲ ਹਨ। ਇਨ੍ਹਾਂ ਦੀ ਮ੍ਰਿਤੂ ਸਮੇਂ ਕੋਈ ਧਾਰਮਿਕ ਰਸਮ ਨਹੀਂ ਕੀਤੀ ਗਈ।

ਪਿੱਛੇ ਜਿਹੇ ਬਰਨਾਲਾ ਦੇ ਕਾਮਰੇਡ ਮੇਘ ਰਾਜ ਮਿੱਤਰ ਦੇ ਪਿਤਾ ਸਵਰਗਵਾਸ ਹੋ ਗਏ ਸਨ। ਉਹ ਪੁਰਾਣੇ ਕਮਿਊਨਿਸਟ ਸਨ। ਉਨ੍ਹਾਂ ਬਾਰੇ ਵੀ ਕੋਈ ਧਾਰਮਿਕ ਰਸਮ ਨਹੀਂ ਕੀਤੀ ਗਈ। ਸਗੋਂ ਇਉਂ ਨਾ ਕਰਨ ਦੀ ਉਹ ਵਸੀਅਤ ਕਰਕੇ ਗਏ ਸਨ।

ਸਾਬਤ ਸਬੂਤ ਕਰਤਾਰੀ ਸਿੱਖੀ ਨੁਹਾਰ, ਜਾਂ ਕੋਈ ਹੋਰ ਧਾਰਮਿਕ ਨੁਹਾਰ, ਸਾਡੀ ਆਪਣੀ ਚੋਣ ਨਹੀਂ ਹੁੰਦੀ। ਇਹ ਨੁਹਾਰ ਸਬੱਬ ਨਾਲ ਹੀ ਸਾਨੂੰ ਮਿਲੀ ਹੁੰਦੀ ਹੈ। ਇਹ ਸਬੱਬ ਦੀ ਗੱਲ ਹੈ ਕਿ ਮੇਰਾ ਜਨਮ ਕਿਸੇ ਸਿੱਖ ਪਰਵਾਰ ਵਿਚ ਹੋ ਗਿਆ ਹੈ। ਇਹ ਕਿਸੇ ਹਿੰਦੂ ਜਾਂ ਮੁਸਲਮਾਨ ਜਾਂ ਕਿਸੇ ਈਸਾਈ ਘਰ ਵਿਚ ਵੀ ਹੋ ਸਕਦਾ ਸੀ ਤੇ ਫੇਰ ਮੇਰੀ "ਸਾਬਿਤ ਸਬੂਤ ਕਰਤਾਰੀ ਨੁਹਾਰ'' ਉਨ੍ਹਾਂ ਧਰਮਾਂ ਵਾਲੀ ਹੋ ਜਾਣੀ ਸੀ। ਨਾਸਤਿਕ ਹੋਣ ਵਾਲੀ ਗੱਲ ਵਿਸ਼ਵਾਸ ਨਾਲ ਸਬੰਧਤ ਹੈ। ਇਹ ਮੇਰੀ ਆਪਣੀ ਚੋਣ ਹੈ।

ਸ਼ਹੀਦ ਭਗਤ ਸਿੰਘ ਨੇ ਆਪਣੇ ਨਾਸਤਿਕ ਹੋਣ ਬਾਰੇ ਗੱਜ-ਵੱਜ ਕੇ ਲਿਖਿਆ ਹੈ। ਉਹ "ਸਾਬਿਤ ਸਬੂਤ ਕਰਤਾਰੀ ਸਿੱਖੀ ਨੁਹਾਰ'' ਸਮੇਂ ਵੀ ਨਾਸਤਿਕ ਸੀ, ਮਗਰੋਂ ਵੀ।

ਵਿਖਾਵਾ ਭੇਖਾਂ ਦਾ ਹੁੰਦਾ ਹੈ। ਨਾਸਤਿਕਤਾ ਭੇਖ ਨਹੀਂ, ਵਿਸ਼ਵਾਸ ਹੈ। ਜੀਵਨ ਦ੍ਰਿਸ਼ਟੀ ਹੈ।

***? ਤੁਹਾਡੀ 'ਪੱਖੀ' ਨੂੰ ਸਾਹਿਤ ਅਕਾਡਮੀ ਇਨਾਮ ਮਿਲਿਆ। ਕੀ ਇਹਦੇ ਲਈ ਕੋਈ ਨੱਠ-ਭੱਜ ਕਰਨੀ ਪਈ?***

➢ ਜੇ ਮੈਂ ਇਸ (ਜਾਂ ਕਿਸੇ ਵੀ) ਇਨਾਮ ਲਈ ਨੱਠ-ਭੱਜ ਕਰਨ ਵਾਲਾ ਹੁੰਦਾ ਤਾਂ ਇਹ ਇਨਾਮ ਮੈਨੂੰ ਕਿਤੇ ਪਹਿਲਾਂ ਮਿਲਿਆ ਹੋਣਾ ਸੀ। ਮੈਥੋਂ ਪਹਿਲਾਂ ਮੈਥੋਂ ਕਈ ਬਹੁਤ ਜੂਨੀਅਰ ਲੇਖਕਾਂ ਨੂੰ ਇਹ ਇਨਾਮ ਦਿੱਤਾ ਗਿਆ। ਮੈਂ ਨਾਂਅ ਨਹੀਂ ਗਿਣਾਵਾਂਗਾ। ਸਾਹਿਤ ਅਕਾਦਮੀ ਤੋਂ ਲਿਸਟ ਮੰਗਵਾ ਕੇ ਦੇਖ ਲਵੋ।

***? ਕਿਸੇ ਲਿਖਤ ਵਿਚ ਤੁਸੀਂ ਵਿਸ਼ਵੀਕਰਣ ਤੇ ਤਕੜੀ ਚੋਟ ਕੀਤੀ ਹੈ। ਅਸਲ ਵਿਚ ਤਾਂ ਇਹ ਪੂੰਜੀਵਾਦ ਦਾ ਇਤਿਹਾਸਕ ਪੜਾ ਹੈ ਜਿਸ ਨੂੰ ਰੋਕਣਾ ਅਸੰਭਵ ਹੈ। ਕੀ ਤੁਸੀਂ ਵੀ ਇਵੇਂ ਹੀ ਸਮਝਦੇ ਹੋ?***

➢ ਬਾਬਰ ਦੀ ਅਗਵਾਈ ਵਿਚ ਮੁਗ਼ਲ ਸਾਮਰਾਜ ਹਿੰਦੋਸਤਾਨ ਵੱਲ ਆ ਰਿਹਾ ਸੀ ਜਿਸ ਨੇ ਕਈ ਸਦੀਆਂ ਤਕ ਏਥੇ ਰਾਜ ਕਰਨਾ ਸੀ ਤੇ ਜੋ, ਵਿਸ਼ਵੀਕਰਨ ਵਾਂਗ ਹੀ, ਇਕ ਇਤਿਹਾਸਕ ਪੜਾਅ ਸੀ ਤੇ ਜਿਸ ਨੂੰ ਵੀ ਉਦੋਂ ਕਿਸੇ ਵਲੋਂ ਰੋਕਣਾ ਅਸੰਭਵ ਸੀ। ਪਰ ਗੁਰੂ ਨਾਨਕ ਨੇ ਬਾਬਰ ਦੀ ਚੜ੍ਹਾਈ ਦੀ ਮੁਖ਼ਾਲਫ਼ਤ ਕੀਤੀ। ਇਸੇ ਤਰ੍ਹਾਂ ਮੇਰੀ ਵਿਸ਼ਵੀਕਰਣ ਉਤੇ ਚੋਟ ਹੈ। ਕੋਈ ਵੀ ਜਾਗ੍ਰਤ ਤੇ ਲੋਕ-ਪੱਖੀ ਕਲਮ ਇਹੋ ਜਿਹੇ ਵਰਤਾਰਿਆਂ ਸਮੇਂ ਪ੍ਰਤਿਕਰਮ ਕਰੇਗੀ ਹੀ।

***? ਪੂਰਨ ਸਿੰਘ ਦੇ ਸ਼ਬਦ ਸਨ ਪੰਜਾਬ ਜੀਊਂਦਾ ਗੁਰਾਂ ਦੇ ਨਾਂ ਤੇ। ਕੀ ਅੱਜ ਦਾ ਪੰਜਾਬ ਵਲੈਤ ਅਤੇ ਮਿਰਕਣ ਦੇ ਨਾਂ ਤੇ ਹੀ ਨਹੀਂ ਜੀਅ ਰਿਹਾ?***

➢ ਪੂਰਨ ਸਿੰਘ ਦਾ ਇਹ ਕਥਨ ਕਿਸੇ ਹੋਰ ਪ੍ਰਸੰਗ ਵਿਚ ਹੈ। ਵਲੈਤ-ਮਿਰਕਣ ਜਾਣ ਨਾਲ ਇਸਦਾ ਕੋਈ ਸਬੰਧ ਨਹੀਂ।

ਪੰਜਾਬ ਵਿਚ ਵਲੀ, ਪੀਰ, ਔਲੀਏ ਬਹੁਤ ਹੋਏ ਹਨ। ਪਰ ਗੁਰੂਆਂ ਦੀ ਵਿਚਾਰਧਾਰਾ ਪੰਜਾਬ ਉਤੇ ਭਾਰੂ ਹੈ।

***? ਪਰ ਕੀ ਸੱਚਮੁੱਚ ਅੱਜ ਦਾ ਪੰਜਾਬ ਗੁਰੂਆਂ ਦੀ ਵਿਚਾਰਧਾਰਾ ਉੱਪਰ ਹੀ ਚੱਲ ਰਿਹਾ ਹੈ?***

➢ ਨਹੀਂ। ਬਿਲਕੁਲ ਨਹੀਂ। ਕਿਉਂਕਿ ਪੰਜਾਬ ਧਰਮਾਂ-ਮਜ਼ਹਬਾਂ ਵਿਚ ਵੀ ਫਸਿਆ ਹੋਇਆ ਹੈ, ਜ਼ਾਤਾਂ-ਪਾਤਾਂ ਵਿਚ ਵੀ। ਗੁਰੂ ਨਾਨਕ ਦੀ 'ਸਾਂਝੀਵਾਲਤਾਂ' ਪੰਜਾਬ ਦੇ ਨੇੜੇ-ਤੇੜੇ ਵੀ ਨਹੀਂ। ਪੰਜਾਬ ਸਗੋਂ ਸਾਮੰਤਵਾਦੀ-ਪੂੰਜੀਵਾਦੀ ਮੁੱਲਾਂ ਵਿਚ ਗ੍ਰਸਤ ਹੈ। ◻



*ਧੀਰ ਪਰਿਵਾਰ : (ਖੱਬਿਓਂ) ਪੋਤਰਾ ਅਨੁਰਾਗ ਸਿੰਘ, ਨੂੰਹ ਰਜਨੀ, ਪੁੱਤਰ ਨਵਰੀਤ ਸਿੰਘ, ਪੋਤਰਾ ਪ੍ਰਗੀਤ ਸਿੰਘ, ਪੋਤਰੀ ਯੁਗਨੀਤ ਕੌਰ (ਫ਼ੋਟੋਕਾਰ : ਸੁਸ਼ੀਲ ਦੁਸਾਂਝ)*



# ਜਨ ਸਮੂਹ ਦਾ ਚਿੱਤਰਕਾਰ

## - ਡੀਗੋ ਰਿਵੇਰਾ



ਹਰਭਜਨ ਸਿੰਘ ਹੁੰਦਲ

ਯਾਦ ਨਹੀਂ ਆਉਂਦਾ ਕਿ ਮੈਂ ਡੀਗੋ ਰਿਵੇਰਾ ਦਾ ਨਾਂ ਕਦੋਂ ਸੁਣਿਆ ਸੀ? ਜਵਾਨੀ ਵੇਲੇ ਸ਼ਾਇਦ ਨਵਤੇਜ ਸਿੰਘ ਦੇ ਉਦਮਾਂ ਕਾਰਨ 'ਪ੍ਰੀਤ-ਲੜੀ' ਰਾਹੀਂ ਉਸ ਦਾ ਨਾਂ ਮੇਰੇ ਤੀਕ ਪਹੁੰਚਿਆ ਹੋਵੇ। ਪਰ ਮੈਂ ਉਸ ਦੀ ਮਹਿਮਾ ਹੀ ਸੁਣੀ ਸੀ, ਉਸ ਦਾ ਕੋਈ ਚਿਤਰ ਨਹੀਂ ਸੀ ਵੇਖਿਆ। ਉਸ ਦੀ ਮਹਿਮਾ ਮਨ ਦੇ ਕੰਪਿਊਟਰ ਵਿਚ ਭਰੀ ਰਹੀ।

ਜਦੋਂ ਮੈਂ ਟਰਾਸਟਕੀ ਦੀ ਸਵੈ-ਜੀਵਨੀ My Life ਲਿਆ ਕੇ ਪੜ੍ਹੀ ਤਾਂ ਇਸੇ ਪੁਸਤਕ ਵਿਚੋਂ ਪਤਾ ਲੱਗਾ ਕਿ ਟਰਾਟਸਕੀ ਨੂੰ ਮੈਕਸੀਕੋ ਵਿਚ ਸ਼ਰਨ ਦਿਵਾਉਣ ਲਈ ਚਿਤਰਕਾਰ ਡੀਗੋ ਰਿਵੇਰਾ ਨੇ ਬੜੀ ਸਹਾਇਤਾ ਕੀਤੀ ਸੀ।

ਮੇਰੇ ਮਨ ਵਿਚ ਇਹ ਜਾਣਣ ਦੀ ਉਤਸੁਕਤਾ ਪੈਦਾ ਹੋਈ ਕਿ ਕਿਵੇਂ ਕਮਿਊਨਿਸਟ ਚਿੱਤਰਕਾਰ ਦੀ ਸਰਕਾਰੇ-ਦਰਬਾਰੇ ਏਨੀ ਪ੍ਰਤਿਸ਼ਟਤਾ ਸੀ ਕਿ ਉਹ ਆਪਣੇ ਵਾਕਫ਼ਕਾਰ ਦੀ ਸੁਰੱਖਿਆ ਲਈ ਏਨਾ ਉਦੱਮ ਕਰ ਸਕੇ। ਦੇਰ ਤੀਕ ਇਸ ਪ੍ਰਸ਼ਨ ਦੇ ਉੱਤਰ ਦੀ ਭਾਲ ਮਨ ਦੇ ਕਿਸੇ ਕੋਨੇ ਵਿਚ ਸਾਂਭੀ ਰਹੀ, ਪਰ ਇਸ ਦਾ ਢੁੱਕਵਾਂ ਉੱਤਰ ਨਾ ਲੱਭਾ।

ਫਿਰ 1983 ਦੇ ਸਾਲ ਵਿਚ ਪਾਬਲੋ ਨੇਰੂਦਾ ਦੀਆਂ ਕਾਵਿ-ਪੁਸਤਕਾਂ ਦੀ ਭਾਲ ਕਰਦੇ ਕਰਦੇ ਮੈਨੂੰ ਨੇਰੂਦਾ ਦੀ ਸਵੈ-ਜੀਵਨੀ ਹੱਥ ਲੱਗੀ। ਇਸ ਵਿਚ ਮੈਕਸੀਕੋ ਦੇ ਹੋਰ ਚਿੱਤਰਕਾਰਾਂ ਦਾ ਜ਼ਿਕਰ ਕਰਕੇ ਨੇਰੂਦਾ ਨੇ ਡੀਗੋ ਰਿਵੇਰਾ ਦੇ ਸੁਭਾਅ ਤੇ ਚਿੱਤਰਕਲਾ ਦਾ ਵਿਸ਼ੇਸ਼ ਜ਼ਿਕਰ ਕੀਤਾ ਹੈ। ਨੇਰੂਦਾ ਲਿਖਦਾ ਹੈ;

"ਇਸ ਸਮੇਂ ਤੀਕ ਡੀਗੋ ਰਿਵੇਰਾ ਨੇ ਏਨਾ ਕੰਮ ਕਰ ਲਿਆ ਸੀ ਤੇ ਹਰ ਇਕ ਨਾਲ ਏਨੇ ਕਲੇਸ਼ ਸਹੇੜ ਲਏ ਸਨ ਕਿ ਇਹ ਹੱਟਾ ਕੱਟਾ ਚਿੱਤਰਕਾਰ ਦੇਵ-ਮਾਲਾ ਦਾ ਇਕ ਪਾਤਰ ਬਣ ਚੁੱਕਾ ਸੀ। . . . . . . . ਉਹ ਮਨੁੱਖੀ ਮਾਸ ਨੂੰ ਸਿਹਤ ਮੰਦ ਖੁਰਾਕ ਵਜੋਂ ਖਾਣ ਦੀ ਸਿਫ਼ਾਰਿਸ਼ ਕਰਦਾ ਤੇ ਕਹਿੰਦਾ ਸੀ, ਭੋਜਨ ਦੇ ਸਭ ਤੋਂ ਵੱਡੇ ਰਸੀਏ ਇਸ ਨੂੰ ਬਹੁਤ ਪਸੰਦ ਕਰਦੇ ਨੇ। ਉਹ ਹਰ ਉਮਰ ਦੇ ਬੰਦਿਆਂ ਨੂੰ ਰਿੰਨ੍ਹ-ਪਕਾ ਕੇ ਖਾਣ ਦੇ ਨੁਸਖ਼ੇ ਦੱਸਦਾ ਸੀ। ਕਿਸੇ ਹੋਰ ਮੌਕੇ 'ਤੇ ਉਹ ਸਮਲਿੰਗੀ ਪਿਆਰ ਬਾਰੇ ਲੰਮੇ ਚੌੜੇ ਸਿਧਾਂਤ ਪੇਸ਼ ਕਰਦਾ ਹੈ, ਤੇ ਕਹਿੰਦਾ ਹੈ ਕਿ ਇਹ ਇਕੋ ਇਕ ਆਮ ਮਨੁੱਖੀ ਰਿਸ਼ਤਾ ਹੈ, ਜਿਸ ਨੂੰ ਖੁਦਾਈ ਸਮੇਂ ਉਸ ਦੀ ਨਿਗਰਾਨੀ ਹੇਠ ਪ੍ਰਾਚੀਨ ਇਤਿਹਾਸਕ ਖੋਜਾਂ ਨੇ ਠੀਕ ਸਿੱਧ ਕੀਤਾ ਹੈ।''

ਨੇਰੂਦਾ ਉਸ ਦੇ ਘੁਮੱਕੜ ਤੇ ਫੱਕੜ ਸੁਭਾਅ ਬਾਰੇ ਹੋਰ ਦਿਲਚਸਪ ਵੇਰਵੇ ਦਿੰਦਾ ਲਿਖਦਾ ਹੈ:

"ਕਈ ਵਾਰ ਉਹ ਘੰਟਿਆਂ ਬੱਧੀ ਆਵਾਰਾ ਘੁੰਮਦਾ ਰਹਿੰਦਾ, ਆਪਣੀਆਂ ਢੱਕੀਆਂ ਹੋਈਆਂ ਆਦਿ-ਵਾਸੀਆਂ ਵਾਲੀਆਂ ਅੱਖਾਂ ਨਾਲ ਕੰਮ ਕਰਦਾ, ਮੈਨੂੰ ਆਪਣੇ ਯਹੂਦੀ ਪਿਛੋਕੜ ਬਾਰੇ ਸਭ ਕੁਝ ਦੱਸਦਾ। ਕਿਸੇ ਹੋਰ ਮੌਕੇ, ਪਹਿਲੀਆਂ ਵਾਰਤਾਲਾਪਾਂ ਨੂੰ ਭੁੱਲ ਕੇ ਉਹ ਮੇਰੇ ਕੋਲ ਸੌਂਹਾਂ ਖਾਂਦਾ ਕਿ ਉਹ ਜਨਰਲ ਰੂਮੇਲ ਦਾ ਪਿਓ ਸੀ। ਪਰ ਉਸ ਦੇ ਇਸ ਵਿਸ਼ਵਾਸ ਨੂੰ ਬਹੁਤ ਗੁਪਤ ਰੱਖਿਆ ਜਾਵੇ, ਕਿਉਂਕਿ ਇਸ ਭੇਤ ਦੇ ਖੁੱਲ੍ਹਣ ਨਾਲ ਭਿਆਨਕ ਕੌਮਾਂਤਰੀ ਸਿੱਟੇ ਨਿਕਲਣਗੇ।"

ਰਿਵੇਰਾ ਦੇ ਇਸ ਗਪੌੜੀ ਸੁਭਾਅ ਬਾਰੇ ਪੜ੍ਹ ਕੇ ਮੈਨੂੰ ਇਸ ਸੰਸਾਰ ਪਸਿੱਧ ਚਿੱਤਰਕਾਰ ਬਾਰੇ ਹੋਰ ਵਧੇਰੇ ਜਾਣਨ 'ਤੇ ਸਮਝਣ ਦੀ ਉਤਸੁਕਤਾ ਪੈਦਾ ਹੋਈ। ਚਿੱਤਰਕਲਾ ਵਿਚ ਪੈਦਾ, ਹੋਈ ਮੇਰੀ ਖ਼ਬਤੀ ਰੁਚੀ ਨੇ ਮੈਨੂੰ ਇਸ ਵਿਸ਼ੇ ਤੇ ਚਿੱਤਰਕਲਾ ਬਾਰੇ ਪੁਸਤਕਾਂ ਇਕੱਠੀਆ ਕਰਨ ਵੱਲ ਲਾ ਦਿੱਤਾ। ਪਹਿਲਾਂ ਰੂਸੀ ਤੇ ਫਿਰ ਯੂਰਪੀ ਆਰਟ-ਗੈਲਰੀਆਂ ਬਾਰੇ ਇਕੱਠੀਆਂ ਕੀਤੀਆਂ ਪੁਸਤਕਾਂ ਵਿਚੋਂ ਉਸ ਬਾਰੇ ਇਕ ਸ਼ਬਦ ਵੀ ਨਾ ਮਿਲਦਾ ਤੇ ਮੈਂ ਆਪਣੀ ਭਾਲ ਨੂੰ ਵਿਚਾਲੇ ਛੱਡ ਨਿਰਾਸ ਹੋ ਕੇ ਬੈਠ ਜਾਂਦਾ।

ਪੰਜਾਬੀ ਦਾ ਮੁਹਾਵਰਾ ਹੈ, "ਜਿਥੇ ਚਾਹ ਉਥੇ ਰਾਹ।'' ਪਰ ਕਈ ਵਾਰ ਇਹ ਰਾਹ ਬਹੁਤ ਹੀ ਔਝੜ ਮੋੜ ਵਾਲੇ ਹੁੰਦੇ ਨੇ ਤੇ ਹਰ ਮੋੜ 'ਤੇ ਖਲੋ ਕੇ ਤੁਹਾਨੂੰ ਮੁੜ ਮੁੜ ਅੱਗੇ ਪਿੱਛੇ ਝਾਕਣਾ ਤੇ ਕਿਸੇ ਆਏ ਗਏ ਨੂੰ ਪੁੱਛਣਾ ਪੈਂਦਾ ਹੈ। ਕਈ ਵਾਰ ਇਸ ਤਲਾਸ਼ ਦਾ ਹਸ਼ਰ ਮਾਰੂਥਲ ਵਿਚ ਦੀ ਗੁਜ਼ਰਦੀ ਉਸ ਨਦੀ ਵਰਗਾ ਹੁੰਦਾ ਹੈ, ਜਿਹੜੀ ਪਹਾੜਾਂ ਤੋਂ ਸਮੁੰਦਰ ਤੀਕ ਦੀ ਔਝੜ ਤੇ ਬਿਖੜੀ ਯਾਤਰਾ 'ਤੇ ਤੁਰਦੀ ਹੈ ਪਰ ਉਸ ਨੂੰ ਰਾਹ ਵਿਚ ਮਾਰੂ ਥਲ ਦੀ ਅਥਾਹ ਰੇਤ ਚਟਮ ਕਰ ਜਾਂਦੀ ਹੈ।

ਪਰ ਮੇਰੇ ਸਾਹਮਣੇ ਮੇਰਾ ਆਪਣਾ ਵੀ ਇਕ ਤਜ਼ਰਬਾ ਸੀ। ਜੋ ਮੈਨੂੰ ਬੜਾ ਧਰਵਾਸ ਦਿੰਦਾ ਸੀ। ਪਾਬਲੋ ਨੇਰੂਦਾ ਦੀ ਜੀਵਨੀ ਪੜ੍ਹਦਿਆਂ ਉਸ ਦੇ ਆਖਰੀ ਕਾਂਡ 'ਕਵਿਤਾ ਇਕ ਕਿੱਤਾ ਹੈ' ਦੇ ਮੁੱਢ ਵਿਚ ਇਕ ਨਿਬੰਧ ਆਉਂਦਾ ਹੈ, ਜਿਸ ਦਾ ਸਿਰਲੇਖ ਹੈ, 'ਕਵਿਤਾ ਦੀ ਸ਼ਕਤੀ'। ਇਸ ਵਿਚ ਇਕ ਘਟਨਾ ਤੀਨਾ ਮਾਦੋਤੀ ਬਾਰੇ ਹੈ। ਉਸ ਬਾਰੇ ਨੇਰੂਦਾ ਦੀ ਟਿੱਪਣੀ ਪੜ੍ਹ ਕੇ ਮੈਂ ਉਹ ਕਵਿਤਾ ਲੱਭਣ ਦੀ ਕੋਸ਼ਿਸ਼ ਕੀਤੀ ਜਿਹੜੀ ਨੇਰੂਦਾ ਨੇ ਉਸ ਦੀ ਮੌਤ ਬਾਰੇ ਲਿਖੀ ਸੀ। ਨੇਰੂਦਾ ਦੇ ਕਾਵਿ-ਸੰਗ੍ਰਹਿ Residence On Earth ਵਿਚੋਂ ਇਹ ਕਵਿਤਾ ਪ੍ਰਾਪਤ ਹੋਈ ਤੇ ਮੈਂ ਉਸ ਦਾ ਪੰਜਾਬੀ ਅਨੁਵਾਦ ਕਰ ਦਿੱਤਾ। ਪਰ ਮੇਰੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਜਦੋਂ ਯੂ.ਕੇ. ਦੇ ਮਈ 1993 ਦੇ ਫੇਰੀ ਸਮੇਂ ਉਥੋਂ ਦੀ ਇਕ ਅਖ਼ਬਾਰ Guardian (9-11-93) ਵਿਚ ਤੀਨਾ ਮਾਦੋਤੀ ਬਾਰੇ ਛਪੀਆਂ ਤਿੰਨ ਪੁਸਤਕਾਂ ਦੀ ਸੂਚਨਾ ਮਿਲ ਗਈ।

ਡੀਗੋ ਰਿਵੇਰਾ ਬਾਰੇ ਵੀ ਮੇਰੀ ਤਲਾਸ਼ ਇੰਝ ਹੀ ਚਲਦੀ ਰਹੀ ਤੇ ਅਖੀਰ ਮੈਂ ਉਸ ਬਾਰੇ ਵਡਮੁੱਲੀ ਲੋੜੀਂਦੀ ਜਾਣਕਾਰੀ ਦੇ ਨਾਲ ਨਾਲ ਉਸ ਦੇ ਕੁਝ ਕੰਧ ਚਿੱਤਰਾਂ ਦੀਆਂ ਫੋਟੋ ਕਾਪੀਆਂ ਲੱਭਣ ਵਿਚ ਸਫ਼ਲ ਹੋ ਗਿਆ।

ਡੀਗੋ ਰਿਵੇਰਾ ਵੀਹਵੀਂ ਸਦੀ ਦੀ ਬੜੀ ਰੰਗਦਾਰ ਤੇ ਕ੍ਰਿਸ਼ਮਈ ਸਖ਼ਸ਼ੀਅਤ ਸੀ। ਜੰਮਿਆ ਭਾਵੇਂ ਉਹ ਮੈਕਸੀਕੋ ਵਿਚ ਸੀ ਪਰ ਚੜ੍ਹਦੀ ਜਵਾਨੀ ਵਿਚ ਉਹ ਫਰਾਂਸ ਚਲਾ ਗਿਆ ਤੇ 'ਕਿਊਬ ਵਾਦੀ' ਕਲਾ ਦ੍ਰਿਸ਼ਟੀ ਦਾ ਧਾਰਨੀ ਬਣ ਦੇਸ਼ ਵਾਪਸ ਪਰਤਿਆ। ਛੇਤੀ ਹੀ ਡੀਗੋ ਰਿਵੇਰਾ ਦੇ ਕੰਧ ਚਿੱਤਰਾਂ ਨੇ ਮੈਕਸੀਕਨ ਜਨ ਜੀਵਨ ਵਿਚ ਤਰਥੱਲੀ ਜਿਹੀ ਮਚਾ ਦਿੱਤੀ ਸੀ। ਆਖਰ ਇਸ ਦਾ ਕੀ ਕਾਰਨ ਸੀ?

ਡੀਗੋ ਰਿਵੇਰਾ 13 ਦਸੰਬਰ 1886 ਨੂੰ ਇਕ ਪੜ੍ਹੇ ਲਿਖੇ ਤੇ ਰਾਜਸੀ ਤੌਰ 'ਤੇ ਆਜ਼ਾਦ ਖਿਆਲਾਂ ਵਾਲੇ ਪਰਿਵਾਰ ਵਿਚ ਜੰਮਿਆ। ਉਸ ਸਮੇਂ ਦੇਸ਼ ਉਤੇ ਰਾਸ਼ਟਰਪਤੀ ਪੋਰਫੀਰੀਓ ਡਿਆਜ਼ ਦਾ ਤਾਨਾਸ਼ਾਹੀ ਰਾਜ ਸੀ। ਸੈਂਸਰਸ਼ਿਪ ਬੜੀ ਕਰੜੀ ਸੀ ਤੇ ਸਜ਼ਾਵਾਂ ਬੜੀਆਂ ਸਖ਼ਤ ਸਨ। ਰਿਵੇਰਾ ਦੇ ਪਿਤਾ ਨੇ ਸਰਕਾਰੀ ਨੀਤੀਆਂ ਦੇ ਵਿਰੁੱਧ ਆਪਣੇ ਖੱਬੇ ਪੱਖੀ ਪਾਟਵੇਂ ਵਿਚਾਰਾਂ ਦਾ ਪ੍ਰਗਟਾਵਾ ਇਕ ਅਖ਼ਬਾਰ ਵਿਚ ਕੀਤਾ। ਸਿੱਟੇ ਵਜੋਂ ਉਸ ਨੂੰ ਬਚਾਅ ਲਈ ਆਪਣਾ ਜੱਦੀ ਘਰ ਘਾਟ ਛੱਡਣਾ ਪਿਆ ਤੇ ਉਹ ਰਾਜਧਾਨੀ ਵਿਚ ਜਾ ਵਸੇ। ਏਥੇ ਉਸ ਨੂੰ ਕਿਸੇ ਆਰਟ-ਸਕੂਲ ਵਿਚ ਪੜ੍ਹਨੇ ਪਾਇਆ ਗਿਆ।

ਡਰਾਇੰਗ ਵਿਚ ਰਿਵੇਰਾ ਦੀ ਰੁਚੀ ਜਮਾਂਦਰੂ ਸੀ। ਉਹ ਹਰ ਸਮੇਂ ਕੰਧਾਂ ਉਤੇ ਚਾਕ ਤੇ ਪੈਨਸਿਲਾਂ ਨਾਲ ਲਕੀਰਾਂ ਵਾਹੁੰਦਾ ਰਹਿੰਦਾ ਸੀ। ਜਿਸ ਨਾਲ ਸਾਰੀਆਂ ਕੰਧਾਂ ਖਰਾਬ ਹੋ ਰਹੀਆਂ ਸਨ। ਉਸ ਦੀ ਇਹ ਰੁਚੀ ਵੇਖ ਕੇ ਉਸ ਦੇ ਪਿਤਾ ਨੇ ਉਸ ਨੂੰ ਇਕ ਕਮਰਾ ਅਲਾਟ ਕਰ ਦਿੱਤਾ ਤੇ ਹਰ ਤਰ੍ਹਾਂ ਦੀਆਂ ਲਕੀਰਾਂ ਵਾਹੁਣ ਦੀ ਖੁੱਲ੍ਹ ਦੇ ਦਿੱਤੀ। ਆਪਣੇ ਬਚਪਨ ਦੀਆਂ ਯਾਦਾਂ ਬਾਰੇ ਲਿਖਦਿਆਂ ਰਿਵੇਰਾ ਨੇ ਆਪਣੇ ਸਵੈ-ਜੀਵਨੀ My Art, My Life ਵਿਚ ਲਿਖਿਆ ਹੈ;

"ਜਿਥੋਂ ਤੀਕ ਮੈਨੂੰ ਯਾਦ ਹੈ ਮੈਂ ਲੀਕਾਂ ਵਾਹੁੰਦਾ ਹੁੰਦਾ ਸੀ। ਮੇਰੇ ਪਿਤਾ ਨੇ ਮੇਰੇ ਲਈ ਇਕ ਵਿਸ਼ੇਸ਼ ਕਮਰਾ ਅਲਾਟ ਕਰ ਦਿੱਤਾ ਸੀ। ਉਹ ਮੇਰਾ ਪਹਿਲਾ ਸਟੂਡੀਓ ਸੀ। ਏਥੇ ਮੈਂ ਪਹਿਲੇ ਕੰਧ ਚਿੱਤਰ ਵਾਹੇ।''

ਰਿਵੇਰਾ ਦੇ ਮਾਤਾ-ਪਿਤਾ ਅਧਿਆਪਕ ਸਨ। ਇਸੇ ਕਾਰਨ ਉਹ ਵੀ ਮੁਢਲੀ ਪੜ੍ਹਾਈ ਵਿਚ ਬੜਾ ਲਾਇਕ ਨਿਕਲ ਆਇਆ ਤੇ ਉਸ ਨੂੰ ਛੋਟੇ ਹੁੰਦਿਆਂ ਤੋਂ ਹੀ ਇਕ ਆਰਟ ਸਕੂਲ ਵਿਚ ਦਾਖ਼ਲ ਕਰਵਾ ਦਿੱਤਾ ਗਿਆ। 12 ਸਾਲ ਦੀ ਉਮਰ ਵਿਚ ਉਸ ਨੇ ਸਾਰੀ ਮੁਢਲੀ ਪੜ੍ਹਾਈ ਮੁਕਾ ਲਈ ਤੇ ਪਿਤਾ ਦੀ ਚੋਣ ਅਨੁਸਾਰ ਉਹਨੂੰ ਅਫ਼ਸਰ ਬਣਨ ਲਈ ਇਕ ਸੈਨਿਕ ਕਾਲਜ ਵਿਚ ਦਾਖ਼ਲ ਕਰਵਾ ਦਿੱਤਾ ਗਿਆ। ਪਰ ਰਿਵੇਰਾ ਦੀ ਰੁਚੀ ਤਾਂ ਕਲਾਕਾਰ ਬਣਨ ਵੱਲ ਸੀ। ਦੋ ਹਫ਼ਤੇ ਬਾਅਦ ਹੀ ਉਹ ਇਸ ਕਾਲਜ ਵਿਚ ਪੜ੍ਹਨ ਤੋਂ ਬਾਗੀ ਹੋ ਗਿਆ ਤੇ ਉਸ ਨੂੰ ਆਰਟ ਅਕੈਡਮੀ ਵਿਚ ਦਾਖਲੇ ਲਈ ਵਜ਼ੀਫ਼ਾ ਮਿਲ ਗਿਆ। ਏਥੇ ਉਹ 7 ਸਾਲ ਤੀਕ ਆਰਟੀ ਦੀ ਪੜ੍ਹਾਈ ਕਰਦਾ ਰਿਹਾ। ਅਕਾਡਮੀ ਦੀ ਪੜ੍ਹਾਈ ਕਰਦਿਆਂ ਉਹ ਜਵਾਨ ਹੋ ਗਿਆ। ਉਸ ਦਾ ਕੱਦ 6 ਫੁੱਟ ਤੋਂ ਉਤਾਂਹ ਨਿਕਲ ਗਿਆ। ਉਹ ਬੜੀ ਛੇਤੀ ਹਮ ਉਮਰ ਲੜਕਿਆਂ ਨਾਲ ਯਾਰੀਆਂ ਗੰਢ ਲੈਂਦਾ ਸੀ ਤੇ ਇਸ ਉਮਰ ਵਿਚ ਹੀ ਉਸਨੂੰ ਵੰਨ ਸੁਵੰਨੀਆਂ ਕਹਾਣੀਆਂ ਜੋੜਨ ਤੇ ਗੱਪਾਂ ਮਾਰਨ ਦੀ ਆਦਤ ਪੈ ਗਈ ਸੀ। ਉਸ ਦੀਆਂ ਅੱਖਾਂ ਬਾਰੇ ਕਈ ਲੋਕਾਂ ਨੇ ਲਿਖਿਆ ਹੈ ਕਿ ਉਸ ਦੇ ਡੇਲੇ ਬੜੇ ਵੱਡੇ ਸਨ ਤੇ ਇਹ ਡੱਡੂਆਂ ਵਾਂਗ ਬਾਹਰ ਨੂੰ ਨਿਕਲੇ ਹੋਏ ਪ੍ਰਤੀਤ ਹੁੰਦੇ ਸਨ।

ਜਨਵਰੀ 1907 ਵਿਚ ਕਲਾ ਦੀ ਉਚੇਰੀ ਪੜ੍ਹਾਈ ਲਈ ਉਸ ਨੂੰ ਇਕ ਗਵਰਨਰ ਦੀ ਸਹਾਇਤਾ ਨਾਲ ਯੂਰਪ ਜਾਣ ਲਈ ਚਾਰ ਸਾਲਾਂ ਵਾਸਤੇ ਸਰਕਾਰੀ ਵਜ਼ੀਫ਼ਾ ਮਿਲ ਗਿਆ ਤੇ ਉਹ ਸਪੇਨ ਦੇ ਸ਼ਹਿਰ ਮੈਡਰਿਡ ਚਲਾ ਗਿਆ। ਦੋ ਸਾਲ ਬਾਅਦ ਉਹ ਪੈਰਿਸ ਜਾ ਪਹੁੰਚਿਆ। ਇਥੇ ਉਹ 12 ਸਾਲ ਤੀਕ ਕਲਾ ਦੀ ਉਚੇਰੀ ਪੜ੍ਹਾਈ ਵਿਚ ਜੁਟਿਆ ਰਿਹਾ ਤੇ ਚਿੱਤਰਕਲਾ ਦੀ ਸਿਖਲਾਈ ਲੈਂਦਾ ਰਿਹਾ।

ਪੈਰਿਸ ਵਿਚ ਉਹ ਆਰਟ ਗੈਲਰੀਆਂ ਵਿਚ ਸੰਭਾਲੇ ਕਲਾ ਦੇ ਅਦਭੁਤ ਖ਼ਜ਼ਾਨਿਆਂ ਗਹੁ ਨਾਲ ਅਧਿਐਨ ਕਰਦਾ ਰਿਹਾ ਤੇ ਕਲਾਕਾਰਾਂ ਵਿਚ ਚਲਦੀਆਂ ਬਹਿਸਾਂ ਵਿਚ ਵੱਧ ਚੜ੍ਹ ਕੇ ਹਿੱਸਾ ਲੈਂਦਾ ਰਿਹਾ। ਪੈਰਿਸ ਵਿਚ ਉਸ ਸਮੇਂ ਕਿਊਬਿਸਮ ਦਾ ਜ਼ੋਰ ਸੀ। ਰਿਵੇਰਾ ਦੀਆਂ ਮੁਢਲੀਆਂ ਕਲਾ ਕਿਰਤਾਂ ਉਤੇ ਇਹਨਾ ਰੁਝਾਨਾਂ ਦਾ ਡੂੰਘਾ ਪ੍ਰਭਾਵ ਪਿਆ।

ਪੈਰਿਸ ਰਹਿੰਦਿਆਂ, ਯੂਰਪ ਦੇ ਹੋਰ ਦੇਸ਼ਾਂ ਵਿਚ ਘੁੰਮਦਿਆਂ, ਲੜਦਿਆਂ, ਝਗੜਿਆਂ ਤੇ ਸਿੱਖਦਿਆਂ ਉਸ ਵਿਚਲਾ ਕਲਾਕਾਰ ਤੇਜ਼ੀ ਨਾਲ ਵਿਕਸਿਤ ਹੋ ਰਿਹਾ ਸੀ। ਉਹ ਮੌਲਿਕ ਰੂਪ ਵਿਚ ਚਿੱਤਰ ਬਣਾਉਣ ਦੇ ਕਾਬਲ ਹੋ ਗਿਆ ਸੀ। ਏਥੇ ਰਹਿੰਦਿਆਂ ਉਸ ਦੇ ਕੰਮ ਦੀ ਮਹਿਮਾ ਸੰਸਾਰ ਪ੍ਰਸਿੱਧ ਚਿੱਤਰਕਾਰ ਪਿਕਾਸੋ ਤੀਕ ਵੀ ਪਹੁੰਚ ਚੁੱਕੀ ਸੀ। ਪਿਕਾਸੋ ਖੁਦ ਉਸ ਦਾ ਕੰਮ ਵੇਖਣ ਲਈ ਰਿਵੇਰਾ ਦੇ ਸਟੂਡੀਓ ਵਿਚ ਆਇਆ ਤੇ ਉਸ ਦੀ ਡੂੰਘੀ ਪ੍ਰਸੰਸਾ ਕੀਤੀ।

14 ਸਾਲ ਯੂਰਪ ਤੇ ਖਾਸ ਤੌਰ 'ਤੇ ਸੰਸਾਰ ਦੀ ਕਲਾ ਰਾਜਧਾਨੀ ਪੈਰਿਸ ਵਿਚ ਗੁਜ਼ਾਰ 1921 ਵਿਚ ਰਿਵੇਰਾ ਆਪਣੇ ਵਤਨ ਮੈਕਸੀਕੋ ਵਾਪਸ ਪਰਤਿਆ। ਹੁਣ ਤੀਕ ਉਹ ਕਈ ਮੌਲਿਕ ਚਿੱਤਰ ਬਣਾ ਕੇ ਕਲਾ ਹਲਕਿਆਂ ਵਿਚ ਨਾਮਣਾ ਖੱਟ ਚੁੱਕਿਆ ਸੀ। ਉਸ ਦੀ ਕਲਪਨਾ ਉਡਾਰੀ ਰਚਨਾਤਮਕ ਸ਼ਕਤੀ ਤੇ ਵਿਚਾਰਾਂ ਵਿਚ ਪਕਿਆਈ ਆ ਚੁੱਕੀ ਸੀ।

ਪਰ ਆਪਣੇ ਵਤਨ ਵਾਪਸ ਪਰਤਣ ਦੇ ਆਖ਼ਰੀ ਡੇਢ ਸਾਲ ਰਿਵੇਰਾ ਨੇ ਇਟਲੀ ਵਿਚ ਬਿਤਾਏ। ਇਟਲੀ ਦੀ ਕੰਧ ਚਿੱਤਰਕਲਾ (Fres-coes) ਤੋਂ ਉਸ ਨੇ ਬੜਾ ਕੁਝ ਕੀਮਤੀ ਸਿੱਖਿਆ, ਜੋ ਵਾਪਸ ਮੈਕਸੀਕੋ ਪਰਤ ਕੇ ਉਸ ਲਈ ਬੜਾ ਕੰਮ ਆਇਆ। ਮਾਈਕਲ ਐਂਜਲੋ ਵਰਗੇ ਮਹਾਨ ਕਲਾਕਾਰਾਂ ਦਾ ਗਿਰਜਿਆਂ ਦੀਆਂ ਛੱਤਾਂ ਅਤੇ ਕੰਧਾਂ ਉਤੇ ਕੀਤਾ ਕੰਮ ਉਸ ਲਈ ਅੱਗੇ ਜਾ ਕੇ ਰਾਹ ਦਰਸਾਊ ਬਣ ਗਿਆ। ਪਰ ਉਸ ਲਈ ਪ੍ਰਸ਼ਨ ਇਹ ਸੀ ਕਿ ਉਹ ਹੁਣ ਕਿਸ ਦੇਸ਼ ਵਿਚ ਰਹਿ ਕੇ ਕੰਧ ਚਿੱਤਰਾਂ ਦਾ ਕੰਮ ਅਰੰਭ ਕਰੇ।

ਉਨ੍ਹਾਂ ਵਰ੍ਹਿਆਂ ਵਿਚ ਮੈਕਸੀਕੋ ਵਿਚ ਵੀ ਰਾਜਸੀ ਕ੍ਰਾਂਤੀ ਆ ਚੁੱਕੀ ਸੀ। ਇਹ ਕਿਸਾਨੀ ਇਨਕਲਾਬ ਸੀ। ਜੋ ਰੂਸ ਦੀ ਕ੍ਰਾਂਤੀ ਤੋਂ ਪਹਿਲਾਂ ਹੋ ਚੁੱਕਾ ਸੀ। ਤਾਨਾਸ਼ਾਹੀ ਦੇ ਖ਼ਾਤਮੇ ਪਿਛੋਂ ਦੇਸ਼ ਵਿਚ ਲੋਕ ਰਾਜ ਸਥਾਪਤ ਹੋ ਚੁੱਕਾ ਸੀ। ਦੇਸ਼ ਦਾ ਵਿਕਾਸ ਤੇਜ਼ੀ ਨਾਲ ਹੋ ਰਿਹਾ ਸੀ। ਨਵੀਆਂ ਇਮਾਰਤਾਂ, ਭਵਨ ਤੇ ਸੰਸਥਾਵਾਂ ਬਣ ਰਹੀਆਂ ਸਨ। ਹਰ ਵੱਡੀ ਇਮਾਰਤ ਦੀਆਂ ਉੱਚੀਆਂ ਕੰਧਾਂ 'ਤੇ ਸਰਕਾਰੀ ਪ੍ਰੇਰਨਾ ਨਾਲ ਕੰਧ ਚਿੱਤਰ ਬਣ ਰਹੇ ਸਨ। ਦੇਸ਼ ਦਾ ਸਿੱਖਿਆ ਮੰਤਰੀ ਕਲਾ ਦਾ ਪ੍ਰੇਮੀ ਸੀ। ਉਸਨੇ ਰਿਵੇਰਾ ਨੂੰ ਵੀ ਕਲਾ ਦੀ ਇਸ ਪੁਨਰ ਜਾਗਰਣ ਦੀ ਲਹਿਰ ਵਿਚ ਆਪਣਾ ਕਲਾਤਮਕ ਹਿੱਸਾ ਪਾਉਣ ਲਈ ਪ੍ਰੇਰਿਆ। ਰਿਵੇਰਾ ਆਪਣੇ ਕਲਾ ਲਕਸ਼ ਪ੍ਰਤੀ ਕਾਫ਼ੀ ਸੁਚੇਤ ਹੋ ਚੁੱਕਾ ਸੀ ਤੇ ਕਮਿਊਨਿਸਟ ਵਿਚਾਰਧਾਰਾ ਦੇ ਪ੍ਰਭਾਵ ਹੇਠ ਆ ਚੁੱਕਾ ਸੀ। ਉਸ ਦੀ ਰਾਏ ਸੀ ਕਿ ਸਿਰਫ਼ ਕੰਧ ਚਿੱਤਰ ਹੀ ਕਲਾ ਦਾ ਐਸਾ ਮਾਧਿਅਮ ਹੈ ਜਿਸ ਰਾਹੀਂ ਪੇਂਟਿੰਗ ਆਮ ਲੋਕਾਂ ਤੀਕ ਜਾ ਸਕਦੀ ਹੈ। ਇਨ੍ਹਾਂ ਵਰ੍ਹਿਆਂ ਦੀ ਆਪਣੀ ਮਾਨਸਿਕ ਅਵਸਥਾ ਬਾਰੇ ਰਿਵੇਰਾ ਲਿਖਦਾ ਹੈ:

"ਮੈਂ ਜਿਹੜੀ ਵੀ ਚੀਜ਼ ਵੇਖਦਾ ਸੀ, ਉਸ ਵਿਚ ਲੁਪਤ ਕਲਾ ਸ਼ਾਹਕਾਰ ਵਿਖਾਈ ਦਿੰਦਾ ਸੀ। ਭੀੜਾਂ, ਮੰਡੀਆਂ, ਤਿਉਹਾਰਾਂ, ਕੂਚ ਕਰਦੀਆਂ ਪਲਟਨਾਂ, ਖੇਡਾਂ ਤੇ ਦੁਕਾਨਾਂ ਵਿਚ ਕੰਮ ਕਰਦੇ ਮਜ਼ਦੂਰ ਗੱਲ ਕੀ ਹਰ ਨੂਰਾਨੀ ਚਿਹਰੇ 'ਤੇ ਹਰ ਬੱਚੇ ਵਿਚ ਇਹ ਸਾਰਾ ਕੁੱਝ ਮੈਨੂੰ ਇਲਹਾਮ ਵਰਗਾ ਲੱਗਦਾ ਸੀ। ਮੇਰਾ ਵਿਸ਼ਵਾਸ ਸੀ ਕਿ ਜੇ ਮੈਂ ਸੌ ਜੀਵਨ ਵੀ ਜੀਵਾਂ ਤਾਂ ਵੀ ਮੈਂ ਇਸ ਪ੍ਰਸੰਨ ਚਿੱਤ ਸੁੰਦਰਤਾ ਦੇ ਭੰਡਾਰ ਵਿਚੋਂ ਰੰਚਕ ਮਾਤਰ ਵੀ ਆਪਣੀ ਵਰਤੋਂ ਵਿਚ ਨਹੀਂ ਸੀ ਲਿਆ ਸਕਦਾ।''

ਉਸ ਸਮੇਂ ਤੀਕ ਰਿਵੇਰਾ ਆਪਣੇ ਦੇਸ਼ ਦੀ ਪ੍ਰਾਚੀਨ ਕੰਧ ਚਿਤਰਾਵਲੀ ਅਤੇ ਲੋਕ ਕਲਾ ਤੋਂ ਵੀ ਪ੍ਰਭਾਵਤ ਹੋ ਚੁੱਕਾ ਸੀ। ਪੁਰਾਤਨ ਕਲਾ-ਵਿਰਾਸਤ ਨੂੰ ਨਵੀਆਂ ਲੋੜਾਂ ਅਤੇ ਨਵੇਂ ਪ੍ਰਸੰਗਾਂ ਵਿਚ ਇਸ ਦੀ ਵਰਤੋਂ ਕਿਵੇਂ ਕਰਨੀ ਹੈ, ਉਸਨੂੰ ਇਸ ਦਾ ਕਾਫ਼ੀ ਗਿਆਨ ਪ੍ਰਾਪਤ ਹੋ ਚੁੱਕਾ ਸੀ।

ਡੀਗੋ ਦੇ ਆਪਣੇ ਵਤਨ ਵਾਪਸ ਪਰਤਦੇ ਹੀ ਜਿਵੇਂ ਕਲਾ ਦਾ ਕੰਮ ਉਸਨੂੰ ਉਡੀਕ ਰਿਹਾ ਸੀ। ਸਰਕਾਰੀ ਪੱਧਰ 'ਤੇ ਮੈਕਸੀਕੋ ਦੇ ਕਲਾਕਾਰਾਂ ਨੂੰ ਕੰਧ ਚਿੱਤਰ ਬਣਾਉਣ ਲਈ ਠੇਕੇ ਦਿੱਤੇ ਜਾ ਰਹੇ ਸਨ। ਉਸ ਨੂੰ ਵੀ ਕੰਮ ਮਿਲਣ ਵਿਚ ਕੋਈ ਔਕੜ ਨਹੀਂ ਆਈ। ਨਾਲ ਉਸਦੇ ਦੋ ਚਾਰ ਸਹਾਇਕ ਕਲਾਕਾਰ ਵੀ ਹੁੰਦੇ ਸਨ। ਰਿਵੇਰਾ ਦੇ ਕੰਧ ਚਿੱਤਰਾਂ ਦੇ ਕੀਤੇ ਕੰਮ ਦਾ ਵੇਰਵਾ ਦੇਣਾ ਸੌਖਾ ਕੰਮ ਨਹੀਂ ਹੈ। ਇਨ੍ਹਾਂ ਚਿੱਤਰਾਂ ਨੂੰ ਤਿਆਰ ਕਰਨ ਵੇਲੇ



*ਡੀਗੋ ਰਿਵੇਰਾ ਦੀ ਲੋਕ ਚਿੱਤਰਕਾਰੀ ਦਾ ਇਕ ਨਮੂਨਾ*



ਰਿਵੇਰਾ ਅਤੇ ਟ੍ਰਾਟਸਕੀ

ਕਲਾਕਾਰਾਂ, ਮਿਸਤਰੀਆਂ, ਇਮਾਰਤੀ ਕਾਮਿਆਂ, ਰੰਗ ਤਿਆਰ ਕਰਨ ਵਾਲੇ ਕਿਰਤੀਆਂ ਦਾ ਵੱਡਾ ਜੱਥਾ ਦਰਕਾਰ ਹੁੰਦਾ ਸੀ। ਚਿੱਤਰ ਸੀਮੇਂਟ ਦੇ ਤਾਜ਼ਾ ਕੀਤੇ ਪਲੱਸਤਰ ਤੇ ਜਲ ਚਿੱਤਰਾਂ ਦੇ ਰੂਪ ਵਿਚ ਬਣਾਏ ਜਾਂਦੇ ਸਨ। ਰਿਵੇਰਾ ਕੰਮ ਦੇ ਮਾਮਲੇ ਵਿਚ ਅਣਥੱਕ ਆਦਮੀ ਸੀ। ਗੋਅ ਜਾਂ ਪਉੜੀ Scaffold ਉੱਤੇ ਚੜ੍ਹ ਕੇ ਉੱਚੀਆਂ ਇਮਾਰਤਾਂ ’ਤੇ ਕੰਮ ਕਰਨਾ ਜਾਨ ਨੂੰ ਖਤਰੇ ਵਿਚ ਪਾਉਣਾ ਹੁੰਦਾ ਸੀ। ਜਦੋਂ ਕੰਮ ਸ਼ੁਰੂ ਹੋ ਜਾਂਦਾ ਤਾਂ ਰਿਵੇਰਾ ਲਈ ਰੁਕ ਕੇ ਸਾਹ ਲੈਣਾ ਜਾਂ ਸੁਸਤਾਉਣਾ ਅਸੰਭਵ ਹੁੰਦਾ ਸੀ। ਕਈ ਵਾਰ ਉਸ ਦੀ ਟੀਮ ਦੇ ਮੈਂਬਰ ਥੱਕ ਜਾਂ ਅੱਕ ਜਾਂਦੇ ਸੀ ਪਰ ਰਿਵੇਰਾ ਨੂੰ ਚੰਮ ਨਹੀਂ ਕੰਮ ਪਿਆਰਾ ਹੁੰਦਾ ਸੀ। ਉਹ ਗੋਅ ਉਤੇ ਹੀ ਆਰਾਮ ਕਰ ਲੈਂਦਾ ਸੀ ਤੇ ਉਸਨੂੰ ਖਾਣਾ-ਪੀਣਾ ਭੁੱਲ ਜਾਂਦਾ ਸੀ। ਕਿਸੇ ਨੇ ਉਸ ਬਾਰੇ ਲਿਖਿਆ ਸੀ, "ਕੰਮ ਉਸ ਲਈ ਇਕ ਤਰ੍ਹਾਂ ਦਾ ਨਸ਼ਾ ਸੀ ਤੇ ਕੰਮ ਵਿਚ ਰੁਕਾਵਟ ਉਸ ਨੂੰ ਚਿੜ੍ਹਾ ਦਿੰਦੀ ਸੀ।"

ਉਹ ਭੋਜਨ ਵੀ ਗੋਅ ਉਤੇ ਹੀ ਕਰਦਾ ਸੀ। ਇਕ ਵਾਰ ਕੰਮ ਕਰਦੇ ਕਰਦੇ 1927 ਵਿਚ ਉਹ ਪੌੜੀ ਤੋਂ ਹੇਠਾਂ ਡਿੱਗ ਪਿਆ ਸੀ ਤੇ ਬੇਹੋਸ਼ ਹੋ ਗਿਆ। ਉਹ ਲਗਾਤਾਰ 15-15 ਘੰਟੇ ਕੰਮ ਕਰਦਾ ਰਹਿੰਦਾ ਤੇ ਪੌੜੀ ਤੋਂ ਹੇਠਾਂ ਉਤਰਨ ਦਾ ਨਾਂਅ ਨਹੀਂ ਸੀ ਲੈਂਦਾ ਹੁੰਦਾ।

ਉਸ ਦੀ ਪ੍ਰੇਮਕਾ ਤੇ ਪਤਨੀ ਫਰੀਦਾ ਕਾਹਲੋਂ ਰਿਵੇਰਾ ਬਾਰੇ ਆਪਣੀਆਂ ਯਾਦਾਂ ਵਿਚ ਲਿਖਦੀ ਹੈ ਕਿ, "ਡੀਗੋ ਲਈ ਪੇਂਟਿੰਗ ਹੀ ਸਭ ਕੁਝ ਹੈ, ਉਹ ਸੰਸਾਰ ਵਿਚ ਹੋਰ ਕਿਸੇ ਵੀ ਚੀਜ਼ ਨਾਲੋਂ ਕੰਮ ਨੂੰ ਪਹਿਲ ਦਿੰਦਾ ਸੀ। ਇਹ ਉਸ ਦਾ ਇਕੋ ਇਕ ਪੇਸ਼ਾ ਸੀ। ਜਿਥੋਂ ਤੀਕ ਮੈਨੂੰ ਪਤਾ ਹੈ ਉਸਨੇ ਜਾਗਦੇ ਰਹਿਣ ਦਾ ਵਧੇਰੇ ਸਮਾਂ ਪੇਂਟਿੰਗ ਵਿਚ ਹੀ ਲਾਇਆ ਸੀ, ਕਈ ਵਾਰ 12 ਤੋਂ 18 ਘੰਟੇ ਤੀਕ ਵੀ। ਇਹੀ ਕਾਰਨ ਹੈ ਕਿ ਉਹ ਸਧਾਰਨ ਜੀਵਨ ਬਤੀਤ ਨਹੀਂ ਸੀ ਕਰ ਸਕਦਾ ਹੁੰਦਾ। ਨਾ ਹੀ ਉਸ ਕੋਲ ਇਹ ਸੋਚਣ ਦਾ ਵਕਤ ਸੀ ਕਿ ਜੀਵਨ ਵਿਚ ਕੀ ਆਚਰਨ ਵਾਲੀ ਗੱਲ ਹੈ ਤੇ ਕੀ ਅਚਾਰਨਿਕ। ਉਸ ਦਾ ਇਕੋ ਇਕ ਸਰੋਕਾਰ ਹੁੰਦਾ ਸੀ ਕਿ ਮੈਕਸੀਕੋ ਦੇ ਆਮ ਲੋਕਾਂ ਦੇ ਜੀਵਨ ਨੂੰ ਕਲਾ ਦੇ ਮਾਧਿਅਮ ਰਾਹੀਂ ਉਪਰ ਕਿਵੇਂ ਚੁੱਕਣਾ ਹੈ। ਇਹ ਲੋਕ-ਪਿਆਰ ਉਸਨੇ ਇਕ ਤੋਂ ਬਾਅਦ ਇਕ ਪੇਂਟਿੰਗ ਵਿਚ ਪੇਸ਼ ਕੀਤਾ ਹੈ।"

ਰਿਵੇਰਾ ਦਾ ਜੀਵਨ ਵਿਚ ਇਹ ਟੀਚਾ ਜਾਂ ਲਕਸ਼ ਸੀ ਕਿ ਉਸਦੀਆਂ ਕਲਾ ਕਿਰਤੀਆਂ ਰਾਹੀਂ ਮੈਕਸੀਕੋ ਦੇਸ਼ ਦੀ ਧਰਤੀ ਦਾ ਹਰ ਸਕੂਲ, ਡਾਕਖਾਨਾ, ਹਸਪਤਾਲ, ਰੇਲਵੇ ਸਟੇਸ਼ਨ, ਥੀਏਟਰ ਅਤੇ ਪਬਲਿਕ ਇਮਾਰਤਾਂ ਕੰਧ ਚਿੱਤਰਾਂ ਦੇ ਹੁਨਰ ਨਾਲ ਜਗਮਗਾ ਉੱਠਣ ਅਤੇ ਪੇਂਟਿੰਗ ਦੀ ਕਲਾ ਆਰਟ ਗੈਲਰੀਆਂ ਵਿਚ ਕੁਝ ਚੋਣਵੇਂ ਕਲਾ ਪ੍ਰੇਮੀਆਂ ਦੀ ਦਿਲਚਸਪੀ ਦਾ ਕੇਂਦਰ ਨਾ ਰਹੇ, ਸਗੋਂ ਮੁਸ਼ੱਕਤ ਕਰਦੇ ਸਧਾਰਨ ਮਜ਼ਦੂਰਾਂ, ਖੇਤਾਂ ਵਿਚ ਕਿਸਾਨ ਅਤੇ ਮੁਲਾਜ਼ਮ ਲੋਕ ਵੀ ਇਸ ਦੇ ਹੁਸਨ ਦਾ ਆਨੰਦ ਲੈ ਸਕਣ ਅਤੇ ਆਪਣੇ ਵਿਚ ਕਲਾਤਮਕ ਰੁਚੀਆਂ ਵਿਕਸਿਤ ਕਰ ਸਕਣ। ਉਸਨੇ ਇਸ ਕਾਰਜ ਲਈ ਆਪਣੇ ਜੀਵਨ ਦਾ ਹਰ ਪਲ ਕਲਾ ਨੂੰ ਅਰਪਿਤ ਕਰ ਦਿੱਤਾ, ਦੇ ਬਹਿੰਦੇ, ਸੁੱਤੇ-ਜਾਗਦੇ, ਹੱਸਦੇ-ਖੇਡਦੇ ਤੇ ਸਰੀਰਕ ਥਕਾਵਟ ਨਾ ਹੁੰਦੇ ਸਮੇਂ ਕਲਾ ਹੀ ਉਸਦੀ ਸੋਚ ਅਤੇ ਕਲਪਣਾ ਉਤੇ ਭਾਰੂ ਰਹਿੰਦੀ ਸੀ। ਇਹ ਉਸੇ ਦੀ ਲਗਨ ਦਾ ਸਦਕਾ ਸੀ। ਪੇਂਟਿੰਗ ਵਰਗੀ ਕਲਾ, ਗੈਲਰੀਆਂ ਦੇ ਬੰਦ ਭਵਨਾਂ ਵਿਚੋਂ ਬਾਹਰ ਨਿਕਲ ਕੇ ਆਮ ਲੋਕਾਂ ਵਿਚ ਪਹੁੰਚ ਸਕੀ। ਕਲਾ ਦੇ ਸਮੁੱਚੇ ਇਤਿਹਾਸ ਵਿਚ ਡੀਗੋ ਦਾ ਇਹ ਕੰਮ ਇਕ ਸਭਿਆਚਾਰਕ ਕ੍ਰਾਂਤੀ ਤੋਂ ਘੱਟ ਨਹੀਂ ਸੀ। ਕੰਧ ਚਿੱਤਰਾਂ ਦੀ ਕਲਾ ਦੇ ਖੇਤਰ ਵਿਚ ਮੈਕਸੀਕੋ ਵਿਚ ਰਿਵੇਰਾ ਇਕੱਲਾ ਹੀ ਨਹੀਂ ਸੀ ਜੁਟਿਆ ਹੋਇਆ, ਸਗੋਂ ਉਸਦੇ ਹੋਰ ਵੀ ਸਮਕਾਲੀ ਸਨ, ਜਿਹੜੇ ਉਸਦੇ ਬਰਾਬਰ ਦੇ ਹੀ ਸਨ। ਕਲਾ ਦੇ ਇਸ ਨਵ-ਜਾਗਰਣ ਦੀ ਚਰਚਾ ਯੂਰਪ ਵਿਚ ਵੀ ਹੋਣ ਲੱਗ ਪਈ ਸੀ ਤੇ ਅਮਰੀਕਾ ਦੀਆਂ ਕਈ ਸੰਸਥਾਵਾਂ ਵਲੋਂ ਮੈਕਸੀਕੋ ਦੇ ਕਲਾਕਾਰਾਂ ਨੂੰ ਕੰਧ ਚਿੱਤਰਾਂ ਲਈ ਸੱਦੇ ਆਉਣ ਲੱਗ ਪਏ ਸਨ।

ਇਸ ਕਲਾ-ਅੰਦੋਲਨ ਨਾਲ ਕਲਾਕਾਰਾਂ ਨੂੰ ਇਕ ਹੋਰ ਮਾਇਕ ਲਾਭ ਵੀ ਹੋਣ ਲੱਗ ਪਿਆ ਸੀ। ਹੁਣ ਕਲਾ ਕਿਰਤਾਂ ਵੇਚਣ ਲਈ ਉਸਨੂੰ ਕਲਾ ਦੇ ਦਲਾਲਾਂ ਜਾਂ ਅਜਾਇਬ ਘਰਾਂ ਦੇ ਮਾਲਕਾਂ ਮਗਰ ਭੱਜਣਾ ਜਾਂ ਭਟਕਣਾ ਨਹੀਂ ਸੀ ਪੈ ਰਿਹਾ। ਇੰਝ ਉਨ੍ਹਾਂ ਦੀ ਲੁੱਟ ਖਤਮ ਹੋ ਗਈ ਸੀ। ਇਸ ਬਾਰੇ ਡੀਗੋ ਨੇ ਆਪਣੇ ਤਜ਼ਰਬਿਆਂ ਬਾਰੇ ਲਿਖਿਆ ਹੈ;

"ਮੈਂ ਬੁਰਜੁਆਜ਼ੀ ਲਈ ਪੇਂਟਿੰਗ ਬਣਾਉਣ ਤੋਂ ਅੱਕ ਚੁੱਕਾ ਹਾਂ। ਮੱਧ ਸ਼੍ਰੇਣੀ ਦਾ ਕੋਈ ਸੋਹਜ-ਸਵਾਦ ਨਹੀਂ ਹੈ ਤੇ ਮੈਕਸੀਕੋ ਦੀ ਮੱਧ ਸ਼੍ਰੇਣੀ ਵਿਚ ਉਸ ਤੋਂ ਵੀ ਘੱਟ। ਉਹ ਸਾਰੇ ਹੀ ਆਪਣਾ ਜਾਂ ਆਪਣੀ ਪਤਨੀ ਅਤੇ ਪ੍ਰੇਮਕਾ ਦਾ ਚਿੱਤਰ ਬਣਾਉਣਾ ਚਾਹੁੰਦੇ ਹਨ। ਬਹੁਤ ਹੀ ਘੱਟ ਵਿਅਕਤੀ ਹਨ ਜੋ ਉਸ ਤਰ੍ਹਾਂ ਦੇ ਚਿੱਤਰਾਂ ਨੂੰ ਪਸੰਦ ਕਰਨ, ਜਿਵੇਂ ਕਿ ਮੈਂ ਉਸ ਨੂੰ ਤੱਕਦਾ ਹਾਂ। ਜੇ ਮੈਂ ਉਸ ਨੂੰ ਉਸ ਤਰ੍ਹਾਂ ਪੇਂਟ ਕਰਦਾ ਹਾਂ ਜਿਵੇਂ ਉਸ ਦੀ ਇੱਛਾ ਹੁੰਦੀ ਹੈ ਤਾਂ ਉਹ ਬਨਾਵਟੀ ਅਤੇ ਖੋਟੀ ਕਿਰਤ ਬਣਦੀ ਹੈ। ਜੇ ਮੈਂ ਉਸਨੂੰ ਉਸ ਤਰ੍ਹਾਂ ਪੇਂਟ ਕਰਦਾ ਹਾਂ, ਜਿਵੇਂ ਮੇਰੀ ਇੱਛਾ ਹੈ ਤਾਂ ਉਹ ਪੈਸੇ ਦੇਣ ਤੋਂ ਇਨਕਾਰੀ ਹੋ ਜਾਂਦੇ ਹਨ। ਕਲਾ ਦੇ ਨੁਕਤੇ ਤੋਂ ਜ਼ਰੂਰੀ ਹੈ ਕਿ ਇਸ ਦਾ ਕੋਈ ਹੋਰ ਸਰਪ੍ਰਸਤ ਲੱਭਿਆ ਜਾਵੇ।"

ਰਿਵੇਰਾ ਇਕ ਕਮਿਉਨਿਸਟ ਇਨਕਲਾਬੀ ਕਲਾਕਾਰ ਸੀ ਤੇ ਪਾਰਟੀ ਦਾ ਉੱਘਾ ਆਗੂ ਸੀ । ਉਹ ਚਿੱਤਰਕਾਰਾਂ ਤੇ ਕਲਾਕਾਰਾਂ ਦਾ ਵੀ ਲੀਡਰ ਸੀ ਤੇ ਪਾਰਟੀ ਦਾ ਸੈਂਟਰਲ ਕਮੇਟੀ ਦਾ ਮੈਂਬਰ ਸੀ ਪਰ 1936 ਵਿਚ ਜਦੋਂ ਕਮਿਉਨਿਸਟ ਆਗੂ ਟਰਾਟਸਕੀ ਯੂਰਪ ਵਿਚਲੇ ਕਈ ਦੇਸ਼ਾਂ ਤੋਂ ਕੱਢਿਆ ਗਿਆ ਤਾਂ ਉਹ ਮੈਕਸੀਕੋ ਰਾਜਸ਼ੀ ਸ਼ਰਨ ਲੈਣ ਲਈ ਆ ਗਿਆ। ਰਿਵੇਰਾ ਨੇ ਦੇਸ਼ ਦੇ ਰਾਸ਼ਟਰਪਤੀ ਨੂੰ ਨਿੱਜੀ ਤੌਰ ’ਤੇ ਮਿਲ ਕੇ ਬੇਨਤੀ ਕੀਤੀ ਕਿ ਟਰਾਸਟਕੀ ਨੂੰ ਰਾਜਸੀ ਸ਼ਰਨ ਦਿੱਤੀ ਜਾਵੇ। ਪਾਰਟੀ ਨੂੰ ਇਤਰਾਜ਼ ਤੇ ਸ਼ੰਕਾ ਸੀ ਕਿ ਡੀਗੋ ਰਾਜਸੀ ਤੌਰ ’ਤੇ ਟਰਾਸਟਕੀ ਦੇ ਵਧੇਰੇ ਨੇੜੇ ਹੈ। ਇਸ ਸ਼ੰਕੇ ਕਾਰਨ ਅਤੇ ਪਾਰਟੀ ਨਾਲ ਹੋਰ ਕਈ ਮੁੱਦਿਆਂ ’ਤੇ ਮੱਤਭੇਦ ਤੇ ਵਿਰੋਧ ਕਾਰਨ ਡੀਗੋ ਨੂੰ ਪਾਰਟੀ ਵਿਚੋਂ ਕੱਢ ਦਿੱਤਾ ਗਿਆ। ਡੀਗੋ ਕੌਮਾਂਤਰੀ ਪ੍ਰਸਿੱਧੀ ਵਾਲਾ ਕ੍ਰਾਂਤੀਕਾਰੀ ਚਿੱਤਰਕਾਰ ਸੀ ਤੇ ਉਸ ਨੇ ਪਾਰਟੀ ਪ੍ਰਤੀ ਆਪਣੀ ਵਫਾਦਾਰੀ ਕਾਰਨ ਕਈ ਵਾਰ ਬਿਨੈ ਕੀਤੀ ਕਿ ਉਸ ਦੀ ਪਾਰਟੀ ਮੈਂਬਰੀ ਬਹਾਲ ਕੀਤੀ ਜਾਵੇ। ਅਖੀਰ 1955 ਵਿਚ ਉਸ ਨੂੰ ਦੁਬਾਰਾ ਮੈਂਬਰ ਲੈ ਲਿਆ ਗਿਆ। ਮੈਂਬਰ ਬਣ ਕੇ ਡੀਗੋ ਨੂੰ ਬੇਹੱਦ ਖੁਸ਼ੀ ਹੋਈ। ਡੀਗੋ ਨੇ ਆਪਣੇ ਹਰ ਕੰਧ-ਚਿੱਤਰ ਰਾਹੀਂ ਮੈਕਸੀਕੋ ਦੇ ਆਮ ਲੋਕਾਂ ਦੇ ਜੀਵਨ, ਉਨ੍ਹਾਂ ਦੀਆਂ ਤਾਂਘਾਂ ਅਤੇ ਸ਼ੰਘਰਸ਼ਾਂ ਨੂੰ ਪੇਂਟ ਕਰਨ ਦੀ ਕੋਸ਼ਿਸ਼ ਕੀਤੀ ਸੀ ਤੇ ਉਸਦੇ ਵਾਪਸ ਪਾਰਟੀ ਵਿਚ ਆਉਣ ਨਾਲ ਪਾਰਟੀ ਦਾ ਵੱਕਾਰ ਵਧਦਾ ਸੀ। ਹੋਰਨਾਂ ਬੁੱਧੀਜੀਵੀਆਂ ਉਤੇ ਵੀ ਇਸ ਦਾ ਚੰਗੇਰਾ ਪ੍ਰਭਾਵ ਪਿਆ।

ਡੀਗੋ ਰਿਵੇਰਾ ਦੇ ਕੰਧ ਚਿੱਤਰਾਂ ਬਾਰੇ ਅਕਸਰ ਹੀ ਤਿੱਖੀ ਅਲੋਚਨਾ ਭੰਡੀ ਤੇ ਵਾਦ-ਵਿਵਾਦ ਉਪਜਦੇ ਰਹੇ ਹਨ। ਆਖ਼ਰ ਇਸ ਦਾ ਕਾਰਨ ਕੀ ਸੀ? ਡੀਗੋ ਆਪਣੇ ਹਰ ਕੰਧ-ਚਿੱਤਰ ਵਿਚ ਕਿਤੇ ਨਾ ਕਿਤੇ ਆਪਣੀ ਵਿਚਾਰਧਾਰਾ ਨੂੰ ਕਲਾ ਦਾ ਰੂਪ ਦੇਣ ਦੀ ਸੁਚੇਤ ਕੋਸ਼ਿਸ਼ ਕਰਦਾ ਸੀ। ਉਹ ਮਜ਼ਦੂਰ ਜਗਤ ਦੀ ਸੋਚ ਨੂੰ ਕਦੇ ਵੀ ਤਿਆਗਦਾ ਨਹੀਂ ਸੀ। ਅਮਰੀਕਾ ਦੇ ਉਘੇ ਪੂੰਜੀਪਤੀ ਨੈਲਸਨ ਰਾਕ ਫੈਲਰ ਨੇ ਆਪਣੇ ਵਲੋਂ ਉਸਾਰੀ ਆਰ.ਸੀ.ਏ. ਦੀ ਰੇਡੀਓ ਸਿਟੀ ਵਾਲੀ ਇਮਾਰਤ ਦਾ ਕੰਧ ਚਿੱਤਰ ਬਣਾਉਣ ਲਈ ਡੀਗੋ ਨਾਲ ਇਕਰਾਰ ਨਾਮਾ ਕੀਤਾ। ਇਸ ਕੰਧ ਚਿੱਤਰ ਲਈ 21 ਹਜ਼ਾਰ ਅਮਰੀਕੀ ਡਾਲਰ ਦਾ ਠੇਕਾ ਹੋਇਆ। ਇਸ ਕੰਧ ਚਿੱਤਰ ਦਾ ਨਾਂਅ ਸੀ, "ਚੁਰਸਤੇ ਵਿਚ ਖਲੋਤਾ ਮਨੁੱਖ, ਜੋ ਨਵੇਂ ਤੇ ਚੰਗੇਰੇ ਭਵਿੱਖ ਦੀ ਚੋਣ ਕਰਨ ਲਈ ਉੱਚੀ ਦ੍ਰਿਸ਼ਟੀ ਤੇ ਉਮੀਦ ਨਾਲ ਵੇਖ ਰਿਹਾ ਹੈ"। ਡੀਗੋ ਨੇ ਨੇਮਾਂ ਅਨੁਸਾਰ ਇਸ ਕੰਧ ਚਿੱਤਰ ਦਾ ਵੇਰਵੇ ਸਾਹਿਤ ਖਾਕਾ ਤਿਆਰ ਕਰਕੇ ਪ੍ਰਵਾਨਗੀ ਵਾਸਤੇ ਰਾਕ ਫੈਲਰ ਨੂੰ ਪੇਸ਼ ਕੀਤਾ ਜੋ ਪ੍ਰਵਾਨ ਕਰ ਲਿਆ ਗਿਆ। ਚਿੱਤਰ ਵਿਚ ਇਕ ਥਾਂ ਲੇਨਿਨ ਦੀ ਸੰਕੇਤਕ ਤਸਵੀਰ ਸੀ , ਜਿਸ ਵਿਚ ਲੈਨਿਨ ਕਾਲੇ ਅਮਰੀਕਨ ਤੇ ਚਿੱਟੇ ਰੂਸੀ ਸਿਪਾਹੀ, ਮਜ਼ਦੂਰ ਨਾਲ ਹੱਥ ਮਿਲਾ ਰਿਹਾ ਹੈ। ਜਦੋਂ ਇਹ ਕੰਧ ਚਿੱਤਰ ਮੁਕੰਮਲ ਹੋਣ ਦੇ ਪੜਾਅ ’ਤੇ ਪਹੁੰਚ ਗਿਆ ਤਾਂ ਪੱਤਰਕਾਰਾਂ ਦੀ ਉਕਸਾਹਟ ਤੇ ਸ਼ਰਾਰਤ ਸਦਕਾ ਇਸ ਦੀ ਪ੍ਰੈਸ ਵਿਚ ਚਰਚਾ ਹੋਣ ਲੱਗ ਪਈ। ਚਰਚਾ ਵੇਖ ਕੇ ਰਾਕ ਫੈਲਰ ਨੇ ਡੀਗੋ ਨੂੰ ਲੇਨਿਨ ਦੀ ਮਿੰਨੀ ਮੂਰਤੀ ਹਟਾ ਦੇਣ ਦਾ ਹੁਕਮ ਦਿੱਤਾ। ਪਰ ਡੀਗੋ ਨੇ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ । ਟਕਰਾਅ ਵਧ ਗਿਆ। ਰਾਕ ਫੈਲਰ ਨੇ ਆਪਣੀ ਨਿੱਜੀ ਸੈਨਾ ਨੂੰ ਕੰਧ ਚਿੱਤਰ ਦਾ ਕੰਮ ਰੋਕਣ ਲਈ ਭੇਜ ਦਿੱਤਾ। ਡੀਗੋ ਨੂੰ ਪਉੜੀ ਤੋਂ ਉਤਾਰ ਦਿੱਤਾ ਗਿਆ ਤੇ ਸਿਪਾਹੀਆਂ ਨੇ ਚਿੱਤਰ ਦੁਆਲੇ ਕਰੜਾ ਪਹਿਰਾ ਲਾ ਦਿੱਤਾ।

ਅਖੀਰ ਰਾਕ ਫੈਲਰ ਨੇ ਕੰਧ ਚਿੱਤਰ ਦੇ ਠੇਕੇ ਦੀ 21 ਹਜ਼ਾਰ ਡਾਲਰ ਦੀ ਰਕਮ ਕਲਾਕਾਰ ਨੂੰ ਅਦਾ ਕਰ ਦਿੱਤੀ ਤੇ ਅੱਗੋਂ ਤੋਂ ਕੰਮ ਬੰਦ ਕਰਵਾ ਦਿੱਤਾ। ਪਰ ਡੀਗੋ ਆਪਣੇ ਪੈਂਤੜੇ ’ਤੇ ਦ੍ਰਿੜ ਰਿਹਾ ਤੇ ਇਕ ਇੰਚ ਵੀ ਪਿੱਛੇ ਨਾ ਹਟਿਆ। ਆਪਣੀਆਂ ਯਾਦਾਂ ਵਿਚ ਡੀਗੋ ਲਿਖਦਾ ਹੈ, "ਇਕ ਤਬਦੀਲੀ ਕਰਨ ਨਾਲ ਹੋਰ ਕਈ ਮੰਗਾਂ ਉਠ ਪੈਂਣੀਆਂ ਸਨ ਤੇ ਕੀ ਹਰ ਕਲਾਕਾਰ ਨੂੰ ਇਹ ਹੱਕ ਨਹੀਂ ਸੀ ਕਿ ਉਹ ਆਪਣੀ ਪੇਂਟਿੰਗ ਵਿਚ ਜਿਹੜੇ ਵੀ ਮਾਡਲ ਚਾਹੇ ਵਰਤੇ"।

ਆਪਣੀ ਲੰਮੀ ਜ਼ਿੰਦਗੀ ਵਿਚ ਡੀਗੋ ਦਾ ਕਈ ਔਰਤਾਂ ਨਾਲ ਪਿਆਰ ਸਬੰਧ ਰਿਹਾ। ਭਾਵੇਂ ਉਹ ਸ਼ਕਲ ਵਜੋਂ ਰਤਾ ਵੀ ਸੁੰਦਰ ਨਹੀਂ ਸੀ, ਪਰ ਸਰੀਰਕ ਸ਼ਕਤੀ ਅਤੇ ਕੱਦ ਪੱਖੋਂ ਉਹ ਤਾਕਤ ਦਾ ਭੰਡਾਰ ਸੀ। ਉਸ ਦੀਆਂ ਅੱਖਾਂ ਦੇ ਡੱਡੂ ਵਰਗੇ ਡੇਲਿਆਂ ਦਾ ਕਈ ਇਸਤਰੀਆਂ ਨੇ ਜ਼ਿਕਰ ਕੀਤਾ ਹੈ, ਪਰ ਇਹ ਤੱਥ ਵੀ ਧਿਆਨਯੋਗ ਹੈ ਕਿ ਉਸ ਦੀ ਕਲਾ ਦੇ ਖੇਤਰ ਵਿਚ ਪ੍ਰਸਿੱਧੀ ਕਾਰਨ ਸੁੰਦਰ ਔਰਤਾਂ ਉਸ ਪ੍ਰਤੀ ਆਕਰਸ਼ਤ ਹੋ ਜਾਂਦੀਆਂ ਸਨ ਤੇ ਉਸ ਦੇ ਚਿਤਰਾਂ ਵਿਚ ਮਾਡਲ ਬਣ ਕੇ ਖੁਸ਼ ਹੁੰਦੀਆਂ ਸਨ।

ਪੈਰਿਸ ਰਹਿੰਦਿਆਂ ਡੀਗੋ ਦੇ ਜੀਵਨ ਵਿਚ ਇਕ ਰੂਸੀ ਔਰਤ ਆਈ, ਜਿਸ ਦਾ ਨਾਂ ਐਂਜਲਾਈਨ ਬੀਲੋਫ ਸੀ। ਉਹ ਪੇਂਟਿੰਗ ਦੀ ਸਿੱਖਿਆ ਪ੍ਰਾਪਤ ਕਰਨ ਲਈ ਰੂਸ ਤੋਂ ਆਈ ਸੀ ਤੇ ਬਹੁਤ ਹੀ ਇਕੱਲੀ ਅਤੇ ਉਦਾਸ ਸੀ। ਉਨ੍ਹਾਂ ਦੋਵਾਂ ਨੇ ਸ਼ਾਦੀ ਕਰ ਲਈ। ਇਹ ਡੀਗੋ ਦੇ ਜਵਾਨੀ ਦੇ ਵਰ੍ਹੇ ਸਨ, ਜਦ ਹਾਲੀ ਉਸ ਦੀ ਕੋਈ ਬੱਝਵੀਂ ਆਮਦਨ ਨਹੀਂ ਸੀ। ਸਿੱਟੇ ਵਜੋਂ ਦੋਹਾਂ ਨੂੰ ਕਈ ਵਾਰੀ ਫਾਕੇ ਕੱਟਣੇ ਪੈਂਦੇ। ਡੀਗੋ ਨਾਲ ਬੀਲੋਫ ਨੇ ਯੂਰਪ ਦੇ ਸਾਰੇ ਹੀ ਕਲਾ ਭਵਨਾਂ, ਅਜਾਇਬ ਘਰਾਂ ਤੇ ਗੈਲਰੀਆਂ ਦੀ ਸੈਰ ਕੀਤੀ ਤੇ ਕਲਾ ਦੀਆਂ ਪੇਚੀਦਗੀਆਂ ਨੂੰ ਸਮਝਿਆ । ਡੀਗੋ ਦੀ ਸੰਗਤ ਵਿਚ ਉਹ ਉਸ ਯੁਗ ਦੇ ਪਿਕਾਸੋ ਤੇ ਮੈਤੀਸ ਵਰਗੇ ਮਹਾਂ ਕਲਾਕਾਰਾਂ ਨੂੰ ਮਿਲੀ। ਪਰ ਡੀਗੋ ਜਦੋਂ ਕਈ ਸਾਲਾਂ ਬਾਅਦ ਆਪਣੇ ਵਤਨ ਮੈਕਸੀਕੋ ਪਰਤਿਆ ਤਾਂ ਬੀਲੋਫ ਪਿੱਛੇ ਪੈਰਿਸ ਹੀ ਰਹਿ ਗਈ।

ਮੈਕਸੀਕੋ ਪਰਤ ਕੇ ਜਿਸ ਔਰਤ ਨਾਲ ਡੀਗੋ ਦੇ ਨਵੇਂ ਪਿਆਰ ਸਬੰਧ ਬਣੇ, ਉਹ ਲੂਪੇ ਮਾਰਿਨ (Lupe Marin) ਸੀ। ਇਹ ਸਬੰਧ ਸੱਤ ਸਾਲ ਰਹੇ। ਲੂਪੇ ਮਾਰਿਨ ਸੁਭਾਅ ਦੀ ਤੇਜ਼ ਤੇ ਗੁਸੈਲ ਸੀ ਤੇ ਛੇਤੀ ਹੀ ਵਿੱਟਰ ਜਾਂਦੀ ਸੀ। ਪਰ ਡੀਗੋ ਹੱਸ ਛੱਡਦਾ ਸੀ। ਉਨ੍ਹਾਂ ਦੇ ਦੋ ਲੜਕੀਆਂ ਜੰਮੀਆਂ । ਡੀਗੋ ਨੇ ਲੂਪੇ ਦੇ ਕਮਾਲ ਦੇ ਨਗਨ ਚਿੱਤਰ ਬਣਾਏ। ਉਨ੍ਹਾਂ ਦੇ ਆਪਸੀ ਤੋੜ ਵਿਛੋੜੇ ਦਾ ਕਾਰਨ ਡੀਗੋ ਦਾ ਸੰਸਾਰ ਪ੍ਰਸਿੱਧ ਫੋਟੋ ਗਰਾਫਰ ਤੇ ਕ੍ਰਾਂਤੀਕਾਰੀ ਸੁੰਦਰੀ ਤੀਨਾ ਮਦੋਤੀ ਨਾਲ ਪਿਆਰ ਸਬੰਧ ਬਣੇ।

ਇਨ੍ਹਾਂ ਵਰ੍ਹਿਆਂ ਵਿਚ ਇਕ ਹੋਰ ਰੂਸੀ ਔਰਤ ਮੇਰੀਵਨਾ ਨਾਲ ਵੀ ਡੀਗੋ ਦੇ ਪਤੀ ਪਤਨੀ ਵਾਲੇ ਸਬੰਧ ਬਣੇ ਪਰ ਇਹ ਸਬੰਧ ਸਾਲ ਤੋਂ ਵੱਧ ਨਾ ਰਹੇ। ਮੇਰੀਵਨ ਬੜੀ ਬਦਲੇਖੋਰ ਔਰਤ ਸੀ। ਡੀਗੋ ਤੋਂ ਵਿਛੜਨ ਵੇਲੇ ਉਸ ਨੇ ਜੇਬ ਵਿਚ ਲੁਕਾਏ ਚਾਕੂ ਨਾਲ ਡੀਗੋ ਉਤੇ ਵਾਰ ਕੀਤੇ ਤੇ ਬਾਅਦ ਵਿਚ ਆਪਣੇ ਆਪ ਨੂੰ ਵੀ ਮਾਰਿਆ ਪਰ ਦੋਵੇਂ ਮਰਨੋਂ ਬਚ ਗਏ।

ਚੌਥੀ ਔਰਤ ਅਤਿ ਦੀ ਪ੍ਰਤਿਭਾਸ਼ੀਲ ਚਿੱਤਰਕਾਰ ਫਰੀਦਾ ਕਾਹਲੋਂ ਸੀ, ਜਿਸ ਨਾਲ ਡੀਗੋ ਨੇ ਆਪਣੀ ਜ਼ਿੰਦਗੀ ਦਾ ਵਡੇਰਾ ਭਾਗ ਪਤੀ ਪਤਨੀ ਵਾਂਗ ਬਿਤਾਇਆ। ਵਿਆਹ ਸਮੇਂ ਫਰੀਦਾ ਦੀ ਉਮਰ ਡੀਗੋ ਨਾਲੋਂ ਅੱਧੀ ਸੀ ਤੇ ਉਹ ਕੱਦ ਕਾਠ ਦੀ ਵੀ ਬਹੁਤ ਹੀ ਛੋਟੀ ਜਿਹੀ ਸੀ। ਫਰੀਦਾ ਦੇ ਮਾਪੇ ਮਖੌਲ ਨਾਲ ਕਹਿੰਦੇ ਹੁੰਦੇ ਸਨ ਕਿ ਫਰੀਦਾ ਦਾ ਡੀਗੋ ਨਾਲ ਮੇਲ ਹਾਥੀ ਤੇ ਘੁੱਗੀ ਦੇ ਵਿਆਹ ਵਾਂਗ ਹੈ। ਪਰ ਫਰੀਦਾ ਡੀਗੋ ਨੂੰ ਅਪਾਰ ਪਿਆਰ ਕਰਦੀ ਸੀ।

ਇਕ ਭਿਆਨਕ ਹਾਦਸੇ ਵਿਚ ਫਰੀਦਾ ਇਕ ਤਰ੍ਹਾਂ ਨਾਲ ਅਪਾਹਜ ਹੋ ਕੇ ਰਹਿ ਗਈ ਸੀ, ਪਰ ਡੀਗੋ ਪ੍ਰਤੀ ਉਸ ਦੇ ਪਿਆਰ ਵਿਚ ਫਰਕ ਨਹੀਂ ਪਿਆ। ਕੁਝ ਸਾਲ ਨਾਰਾਜ਼ਗੀ ਕਾਰਨ ਉਹ ਦੋਵੇਂ ਅਲੱਗ ਅਲੱਗ ਵੀ ਰਹੇ। ਪਰ ਕੁਝ ਦੇਰ ਬਾਅਦ ਵੱਖਰੇ ਰਹਿਣ ਪਿਛੋਂ ਉਨ੍ਹਾਂ ਫਿਰ ਦੁਬਾਰਾ ਸ਼ਾਦੀ ਕਰਾ ਲਈ। ਕਲਾ ਦੇ ਗੰਭੀਰ ਹਲਕਿਆਂ ਵਿਚ ਅੱਜ ਵੀ ਫਰੀਦਾ ਦੇ ਬਣਾਏ ਚਿੱਤਰਾਂ ਦੀ ਚਰਚਾ ਹੁੰਦੀ ਹੈ। ਫਰੀਦਾ ਨਾਲ ਡੀਗੋ ਦੀ ਲੰਬੀ ਨੇੜਤਾ ਦੇ ਦੋ ਕਾਰਨ ਸਨ, ਪਹਿਲਾ ਉਹ ਇਕ ਹੋਣਹਾਰ ਪੇਂਟਰ ਸੀ ਤੇ ਡੀਗੋ ਦੇ ਰਚਨਾਤਮਕ ਕਾਰਜ ਦੀ ਸੂਝਵਾਨ ਕਦਰਦਾਨ ਸੀ। ਨਾਲ ਹੀ ਉਹ ਮੈਕਸੀਕੋ ਦੀ ਕਮਿਉਨਿਸਟ ਪਾਰਟੀ ਦੀ ਮੈਂਬਰ ਹੋਣ ਕਾਰਨ ਡੀਗੋ ਦੇ ਕ੍ਰਾਂਤੀਕਾਰੀ ਵਿਚਾਰਾਂ ਦੀ ਸਮਰਥਕ ਸੀ। ਕਾਹਲੋਂ ਦੀ ਮੌਤ ਨਾਲ ਡੀਗੋ ਕੱਲਾ ਕਾਰਾ ਰਹਿ ਗਿਆ ਸੀ।

ਈਮਾ ਹਰਤਾਦੋ ਆਖਰੀ ਔਰਤ ਸੀ, ਜੋ ਡੀਗੋ ਦੀ ਪਤਨੀ ਦੇ ਰੂਪ ਵਿਚ ਵਿਚਰੀ। ਉਨ੍ਹੀਂ ਦਿਨੀ ਡੀਗੋ ਦੀ ਉਮਰ 68 ਸਾਲ ਦੇ ਕਰੀਬ ਹੋ ਚੁੱਕੀ ਸੀ। ਈਮਾ ਦੇਰ ਤੋਂ ਡੀਗੋ ਦੀ ਵਾਕਫ਼ ਸੀ। 10 ਸਾਲ ਪਹਿਲਾਂ ਉਸਨੇ ਡੀਗੋ ਦੇ ਚਿੱਤਰ ਪ੍ਰਦਰਸ਼ਿਤ ਕਰਨ ਤੇ ਵੇਚਣ ਲਈ ਇਕ ਦੁਕਾਨ ਖੋਲ੍ਹੀ ਸੀ। ਸੋ ਦੋਹਾਂ

Radio 24 Hours
SurSangam
Punjabi, Hindi & Urdu
ਰੇਡੀਓ ਸੁਰਸੰਗਮ
ਕੈਲਗਰੀ ਦਾ ਆਪਣਾ 24 ਘੰਟੇ ਚੱਲਣ ਵਾਲਾ ਪੰਜਾਬੀ, ਹਿੰਦੀ ਅਤੇ ਉਰਦੂ ਰੇਡੀਓ।
ਗੁਰਬਾਣੀ, ਖਬਰਾਂ, ਗੀਤ, ਸੰਗੀਤ, ਟਾਕ ਸ਼ੋਅ ਤੋ ਇਲਾਵਾ ਮਨੋਰੰਜਨ ਅਤੇ ਜਾਣਕਾਰੀ ਭਰਪੂਰ ਹੋਰ ਪ੍ਰੋਗਰਾਮਾਂ ਦਾ ਅਨੰਦ ਮਾਣੋ!

DIRECTOR: KULDEEP SINGH
Calgary's 24 Hours Radio Station
Enjoy Punjabi, Hindi & Urdu
Programs 24 Hours
News, Talkshows, Songs
& Information
LISTEN ONLINE @
www.radiosursangam.com
For Advertising & more info call:
TEL: (403) 236-7426
FAX: (403) 280-0768
#501, 4656 WESTWINDS DRIVE NE CALGARY ALBERTA T3J 3Z5



ਰਿਵੇਰਾ ਆਪਣੀ ਚੌਥੀ ਪਤਨੀ ਫਰੀਦਾ ਕਾਹਲੋਂ ਨਾਲ

ਵਿਚਕਾਰ ਆਪਸੀ ਭਾਵਨਾ ਬਣੀ ਹੋਈ ਸੀ। ਉਨ੍ਹਾਂ ਨੇ ਇਹ ਵਿਆਹ ਗੁਪਤ ਰੂਪ ਵਿਚ ਕੀਤਾ ਸੀ।

ਛੇਤੀ ਹੀ ਡੀਗੋ ਨੂੰ ਕੈਂਸਰ ਦੇ ਇਲਾਜ ਲਈ ਰੂਸ ਜਾਣਾ ਪਿਆ । ਉਥੇ ਉਹ ਦੋਵੇਂ ਸੱਤ ਮਹੀਨੇ ਦੇ ਕਰੀਬ ਰਹੇ। ਠੀਕ ਹੋਣ ਪਿੱਛੋਂ ਜਦੋਂ ਦੋਵੇਂ ਵਾਪਸ ਮੈਕਸੀਕੋ ਪਰਤੇ ਤਾਂ ਡੀਗੋ ਵਿਚ ਕੰਮ ਕਰਨ ਦੀ ਇਕ ਅੱਚਵੀ ਜਿਹੀ ਪੈਦਾ ਹੋ ਚੁੱਕੀ ਸੀ।

ਸਪਸ਼ਟ ਸੀ ਕਿ ਪਰਿਵਾਰਕ ਸੁੱਖ ਦੇ ਪੱਖੋਂ ਡੀਗੋ ਨੇ ਕੋਈ ਸੰਤੁਸ਼ਟ ’ਤੇ ਸੁਖਦਾਇਕ ਜ਼ਿੰਦਗੀ ਨਹੀਂ ਸੀ ਬਿਤਾਈ। ਰੂਸ ਦੇ ਹਸਪਤਾਲ ਵਿਚ ਮੰਜੇ ਤੇ ਪਿਆਂ ਡੀਗੋ ਨੇ ਆਪਣੀ ਬੀਤੀ ਜ਼ਿੰਦਗੀ ’ਤੇ ਝਾਤ ਪਾਉਂਦਿਆਂ ਲਿਖਿਆ ਸੀ,

"ਜਦ ਮੈਂ ਹਸਪਤਾਲ ਵਿਚ ਲੇਟਿਆ ਹੋਇਆ ਸੀ ਤਾਂ ਮੈਂ ਆਪਣੀ ਜ਼ਿੰਦਗੀ ਦੇ ਅਰਥਾਂ ਦਾ ਨਿਚੋੜ ਕੱਢਣ ਦਾ ਯਤਨ ਕੀਤਾ। ਮੈਨੂੰ ਪਤਾ ਲੱਗਾ ਕਿ ਜਿਸ ਨੂੰ ਆਮ ਲੋਕ 'ਖੁਸ਼ੀ' ਕਹਿੰਦੇ ਹਨ, ਮੈਂ ਕਦੇ ਉਸ ਦਾ ਆਨੰਦ ਨਹੀਂ ਸੀ ਮਾਣਿਆ।’’

ਡੀਗੋ ਰਿਵੇਰਾ ਦੇ ਕ੍ਰਾਂਤੀ ਕਾਰੀ ਕੰਧ ਚਿੱਤਰਾਂ ਦੀ ਮਹਿਮਾ ਯੂਰਪ ਨੂੰ ਟੱਪ ਕੇ ਸੋਵੀਅਤ ਰੂਸ ਦੇ ਕਲਾ ਹਲਕਿਆਂ ਤੀਕ ਪਹੁੰਚ ਚੁੱਕੀ ਸੀ। ਚਿੱਤਰਕਲਾ ਨੂੰ ਸਟੂਡੀਓ ਵਿਚੋਂ ਕੱਢ ਕੇ ਗਲੀਆਂ, ਬਜ਼ਾਰਾਂ ਤੇ ਆਮ ਲੋਕਾਂ ਤੀਕ ਲੈ ਜਾਣ ਦਾ ਕੀਤਾ ਜਾ ਰਿਹਾ ਮੈਕਸੀਕੋ ਦੇਸ਼ ਵਿਚਲਾ ਅਨੋਖਾ ਤਜ਼ਰਬਾ ਸੋਵੀਅਤ ਰੂਸ ਦੀ ਸਰਕਾਰ ਲਈ ਇਕ ਵਚਿੱਤਰ ਘਟਨਾ ਸੀ। 1927 ਵਿਚ ਰੂਸ ਦੇ ਉੱਘੇ ਕਲਾ ਚਿੰਤਕ ਅਤੇ ਸਿੱਖਿਆ ਮੰਤਰੀ ਲੂਣਾ ਚਰਸਕੀ ਨੇ ਡੀਗੋ ਨੂੰ ਮਾਸਕੋ ਸੱਦਿਆ ਅਤੇ ਉਸ ਨੂੰ ਰੈਡ ਆਰਮੀ ਕਲੱਬ ਦੀ ਸਾਮ੍ਹਣੇ ਵਾਲੀ ਕੰਧ ਉਤੇ ਕੰਧ ਚਿੱਤਰ ਬਣਾਉਣ ਲਈ ਇਕਰਾਰ ਨਾਮੇ ਉਤੇ ਦਸਤਖਤ ਕੀਤੇ। ਸੋਵੀਅਤ ਰੂਸ ਦੇ ਸਮਾਜਕ ਤੇ ਰਾਜਸੀ ਵਾਤਰਵਣ ਨੂੰ ਗ੍ਰਹਿਣ ਕਰਨ ਲਈ ਡੀਗੋ ਨੇ ਘੁੰਮ ਫਿਰ ਕੇ ਸਾਰੀ ਸਥਿਤੀ ਨੂੰ ਸਮਝਣ ਲਈ ਕਈ ਸਕੈਚ ਬਣਾਏ । ਉਸ ਨੇ ਸੰਪਾਦਕਾਂ ਦੀ ਮੰਗ ਉਤੇ ਪੇਂਟਿੰਗ ਅਤੇ ਕੰਧ ਚਿੱਤਰ ਕਲਾ ਦੇ ਰਹੱਸਾਂ ਅਤੇ ਮਹੱਤਵ ਨੂੰ ਦੱਸਣ ਲਈ ਅਖਬਾਰਾਂ ਅਤੇ ਰਸਾਲਿਆਂ ਵਿਚ ਲੇਖ ਲਿਖੇ ਅਤੇ ਕਲਾਕਾਰਾਂ ਨਾਲ ਖੁੱਲ੍ਹੀ ਵਿਚਾਰ ਚਰਚਾ ਕਰਨ ਲਈ ਸਮਾਗਮ ਕੀਤੇ। ਸੋਵੀਅਤ ਰੂਸ ਦੇ ਕਲਾਤਮਿਕ ਹਲਕਿਆਂ ਵਿਚ ਡੀਗੋ ਦੇ ਵਿਚਾਰਾਂ ਬਾਰੇ ਵਾਦ-ਵਿਵਾਦ ਚੱਲ ਪਿਆ।

ਜਿਸ ਇਮਾਰਤ ਉੱਤੇ ਕੰਧ ਚਿਤਰ ਬਣਾਉਣ ਲਈ ਕਿਹਾ ਗਿਆ ਸੀ, ਉਹ ਬੜੀ ਪੁਰਾਣੀ ਸੀ ਤੇ ਡੀਗੋ ਦੀਆਂ ਕਲਾਤਮਿਕ ਲੋੜਾਂ ਦੇ ਅਨੁਕੂਲ ਨਹੀਂ ਸੀ । ਉਸ ਵਿਚ ਭੰਨ ਤੋੜ ਕਰਕੇ ਤਬਦੀਲੀਆਂ ਕਰਨੀਆਂ ਪੈਣੀਆਂ ਸਨ, ਜਿਸ ਨਹੀ ਸੋਵੀਅਤ ਅਧਿਕਾਰੀ ਤਿਆਰ ਨਹੀਂ ਸਨ। ਨਾਲ ਹੀ ਡੀਗੋ ਨੂੰ ਅਜਿਹੇ ਸਹਾਇਕ ਕਲਾਕਾਰ ਨਹੀਂ ਸੀ ਮਿਲ ਰਹੇ ਜੋ ਕੰਧ ਚਿੱਤਰਾਂ ਦੀ ਕਲਾ ਨੂੰ ਜਾਣਦੇ ਹੋਣ ਜਾਂ ਨਵੀਂ ਜੁਗਤ ਨੂੰ ਸਿੱਖਣ ਲਈ ਤਿਆਰ ਹੋਣ। ਸਿੱਟੇ ਵਜੋਂ ਇਸ ਕੰਧ ਚਿੱਤਰ ਦੀ ਯੋਜਨਾ ਸਿਰ੍ਹੇ ਨਾ ਚੜ੍ਹੀ ਤੇ ਨਿਰਾਸ਼ ਹੋਇਆ ਡੀਗੋ ਆਪਣੇ ਵਤਨ ਵਾਪਸ ਪਰਤ ਗਿਆ। ਉਸ ਦੀ ਰੂਸ ਯਾਤਰਾ ਨਿਸਫਲ ਗਈ ਸੀ। ਸ਼ਾਇਦ ਇਸ ਦਾ ਕਾਰਨ ਉਥੋਂ ਦੀ ਪੇਚੀਦਾ ਰਾਜਸੀ ਸਥਿਤੀ ਅਤੇ ਉਥੋਂ ਦੀਆਂ ਵੱਖਰੀਆਂ ਕਲਾ ਪ੍ਰੰਪਰਾਵਾਂ ਹੋਣ।

ਡੀਗੋ ਰਿਵੇਰਾ ਦੇ ਸ਼ੌਕ ਅਜੀਬ ਸਨ। ਉਹ ਜਿੱਥੇ ਜਾਂਦਾ, ਕਲਾ-ਕਿਰਤਾਂ, ਖ੍ਰੀਦਦਾ ਤੇ ਇਕੱਠੀਆਂ ਕਰਦਾ ਰਹਿੰਦਾ ਸੀ। ਆਖ਼ਰੀ ਉਮਰ ਵਿਚ ਉਸ ਕੋਲ ਮੈਕਸੀਕੋ ਦੀ ਪ੍ਰਾਚੀਨ ਬੁੱਤ-ਕਲਾ ਦੇ ਅਤੇ ਲੋਕ ਕਲਾ ਦੇ ਏਨੇ ਨਮੂਨੇ ਇਕੱਤਰ ਹੋ ਗਏ ਕਿ ਇਨ੍ਹਾਂ ਨੂੰ ਰੱਖਣ ਤੇ ਸਾਂਭਣ ਲਈ ਘਰ ਵਿਚ ਕੋਈ ਥਾਂ ਨਾ ਰਹੀ। ਇਸ ਖੇਤਰ ਵਿਚ ਉਸ ਦੀ ਇਹ ਲਗਨ ਚਿੱਲੀ ਕਵੀ ਪਾਬਲੋ ਨੇਰੂਦਾ ਨਾਲ ਮਿਲਦੀ ਸੀ। ਨੇਰੂਦਾ ਕੋਲ ਘੋਗੇ ਸਿੱਪੀਆਂ ਦੇ ਏਨੇ ਨਮੂਨੇ ਜਮ੍ਹਾਂ ਹੋ ਗਏ ਕਿ ਅਖੀਰ ਉਸ ਨੂੰ ਇਹ ਯੂਨੀਵਰਸਿਟੀ ਨੂੰ ਦਾਨ ਦੇਣੇ ਪਏ। ਪਰ ਡੀਗੋ ਕੋਲ ਘੋਗੇ ਸਿੱਪੀਆਂ ਨਹੀਂ, ਬੁੱਤ-ਕਲਾ ਦੇ ਨਮੂੰਨੇ ਸਨ। ਅਖੀਰ ਵਿਚ ਉਸ ਨੇ ਇਨ੍ਹਾਂ ਨੂੰ ਸੰਭਾਲਣ ਲਈ ਆਪਣਾ ਅਜਾਇਬ ਘਰ ਬਣਾਉਣ ਦਾ ਫ਼ੈਸਲਾ ਕੀਤਾ। ਜ਼ਮੀਨ ਖਰੀਦ ਕੇ ਉਸਾਰੀ ਆਰੰਭ ਹੋਈ। ਸਾਰੇ ਸਾਧਨਾਂ ਤੋਂ ਇਕੱਤਰ ਕਰਕੇ ਲਾਈ ਪੂੰਜੀ ਇਕ ਲੱਖ ਡਾਲਰ ਦੇ ਕਰੀਬ ਬਣਦੀ ਸੀ। ਇਸ ਵਿਚ ਉਸ ਵਿਚ ਉਸ ਦੀਆਂ ਇਕੱਤਰ ਕੀਤੀਆਂ ਸਾਰੀਆਂ ਕਲਾ ਕਿਰਤਾਂ ਰੱਖੀਆਂ ਗਈਆਂ ਤੇ ਉਸ ਨੇ ਇਹ ਅਜਾਇਬ ਘਰ ਆਪਣੇ ਦੇਸ਼ ਨੂੰ ਦਾਨ ਕਰ ਦਿੱਤਾ।

ਡੀਗੋ ਰਿਵੇਰਾ ਦੇ ਜੀਵਨ ਭਰ ਦੇ ਸਮੁੱਚੇ ਕੀਤੇ ਕੰਮ ਦਾ ਵੇਰਵਾ ਦੇਣਾ ਸੰਭਵ ਨਹੀਂ। ਉਸ ਦੇ ਕੰਧ ਚਿੱਤਰਾਂ ਤੋਂ ਬਿਨਾਂ ਸੈਂਕੜੇ ਹੀ ਚਿੱਤਰ ਅਤੇ ਸਕੈੱਚ ਦੁਨੀਆਂ ਭਰ ਦੀਆਂ ਗੈਲਰੀਆਂ ਅਤੇ ਕਲਾ ਭਵਨਾਂ ਵਿਚ ਸਾਂਭੇ ਤੇ ਖਿੰਡਰੇ ਪਏ ਹਨ। ਪੈਰਿਸ ਵਿਚ ਬਿਤਾਏ ਸਾਲਾਂ ਦੇ ਬਹੁਤ ਚਿੱਤਰ ਫਰਾਂਸ ਦੀਆਂ ਗੈਲਰੀਆਂ ਵਿਚ ਹਨ। ਉਸ ਤੋਂ ਬਿਨਾਂ ਅਮਰੀਕਾ ਤੇ ਮੈਕਸੀਕੋ ਦੇ ਕਲਾ ਭਵਨਾਂ ਵਿਚ ਸੈਂਕੜੇ ਹੀ ਚਿੱਤਰ, ਸਕੈੱਚ ਤੇ ਪੋਰਟਰੇਟ ਪਏ ਹੋਏ ਹਨ। ਕੰਧ ਚਿੱਤਰਾਂ ਦੀਆਂ ਤਸਵੀਰਾਂ ਫੋਟੋ-ਕਾਪੀਆਂ, ਉਤਾਰੇ ਤੇ ਸਕੈੱਚ, ਨਕਸ਼ੇ ਆਦਿ ਦਾ ਵੇਰਵਾ ਦੇਣ ਲਈ ਕਈ ਪੁਸਤਕਾਂ ਦੇ ਪੰਨੇ ਭਰੇ ਜਾ ਸਕਦੇ ਹਨ। ਅਮਰੀਕਾ ਤੇ ਮੈਕਸੀਕੋ ਦੇ ਭਵਨਾਂ ਦੀਆਂ ਕੰਧਾਂ ਉਤੇ ਬਣੇ ਕੰਧ ਚਿੱਤਰਾਂ ਦੀ ਲੰਬਾਈ ਤੇ ਚੌੜਾਈ ਦਾ ਅਨੁਮਾਨ ਲਾਇਆ ਗਿਆ ਹੈ।

ਇਕ ਅਨੁਮਾਨ ਅਨੁਸਾਰ ਇਹ ਲੰਬਾਈ ਤਕਰਬੀਨ ਚਾਰ ਕਿਲੋਮੀਟਰ ਲੰਬੀ ਤੇ ਇਕ ਮੀਟਰ ਚੌੜੀ ਬਣਦੀ ਹੈ, ਅਰਥਾਤ ਢਾਈ ਮੀਲ ਲੰਮੀ ਜਾਂ 39,69,39 ਮੁਰੱਬਾ ਮੀਟਰ ਤੇ ਇਕ ਗਜ਼ ਡੂੰਘੀ ਅਥਵਾ ਚੌੜੀ। ਅਤੇ ਇਹ ਕੰਧ ਚਿੱਤਰ ਉਨੀ ਦੇਰ ਜੀਉਂਦੇ ਰਹਿਣਗੇ ਜਿੰਨੀ ਦੇਰ ਉਹ ਕੰਧਾਂ ਕਾਇਮ ਹਨ। ਏਨੀ ਮਾਤਰਾ ਵਿਚ ਸੰਸਾਰ ਦੇ ਹੋਰ ਕਿਸੇ ਕਲਾਕਾਰ ਨੇ ਕੰਮ ਨਹੀਂ ਕੀਤਾ। ਪਿਕਾਸੋ ਵਰਗੇ ਵੱਡੇ ਚਿੱਤਰਕਾਰ ਨੇ ਵੀ ਨਹੀਂ। ਉਸ ਦੇ ਬਾਕੀ ਚਿੱਤਰ ਤੇ ਰੇਖਾ ਚਿੱਤਰ ਇਸ ਤੋਂ ਵੱਖਰੇ ਹਨ। ਫਿਰ ਕਮਾਲ ਦੀ ਗੱਲ ਇਹ ਕਿ ਡੀਗੋ ਨੇ ਆਪਣੇ ਦੇਸ਼ ਦੇ ਇਤਿਹਾਸ ਅਤੇ ਸਭਿਆਚਾਰ ਨੂੰ ਕੰਧ ਚਿੱਤਰਾਂ ਰਾਹੀਂ ਰੂਪਮਾਨ ਤੇ ਜੀਵਤ ਕਰਨ ਦਾ ਕ੍ਰਿਸ਼ਮਾ ਕਰ ਵਿਖਾਇਆ ਸੀ। ਡੀਗੋ ਨੇ ਸੁਹਜ-ਸ਼ਾਸਤਰ ਦੇ ਗੰਭੀਰ ਤੇ ਸੰਵੇਦਨਸ਼ੀਲ ਮੁੱਦਿਆਂ ਨੂੰ ਪਬਲਿਕ ਦੇ ਮੁੱਦੇ ਬਣਾ ਦਿੱਤਾ ਹੈ। ਕਲਾ ਦੇ ਹੁਸਨ ਨੂੰ ਬੰਦ ਭਵਨਾਂ ਵਿਚੋਂ ਕੱਢ ਕੇ ਆਮ ਲੋਕਾਂ ਦੀ ਪਹੁੰਚ ਵਿਚ ਲਿਆ ਧਰਿਆ ਹੈ। ਉਸ ਨੇ ਕੰਧਾਂ ਤੇ ਕਾਗਜ਼ਾਂ ਨੂੰ ਬੋਲਣਾ ਸਿਖਾ ਦਿੱਤਾ ਸੀ। ਨਿਸ਼ਚੇ ਹੀ ਇਸ ਵਿਧੀ ਰਾਹੀਂ ਡੀਗੋ ਨੇ ਪੇਂਟਿੰਗ ਨਾਲ ਸਬੰਧਤ ਨਵੇਂ ਸੁਹਜ-ਸਿਧਾਂਤਾਂ ਦਾ ਨਿਰਮਾਣ ਕਰਨ ਵਿਚ ਵਡਮੁੱਲਾ ਤੇ ਚਿਰਸਥਾਈ ਵਾਧਾ ਕੀਤਾ ਹੈ। ਡੀਗੋ ਦੇ ਹੱਥਾਂ ਤੇ ਅੱਖਾਂ ਨੂੰ ਆਪਣੇ ਹਮਵਤਨੀਆਂ ਤੇ ਸੰਸਾਰ ਦੇ ਕਲਾ ਕਦਰਦਾਨਾਂ ਨੂੰ ਸਿਖਾਇਆ ਕਿ ਸੁੰਤਰਤਾ ਦਾ ਆਨੰਦ ਕਿਵੇਂ ਲੈਣਾ ਹੈ। ਤੇ ਇਸ ਦੀ ਤਲਾਸ਼ ਕਿਵੇਂ ਕਰਨੀ ਹੈ। ਉਸ ਨੇ ਕਲਾ ਦਰਸ਼ਕਾਂ ਦੀ ਦ੍ਰਿਸ਼ਟੀ ਨੂੰ ਤੀਬਰ ਤੇ ਤਿੱਖਾ ਕਰਨ ਵਿਚ ਯੋਗਦਾਨ ਪਾਇਆ ਹੈ ਤੇ ਅਦੁੱਤੀ ਕਲਾ ਦੇ ਨਮੂਨਿਆਂ ਨੂੰ ਆਮ ਲੋਕਾਂ ਦੀ ਪਹੁੰਚ ਵਿਚ ਲਿਆਂਦਾ ਹੈ। ਇੰਝ ਬੁੱਤ ਕਲਾ ਤੇ ਪੇਟਿੰਗ ਦੀ ਆਮ ਲੋਕਾਂ ਨਾਲ ਦੂਰੀ ਨੂੰ ਘਟਾਇਆ ਤੇ ਮਿਟਾਇਆ ਹੈ। ਆਪਣੇ ਕੰਮ ਬਾਰੇ ਜੀਵਨ ਦੇ ਅੰਤਲੇ ਸਾਲਾਂ ਵਿਚ ਡੀਗੋ ਨੇ ਟਿੱਪਣੀ ਕਰਦਿਆਂ ਕਿਹਾ ਸੀ,

"ਆਪਣੇ ਕੀਤੇ ਕੰਮ ਬਾਰੇ ਅੱਜ ਪਿਛਲ ਝਾਤ ਮਾਰਦਿਆਂ ਮੈਂ ਸੋਚਦਾ ਹਾਂ ਕਿ ਸਭ ਤੋਂ ਉੱਤਮ ਕੰਮ ਜੋ ਮੈਂ ਕੀਤਾ ਹੈ ਉਹ ਉਨ੍ਹਾਂ ਗੱਲਾਂ ਵਿਚੋਂ ਨਿਕਲਿਆ ਹੈ ਜੋ ਮੈਂ ਡੂੰਘੀ ਤਰ੍ਹਾਂ ਅਨੁਭਵ ਕੀਤੀਆਂ ਸਨ ਅਤੇ ਮੇਰਾ ਸਭ ਤੋਂ ਮਾੜਾ ਕੰਮ ਉਹ ਸੀ ਜੋ ਮੇਰੀ ਪ੍ਰਤਿਭਾ ਦੇ ਅਭਿਮਾਨ ਵਿਚ ਨਿਕਲਿਆ ਹੈ।’’

ਇਸ ਮਹਾਨ ਕਲਾਕਾਰ ਦੀ ਮੌਤ 24 ਨਵੰਬਰ 1957 ਨੂੰ ਹੋਈ।

## ਅੰਤਿਕਾ

ਆਪਣਾ ਇਹ ਖੋਜ ਪੱਤਰ ਮੈਂ ਡੀਗੋ ਰਿਵੇਰਾ ਦੇ ਜੀਵਨ ਕਾਲ ਬਰਟ ਰਾਮ.ਡੀ. ਬੁਲਫੇ (Bertram. D Bolfe) ਦੀ ਲਿਖੀ ਟੂਕ ਨਾਲ ਖਤਮ ਕਰਨਾ ਚਾਹਾਂਗਾ।

“ਉਸ ਦੀ ਅਲੇਖਣ ਯੋਗਤਾ (draughtsmanship) ਦੀ ਸੀ, ਉਸ ਦੀ ਕਲਾਤਮਿਕ ਸੰਵੇਦਨਸ਼ੀਲਤਾ ਮਹਾਨ ਸੀ। ਜੀਵਨ ਦੇ ਅੰਤ ਤੀਕ ਉਸ ਦੇ ਕੰਮ ਕਰਨ ਦੀ ਸਮਰਥਾ ਇਕ ਅਣਥੱਕ ਦੈਂਤ ਜਿਤਨੀ ਸੀ। ਨਿਰਸੰਦੇਹ ਉਹ ਕੁਦਰਤ ਦਾ ਦੈਂਤ ਸੀ। ਉਸ ਦੀ ਉਪਜਾਊ ਸ਼ਕਤੀ ਅਚੰਭਾ ਜਨਕ ਸੀ। ਤੇ ਉਸ ਵਿਚ ਸਿਰਜਨ ਦੀ ਬੇਇੰਤਹਾ ਸਮਰਥਾ ਸੀ। ਅਜਿਹੀ ਸਮਰੱਥਾ ਮਨੁੱਖੀ ਇਤਿਹਾਸ ਵਿਚ ਕਦੇ ਕਦੇ ਹੀ ਮਿਲਦੀ ਹੈ। ਅਜਿਹੇ ਮਨੁੱਖ ਆਪਣੇ ਕੰਮ ਦੀ ਸੌਖ ਮਾਤਰਾ ਤੇ ਉੱਤਪਮਾ ਸਦਕਾ ਮਨੁੱਖ ਦੀ ਕੰਮ ਕਰਨ ਦੀ ਯੋਗਤਾ ਵਿਚ ਸਾਡਾ ਵਿਸ਼ਵਾਸ ਪੱਕਾ ਕਰਦੇ ਹਨ।’’



# ਕੁਦਰਤੀ ਅਤੇ ਗੈਰਕੁਦਰਤੀ ਆਫ਼ਤਾਂ ਵਿਚਾਲੇ ਮਨੁੱਖੀ ਵਿਕਾਸ

## ਹੈਤੀ ਵਿਚ ਆਏ ਭੁਚਾਲ ਦੀ ਇਕ ਪੜਚੋਲ

**ਦਲਬੀਰ ਸਾਂਗਿਆਣ**

ਹੈਤੀ ਵਿਚ 12 ਜਨਵਰੀ, ਬਾਅਦ ਦੁਪਹਿਰ, ਭੁਚਾਲ ਦਾ ਜ਼ਬਰਦਸਤ ਝਟਕਾ ਆਇਆ, ਜਿਹੜਾ ਕਿ ਦੋ ਸੌ ਸਾਲ ਵਿਚ ਆਇਆ ਸਭ ਤੋਂ ਵੱਡਾ ਝਟਕਾ ਕਿਹਾ ਜਾਂਦਾ ਹੈ। ਇਸ ਵੱਡੇ ਝਟਕੇ ਤੋਂ ਬਾਅਦ ਲਗਾਤਰ ਬਾਰਾਂ ਝਟਕੇ ਹੋਰ ਆਏ ਜਿਨਾਂ ਨੇ ਘਰਾਂ, ਬਿਲਡਿੰਗਾਂ ਤੇ ਹੋਰ ਸਾਜੋ ਸਮਾਨ ਨੂੰ ਤਹਿਸ ਨਹਿਸ ਕਰ ਕੇ ਰੱਖ ਦਿੱਤਾ। ਕੁਦਰਤ ਦੀ ਇਸ ਕਰੋਪੀ ਨੇ ਸਮੁੱਚੀ ਮਨੁੱਖਤਾ ਨੂੰ ਹਿਲਾ ਕੇ ਰੱਖ ਦਿੱਤਾ ਹੈ।ਸਾਲ 2004 ਵਿਚ ਆਏ ਸੁਨਾਮੀ ਅਤੇ ਚੀਨ ਵਿਚ ਆਏ ਭੁਚਾਲ ਤੋਂ ਬਾਅਦ ਇਹ ਵੱਡੀ ਕੁਦਰਤ ਕਰੋਪੀ ਹੈ ਜਿਸ ਨੂੰ ਸੰਸਾਰਕ ਪੱਧਰ ਤੇ ਪੜਚੋਲਣ ਦੀ ਲੋੜ ਹੈ। ਜਾਨੀ ਤੇ ਮਾਲੀ ਨੁਕਸਾਨ ਤੋਂ ਬਾਕੀ ਬਚੇ ਹੇਸ਼ੀਅਨ ਜ਼ਿੰਦਗੀ ਤੇ ਮੌਤ ਨਾਲ ਜੂਝ ਰਹੇ ਹਨ। ਭਾਵੇਂ ਕਿ ਸੰਸਾਰਕ ਪੱਧਰ ’ਤੇ ਸਹਾਇਤਾ ਪਹੁੰਚ ਰਹੀ ਹੈ ਪਰ ਫਿਰ ਵੀ ਜਾਨੀ ਤੇ ਮਾਲੀ ਨੁਕਸਾਨ ਦਾ ਹਰਜਾਨਾ ਨਹੀਂ ਭਰਿਆ ਜਾ ਸਕਦਾ। ਅੰਤਰਾਸ਼ਟਰੀ ਭਾਈਚਾਰੇ ਵੱਲੋਂ ਮੁਢਲੀ ਸਹਾਇਤਾ ਲਈ ਮਾਰਿਆ ਹੰਭਲਾ ਤਾਂ ਸਿਰਫ ਦਰਪੇਸ਼ ਮੁਸ਼ਕਲ ਦਾ ਅਸਥਾਈ ਹੱਲ ਹੀ ਹੈ। ਮੁੜ ਬਹਾਲੀ ਲਈ ਤੇ ਇਕ ਸਥਿਰ ਦੇਸ਼ ਵਜੋਂ ਸਥਾਪਤ ਕਰਨ ਦਾ ਕਿਆਸ ਹਾਲੇ ਨਹੀਂ ਲਾਇਆ ਜਾ ਸਕਦਾ। ਇਹ ਤਾਂ ਅਜੇ ਤੱਕ ਨਾਮੁਮਕਨ ਹੈ ਕਿ ਕੁਦਰਤੀ ਆਫਤਾਂ ਨੂੰ ਟਾਲਿਆ ਜਾ ਸਕੇ, ਪਰ ਇਨਾਂ ਬਾਰੇ ਵਿਗਿਆਨ ਜਾਂ ਟੈਕਨਾਲੋਜ਼ੀ ਦੀ ਸਹਾਇਤਾ ਨਾਲ ਸੰਭਾਵੀਂ ਅੰਦਾਜ਼ਾ ਲਾਇਆ ਜਾ ਸਕਦਾ ਹੈ। ਹੋ ਸਕਦਾ ਹੈ ਵਿਗਿਆਨ ਦੀ ਤਰੱਕੀ ਨਾਲ ਭਵਿੱਖ ਵਿਚ ਕੋਈ ਐਸੀ ਵਿਧੀ ਪੈਦਾ ਹੋ ਜਾਵੇ ਜਿਸ ਨਾਲ ਕੁਦਰਤੀ ਵੇਗ ਨੂੰ ਕਿਸੇ ਹੱਦ ਤੱਕ ਰੋਕਿਆ ਜਾ ਸਕੇ। ਮੌਜੂਦਾ ਵਿਗਿਆਨਕ ਪ੍ਰਣਾਲੀ ਅਨੁਸਾਰ ਤਾਂ ਭੁਚਾਲ ਜਾਂ ਵਿਸਫੋਟ ਵਾਲੀਆਂ ਥਾਵਾਂ ਦਾ ਸਿਰਫ ਪਤਾ ਹੀ ਲਗਾਇਆ ਜਾ ਸਕਦਾ ਹੈ। ਜਿਆਦਾ ਤਰ ਤਾਂ ਭਾਣਾ ਮੰਨਣ ਦੇ ਬਰਾਬਰ ਹੀ ਹੈ।

ਹੈਤੀ ਦੁਨੀਆਂ ਦਾ ਸੱਭ ਤੋਂ ਗਰੀਬ ਦੇਸ਼ ਹੈ। ਇਸ ਦੇਸ਼ ਵਿਚ ਏਡਜ਼ ਨਾਲ ਪੀੜਤ ਲੋਕਾਂ ਦੀ ਪ੍ਰਤੀਸ਼ਤ ਦਰ ਸੰਸਾਰ ਵਿਚ ਸਭ ਤੋਂ ਜ਼ਿਆਦਾ ਹੈ। ਹੈਤੀ ਦੀ ਕੁਲ ਅਬਾਦੀ ਗੁਲਾਮਾਂ ਦੀ ਸੰਤਾਨ ਹੈ। ਹੈਤੀ ਦੀ ਦੁਰਦਸ਼ਾ 1492 ਤੋਂ ਸ਼ੁਰੂ ਹੁੰਦੀ ਹੈ ਜਦੋਂ ਇਸ ਛੋਟੇ ਜਿਹੇ ਧਰਤੀ ਦੇ ਟੁਕੜੇ ਨੂੰ ਕੋਲੰਬਸ ਨੇ ਆਪਣੀ ਯਾਤਰਾ ਵਿਚ ਲੱਭਿਆ ਸੀ। ਉਸ ਤੋਂ ਪਹਿਲਾਂ ਧਰਤੀ ਦਾ ਇਹ ਟੁਕੜਾ ਅਣਛੂਹਿਆ ਸੀ ਤੇ ਇਸ ਦੀ ਸੁੰਦਰਤਾ ਕਾਇਲ ਕਰਦੀ ਸੀ। ਇਸ ਦੇਸ਼ ਵਿਚ ਥੋੜ੍ਹੇ ਕੁ ਆਦਿਵਾਸੀ ਹੀ ਰਹਿੰਦੇ ਸਨ। ਹੈਤੀ 1492 ਤੋਂ ਬਾਅਦ ਲਗਾਤਾਰ ਮਨੁੱਖੀ ਤਸ਼ੱਦਦ ਤੇ ਉਥਲ-ਪੁਥਲ ਦਾ ਕੇਂਦਰ ਰਿਹਾ ਹੈ। ਸਭ ਤੋਂ ਪਹਿਲਾਂ ਇਹ ਮੁਲਕ ਸਪੇਨ ਦੀ ਕਲੋਨੀ ਬਣਿਆ। ਕੈਰਬੀਅਨ ਵਿਚ ਹਿਸਪਾਨੀਓਲਾ ਨਾਂ ਨਾਲ ਜਾਣੇ ਜਾਂਦੇ ਟਾਪੂ ਵਿਚ ਦੋ ਮੁਲਕ ਹਨ। ਇਕ ਦਾ ਨਾਂ ਹੈ ਹੈਤੀ ਤੇ ਦੂਜੇ ਦਾ ਨਾਂ ਹੈ ਡੋਮਿਨੀਕਨ ਰਿਪਬਲਿਕ। 1697 ਵਿਚ ਸਪੇਨ ਦੀ ਹੈਤੀ ਵਿਚਲੀ ਸਰਕਾਰ ਨੇ ਫਰਾਂਸ ਦੇ ਨਾਲ ਰਿਸਵਿਕ ਨਾਂ ਦੀ ਸੰਧੀ ਵਿਚ ਪੱਛਮੀ ਹਿੱਸੇ ਤੇ ਅਧਿਕਾਰ ਛੱਡ ਦਿੱਤਾ ਤੇ ਹੈਤੀ ਫਰਾਂਸ ਦੀ ਉਸੇਂਟ ਡੋਮੀਨੀਅਨ” ਨਾਂ ਦੀ ਬਸਤੀ ਬਣ ਗਿਆ। 1697-1791 ਤੱਕ ਦੇ ਸਮੇਂ ਦੌਰਾਨ ਉਸੇਂਟ ਡੋਮੀਨੀਅਨ” ਸੰਸਾਰ ਦੀਆਂ ਸਾਰੀਆਂ ਬਸਤੀਆਂ ਵਿਚ ਸਭ ਤੋਂ ਅਮੀਰ ਬਸਤੀ ਸੀ। ਇਸ ਦੌਰਾਨ ਅਫਰੀਕਾ ਤੋਂ ਗੁਲਾਮਾਂ ਨੂੰ ਨੂੜ ਕੇ ਇਥੇ ਲਿਆਂਦਾ ਗਿਆ ਤੇ ਉਨ੍ਹਾਂ ਤੇ ਇੰਤਹਾ ਮਨੁੱਖੀ ਤਸ਼ੱਦਦ ਕੀਤਾ ਗਿਆ। ਲਗਭੱਗ ਪੰਜ ਲੱਖ ਗੁਲਾਮਾਂ ਨੂੰ ਛਾਂਟਿਆਂ ਨਾਲ ਕੁੱਟਿਆ ਗਿਆ, ਭੁੱਖੇ ਰੱਖਿਆ ਗਿਆ ਤੇ ਕਈਆ ਨੂੰ ਛੋਟੀਆਂ ਗਲਤੀਆਂ ਕਰਕੇ ਜਿਉਂਦੇ ਧਰਤੀ ਵਿਚ ਦੱਬ ਕੇ ਮਾਰ ਦਿੱਤਾ ਗਿਆ। ਹੈਤੀ ਵਿਚ ਆਈ ਉਸ ਸਮੇਂ ਦੀ ਅਮੀਰੀ ਗੁਲਾਮਾਂ ਦੀ ਬਰਾਮਦ ਤੇ ਉਨਾਂ ’ਤੇ ਅਣਕਿਆਸੇ ਮਨੁੱਖੀ ਤਸ਼ੱਦਦ ਤੋਂ ਪੈਦਾ ਹੋਈ ਮਿਹਨਤ ਕਰਕੇ ਸੀ। ਸੰਸਾਰ ਵਿਚ ਉਸ ਸਮੇਂ ਦੇ ਪ੍ਰਚੱਲਤ ਬਸਤੀਵਾਦ ਨੇ ਆਪਣੀ ਪਕੜ ਆਮ ਲੋਕਾਂ ’ਤੇ ਕਾਇਮ ਕਰਕੇ ਉਨਾਂ ਦੇ ਖ਼ੂਨ ਤੇ ਮਿਹਨਤ ਨਾਲ ਯੂਰਪ ਤੇ ਉਤਰੀ ਅਮਰੀਕਾ ਵਿਚ ਅਜ਼ਾਦੀ ਤੇ ਖੁਸ਼ਹਾਲੀ ਦਾ ਬਿਗਲ ਵਜਾਇਆ ਸੀ। ਇਨਾਂ ਸਮਿਆਂ ਵਿਚ ਯੂਰਪ ਤੇ ਉਤਰੀ ਅਮਰੀਕਾ ਵਿਚ ਸ਼ਾਨਦਾਰ ਬਿਲਡਿੰਗਾਂ ਤੇ ਹੋਰ ਆਧੁਨਿਕ ਸਾਜੋ ਸਮਾਨ ਪੈਦਾ ਹੋਇਆ ਸੀ। ਆਪਾਂ ਸਾਰੇ ਹਿੰਦੋਸਤਾਨੀਆਂ ਨੂੰ ਬਸਤੀਵਾਦ ਦੇ ਵਰਤਾਓ ਬਾਰੇ ਚੰਗੀ ਤਰਾਂ ਪਤਾ ਹੈ ਜਿਸ ਨੂੰ ਸਾਡੇ ਪੁਰਖਿਆਂ ਨੇ ਵੀ ਆਪਣੇ ਜਿਸਮਾਂ ਤੇ ਜ਼ਮੀਰਾਂ ’ਤੇ ਹੰਡਾਇਆ ਹੈ। ਹੁਣ ਸਵਾਲ ਉਠਦਾ ਹੈ ਕਿ ਮਨੁੱਖੀ ਹੋਂਦ ਤੇ ਪਹਿਚਾਣ ਨੂੰ ਵਿਗਾੜਣ ਵਿਚ ਉਹ ਕਿਹੜੀਆਂ ਤਾਕਤਾਂ ਹਨ ਜਿਨਾਂ ਦਾ ਅਸਰ ਮਾਨਸਿਕ ਤੇ ਜਿਸਮਾਨੀ ਤੌਰ ’ਤੇ ਸਦੀਆਂ ਤੋਂ ਆਮ ਮਨੁੱਖ ਸੰਹਿਦਾ ਆ ਰਿਹਾ ਹੈ। ਆਮ ਮਨੁੱਖ ਦੀ ਲੁੱਟ ਹਮੇਸ਼ਾ ਹੁੰਦੀ ਆ ਰਹੀ ਹੈ ਤੇ ਉਸ ਸਮੇਂ ਦਾ ਬਸਤੀਵਾਦ ਇਕ ਤਰੀਕਾ ਸੀ ਕਿ ਮਨੁੱਖ ਦੀ ਕਾਇਆ ਕਲਪ ਤੇ ਇੰਨਾ ਸ਼ਿਕੰਜਾ ਕੱਸ ਦਿੱਤਾ ਜਾਵੇ ਤਾਂ ਕਿ ਉਹ ਆਪਣੀ ਅਜ਼ਾਦੀ ਦੀ ਗੱਲ ਹੀ ਨਾ ਕਰ ਸਕੇ। ਮਨੁੱਖ ਨੂੰ ਮਾਨਸਿਕ ਤੌਰ ’ਤੇ ਇੰਨਾ ਕਮਜ਼ੋਰ ਕਰ ਦਿੱਤਾ ਜਾਵੇ ਕਿ ਉਹ ਇਨਸਾਨ ਹੁੰਦਾ ਹੋਇਆ ਵੀ ਨਿਗੂਣੀ ਸ਼ਕਤੀ ਦਾ ਸਿਰਫ ਇਕ ਕਤਰਾ ਤੱਕ ਹੀ ਰਹਿ ਜਾਵੇ। ਮਨੁੱਖੀ ਅਧਿਕਾਰਾਂ, ਕਾਰੋਬਾਰ ਦੇ ਪ੍ਰਬੰਧਾਂ ’ਤੇ ਤਾਨਸ਼ਾਹੀ ਇੰਨੀ ਭਾਰੂ ਸੀ ਕਿ ਗੁਲਾਮੀ ਦਾ ਕਹਿਰ ਸਦੀਆਂ ਤੱਕ ਚਲਦਾ ਰਿਹਾ। ਗੁਲਾਮਾਂ ਦੇ ਬੱਚਿਆਂ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਇਆ ਗਿਆ। ਜਿਸ ਦੇ ਫਲਸਰੂਪ ਗੁਲਾਮਾਂ ਦੀ ਗਿਣਤੀ ਵਿਚ ਅੱਧੇ ਗੋਰੇ ਤੇ ਅੱਧੇ ਕਾਲੇ ਨਸਲ ਦੇ ਬੱਚੇ ਵੀ ਪੈਦਾ ਹੋ ਗਏ, ਜਿਨਾਂ ਨੂੰ ਮੂਲਾਟੋ ਕਿਹਾ ਜਾਂਦਾ ਹੈ। ਹੈਤੀ ਦੀ ਕੁਲ ਅਬਾਦੀ ਆਪਣੇ ਆਪ ਵਿਚ ਵੰਡੀ ਗਈ। 1791 ਵਿਚ ਘੋਰ ਅੱਤਿਆਚਾਰ ਤੋਂ ਅੱਕ ਕੇ ਕਾਲੇ ਲੋਕਾਂ ਵੱਲੋਂ ਆਪਣੇ ਹੱਕਾਂ ਲਈ ਸੰਗਰਾਮ ਕੀਤਾ ਗਿਆ ਜਿਹੜਾ ਕਿ ਸਿਵਲ ਵਾਰ ਵਿਚ ਬਦਲ ਗਿਆ। 1796 ਵਿਚ ਇਹ ਸਿਵਲ ਵਾਰ ਦਬਾ ਦਿੱਤੀ ਗਈ। 1801 ਵਿਚ ਨੈਪੋਲੀਅਨ ਨੇ ਚੌਤੀਂ ਹਜ਼ਾਰ ਦੀ ਫੌਜ ਭੇਜ ਕੇ ਫਿਰ ਖੋਹੇ ਗਏ ਟਾਪੂ ਦੇ ਹਿੱਸੇ ਨੂੰ ਆਪਣੇ ਕਬਜ਼ੇ ਵਿਚ ਕਰ ਲਿਆ, ਪਰ ਫੋਜੀ ਕਾਰਵਾਈ ਬਾਹਲੀ ਕਾਮਯਾਬ ਨਾ ਹੋਈ। ਮਈ 1802 ਵਿਚ ਫਿਰ ਗੁਲਾਮ ਪ੍ਰਥਾ ਨੂੰ ਜ਼ਾਰੀ ਕੀਤਾ ਗਿਆ ਤੇ ਮਾਰੋ ਮਾਰੀ ਚੱਲਦੀ ਰਹੀ। ਜਨਵਰੀ 1804 ਵਿਚ ਜੀਨ ਜੈਕਕਿਉ ਡਇਸਲਾਈਨਜ਼ ਨੇ ਟਾਪੂ ਦੇ ਉਤਰੀ ਹਿੱਸੇ ਨੂੰ ਅਜ਼ਾਦ ਬਲੈਕ ਰਿਪਬਲਿਕ ਆਫ ਹੈਤੀ ਐਲਾਨ ਦਿੱਤਾ। ਜੀਨ ਜੈਕਕਿਉ ਡਇਸਲਾਈਨਜ਼ ਮੋਲਾਟੋ ਲੋਕਾਂ (ਅੱਧੇ ਗੋਰੇ-ਕਾਲੇ ਲੋਕ)ਵਿਚ ਜ਼ਿਆਦਾ ਪਸੰਦ ਨਹੀਂ ਸੀ ਤੇ 1806 ਵਿਚ ਉਸ ਦਾ ਕਤਲ ਕਰ ਦਿੱਤਾ ਗਿਆ। ਇਸ ਤੋਂ ਬਾਅਦ ਫਿਰ ਹੇਟੀ ਸਿਵਲ ਵਾਰ ਦੀ ਅੱਗ ਵਿਚ ਸੜਦਾ ਰਿਹਾ। ਫਿਰ ਇਕ ਹੈਨਰੀ ਕਰਿਸਟਫਰ ਨਾਂ ਦੇ ਤਾਨਾਂਸ਼ਾਹ ਨੇ ਹੈਤੀ ’ਤੇ ਰਾਜ਼ ਕੀਤਾ ਤੇ ਅਖੀਰ ਆਤਮ ਹੱਤਿਆ ਕਰ ਕੇ ਮਰ ਗਿਆ। ਇਸ ਤੋਂ ਬਾਅਦ ਜਨਰਲ ਬੋਆਇਰ ਨੇ ਹੈਤੀ ਨੂੰ ਆਪਣੇ ਕਬਜ਼ੇ ਵਿਚ ਲੈ ਲਿਆ ਤੇ 1820 ਵਿਚ ਫਰਾਂਸ ਨੂੰ ਇਕ ਸੌ ਪੰਜਾਹ ਮਿਲੀਅਨ ਫਰੈਂਚ ਕਰੰਸੀ ਦੇ ਕੇ ਹੈਤੀ ਦਾ ਛੁਟਕਾਰਾ ਕਰਵਾ ਲਿਆ। 1843-1915 ਤੋਂ ਲੈ ਕੇ 22 ਤਾਨਾਸ਼ਾਹ ਹੈਡ ਆਫ ਦੀ ਸਟੇਟ ਆਏ ਤੇ ਹਰ ਇਕ ਨੇ ਰੱਜ ਕੇ ਹੈਤੀ ਨੂੰ ਲੁਟਿਆ ਤੇ ਲੋਕਾਂ ’ਤੇ ਘੋਰ ਜ਼ੁਲਮ ਕੀਤਾ। ਗੋਰਿਆਂ, ਕਾਲਿਆਂ ਤੇ ਮੋਲਾਟੋ ਜ਼ਾਗੀਰਦਾਰਾਂ ਵਿਚ ਦੁਸ਼ਮਣੀ ਕਾਇਮ ਰਹੀ। 1915 ਵਿਚ ਅਮਰੀਕਾ ਨੇ ਹੈਤੀ ’ਤੇ ਹਮਲਾ ਕੀਤਾ ਤੇ ਉਸ ਦੇ ਡਿਕਟੇਟਰ ਨੂੰ ਗੱਦੀਉ ਲਾਹ ਦਿੱਤਾ। ਅਮਰੀਕਾ ਪੰਦਰਾਂ ਸਾਲ ਹੈਤੀ ਵਿਚ ਰਿਹਾ। ਹੈਤੀ ਦੀ ਜਨਤਾ ਨੂੰ ਅਮਰੀਕਾ ਦੀ ਦਖਲ ਅੰਦਾਜ਼ੀ ਚੰਗੀ ਨਹੀਂ ਲੱਗੀ। 1934 ਵਿਚ ਅਮਰੀਕਨ ਹੈਤੀ ਨੂੰ ਛੱਡ ਗਏ ਤੇ ਉਥੇ ਫਿਰ ਖੁਸ਼ਹਾਲੀ ਦਾ ਮਹੌਲ ਪੈਦਾ ਹੋਇਆ। ਇਹ ਹੈਤੀ ਵਿਚ ਜਮਹੂਰੀਅਤ ਦਾ ਪਹਿਲਾ ਬੋਲਬਾਲਾ ਸੀ। ਪਰ ਕੁੱਲ ਅਬਾਦੀ ਦਾ ਰੰਗ ਅਧਾਰ ਤੇ ਵੰਡੇ ਹੋਣ ਕਰਕੇ ਜਮਹੂਰੀਅਤ ਦਾ ਵਿਕਾਸ ਬੜਾ ਧੀਮਾ ਰਿਹਾ। ਮਿਲਟਰੀ ਦੀ ਦਖਲ ਅੰਦਾਜ਼ੀ ਸਿਵਲੀਅਨ ਸਰਕਾਰ ਵਿਚ ਹਮੇਸ਼ਾ ਰਹਿੰਦੀ ਹੈ ਇਸ ਕਰਕੇ ਦੇਸ਼ ਦਾ ਹਾਲ ਬੜਾ ਹੀ ਮੰਦਾ ਹੈ। ਹੈਤੀ ਦਾ ਨਾਂ ਅੱਜ ਫਿਰ ਸੰਸਾਰ ਦੇ ਨਕਸ਼ੇ ’ਤੇ ਕੁਦਰਤੀ ਆਫਤ ਕਰਕੇ ਉਭਰ ਕੇ ਸਾਹਮਣੇ ਆਇਆ ਹੈ। ਸਦੀਆਂ ਭਰ ਇਸ ਦੁਰਦਸ਼ਾ ਵਿਚ ਮਨੁੱਖੀ ਹੋਂਦ ਤੇ ਪਹਿਚਾਣ ਦਾ ਕਾਇਮ ਰਹਿਣਾ ਮੁਸ਼ਕਲ ਹੈ। ਦਰਅਸਲ; ਮਨੁੱਖਤਾ ਦਾ ਵਿਕਾਸ ਦੋ ਪੁਲਾਂ ਵਿਚ ਪਿਸ ਰਿਹਾ ਹੈ। ਇਕ ਤਾਂ ਭੁਚਾਲ, ਅੱਗ, ਹੜ, ਬਿਮਾਰੀ ਜਾਂ ਜਾਵਾਲਮੁਖੀ ਵਿਸਫੋਟ ਹਨ ਜਿਨਾਂ ਨੂੰ ਅਗਾਂਹੂ ਪਛਾਣਿਆ ਜਾ ਸਕਦਾ ਹੈ ਪਰ ਥੰਮਿਆ ਨਹੀਂ ਜਾ ਸਕਦਾ। ਇਕ ਗੈਰਕੁਦਰਤੀ ਹਾਲਾਤ ਨਕਾਰਾਤਮਕ ਤਾਕਤਾਂ ਵੱਲੋ ਪੈਦਾ ਕੀਤੇ ਜਾਂਦੇ ਹਨ, ਜਿਨਾਂ ਸਦਕਾ ਮਨੁੱਖੀ ਵਿਕਾਸ ਵਿਚ ਅੰਤਾਂ ਦੀ ਖੜੋਤ ਆ ਜਾਂਦੀ ਹੈ।ਇਸ ਖੜੋਤ ਵਿਚ ਸਰਮਾਏਦਾਰੀ ਤਾਕਤਾਂ ਅੱਜ ਮਲਟੀ ਨੈਸ਼ਨਲ ਕੰਪਨੀਆਂ ਦੇ ਰੂਪ ਵਿਚ ਇਸ ਸੰਸਾਰ ਵਿਚ ਸਥਾਪਤ ਹਨ। ਅੱਜ ਦਾ ਮਨੁੱਖੀ ਵਿਕਾਸ, ਜਿਹੜਾ ਧਰਤੀ ਦੇ ਕਈ ਦੇਸ਼ਾਂ ਜਾਂ ਖਿੱਤਿਆ ਵਿਚ ਨਹੀਂ ਹੋ ਸਕਿਆ ਤਾਂ ਉਹ ਇਨਾਂ ਨਕਾਰਾਤਮਕ ਤਾਕਤਾਂ ਕਰਕੇ ਹੈ ਨਾ ਕਿ ਕੁਦਰਤੀ ਆਫਤਾਂ ਕਰਕੇ। ਮਨੁੱਖ ਨੂੰ ਬੁਨਿਆਦੀ ਤੌਰ ’ਤੇ ਕੁਦਰਤ ਨਾਲ ਰਹਿਣਾ ਸਹਿਣਾ ਆਉਂਦਾ ਹੈ ਕਿਉਂਕਿ ਮਨੁੱਖ ਕੁਦਰਤ ਦਾ ਹੀ ਇਹ ਇਕ ਹਿੱਸਾ ਹੈ। ਇਨਾਂ ਕੁਦਰਤੀ ਹਾਲਾਤਾਂ ਦੇ ਬਾਵਜੂਦ ਗੈਰਕੁਦਰਤੀ ਹਾਲਾਤ ਨੇ ਮਨੁੱਖ ਨੂੰ ਕੁਦਰਤ ਨਾਲੋ ਤੋੜ ਕੇ ਉਸ ਵਿਚ ਵੰਡੀਆਂ ਪਾ ਦਿੱਤੀਆਂ ਹਨ। ਕੁਝ ਕੁ ਠੇਕੇਦਾਰਾਂ ਨੂੰ ਥਾਪੜਾ ਦੇ ਕੇ ਲੋਕਾਂ ਦੇ ਹੱਕਾਂ ਨੂੰ ਖੋਹਿਆ ਜਾਂਦਾ ਹੈ ਉਨਾਂ ਦੁਆਲੇ ਸਰਮਾਏਦਾਰੀ ਦੀ ਵੱਡੀ ਵਾੜ ਖੜੀ ਕਰ ਦਿੱਤੀ ਜਾਂਦੀ ਹੈ ਤਾਂ ਕਿ ਉਹ ਮਜਬੂਰ ਹੋ ਕੇ ਉਸ ਅਡੰਬਰ ਵਿਚ ਦਬੇ ਰਹਿਣ। ਹੈਤੀ ਵਿਚਲੀ ਉਦਾਰਹਣ ਤੋਂ ਸਾਫ ਜ਼ਾਹਿਰ ਹੈ ਕਿ ਗੁਲਾਮ ਪ੍ਰਥਾ ਨੇ ਸੰਸਾਰ ਵਿਚ ਮਨੁੱਖੀ ਵਿਕਾਸ ਦੇ ਸੰਕਲਪ ਨੂੰ ਬੜਾ ਕੋਹਿਆ ਹੈ। ਗੁਲਾਮਾਂ ਨੂੰ ਹੀਣਤਾ ਤੇ ਜ਼ਲਾਲਤ ਭਰੀ ਜ਼ਿੰਦਗੀ ਗੁਜ਼ਾਰਨੀ ਪਈ। ਹੈਤੀ ਵਿਚ ਆਏ ਭੁਚਾਲ ਕਾਰਣ ਅਮੀਰ ਦੇਸ਼ਾਂ ਖਾਸ ਕਰਕੇ ਅਮਰੀਕਾ ਵੱਲੋਂ ਸਹਾਇਤਾ ਵੀ ਭੇਜੀ ਗਈ। ਸਹਾਇਤਾ ਵੀ ਮਿਲਟਰੀ ਦੇ ਰੂਪ ਵਿਚ ਭੇਜੀ ਗਈ ਜਿਸ ਨੂੰ ਹੇਸ਼ੀਅਨ ਪਹਿਲਾਂ ਹੀ ਨਫ਼ਰਤ ਕਰਦੇ ਹਨ। ਸਹਾਇਤਾ ਦੇ ਨਾਂ ਤੇ ਅਗਲੇਰੇ ਇਰਾਦਿਆਂ ਦਾ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਅੰਤਰਰਾਸ਼ਟਰੀ ਪੱਧਰ ’ਤੇ ਮੁਸ਼ਕਲ ਸਮੇਂ ਹੈਤੀ ਵਰਗੇ ਮੁਲਕਾਂ ਵਿਚ ਸਮਾਜਕ ਸੰਸਥਾਵਾਂ ਤੇ ਯੁਨਾਇਡ ਨੇਸ਼ਨਜ਼ ਦਾ ਜਿਆਦਾ ਰੋਲ ਹੋਣਾ ਚਾਹੀਦਾ ਹੈ। ਅੱਜ ਜਿਹੜੇ ਮੁਲਕ ਵਿਕਾਸ ਵਿਚ ਪਿੱਛੇ ਰਹਿ ਗਏ ਹਨ ਉਨਾਂ ਵੱਲ ਕੁਦਰਤੀ ਆਫਤ ਸਮੇਂ ਧਿਆਨ ਦੇਣ ਦੇ ਨਾਲ ਨਾਲ ਅਮੀਰ ਮੁਲਕਾਂ ਵੱਲੋਂ ਸੁਹਿਰਦਿਤਾ ਦਿਖਾਉਣੀ ਚਾਹੀਦੀ ਹੈ ਤਾਂ ਜੋ ਮਨੁੱਖੀ ਵਿਕਾਸ ਨੂੰ ਨਿਰੰਤਰ ਕਾਇਮ ਰੱਖਿਆ ਜਾ ਸਕੇ। ਜੇਕਰ ਧਿਆਨ ਨਾਲ ਸੋਚਿਆ ਜਾਵੇ ਤਾਂ ਕੀ ਕਾਰਣ ਹੈ ਕਿ ਜ਼ਿਆਦਾ ਲੋਕ ਅਮਰੀਕਾ ਨੂੰ ਨਫ਼ਰਤ ਕਰਦੇ ਹਨ। ਕਾਰਣ ਸਪੱਸ਼ਟ ਹੈ ਕਿ ਜਦੋਂ ਤੁਸੀਂ ਅਣਵਿਕਸਤ ਦੇਸ਼ਾਂ ਵਿਚ ਸੁਹਿਰਦਿਤਾ ਦੀ ਬਜਾਏ ਰਾਜਨੀਤਕ ਜਾਂ ਸਰਮਾਏਦਾਰੀ ਦੀ ਧੌਂਸ ਦਿਖਾਉਗੇ ਤਾਂ ਜਨਤਾ ਦਾ ਦਿਲ ਨਹੀਂ ਜਿੱਤ ਸਕਦੇ। ਅਫਗਾਨਿਸਤਾਨ ਵਿਚ ਨੇਟੋ ਵੱਲੋਂ ਸਕੂਲ ਜਾਂ ਰੋੜ ਬਨਾਉਣ ਵਰਗੇ ਉਸਾਰੂ ਕੰਮ ਕਾਰਨ ਦੇ ਬਾਵਜੂਦ ਉਨ੍ਹਾਂ ਦਾ ਉੱਥੇ ਰਹਿਣਾ ਲੋਕਾਂ ਨੂੰ ਪਸੰਦ ਨਹੀਂ ਹੈ। ਭਾਵੇ ਲੋਕ ਤਾਲਿਬਾਨ ਤੋਂ ਵੀ ਦੁਖੀ ਹਨ ਪਰ ਨੇਟੋ ਦੀ ਮੌਜੂਦਗੀ ਉਨਾਂ ਨੂੰ ਚੁੱਭਦੀ ਹੈ। ਅਫਗਾਨਿਸਤਾਨ ਦਾ ਜੋ ਹਾਲ ਹੈ ਜਾਂ ਤਾਲਿਬਾਨ ਦੀ ਪੈਦਾਇਸ਼ ਵੀ ਤਾਂ ਸਰਮਾਏਦਾਰੀ ਦੀ ਦੇਣ ਹੈ। ਇਸੇ ਤਰ੍ਹਾਂ ਹੀ ਜੇਕਰ ਸਮੁੱਚੀ ਮਨੁੱਖਤਾ ਦਾ ਦਰਦ ਹੇਸ਼ੀਅਨ ਲੋਕਾਂ ਨਾਲ ਹੈ ਜਿਹੜੇ ਇਸ ਸਮੇਂ ਜ਼ਿੰਦਗੀ ਮੌਤ ਨਾਲ ਲੜ ਰਹੇ ਹਨ ਤਾਂ ਉਨਾਂ ਨਾਲ ਸਦੀਆਂ ਭਰ ਹੋਈ ਦੁਰਦਸ਼ਾ ਵੀ ਸਰਮਾਏਦਾਰੀ ਦੀ ਦੇਣ ਹੈ। ਅੱਜ ਲੋੜ ਹੈ ਇਨਾਂ ਕੁਦਰਤੀ ਜਾਂ ਗੈਰਕੁਦਰਤੀ ਆਫਤਾਂ ਵਿਚਕਾਰਲੀਆਂ ਵਿਥਾਂ ਵਿਗਿਆਨਿਕ ਸੋਚ ਰਾਹੀਂ ਸੁਲਝਾਈਆਂ ਜਾਣ। ਬੜੀ ਹਾਸੋ ਹੀਣੀ ਗੱਲ ਹੈ ਕਿ ਅਮਰੀਕਾ ਵਿਚਲੀ ਇਕ ਇਸਾਈ ਸੰਸਥਾ ਨੇ ਮਿਉਜ਼ੀਕਲ ਬਾਈਬਲ ਹੈਤੀ ਵਿਚਲੇ ਪੀੜਤਾਂ ਨੂੰ ਮੁਫਤ ਮਹੱਈਆ ਕੀਤੀ ਹੈ ਤਾਂ ਕਿ ਉਹ ਇਸ ਦੁੱਖ ਦੀ ਘੜੀ ਵਿਚ ਜੀਸਸ ਦੇ ਨਾਲ ਜੁੜ ਕੇ ਹੌਂਸਲਾ ਲੈ ਸਕਣ। ਇਸ ਗਰੁੱਪ ਨੂੰ ਦੁਖ ਦੇ ਸਮੇਂ ਵੀ ਧਰਮ ਨੂੰ ਫੈਲਾਉਣ ਦੀ ਲੱਗੀ ਹੋਈ ਹੈ ਤੇ ਹੈਤੀ ਦੀਆਂ ਸਦੀਆਂ ਭਰ ਪਿਸ ਰਹੀ ਅਬਾਦੀ ਦਾ ਕੋਈ ਖ਼ਿਆਲ ਨਹੀਂ ਆਇਆ। ਇਸ ਤਰ੍ਹਾਂ ਦੀ ਫੋਕੀ ਸਹਾਇਤਾ ਸਮੇਂ ਦਾ ਲਾਭ ਲੈਦਿਆਂ ਕੀਤੀ ਜਾਂਦੀ ਹੈ ਨਾ ਕਿ ਮਨੁੱਖੀ ਫਰਜ਼ ਦੇ ਤੌਰ ’ਤੇ। ਸੰਸਾਰ ਵਿਚ ਜਿੱਥੇ ਕਿਤੇ ਵੀ ਕੋਈ ਕੁਦਰਤੀ ਆਫਤ ਆਉਂਦੀ ਹੈ ਤਾਂ ਮਰ ਰਹੇ ਲੋਕਾਂ ਨੂੰ ਲੁੱਟਣ ਲਈ ਕਈ ਕਿਸਮ ਦਾ ਅਣਮਨੁੱਖੀ ਜੁਰਮ ਵੀ ਸਾਹਮਣੇ ਆਉਂਦਾ ਹੈ। ਜਿਨ੍ਹਾਂ ਹਾਲਾਤਾਂ ਵਿਚ ਮਨੁੱਖ ਜਾਨਵਰ ਬਣ ਜਾਂਦਾ ਹੈ, ਉਸਦੀ ਦਰਿੰਦਗੀ ਸਮੁੱਚੀ ਮਨੁੱਖਤਾ ਲਈ ਸ਼ਰਮ ਦਾ ਕਾਰਣ ਬਣ ਜਾਂਦੀ ਹੈ। ਹੈਤੀ ਵਿਚ ਇਨਾਂ ਹਾਲਾਤਾਂ ਦਾ ਫਾਇਦਾ ਲੈਦਿਆਂ ਕਈ ਲੋਕਾਂ ’ਤੇ ਬੱਚੇ ਚੋਰੀ ਕਰਨ ਦੇ ਇਲਜ਼ਾਮ ਵੀ ਲੱਗੇ ਹਨ। ਲੋਕਾਂ ਵਿਚ ਖਾਧ ਖੁਰਾਕ ਵਾਲੀਆਂ ਵਸਤਾਂ ਹਾਸਲ ਕਰਨ ਲਈ ਦੰਗੇ ਵੀ ਹੋਏ ਹਨ। ਇਹ ਜਾਨਵਰ ਹਰਕਤਾਂ ਉਨਾਂ ਦੁਆਲੇ ਵਿਚਰ ਰਹੀਆਂ ਪ੍ਰਸਥਿਤੀਆਂ ਕਰਕੇ ਹਨ। ਸੰਸਾਰਿਕ ਪੱਧਰ ’ਤੇ ਮਨੁੱਖਤਾ ਦੇ ਨਿਰੰਤਰ ਵਿਕਾਸ ਲਈ ਹਮੇਸ਼ਾ ਹੀ ਸੰਘਰਸ਼ ਰਿਹਾ ਹੈ ਤੇ ਲੋੜ ਹੈ ਦੇਸ਼ਾਂ ਵੱਲੋਂ ਸੁਹਿਰਦਤਾ ਦਿਖਾਉਣ ਦੀ ਤਾਂ ਕਿ ਇਤਿਹਾਸ ਦੇ ਕਾਲੇ ਸਫਿਆਂ ਨੂੰ ਨਾ ਦੁਹਰਇਆ ਜਾ ਸਕੇ। ਸਮੁੱਚੀ ਮਨੁੱਖਤਾ ਦੀ ਲੁੱਟ ਨੂੰ ਥੰਮਿਆਂ ਜਾ ਸਕੇ ਤੇ ਆਉਣ ਵਾਲੀਆਂ ਮੁਸ਼ਕਲਾਂ ਨਾਲ ਦੋ-ਦੋ ਹੱਥ ਹੋਇਆ ਜਾ ਸਕੇ।





*ਹੈਤੀ ਵਿਚ ਆਏ ਭੁਚਾਲ ਕਾਰਣ ਅਮੀਰ ਦੇਸ਼ਾਂ ਖਾਸ ਕਰਕੇ ਅਮਰੀਕਾ ਵੱਲੋਂ ਸਹਾਇਤਾ ਵੀ ਭੇਜੀ ਗਈ। ਸਹਾਇਤਾ ਵੀ ਮਿਲਟਰੀ ਦੇ ਰੂਪ ਵਿਚ ਭੇਜੀ ਗਈ ਜਿਸ ਨੂੰ ਹੇਸ਼ੀਅਨ ਪਹਿਲਾਂ ਹੀ ਨਫ਼ਰਤ ਕਰਦੇ ਹਨ। ਸਹਾਇਤਾ ਦੇ ਨਾਂ ਤੇ ਅਗਲੇਰੇ ਇਰਾਦਿਆਂ ਦਾ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਅੰਤਰਰਾਸ਼ਟਰੀ ਪੱਧਰ ’ਤੇ ਮੁਸ਼ਕਲ ਸਮੇਂ ਹੈਤੀ ਵਰਗੇ ਮੁਲਕਾਂ ਵਿਚ ਸਮਾਜਕ ਸੰਸਥਾਵਾਂ ਤੇ ਯੁਨਾਇਡ ਨੇਸ਼ਨਜ਼ ਦਾ ਜਿਆਦਾ ਰੋਲ ਹੋਣਾ ਚਾਹੀਦਾ ਹੈ। ਅੱਜ ਜਿਹੜੇ ਮੁਲਕ ਵਿਕਾਸ ਵਿਚ ਪਿੱਛੇ ਰਹਿ ਗਏ ਹਨ ਉਨਾਂ ਵੱਲ ਕੁਦਰਤੀ ਆਫਤ ਸਮੇਂ ਧਿਆਨ ਦੇਣ ਦੇ ਨਾਲ ਨਾਲ ਅਮੀਰ ਮੁਲਕਾਂ ਵੱਲੋਂ ਸੁਹਿਰਦਿਤਾ ਦਿਖਾਉਣੀ ਚਾਹੀਦੀ ਹੈ ਤਾਂ ਜੋ ਮਨੁੱਖੀ ਵਿਕਾਸ ਨੂੰ ਨਿਰੰਤਰ ਕਾਇਮ ਰੱਖਿਆ ਜਾ ਸਕੇ। ਜੇਕਰ ਧਿਆਨ ਨਾਲ ਸੋਚਿਆ ਜਾਵੇ ਤਾਂ ਕੀ ਕਾਰਣ ਹੈ ਕਿ ਜ਼ਿਆਦਾ ਲੋਕ ਅਮਰੀਕਾ ਨੂੰ ਨਫ਼ਰਤ ਕਰਦੇ ਹਨ। ਕਾਰਣ ਸਪੱਸ਼ਟ ਹੈ ਕਿ ਜਦੋਂ ਤੁਸੀਂ ਅਣਵਿਕਸਤ ਦੇਸ਼ਾਂ ਵਿਚ ਸੁਹਿਰਦਿਤਾ ਦੀ ਬਜਾਏ ਰਾਜਨੀਤਕ ਜਾਂ ਸਰਮਾਏਦਾਰੀ ਦੀ ਧੌਂਸ ਦਿਖਾਉਗੇ ਤਾਂ ਜਨਤਾ ਦਾ ਦਿਲ ਨਹੀਂ ਜਿੱਤ ਸਕਦੇ।*

# ਕਿੱਸੇ-ਕੈਰੋਂ ਦੇ

## ਪ੍ਰਤਾਪ ਸਿੰਘ ਕੈਰੋਂ ਤੇ ਬਿਓਰੋਕਰੇਸੀ

**ਪ੍ਰੀਤਮ ਸਿੰਘ**



ਸ. ਪ੍ਰਤਾਪ ਸਿੰਘ ਕੈਰੋਂ ਦੇ ਮਨ ਵਿਚ ਬਿਓਰੋਕਰੇਸੀ ਦੇ ਖ਼ਿਲਾਫ਼ ਬੜਾ ਬੁਗ਼ਜ਼ ਭਰਿਆ ਹੋਇਆ ਸੀ। ਉਹ ਮੌਕਾ-ਬੇਮੌਕਾ ਆਪਣੇ ਦਿਲ ਦਾ ਗੁਬਾਰ ਕੱਢਦਾ ਰਹਿੰਦਾ ਸੀ। ਵੱਡੇ ਤੋਂ ਵੱਡੇ ਅਫ਼ਸਰ ਉਸ ਤੋਂ ਕੰਨੀ ਕਤਰਾਉਂਦੇ ਸਨ, ਥਰ-ਥਰ ਕੰਬਦੇ ਸਨ। ਉਸ ਨੇ ਇਕ ਦਹਿਸ਼ਤ ਦਾ ਮਾਹੌਲ ਪੈਦਾ ਕੀਤਾ ਹੋਇਆ ਸੀ ਅਤੇ ਇਸੇ ਕਾਰਨ ਸਰਕਾਰੀ ਅਫ਼ਸਰ ਉਸ ਦੇ ਜਾਇਜ਼ ਨਾਜਾਇਜ਼ ਆਦੇਸ਼ ਨੂੰ ਸਿਰੇ ਚਾੜ੍ਹਨ ਲੱਗਿਆਂ ਜ਼ਰਾ ਵੀ ਢਿੱਲ ਨਾ ਵਖਾਉਂਦੇ। ਪਰ ਜੇ ਕੋਈ ਵਿਰਲਾ ਵਾਂਝਾ ਆਕੜ ਜਾਂਦਾ ਤਾਂ ਉਸਦਾ ਬੁਰਾ ਹਾਲ ਹੁੰਦਾ ਅਤੇ ਉਸ ਨਾਲ ਜੋ ਵਾਪਰਦੀ ਉਹਦੇ ਤੋਂ ਦੂਜਿਆਂ ਨੂੰ ਇਬਰਤ ਹੋ ਜਾਂਦੀ। ਪਰ ਕਦੇ-ਕਦੇ ਇਸਦੇ ਉਲਟ ਵੀ ਵਾਪਰ ਜਾਂਦਾ ਅਤੇ ਸ. ਪ੍ਰਤਾਪ ਸਿੰਘ ਕੈਰੋਂ ਢੈਲਾ ਵੀ ਪੈ ਜਾਂਦਾ।

ਇਹ ਕਿੱਸਾ ਮੈਨੂੰ ਸੂਬਾ ਸਿੰਘ ਨੇ ਸੁਣਾਇਆ ਸੀ। ਸੂਬਾ ਸਿੰਘ ਸ. ਪ੍ਰਤਾਪ ਸਿੰਘ ਕੈਰੋਂ ਕੋਲ ਠਹਿਰਿਆ ਹੋਇਆ ਸੀ। ਇਕ ਦਿਨ ਸਵੇਰੇ-ਸਵੇਰੇ ਕੰਮ ਨਿਪਟਾ ਕੇ ਸ. ਪ੍ਰਤਾਪ ਸਿੰਘ ਕੈਰੋਂ ਨੇ ਕਿਹਾ, "ਆ ਆਪਾਂ ਸੈਰ ਨੂੰ ਚੱਲਦੇ ਹਾਂ, ਸਵੇਰ ਦੀ ਤਾਜ਼ਾ ਹਵਾ ਖਾਣ ਨਾਲ ਸਾਰਾ ਦਿਨ ਵਾਹਦਾ ਚੰਗਾ ਗੁਜ਼ਰ ਜਾਏਗਾ।'' ਸੂਬਾ ਸਿੰਘ ਸੱਤ ਬਚਨ ਕਹਿ ਕੇ ਨਾਲ ਤੁਰ ਪਿਆ। ਸੂਬਾ ਸਿੰਘ ਦੇ ਕਥਨ ਅਨੁਸਾਰ ਜਦੋਂ ਉਹ ਝੀਲ ਦੇ ਲਾਗੇ ਪਹੁੰਚੇ ਤਾਂ ਅੱਗੋਂ ਬਲਬੀਰ ਸਿੰਘ ਗਰੇਵਾਲ, ਆਈ.ਸੀ.ਐਸ. ਮਿਲ ਗਿਆ। ਉਸਨੇ ਕੈਰੋਂ ਸਾਹਿਬ ਨੂੰ "ਸੱਤ ਸਿਰੀ ਅਕਾਲ'' ਬੁਲਾਈ ਜਿਸਦਾ ਕੈਰੋਂ ਸਾਹਿਬ ਨੇ ਬੜੀ ਗਰਮਜੋਸ਼ੀ ਨਾਲ ਜੁਆਬ ਦਿੱਤਾ। ਗਰੇਵਾਲ ਉਨ੍ਹਾਂ ਦਿਨਾਂ ਵਿਚ ਫਾਈਨੈਂਸ਼ਲ ਕਮਿਸ਼ਨਰ ਲੱਗਾ ਹੋਇਆ ਸੀ ਅਤੇ ਵੈਸੇ ਵੀ ਬੜਾ ਖੱਬੀ ਖਾਨ ਅਫ਼ਸਰ ਸਮਝਿਆ ਜਾਂਦਾ ਸੀ। ਸਹਿਜੇ ਕਿਤੇ ਕੋਈ ਕਰਮਚਾਰੀ ਉਸਦੇ ਅੱਗੋਂ ਦੀ ਨਹੀਂ ਸੀ ਲੰਘਦਾ। ਕੈਰੋਂ ਸਾਹਿਬ ਨੇ ਬੜੀ ਅਪਣੱਤ ਦਿਖਾਉਂਦਿਆਂ ਪੁੱਛਿਆ, "ਬਲਬੀਰ ਬੜੀ ਚੰਗੀ ਗੱਲ ਹੈ, ਤੁਸੀਂ ਸਵੇਰੇ-ਸਵੇਰੇ ਸੈਰ ਕਰਦੇ ਹੋ। ਸਵੇਰ ਦੀ ਸੈਰ ਨਾਲ ਸਿਹਤ ਨਰੋਈ ਰਹਿੰਦੀ ਹੈ।'' ਗਰੇਵਾਲ ਨੇ ਅੱਗੋਂ ਟਹਿਕ ਕੇ ਕਿਹਾ, "ਹਾਂ ਜੀ ਮੈਂ ਸਵੇਰੇ-ਸਵੇਰੇ ਬੜੀ ਲੰਬੀ ਸੈਰ ਕਰਦਾ ਹਾਂ।'' ਕੈਰੋਂ ਸਾਹਿਬ ਨੇ ਪੁੱਛਿਆ, "ਬਲਬੀਰ, ਕਿੰਨੀ ਕੁ ਲੰਬੀ ਸੈਰ ਕਰਦੇ ਹੋ?'' ਗਰੇਵਾਲ ਨੇ ਚਹਿਕਦਿਆਂ ਹੋਇਆਂ ਕਿਹਾ, "ਜੀ, ਦਸ, ਬਾਰਾਂ ਮੀਲ ਰੋਜ਼ ਸਵੇਰੇ ਸੈਰ ਕਰੀਦੀ ਹੈ।'' ਕੈਰੋਂ ਸਾਹਿਬ ਨੇ ਕਿਹਾ, "ਓਏ ਲੱਤਾਂ ਭਨਾ ਕੇ ਦਫ਼ਤਰ ਜਾ ਵੜਦੇ ਹੋ। ਓਥੇ ਤੁਸੀਂ ਕੰਮ ਸੁਆਹ ਕਰਦੇ ਹੋਣੇ ਆਂ।'' ਗਰੇਵਾਲ ਸ਼ਰਮਿੰਦਾ ਜਿਹਾ ਹੋ ਕੇ ਉੱਥੋਂ ਖਿਸਕ ਗਿਆ।

ਇਸੇ ਤਰ੍ਹਾਂ ਇਕ ਮੀਟਿੰਗ ਵਿਚ ਪੰਜਾਬ ਸਰਕਾਰ ਦੇ ਸਾਰੇ ਸਕੱਤਰ ਪੱਧਰ ਦੇ ਅਫ਼ਸਰ ਮੌਜੂਦ ਸਨ ਅਤੇ ਕਿਸੇ ਅਹਿਮ ਮਾਮਲੇ 'ਤੇ ਫਲੈਚਰ ਜੋ ਕਿ ਉਸ ਵੇਲੇ ਫਾਈਨੈਂਸ਼ਲ ਕਮਿਸ਼ਨਰ ਸੀ ਅਤੇ ਬੜਾ ਦਬਦਬੇ ਵਾਲਾ ਅਫ਼ਸਰ ਸਮਝਿਆ ਜਾਂਦਾ ਸੀ, ਆਪਣੇ ਵਿਚਾਰ ਪ੍ਰਗਟ ਕਰ ਰਿਹਾ ਸੀ। ਉਸ ਦੀ ਨਜ਼ਰ ਪ੍ਰਤਾਪ ਸਿੰਘ ਕੈਰੋਂ ਵੱਲ ਸਹਿਵਨ ਮੁੜ ਗਈ। ਉਸ ਨੇ ਦੇਖਿਆ ਕੈਰੋਂ ਸਾਹਿਬ ਆਪਣੇ ਸੱਜੇ ਹੱਥ ਦੀ ਚੀਚੀ ਅਤੇ ਅੰਗੂਠੇ ਨਾਲ ਇਕ ਮੋਰੀ ਜਿਹੀ ਬਣਾ ਕੇ ਵਾਰ-ਵਾਰ ਫਲੈਚਰ ਵੱਲ ਇਸ਼ਾਰਾ ਕਰ ਰਹੇ ਸਨ। ਫਲੈਚਰ ਨੇ ਆਪਣਾ ਭਾਸ਼ਣ ਰੋਕ ਕੇ ਕਿਹਾ, "ਸਰ ਕੀ ਮੈਂ ਜਾਣ ਸਕਦਾ ਹਾਂ ਕਿ ਇਸ ਤੋਂ ਤੁਹਾਡਾ ਕੀ ਮਤਲਬ ਹੈ?'' ਨਾਲ ਹੀ ਉਸਨੇ ਕੈਰੋਂ ਸਾਹਿਬ ਵਾਂਗ ਆਪਣੀ ਚੀਚੀ ਨੂੰ ਅੰਗੂਠੇ ਨਾਲ ਮਿਲਾ ਕੇ ਮਘੋਰਾ ਜਿਹਾ ਬਣਾ ਕੇ ਕੈਰੋਂ ਸਾਹਿਬ ਦੀ ਨਕਲ ਉਤਾਰੀ। ਕੈਰੋਂ ਨੇ ਉਸੇ ਤਰ੍ਹਾਂ ਮਘੋਰਾ ਜਿਹਾ ਬਣਾ ਕੇ ਤੇ ਫਲੈਚਰ ਵੱਲ ਇਸ਼ਾਰਾ ਕਰਦਿਆਂ ਕਿਹਾ, "ਫਲੈਚਰ ਜੀ, ਮੇਰਾ ਮਤਲਬ ਹੈ, ਕਿ ਇੱਥੇ ਯੂ ਆਰ ਏ ਬਿਗ ਜ਼ੀਰੋ।'' ਇਹ ਟਿੱਪਣੀ ਸੁਣ ਕੇ ਫਲੈਚਰ ਸਕਤੇ ਵਿਚ ਆ ਗਿਆ ਫੇਰ ਉਸ ਨੇ ਸੰਭਲਦਿਆਂ ਕਿਹਾ, "ਸਰ, ਆਈ ਬੈਗ ਟੂ ਡਿਫਰ ਵਿਦ ਯੂ ਔਨ ਦਿਸ।'' ਅਤੇ ਫੇਰ ਆਪਣੇ ਵਿਚਾਰ ਵਿਅਕਤ ਕਰਨ ਲੱਗ ਪਿਆ।

ਸ਼ਿਕਾਇਤ ਨਿਵਾਰਨ ਕਮੇਟੀ ਦੀ ਸਭ ਤੋਂ ਪਹਿਲੀ ਮੀਟਿੰਗ ਜਲੰਧਰ ਵਿਖੇ ਹੋਈ ਤੇ ਇਸਦੀ ਪ੍ਰਧਾਨਗੀ ਸ. ਪ੍ਰਤਾਪ ਸਿੰਘ ਕੈਰੋਂ ਨੇ ਕੀਤੀ ਸੀ। ਪਹਿਲੀ ਮੀਟਿੰਗ ਤੋਂ ਬਾਅਦ ਕੋਈ ਛੇ-ਸਤ ਮੀਟਿੰਗਾਂ ਹੋਰ ਹੋਈਆਂ। ਹਰ ਮਹੀਨੇ ਕੈਰੋਂ ਸਾਹਿਬ ਬੜੀ ਬਾਕਾਇਦਗੀ ਨਾਲ ਜਲੰਧਰ ਆਉਂਦੇ ਰਹੇ ਅਤੇ ਜ਼ਿਲ੍ਹਾ ਸ਼ਿਕਾਇਤ ਨਿਵਾਰਨ ਕਮੇਟੀ ਦੀ ਪ੍ਰਧਾਨਗੀ ਕਰਦੇ ਰਹੇ। ਹਰ ਮੀਟਿੰਗ ਵਿਚ ਅਫ਼ਸਰਾਂ ਦੀ ਤਕੜੀ ਝਾੜ ਝੰਬ ਹੁੰਦੀ। ਮੀਟਿੰਗ ਦੌਰਾਨ ਸਾਰੇ ਅਫ਼ਸਰ ਤਰਾਹ ਤਰਾਹ ਕਰਦੇ ਰਹਿੰਦੇ। ਹਰ ਮੀਟਿੰਗ ਵਿਚ ਕਦੇ ਕਿਸੇ ਅਫ਼ਸਰ ਦੀ ਵਾਰੀ ਆ ਜਾਂਦੀ ਅਤੇ ਕਦੇ ਕਿਸੇ ਦੀ। ਇਕ ਮੀਟਿੰਗ ਵਿਚ ਕੈਰੋਂ ਸਾਹਿਬ ਨੇ ਇਕ ਅਫ਼ਸਰ ਦੀ ਖੁੰਬ ਠੱਪਣ ਤੋਂ ਬਾਅਦ ਕਿਹਾ, "ਸਾਡੇ ਸਰਕਾਰੀ ਅਫ਼ਸਰ ਆਪਣੇ ਆਪ ਨੂੰ ਬੜੇ ਭੀਂ ਪਾੜੇ ਸਮਝਦੇ ਹਨ ਅਤੇ ਆਮ ਜਨਤਾ ਦੀ ਇਨ੍ਹਾਂ ਨੂੰ ਕੋਈ ਪਰਵਾਹ ਨਹੀਂ ਹੁੰਦੀ ਭਾਵੇਂ ਕਿ ਕਿਸੇ ਦਾ ਮਾਮੂਲੀ ਜਿਹਾ ਕੰਮ ਹੋਵੇ ਪਰ ਇਹ ਆਪਣੀ ਆਕੜ 'ਚ ਰਹਿੰਦੇ ਹਨ ਅਤੇ ਉਸਦੀ ਮੁਸ਼ਕਿਲ ਦੂਰ ਕਰਨ ਵਿਚ ਇਹਨਾਂ ਦੀ ਕੋਈ ਰੁਚੀ ਨਹੀਂ ਬਣਦੀ।'' ਆਪਣੀ ਗਲ ਦੀ ਵਜ਼ਾਹਤ ਕਰਦਿਆਂ ਉਨ੍ਹਾਂ ਕਿਹਾ, "ਅੰਗਰੇਜ਼ਾਂ ਦੇ ਰਾਜ ਵਿਚ ਮੈਂ ਸਵਤੰਤਰਤਾ ਸੰਗਰਾਮ ਵਿਚ ਜੁਟਿਆ ਹੋਇਆ ਸਾਂ ਅਤੇ ਆਪਣੇ ਪਿੰਡ ਰਹਿੰਦਾ ਸਾਂ। ਇਕ ਦਿਨ ਮੈਂ ਆਪਣੀ ਝੋਤੀ ਉੱਤੇ ਪੱਠੇ ਲੱਦ ਕੇ ਸੜਕੇ ਸੜਕੇ ਪਿੰਡ ਨੂੰ ਜਾ ਰਿਹਾ ਸਾਂ ਕਿ ਮੈਂ ਦੇਖਿਆ ਸੜਕ ਦੇ ਵਿਚਕਾਰ ਇਕ ਓਵਰਸੀਅਰ ਨੇ ਥਿਓਡੋਲਾਈਟ ਰੱਖੀ ਹੋਈ ਸੀ ਅਤੇ ਲਾਲ ਝੰਡੀਆਂ ਲਾ ਕੇ ਸਾਰਾ ਰਾਹ ਰੋਕਿਆ ਹੋਇਆ ਸੀ। ਮੈਂ ਉਸ ਲਾਗੇ ਪਹੁੰਚ ਕੇ ਕਿਹਾ, "ਜ਼ਰਾ ਆਪਣੀ ਥਿਓਡੋਲਾਈਟ ਇਕ ਪਾਸੇ ਕਰ ਲਵੋ। ਮੈਨੂੰ ਰਸਤਾ ਦੇ ਦੇਵੋ ਮੈਂ ਆਪਣੇ ਪਿੰਡ ਜਾਣਾ ਹੈ। ਮੈਨੂੰ ਪਹਿਲਾਂ ਹੀ ਦੇਰ ਹੋਈ ਹੋਈ ਹੈ ਅਤੇ ਮੈਂ ਹਨੇਰਾ ਪੈਣ ਤੋਂ ਪਹਿਲਾਂ ਪਹਿਲਾਂ ਪਿੰਡ ਪਹੁੰਚਣਾ ਚਾਹੁੰਦਾ ਹਾਂ।'' ਉਸ ਨੇ ਬੜੇ ਆਕੜ ਕੇ ਜਵਾਬ ਦਿੱਤਾ, "ਤੈਨੂੰ ਦਿਸਦਾ ਨਹੀਂ ਮੈਂ ਕੰਮ ਕਰ ਰਿਹਾ ਹਾਂ। ਤੂੰ ਦੂਸਰੇ ਰਾਹ ਥਾਣੀਂ ਚਲਿਆ ਜਾ।'' ਮੈਂ ਕਿਹਾ, "ਜੇ ਮੈਂ ਵਲਾ ਪਾ ਕੇ ਜਾਵਾਂ ਤਾਂ ਬੜਾ ਦੂਰ ਪਵੇਗਾ ਅਤੇ ਅੱਗੇ ਹੀ ਕੁਵੇਲਾ ਹੋ ਚੁੱਕਾ ਹੈ। ਹਨੇਰਾ ਹੋ ਜਾਵੇਗਾ। ਇਸ ਲਈ ਤੁਸੀਂ ਮੈਨੂੰ ਰਾਹ ਦੇ ਦੇਵੋ ਤਾਂ ਜੋ ਮੈਂ ਚਾਨਣੇ ਚਾਨਣੇ ਘਰ ਪਹੁੰਚ ਜਾਵਾਂ।'' ਉਸ ਨੇ ਬੜੀ ਰੁਖਾਈ ਨਾਲ ਉੱਤਰ ਦਿੱਤਾ, "ਜਾਹ, ਜਾਹ ਐਵੇਂ ਮੇਰਾ ਸਿਰ ਨਾ ਖਾਹ, ਤੈਨੂੰ ਕਹਿ ਜੁ ਦਿੱਤਾ ਮੈਂ ਕੰਮ ਕਰ ਰਿਹਾ ਹਾਂ। ਮੈਂ ਸਾਰਾ ਸਾਜ਼ੋ ਸਾਮਾਨ ਚੁੱਕ ਕੇ ਆਪਣੇ ਕੰਮ ਦਾ ਹਰਜਾ ਨਹੀਂ ਕਰ ਸਕਦਾ। ਤੂੰ ਕੋਈ ਹੋਰ ਰਾਹ ਦੇਖ ਲੈ।'' ਮੈਨੂੰ ਵੀ ਗੁੱਸਾ ਆ ਗਿਆ। ਮੈਂ ਕਿਹਾ, "ਬਾਬੂ, ਮੈਂ ਵੀ ਏਥੋਂ ਦੀ ਹੀ ਲੰਘਣਾ, ਜੋ ਤੂੰ ਕਰਨਾ ਕਰ ਲੈ।'' ਮੈਂ ਝੋਤੀ ਨੂੰ ਇਕ ਸੋਟੀ ਮਾਰ ਕੇ ਸ਼ਿਸ਼ਕਾਰ ਦਿੱਤਾ। ਝੋਤੀ ਨੇ ਦੁੜਕੀ ਲਾਈ। ਉਸ ਦਾ ਥਿਓਡੋਲਾਈਟ, ਉਸਦੀਆਂ ਝੰਡੀਆਂ ਝੁੰਡੀਆਂ ਸਭ ਤਹਿਸ-ਨਹਿਸ ਹੋ ਗਈਆਂ ਅਤੇ ਮੈਂ ਉਥੋਂ ਦੀ ਲੰਘ ਗਿਆ ਅਤੇ ਉਹ ਮੇਰਾ ਮੂੰਹ ਤੱਕਦਾ ਰਹਿ ਗਿਆ। ਮੈਂ ਦੇਖਿਆ ਹੈ ਛੋਟੇ ਛੋਟੇ ਅਫ਼ਸਰ ਵੀ ਆਪਣੇ ਆਪ ਨੂੰ ਖੁਦਾ ਸਮਝਣ ਲੱਗ ਪੈਂਦੇ ਹਨ। ਇਨ੍ਹਾਂ ਨੂੰ ਆਮ ਆਦਮੀਆਂ ਦੇ ਦੁੱਖਾਂ-ਤਕਲੀਫਾਂ ਦਾ ਕੋਈ ਖ਼ਿਆਲ ਨਹੀਂ ਰਹਿੰਦਾ।''



ਸ. ਪ੍ਰਤਾਪ ਸਿੰਘ ਕੈਰੋਂ

ਇਕ ਮੈਜਿਸਟਰੇਟ ਹੁੰਦਾ ਸੀ ਡੀ.ਕੇ. ਖੰਨਾ। ਉਹ ਬੜਾ ਸੁਲਝਿਆ ਹੋਇਆ ਅਫ਼ਸਰ ਸੀ। ਕਾਨੂੰਨ ਦਾ ਬੜਾ ਮਾਹਿਰ। ਪੀ.ਸੀ.ਐਸ. ਵਿਚ ਆਉਣ ਤੋਂ ਪਹਿਲਾਂ ਉਹ ਵਕਾਲਤ ਕਰਦਾ ਸੀ ਅਤੇ ਐੱਲ.ਐੱਲ.ਐੱਮ. ਸੀ। ਕਾਨੂੰਨ ਦੀ ਇਹ ਡਿਗਰੀ ਪੀ.ਸੀ.ਐੱਸ. ਦੀ ਸਰਵਿਸ ਵਿਚ ਸ਼ਾਇਦ ਉਸਦੇ ਸਿਵਾ ਕਿਸੇ ਹੋਰ ਕੋਲ ਨਹੀਂ ਸੀ। ਸ਼ਿਕਾਇਤ ਨਿਵਾਰਨ ਕਮੇਟੀ ਦੀ ਇਕ ਮੀਟਿੰਗ ਵਿਚ ਉਸਦੀ ਸ਼ਾਮਤ ਆ ਗਈ। ਕੈਰੋਂ ਸਾਹਿਬ ਇਕ ਸ਼ਿਕਾਇਤ 'ਤੇ ਵਿਚਾਰ ਕਰ ਰਹੇ ਸਨ ਜੋ ਕਾਫ਼ੀ ਸਮੇਂ ਤੋਂ ਲੰਬਤ ਸੀ। ਕੈਰੋਂ ਸਾਹਿਬ ਨੇ ਖੰਨੇ ਤੋਂ ਪੁੱਛਿਆ, "ਇਸ ਸ਼ਿਕਾਇਤ ਦਾ ਨਿਪਟਾਰਾ ਕਿਉਂ ਨਹੀਂ ਹੋਇਆ?'' ਉਸ ਨੇ ਉੱਤਰ ਦਿੱਤਾ, "ਜੀ ਮੈਂ ਇਹ ਸ਼ਿਕਾਇਤ ਦਾਖ਼ਲ ਦਫ਼ਤਰ ਕਰ ਦਿੱਤੀ ਹੈ।'' ਕੈਰੋਂ ਸਾਹਿਬ ਨੇ ਜ਼ਰਾ ਗੁੱਸੇ ਨਾਲ ਪੁੱਛਿਆ, "ਉਹ ਕਿਉਂ? ਸ਼ਿਕਾਇਤ ਨਿਵਾਰਨ ਦਾ ਇਹ ਨਵਾਂ ਤਰੀਕਾ ਕਦੋਂ ਤੋਂ ਚਾਲੂ ਕੀਤਾ ਹੈ?'' ਖੰਨੇ ਨੇ ਉੱਤਰ ਦਿੱਤਾ, "ਜੀ ਮੈਂ ਸ਼ਿਕਾਇਤ ਕਰਤਾ ਅਤੇ ਜਿਸ ਵਿਰੁੱਧ ਸ਼ਿਕਾਇਤ ਸੀ ਉਸ ਨੂੰ ਤਲਬ ਕੀਤਾ ਸੀ। ਵਿਰੋਧੀ ਧਿਰ ਨੇ ਆ ਕੇ ਇਹ ਇੰਕਸ਼ਾਫ਼ ਕੀਤਾ ਸੀ ਕਿ ਸ਼ਿਕਾਇਤ ਕੁਨਿੰਦਾ ਨੇ ਇਸ ਸ਼ਿਕਾਇਤ ਸਬੰਧੀ ਅਦਾਲਤ ਵਿਚ ਮੁਕੱਦਮਾ ਦਾਇਰ ਕੀਤਾ ਸੀ ਅਤੇ ਅਦਾਲਤ ਨੇ ਦੋਨਾਂ ਧਿਰਾਂ ਦੀ ਗੱਲ ਸੁਣ ਕੇ ਮੁਕੱਦਮਾ ਖਾਰਜ ਕਰ ਦਿੱਤਾ ਸੀ। ਇਸ ਲਈ ਮੈਂ ਵੀ ਇਹ ਤੱਥ ਸਾਹਮਣੇ ਆਉਣ ਕਰਕੇ ਸ਼ਿਕਾਇਤ ਦਾਖ਼ਲ ਦਫ਼ਤਰ ਕਰ ਦਿੱਤੀ ਸੀ।'' ਕੈਰੋਂ ਸਾਹਿਬ ਨੇ ਗੁੱਸੇ ਨਾਲ ਕਿਹਾ, "ਪਰ ਤੂੰ ਇਸਦੀ ਘੋਖ ਕਰਨੀ ਸੀ। ਸ਼ਿਕਾਇਤ ਦੀ ਤਹਿ ਤੱਕ ਜਾਣ ਲਈ ਅੱਗੋਂ ਪੂਰੀ ਪੁੱਛਗਿੱਛ ਕਰਨੀ ਸੀ ਤਾਂ ਜੋ ਸੱਚਾਈ ਦਾ ਪਤਾ ਲੱਗ ਸਕਦਾ।'' ਖੰਨੇ ਨੇ ਅੱਗੋਂ ਉੱਤਰ ਦਿੱਤਾ, "ਸਰ, ਸਚਾਈ ਉਹੀ ਹੈ ਜੋ ਅਦਾਲਤ ਨੇ ਮੁਕੱਦਮੇ ਦਾ ਫ਼ੈਸਲਾ ਕਰਦਿਆਂ ਅੰਕਤ ਕੀਤੀ ਹੈ ਕਿ ਇਹ ਸ਼ਿਕਾਇਤ ਝੂਠੀ ਹੈ।'' ਕੈਰੋਂ ਸਾਹਿਬ ਨੇ ਘੂਰ ਕੇ ਕਿਹਾ, "ਇਹ ਸੱਚ ਲੱਭਣ ਦਾ ਤਰੀਕਾ ਬੜਾ ਨਿਰਾਲਾ ਹੈ। ਤੂੰ ਸੌਖਾ ਰਾਹ ਲੱਭਿਆ ਹੈ ਅਤੇ ਸ਼ਿਕਾਇਤ ਦੀ ਪੂਰੀ ਤਰ੍ਹਾਂ ਪੁਣ-ਛਾਣ ਨਹੀਂ ਕੀਤੀ। ਲੋਕ ਅਦਾਲਤਾਂ ਵਿਚ ਝੂਠ ਬੋਲਦੇ ਹਨ ਅਤੇ ਮੁਕੱਦਮਿਆਂ ਦਾ ਫ਼ੈਸਲਾ ਝੂਠ ਦੇ ਅਧਾਰ 'ਤੇ ਹੋ ਜਾਂਦਾ ਹੈ।'' ਖੰਨੇ ਨੇ ਕਿਹਾ, "ਸਰ ਮੇਰੇ ਲਈ ਤਾਂ ਸੱਚ ਉਹੋ ਹੈ ਜੋ ਅਦਾਲਤ ਦੇ ਫ਼ੈਸਲੇ ਵਿਚ ਅੰਕਤ ਹੈ। ਕਾਨੂੰਨ ਤਾਂ ਇਹੋ ਕਹਿੰਦਾ ਹੈ।'' ਕੈਰੋਂ ਸਾਹਿਬ ਨੇ ਉੱਤਰ ਦਿੱਤਾ, "ਕਾਨੂੰਨ ਕੀ ਹੁੰਦਾ ਹੈ? ਕਾਨੂੰਨ ਤਾਂ ਮੋਮ ਦੀ ਨੱਕ ਹੈ, ਜਿੱਧਰ ਚਾਹੋ ਮਰਜ਼ੀ ਮੋੜ ਲਵੋ। ਕਾਨੂੰਨ ਉਹ ਹੈ ਜੋ ਮੈਂ ਕਹਿੰਦਾ ਹਾਂ।'' ਇਹ ਸੁਣ ਕੇ ਖੰਨਾ ਚੁੱਪ ਹੋ ਗਿਆ ਅਤੇ ਸਾਰੇ ਅਫ਼ਸਰ ਸਕਤੇ ਵਿਚ ਆ ਗਏ।

ਸਿੰਚਾਈ ਵਿਭਾਗ ਦਾ ਇਕ ਐਕਸ.ਈ.ਐਨ.ਸੀ ਦਲਜੀਤ ਸਿੰਘ ਢਿੱਲੋਂ। ਇਕ ਵਾਰੀ ਉਸ ਦੀ ਸ਼ਾਮਤ ਆ ਗਈ। ਇਕ ਸ਼ਿਕਾਇਤ ਨੂੰ ਲੈ ਕੇ ਉਸ ਦੀ ਝਾੜ ਝੰਬ ਸ਼ੁਰੂ ਹੋ ਗਈ। ਉਸ ਨੇ ਕਿਹਾ, "ਸਰ ਮੈਂ ਇਸ ਸ਼ਿਕਾਇਤ ਕੁਨਿੰਦਾ ਦੀ ਸ਼ਿਕਾਇਤ ਦਾ ਸਮਾਧਾਨ ਕਰ ਦਿੱਤਾ ਸੀ।'' ਪਰ ਇਸ ਉੱਤਰ ਨਾਲ ਕੈਰੋਂ ਸਾਹਿਬ ਦੀ ਤਸੱਲੀ ਨਾ ਹੋਈ। ਡਿਪਟੀ ਕਮਿਸ਼ਨਰ ਨੂੰ ਹੁਕਮ ਦਿੱਤਾ ਕਿ ਇਸ ਬੰਦੇ ਨੂੰ ਉਸ ਦੇ ਪਿੰਡੋਂ ਬੁਲਾ ਕੇ ਹੁਣੇ ਹਾਜ਼ਰ ਕਰੋ ਤਾਂ ਜੋ ਸੱਚ ਝੂਠ ਦਾ ਨਿਤਾਰਾ ਹੋ ਸਕੇ। ਮੈਨੂੰ ਇਸ ਅਫ਼ਸਰ ਦੀ ਗੱਲਬਾਤ ਤੋਂ ਤਸੱਲੀ ਨਹੀਂ ਹੋਈ।'' ਸ਼ਿਕਾਇਤੀ ਨਕੋਦਰ ਲਾਗੇ ਕਿਸੇ ਪਿੰਡ ਵਿਚ ਰਹਿੰਦਾ ਸੀ। ਜੀਪ ਭੇਜ ਕੇ ਉਸਨੂੰ ਉਸ ਦੇ ਪਿੰਡੋਂ ਬੁਲਾਇਆ। ਜਦੋਂ ਉਹ ਹਾਜ਼ਰ ਹੋਇਆ ਤਾਂ ਉਸ ਨੇ ਵੀ ਆ ਕੇ ਇਹੀ ਕਿਹਾ ਕਿ ਉਸਦੀ ਸ਼ਿਕਾਇਤ ਦਾ ਨਿਵਾਰਨ ਹੋ ਗਿਆ ਹੈ। ਕੈਰੋਂ ਸਾਹਿਬ ਚੁੱਪ ਹੋ ਗਏ ਪਰ ਅਗਲੀ ਮੀਟਿੰਗ ਵਿਚ ਫੇਰ ਉਸਦੀ ਝਾੜ ਝੰਬ ਸ਼ੁਰੂ ਹੋ ਗਈ। ਮੁੱਖ ਮੰਤਰੀ ਦੇ ਇਸ ਵਤੀਰੇ ਸਾਹਮਣੇ ਉਹ ਕਰ ਵੀ ਕੀ ਸਕਦਾ ਸੀ? ਕੈਰੋਂ ਸਾਹਿਬ ਨੇ ਕਿਹਾ, "ਇਸ ਅਫ਼ਸਰ ਦੇ ਕਾਰ ਵਿਹਾਰ ਤੋਂ ਮੇਰੀ ਤਸੱਲੀ ਨਹੀਂ ਹੋਈ।'' ਡਿਪਟੀ ਕਮਿਸ਼ਨਰ ਨੂੰ ਹੁਕਮ ਦਿੱਤਾ, "ਕਿਸੇ ਅਫ਼ਸਰ ਦੀ ਡਿਊਟੀ ਲਗਾਈ ਜਾਵੇ ਤਾਂ ਜੋ ਉਹ ਇਸ ਅਫ਼ਸਰ ਦੇ ਰੀਕਾਰਡ ਦੀ ਪੁਣ ਛਾਣ ਕਰਕੇ ਅਗਲੀ ਮੀਟਿੰਗ ਵਿਚ ਮੈਨੂੰ ਰਿਪੋਰਟ ਕਰੇ।'' ਡਿਪਟੀ ਕਮਿਸ਼ਨਰ ਨੇ ਮੇਰੀ ਡਿਊਟੀ ਲਗਾ ਦਿੱਤੀ। ਮੈਂ ਸਾਰਾ ਰੀਕਾਰਡ ਚੈੱਕ ਕੀਤਾ। ਮੈਨੂੰ ਕੋਈ ਤਰੁਟੀ ਨਜ਼ਰ ਨਾ ਆਈ ਪਰ ਕੈਰੋਂ ਸਾਹਿਬ ਦੀ ਤਸੱਲੀ ਨਾ ਹੋਈ ਅਤੇ ਕਿਸੇ ਨਾ ਕਿਸੇ ਆਨੇ ਬਹਾਨੇ ਉਸਦੀ ਝਾੜ ਝੰਬ ਹੁੰਦੀ ਰਹੀ। ਇਕ ਵਾਰੀ ਮੈਂ ਉਸ ਨੂੰ ਪੁੱਛਿਆ, ਮੁੱਖ ਮੰਤਰੀ ਸਾਹਿਬ, ਤੁਹਾਡੇ ਮਗਰ ਕਿਉਂ ਪਏ ਹੋਏ ਹਨ?'' ਉਸ ਨੇ ਭੇਦ ਖੋਲ੍ਹਦਿਆਂ ਕਿਹਾ, ''ਗਿਆਨ ਸਿੰਘ ਰਾੜੇਵਾਲੇ ਨੇ ਆਪਣਾ ਇਕ ਟਿਊਬਵੈੱਲ ਸਰਕਾਰ ਨੂੰ ਵੇਚਿਆ ਸੀ ਮੈਂ ਉਸਦਾ ਮੁੱਲ ਤੈਅ ਕੀਤਾ ਸੀ। ਹੁਣ ਕੈਰੋਂ ਸਾਹਿਬ ਇਹ ਚਾਹੁੰਦੇ ਹਨ ਕਿ ਮੈਂ ਬਿਆਨ ਦੇਵਾਂ ਕਿ ਮੁੱਲ ਠੀਕ ਨਹੀਂ ਅਤੇ ਰਾੜੇਵਾਲੇ ਨੇ ਧੱਕੇ ਨਾਲ ਵੱਧ ਮੁੱਲ ਪੁਆ ਲਿਆ ਸੀ। ਪਰ ਮੈਂ ਇਸ ਗੱਲ ਲਈ ਰਾਜ਼ੀ ਨਹੀਂ ਹੋਇਆ।'' ਬਹੁਤ ਦੇਰ ਬਾਅਦ ਇਸ ਅਫ਼ਸਰ ਦਾ ਪਿੱਛਾ ਉਦੋਂ ਛੁੱਟਾ ਜਦੋਂ ਉਸ ਨੇ ਕੈਰੋਂ ਸਾਹਿਬ ਨਾਲ ਵੱਖਰੀ ਮੁਲਾਕਾਤ ਕਰਕੇ ਕਿਹਾ ਕਿ ਜੇ ਤੁਹਾਡੀ ਤਸੱਲੀ ਨਹੀਂ ਹੁੰਦੀ ਤਾਂ ਮੈਂ ਤਿਆਗ ਪੱਤਰ ਦੇ ਦਿੰਦਾ ਹਾਂ। ਪਰ ਇਹ ਰੋਜ਼ ਰੋਜ਼ ਦੀ ਬੇਇੱਜ਼ਤੀ ਹੁਣ ਹੋਰ ਮੈਥੋਂ ਬਰਦਾਸ਼ਤ ਨਹੀਂ ਹੁੰਦੀ ਤਾਂ ਕੈਰੋਂ ਸਾਹਿਬ ਨੇ ਉਸਦਾ ਖਹਿੜਾ ਛੱਡਿਆ।

ਇਕ ਮੀਟਿੰਗ ਵਿਚ ਮੇਰੀ ਵੀ ਵਾਰੀ ਆ ਗਈ। ਕੈਰੋਂ ਸਾਹਿਬ ਨੇ ਕਿਹਾ, "ਓਏ ਸਰਦਾਰਾ ਤੂੰ ਕੀ ਕੰਮ ਕਰਦਾ ਹੈਂ? ਮੈਂ ਬਾਕੀ ਸਾਰਿਆਂ ਦੀ ਭੁਗਤ ਸੰਵਾਰ ਲਈ ਹੈ ਪਰ ਤੇਰੀ ਅਜੇ ਤੱਕ ਖੁੰਬ ਨਹੀਂ ਠੱਪੀ? ਤੂੰ ਬੜਾ ਚਹਿਕਦਾ ਹੈਂ?'' ਮੈਂ ਕਿਹਾ ਜੀ ਮੈਂ ਜੀ.ਏ. ਹਾਂ ਅਤੇ ਡਿਪਟੀ ਕਮਿਸ਼ਨਰ ਦੇ ਦਫ਼ਤਰ ਦਾ ਪ੍ਰਸ਼ਾਸਨ ਮੇਰੇ ਅਧੀਨ ਹੈ।'' ਕੈਰੋਂ ਸਾਹਿਬ ਨੇ ਕਿਹਾ, "ਪਰ ਪ੍ਰਸ਼ਾਸਨ ਤੋਂ ਇਲਾਵਾ ਤੇਰੇ ਅਧੀਨ ਕੋਈ ਬ੍ਰਾਂਚਾਂ ਵੀ ਤਾਂ ਹੋਣਗੀਆਂ?'' ਮੈਂ ਕਿਹਾ, "ਹਾਂ ਜੀ, ਮੇਰੇ ਅਧੀਨ ਰੀਕਾਰਡ ਰੂਮ ਅਤੇ ਨਕਲ ਏਜੰਸੀ ਹੈ।'' ਕੈਰੋਂ ਸਾਹਿਬ ਨੇ ਕਿਹਾ, "ਡਿਪਟੀ ਕਮਿਸ਼ਨਰ ਦੇ ਦਫ਼ਤਰ ਦੀਆਂ ਇਨ੍ਹਾਂ ਬ੍ਰਾਂਚਾਂ ਵਿਚ ਬੜਾ ਭ੍ਰਿਸ਼ਟਾਚਾਰ ਹੈ ਅਤੇ ਲੋਕਾਂ ਨੂੰ ਇਨ੍ਹਾਂ ਸਬੰਧੀ ਬੜੀਆਂ ਸ਼ਿਕਾਇਤਾਂ ਰਹਿੰਦੀਆਂ ਹਨ।'' ਹੁਣ ਤੱਕ ਜੋ ਕਾਰਵਾਈ ਹੋ ਚੁੱਕੀ ਸੀ ਉਸ ਤੋਂ ਮੈਨੂੰ ਇਹ ਤਜਰਬਾ ਹੋ ਗਿਆ ਸੀ ਕਿ ਜਿਹੜਾ ਵੀ ਅਫ਼ਸਰ ਕੈਰੋਂ ਸਾਹਿਬ ਦੀ ਗੱਲ ਉਲੱਦਣ ਦੀ ਕੋਸ਼ਿਸ਼ ਕਰਦਾ ਕੈਰੋਂ ਸਾਹਿਬ ਉਸਦੀ ਬਾਂ ਬੁਲਾ ਦਿੰਦੇ। ਉਸਦੀ ਖੂਬ ਠੱਪ ਚੰਡ ਹੁੰਦੀ। ਉਹ ਪਾਣੀਓਂ ਪਤਲਾ ਹੋ ਜਾਂਦਾ। ਇਸ ਲਈ ਮੈਂ ਕਿਹਾ, "ਹਾਂ ਜੀ ਇਹ ਗੱਲ ਠੀਕ ਹੈ।'' ਕੈਰੋਂ ਸਾਹਿਬ ਨੇ ਮੁਸਕਰਾ ਕੇ ਕਿਹਾ, "ਸਰਦਾਰਾ ਦੱਸ ਫੇਰ ਮੈਂ ਤੈਨੂੰ ਹੁਣੇ ਮੁਅੱਤਲ ਕਰਾਂ ਕਿ ਨਾਂ?'' ਮੈਂ ਕਿਹਾ, "ਜ਼ਰੂਰ ਕਰੋ ਜੀ ਪਰ ਜੇ ਮੇਰਾ ਇਸ ਗੱਲ ਵਿਚ ਕੋਈ ਕਸੂਰ ਹੋਵੇ।'' ਕੈਰੋਂ ਸਾਹਿਬ ਨੇ ਕਿਹਾ, "ਓਏ ਜੇ ਤੇਰਾ ਕਸੂਰ ਨਹੀਂ ਤਾਂ ਹੋਰ ਕਿਸਦਾ ਹੈ? ਤੂੰ ਇਨ੍ਹਾਂ ਦੋ ਬ੍ਰਾਂਚਾਂ ਦਾ ਇੰਚਾਰਜ ਹੈਂ, ਤੇਰੇ ਸਿਵਾ ਕਸੂਰ ਹੋਰ ਕਿਸਦਾ ਹੋ ਸਕਦਾ ਹੈ?'' ਮੈਂ ਕਿਹਾ, "ਜੀ ਕਸੂਰ ਸਰਕਾਰ ਦਾ ਹੈ?'' ਕੈਰੋਂ ਸਾਹਿਬ ਨੇ ਉਤਸੁਕਤਾ ਨਾਲ ਪੁੱਛਿਆ, "ਉਹ ਕਿਵੇਂ?'' ਮੈਂ ਕਿਹਾ, "ਦੇਖੋ ਜੀ ਸਿੱਖਾਂ ਦੀ ਪਹਿਲੀ ਲੜਾਈ 1845 ਵਿਚ ਹੋਈ ਸੀ ਅਤੇ ਅੰਗਰੇਜ਼ਾਂ ਨੇ ਉਸ ਲੜਾਈ ਤੋਂ ਬਾਅਦ ਜਲੰਧਰ ਉੱਤੇ ਕਬਜ਼ਾ ਕੀਤਾ ਸੀ ਅਤੇ ਉਦੋਂ ਰੀਕਾਰਡ ਰੂਮ ਸਥਾਪਤ ਕੀਤਾ ਗਿਆ ਸੀ। ਇਸ ਰੀਕਾਰਡ ਰੂਮ ਵਿਚ ਰਿਕਾਰਡ ਸਾਂਭਣ ਦਾ ਤੌਰ ਤਰੀਕਾ ਸੌ ਸਾਲ ਤੋਂ ਵੱਧ ਪੁਰਾਣਾ ਹੈ। ਦੁਨੀਆ ਕਿਤੇ ਦੀ ਕਿਤੇ ਪਹੁੰਚ ਗਈ ਹੈ ਪਰ ਅਸੀਂ ਅਜੇ ਵੀ ਰੀਕਾਰਡ ਰੂਮ ਉਵੇਂ ਹੀ ਚਲਾ ਰਹੇ ਹਾਂ। ਹਰ ਇਕ ਪਿੰਡ ਦੇ ਰੀਕਾਰਡ ਲਈ ਬਸਤੇ ਬਣੇ ਹੋਏ ਹਨ। ਜੋ ਨਵੀਂ ਮਿਸਲ ਬਣਦੀ ਹੈ ਉਹ ਸਬੰਧਤ ਪਿੰਡ ਦੇ ਬਸਤੇ ਵਿਚ ਬੰਨ੍ਹ ਦਿੰਦੇ ਹਨ। ਪਰ ਇਸ ਰੀਕਾਰਡ ਰੂਮ ਵਿਚ ਕੋਈ ਪੱਖਾ ਨਹੀਂ ਲੱਗਾ ਹੋਇਆ ਅਤੇ ਨਾ ਹੀ ਰੋਸ਼ਨੀ ਦਾ ਕੋਈ ਵਧੀਆ ਪ੍ਰਬੰਧ ਹੈ। ਤੁਸੀਂ ਹੁਣੇ ਜਾ ਕੇ ਦੇਖ ਲਵੋ, ਬਾਬੂਆਂ ਨੇ ਕੱਛੇ ਬਨੈਣਾਂ ਪਾਈਆਂ ਹੋਈਆਂ ਹਨ ਅਤੇ ਮਿਸਲਾਂ ਢੂੰਡ ਰਹੇ ਹਨ। ਜਿਸ ਕਲਰਕ ਨੂੰ ਸਜ਼ਾ ਦੇਣੀ ਹੁੰਦੀ ਹੈ, ਉਸਦੀ ਨਿਯੁਕਤੀ ਰੀਕਾਰਡ ਰੂਮ ਵਿਚ ਕਰ ਦਿੰਦੇ ਹਨ। ਜਿਸ ਬਾਬੂ ਨੇ ਕੋਈ ਮਿਸਲ ਕਿਸੇ ਬਸਤੇ ਵਿਚ ਬੰਨ੍ਹੀ ਹੁੰਦੀ ਹੈ, ਉਸ ਨੂੰ ਹੀ ਉਸਦਾ ਪਤਾ ਹੁੰਦਾ ਹੈ, ਹੋਰ ਕਿਸੇ ਨੂੰ ਨਹੀਂ। ਜੇ ਕਿਸੇ ਨੇ ਸ਼ਰਾਰਤ ਕਰਨੀ ਹੋਵੇ ਤਾਂ ਕੋਈ ਮਿਸਲ ਕਿਸੇ ਹੋਰ ਬਸਤੇ ਵਿਚ ਬੰਨ੍ਹ ਦੇਵੇ ਤਾਂ ਕੋਈ ਦੂਸਰਾ ਮਿਸਲ ਨਹੀਂ ਲੱਭ ਸਕਦਾ। ਬਸ ਇਹੋ ਬਦ ਇੰਤਜ਼ਾਮੀ ਅਤੇ ਭਰਿਸ਼ਟਾਚਾਰ ਦੀ ਜੜ੍ਹ ਹੈ। ਕੋਈ ਅਫ਼ਸਰ ਜਿੰਨੀ ਸਤਰਕਤਾ ਮਰਜ਼ੀ ਵਰਤ ਲਵੇ ਉਹ ਸੁਧਾਰ ਨਹੀਂ ਕਰ ਸਕਦਾ। ਹਾਲਤ ਓਨਾ ਚਿਰ ਨਹੀਂ ਸੁਧਰ ਸਕਦੀ ਜਿੰਨਾ ਚਿਰ ਰੀਕਾਰਡ ਰੂਮ ਨੂੰ ਡਾਕੂਮੈਂਟੇਸ਼ਨ ਸੈਂਟਰ ਦੇ ਤੌਰ 'ਤੇ ਵਿਕਸਤ ਨਹੀਂ ਕੀਤਾ ਜਾਂਦਾ। ਰੀਕਾਰਡ ਰੂਮ ਵਿਚ ਰੀਕਾਰਡ ਦੀ ਸਾਂਭ ਸੰਭਾਲ ਲਈ ਲਾਇਬਰੇਰੀ ਸਾਇੰਸ ਦੇ ਅਸੂਲਾਂ ਦੀ ਪਾਲਣਾ ਨਹੀਂ ਹੁੰਦੀ ਅਤੇ ਸਟਾਫ਼ ਵੀ ਉਹ ਹੋਵੇ ਜੋ ਕਿ ਲਾਇਬਰੇਰੀ ਸਾਇੰਸ ਵਿਚ ਟਰੇਂਡ ਹੋਵੇ। ਇਸੇ ਤਰ੍ਹਾਂ ਨਕਲ ਏਜੰਸੀ ਵਿਚ ਫੋਟੋ ਕੋਪੀਇੰਗ ਦਾ ਪ੍ਰਬੰਧ ਹੋਵੇ। ਹੁਣ ਬਹੁਤੀਆਂ ਨਕਲਾਂ ਹੱਥ ਲਿਖਾਈ ਨਾਲ ਤਿਆਰ ਹੁੰਦੀਆਂ ਹਨ। ਜਿਸ ਨਾਲ ਦੇਰ ਹੋ ਜਾਂਦੀ ਹੈ ਅਤੇ ਜਿਸ ਸਾਇਲ ਨੂੰ ਨਕਲ ਜਲਦੀ ਚਾਹੀਦੀ ਹੁੰਦੀ ਹੈ, ਉਹ ਪਹੀਏ ਲਾ ਦਿੰਦਾ ਹੈ।'' ਕੈਰੋਂ ਸਾਹਿਬ ਨੇ ਮੇਰੀ ਗੱਲ ਸੁਣ ਕੇ ਕਿਹਾ, "ਸਰਦਾਰਾ, ਮੈਨੂੰ ਤੇਰੀ ਗੱਲ ਵਿਚ ਵਜ਼ਨ ਜਾਪਦਾ ਹੈ। ਤੂੰ ਇੰਜ ਕਰ, ਰੀਕਾਰਡ ਰੂਮ ਅਤੇ ਨਕਲ ਏਜੰਸੀ ਨੂੰ ਨਵੇਂ ਸਿਰ ਤੋਂ ਗਠਿਤ ਕਰਨ ਲਈ ਸਰਕਾਰ ਨੂੰ ਇਕ ਤਫ਼ਸੀਲੀ ਤਜਵੀਜ਼ ਬਣਾ ਕੇ ਭੇਜ ਤਾਂ ਜੋ ਮੈਂ ਰੀਕਾਰਡ ਰੂਮ ਅਤੇ ਨਕਲ ਏਜੰਸੀ ਨੂੰ ਨਵੀਆਂ ਲੀਹਾਂ 'ਤੇ ਵਿਕਸਤ ਕਰਨ ਦਾ ਉਪਰਾਲਾ ਕਰ ਸਕਾਂ।'' ਮੈਂ ਇਕ ਬੜੀ ਵਿਸਤ੍ਰਤ ਰਿਪੋਰਟ ਤਿਆਰ ਕੀਤੀ। ਕਈ ਦਿਨ ਇਸ ਕੰਮ 'ਤੇ ਰੁੱਝਾ ਰਿਹਾ ਪਰ ਅੱਜ ਤੱਕ ਉਸ ਤਜਵੀਜ਼ 'ਤੇ ਅਮਲ ਨਹੀਂ ਹੋਇਆ।

ਇਕ ਦਿਨ ਸਵੇਰੇ-ਸਵੇਰੇ ਕੈਰੋਂ ਸਾਹਿਬ ਦੇ ਪੀ.ਏ. ਦਾ ਟੈਲੀਫ਼ੂਨ ਆ ਗਿਆ। ਕੈਰੋਂ ਸਾਹਿਬ ਜਲੰਧਰ ਛਾਉਣੀ ਵਾਲੇ ਪੀ. ਡਬਲਿਊ. ਡੀ. ਰੈਸਟ ਹਾਊਸ ਵਿਚ ਠਹਿਰੇ ਹੋਏ ਸਨ। ਪੀ. ਏ. ਨੇ ਕਿਹਾ, "ਮੁੱਖ ਮੰਤਰੀ ਜੀ ਨੇ ਤੁਹਾਨੂੰ ਹੁਣੇ ਤਲਬ ਕੀਤਾ ਹੈ।'' ਮੈਂ ਸਾਈਕਲ 'ਤੇ ਸਵਾਰ ਹੋ ਕੇ ਉਨ੍ਹਾਂ ਦੀ ਅਰਦਲ ਵਿਚ ਪਹੁੰਚ ਗਿਆ। ਕੈਰੋਂ ਸਾਹਿਬ ਕੱਛ ਬਨੈਣ ਪਾਈ ਕੁਰਸੀ 'ਤੇ ਬਿਰਾਜਮਾਨ ਆਪਣੇ ਸਟੈਨੋ ਨੂੰ ਕੁਛ ਡਿਕਟੇਸ਼ਨ ਦੇ ਰਹੇ ਸਨ। ਕੁਛ ਦੇਰ ਉਹ ਆਪਣੇ ਕੰਮ ਵਿਚ ਵਿਅਸਤ ਰਹੇ ਜਿਸ ਤੋਂ ਮੈਨੂੰ ਅੰਦਾਜ਼ਾ ਹੋਇਆ ਕਿ ਉਹ ਕੇਂਦਰੀ ਗ੍ਰਹਿ ਮੰਤਰੀ ਨੂੰ ਜਸਟਿਸ ਹਰਬੰਸ ਸਿੰਘ ਵਿਰੁੱਧ ਪੱਤਰ ਲਿਖਵਾ ਰਹੇ ਸਨ। ਜੋ ਪੈਰਾ ਲਿਖਵਾ ਰਹੇ ਸਨ, ਉਸ ਤੋਂ ਵਿਹਲੇ ਹੋ ਕੇ ਉਹਨਾਂ ਮੈਨੂੰ ਕਿਹਾ, "ਫਲਾਣੇ ਆਦਮੀ ਨੂੰ ਤੁਸੀਂ ਪਸਤੌਲ ਦਾ ਲਾਈਸੈਂਸ ਕਿਉਂ ਨਹੀਂ ਦੇ ਰਹੇ?'' ਮੈਂ ਕਿਹਾ, "ਜੀ ਲਾਈਸੈਂਸ ਦੇਣ ਤੋਂ ਪਹਿਲਾਂ ਪੁਲਸ ਤੋਂ ਰਿਪੋਰਟ ਲਈ ਜਾਂਦੀ ਹੈ। ਇਸ ਮਾਮਲੇ ਵਿਚ ਪੁਲਸ ਨੇ ਇਸਦੇ ਹੱਕ ਵਿਚ ਰਿਪੋਰਟ ਨਹੀਂ ਭੇਜੀ।'' ਉਨ੍ਹਾਂ ਘੂਰ ਕੇ ਕਿਹਾ, "ਕਿਉਂ ਨਹੀਂ ਭੇਜੀ? ਇਹ ਸਾਇਲ ਤਾਂ ਪੈਨਸ਼ਨ ਯਾਫ਼ਤਾ ਫੌਜੀ ਹੈ ਅਤੇ ਇਸ ਨੂੰ ਫੌਜ ਵਿਚੋਂ ਪ੍ਰਮਾਣ ਪੱਤਰ ਵੀ ਮਿਲਿਆ ਹੋਇਆ ਹੈ।'' ਮੈਂ ਕਿਹਾ, "ਜੀ ਮੈਨੂੰ ਇਸਦਾ ਕੋਈ ਇਲਮ ਨਹੀਂ।'' ਥੋੜ੍ਹੀ ਦੇਰ ਬਾਅਦ ਪੁਲਸ ਕਪਤਾਨ ਵੀ ਆ ਗਿਆ। ਉਸ ਨੂੰ ਘੂਰ ਕੇ ਪੁੱਛਿਆ, "ਇਸ ਫੌਜੀ ਨੂੰ ਪਸਤੌਲ ਦਾ ਲਾਈਸੈਂਸ ਕਿਉਂ ਨਹੀਂ ਮਿਲ ਰਿਹਾ? ਪੁਲਸ ਕਪਤਾਨ ਨੇ ਕਿਹਾ, "ਜੀ ਇਸਦੇ ਇਲਾਕੇ ਦੇ ਥਾਣੇਦਾਰ ਨੇ ਇਸਦੇ ਹੱਕ ਵਿਚ ਰਿਪੋਰਟ ਨਹੀਂ ਦਿੱਤੀ।'' ਕੈਰੋਂ ਸਾਹਿਬ ਨੇ ਗੁੱਸੇ ਵਿਚ ਆ ਕੇ ਕਿਹਾ, "ਕਿਉਂ ਨਹੀਂ ਦਿੱਤੀ? ਇਹ ਬੰਦਾ ਫੌਜੀ ਹੈ, ਪੈਨਸ਼ਨ ਯਾਫ਼ਤਾ। ਇਸ ਨੂੰ ਫੌਜ ਤੋਂ ਪ੍ਰਮਾਣ ਪੱਤਰ ਮਿਲਿਆ ਹੋਇਆ ਹੈ। ਜੇ ਥਾਣੇਦਾਰ ਨੇ ਰਿਪੋਰਟ ਇਸਦੇ ਹੱਕ ਵਿਚ ਨਹੀਂ ਦਿੱਤੀ ਤਾਂ ਤੇਰੀ ਨਲਾਇਕੀ ਹੈ। ਇਹੋ ਜਿਹੇ ਥਾਣੇਦਾਰ ਦੀ ਰਿਪੋਰਟ ਆਉਣ 'ਤੇ ਉਸਦੇ ਚਾਰ ਛਿੱਤਰ ਮਾਰਨੇ ਚਾਹੀਦੇ ਸੀ। ਇਸਦਾ ਮਤਲਬ ਹੈ ਕਿ ਤੇਰੀ ਮਾਤਹਿਤ ਅਮਲੇ 'ਤੇ ਕੋਈ ਨਿਗਰਾਨੀ ਹੀ ਨਹੀਂ। ਉਹ ਜੋ ਮਰਜ਼ੀ ਖੇਹ ਉਡਾਈ ਜਾਣ। ਤੂੰ ਜ਼ਿਲ੍ਹੇ ਦੀ ਪੁਲਸ ਕਪਤਾਨੀ ਦੇ ਕਾਬਲ ਹੀ ਨਹੀਂ।'' ਫੇਰ ਮੈਨੂੰ ਕਮਰੇ ਤੋਂ ਬਾਹਰ ਜਾਣ ਦਾ ਇਸ਼ਾਰਾ ਕੀਤਾ। ਮੈਂ ਨਮਸਕਾਰ ਕਰਕੇ ਬਾਹਰ ਆ ਗਿਆ ਅਤੇ ਸਾਈਕਲ 'ਤੇ ਸਵਾਰ ਹੋ ਕੇ ਆਪਣੇ ਘਰ ਦਾ ਰੁਖ ਕੀਤਾ। ਪਰ ਪੁਲਿਸ ਕਪਤਾਨ ਦੀ ਲਾਹ ਪਾਹ ਜਾਰੀ ਰਹੀ। ਮੈਂ ਅਜੇ ਅੱਧੀ ਵਾਟ ਤੈਅ ਕੀਤੀ ਹੋਵੇਗੀ ਕਿ ਪਿੱਛੋਂ ਪੁਲਸ ਕਪਤਾਨ ਆਪਣੀ ਜੀਪ 'ਤੇ ਮੇਰੇ ਨਾਲ ਆ ਰਲਿਆ। ਉਸ ਨੇ ਇਸ਼ਾਰਾ ਕਰਕੇ ਮੈਨੂੰ ਰੁਕਣ ਲਈ ਕਿਹਾ। ਮੈਂ ਜਦੋਂ ਸਾਈਕਲ ਤੋਂ ਉਤਰ ਕੇ ਖੜ੍ਹਾ ਹੋਇਆ ਤਾਂ ਉਸ ਨੇ ਮੈਨੂੰ ਕਿਹਾ, "ਤੁਸੀਂ ਆਪਣਾ ਸਾਈਕਲ ਮੇਰੇ ਡਰਾਈਵਰ ਨੂੰ ਦੇ ਦੇਵੋ ਅਤੇ ਤੁਸੀਂ ਮੇਰੇ ਨਾਲ ਜੀਪ 'ਚ ਚੱਲੋ। ਇਹ ਆਪੇ ਤੁਹਾਡਾ ਸਾਈਕਲ ਲੈ ਆਵੇਗਾ। ਮੈਂ ਤੁਹਾਡੇ ਨਾਲ ਇਕ ਜ਼ਰੂਰੀ ਗੱਲ ਕਰਨੀ ਹੈ।'' ਮੈਂ ਸਾਈਕਲ ਡਰਾਈਵਰ

ਦੇ ਹਵਾਲੇ ਕਰਕੇ ਜੀਪ ਵਿਚ ਡਰਾਈਵਰ ਸੀਟ ਦੇ ਨਾਲ ਲਗਦੀ ਫਰੰਟ ਸੀਟ 'ਤੇ ਜਾ ਬੈਠਾ। ਪੁਲਸ ਕਪਤਾਨ ਜੀਪ ਚਲਾਉਣ ਲੱਗਾ। ਉਸ ਨੂੰ ਹੋਈ ਬੇਇਜ਼ਤੀ ਦਾ ਬੜਾ ਰੰਜ ਸੀ। ਉਸਨੇ ਕਿਹਾ, ''ਅੱਜ ਜੋ ਮੇਰੀ ਬੇਇੱਜ਼ਤੀ ਹੋਈ ਹੈ, ਮੈਂ ਫ਼ੈਸਲਾ ਕਰ ਲਿਆ ਹੈ ਕਿ ਮੈਂ ਹੁਣ ਇਹ ਨੌਕਰੀ ਨਹੀਂ ਕਰਨੀ। ਮੈਂ ਤਿਆਗ ਪੱਤਰ ਦੇ ਦੇਣਾ ਹੈ।'' ਮੈਂ ਪੁੱਛਿਆ, ''ਪਰ ਕੈਰੋਂ ਸਾਹਿਬ ਤੁਹਾਡੇ ਨਾਲ ਏਨੇ ਖ਼ਫ਼ਾ ਕਿਉਂ ਹਨ?'' ਉਸ ਨੇ ਉੱਤਰ ਦਿੱਤਾ, ''ਇਸਦਾ ਕਾਰਨ ਹੈ ਮੇਰੀ ਸ. ਦਰਬਾਰਾ ਸਿੰਘ ਨਾਲ ਨੇੜਤਾ। ਪਹਿਲੋਂ ਕੈਰੋਂ ਸਾਹਿਬ ਨੇ ਆਪ ਹੀ ਮੇਰੀ ਇਹ ਨੇੜਤਾ ਕਰਵਾਈ ਸੀ ਅਤੇ ਹਦਾਇਤ ਕੀਤੀ ਸੀ ਕਿ ਮੈਂ ਦਰਬਾਰਾ ਸਿੰਘ ਦਾ ਹਰ ਕੰਮ ਕਰਦਿਆਂ ਕਰਾਂ। ਪਰ ਹੁਣ ਇਨ੍ਹਾਂ ਦੀ ਆਪਸ ਵਿਚ ਬਿਗੜ ਗਈ ਹੈ ਅਤੇ ਇਹ ਮੈਨੂੰ ਉਸਦੀ ਖੁੰਬ ਠੱਪਣ ਲਈ ਕਹਿ ਰਿਹਾ ਹੈ ਪਰ ਮੈਂ ਇਹ ਸਿਤਮ ਕਿਸ ਅਧਾਰ 'ਤੇ ਕਰਾਂ।'' ਪਰ ਪੁਲਸ ਕਪਤਾਨ ਨੇ ਤਿਆਗ ਪੱਤਰ ਨਾ ਦਿੱਤਾ। ਪਿੱਛੋਂ ਮੈਨੂੰ ਇਕ ਭਰੋਸੇ ਯੋਗ ਵਸੀਲੇ ਤੋਂ ਪਤਾ ਲੱਗਾ ਕਿ ਜਦੋਂ ਪੁਲਸ ਕਪਤਾਨ ਨੇ ਆਪਣਾ ਇਹ ਇਰਾਦਾ ਆਪਣੀ ਮਾਂ ਨੂੰ ਦੱਸਿਆ ਤਾਂ ਮਾਂ ਨੇ ਕਿਹਾ, ''ਦੇਖ ਪੁੱਤ ਰੱਬ ਦੇ ਵਾਸਤੇ ਅਜਿਹਾ ਕਦਮ ਨਾ ਚੁੱਕੀਂ। ਤੂੰ ਉਹ ਦਿਨ ਯਾਦ ਕਰ ਜਦੋਂ ਕਿਸੇ ਡੀ.ਸੀ. ਜਾਂ ਐਸ.ਪੀ. ਨੂੰ ਤੂੰ ਅਤੇ ਤੇਰੇ ਪਿਤਾ ਜੀ ਮਿਲਣ ਲਈ ਘੰਟਿਆਂ ਬੱਧੀ ਉਨ੍ਹਾਂ ਦੇ ਘਰ ਦੇ ਬਾਹਰ ਖੜ੍ਹੇ ਰਹਿੰਦੇ ਸੀ। ਇਸ ਮੁੱਖ ਮੰਤਰੀ ਨੇ ਕਿਹੜਾ ਸਾਰੀ ਉਮਰ ਬਹਿ ਰਹਿਣਾ ਹੈ। ਇਹ ਬੁਰੇ ਦਿਨ ਵੀ ਲੰਘ ਜਾਣਗੇ। ਅਜੇ ਤੇਰੀ ਬੜੀ ਉਮਰ ਪਈ ਹੈ।'' ਮਾਂ ਦੀ ਗੱਲ ਠੀਕ ਨਿਕਲੀ। ਮਾਂ ਨੇ ਇਸ ਪਿੱਛੋਂ ਆਪਣੇ ਪੁੱਤਰ ਦਾ ਵਿਆਹ ਗੱਜ ਵੱਜ ਕੇ ਕੀਤਾ ਅਤੇ ਪੁਲਸ ਕਪਤਾਨ ਵੀ ਚੰਗੇ ਉੱਚੇ ਅਹੁਦੇ ਤਕ ਪਹੁੰਚਾ।

ਇਕ ਹੋਰ ਬੜਾ ਦਿਲਚਸਪ ਵਾਕਿਆ ਹੋਇਆ। ਕੈਰੋਂ ਸਾਹਿਬ ਨੇ ਲੋਕ ਸੰਪਰਕ ਵਿਭਾਗ ਦੇ ਦੋ ਅਫ਼ਸਰਾਂ ਨੂੰ ਆਊਟ ਆਫ ਟਰਨ ਪ੍ਰਮੋਸ਼ਨ ਦੇ ਦਿੱਤੀ। ਇਸਦੀ ਸਾਰੇ ਵਿਭਾਗ ਵਿਚ ਬੜੀ ਚਰਚਾ ਹੋਈ। ਸੀਨੀਅਰ ਲੋਕ ਸੰਪਰਕ ਅਫ਼ਸਰ ਬੜੇ ਤਰਲੋ ਮੱਛੀ ਹੋਏ। ਉਹਨਾਂ ਨੇ ਇਨ੍ਹਾਂ ਤਰੱਕੀਆਂ ਵਿਰੁੱਧ ਬੜੀਆਂ ਦਰਖ਼ਾਸਤਾਂ ਦਿੱਤੀਆਂ ਪਰ ਬਣਿਆ ਕੁਛ ਨਾ। ਇਨ੍ਹਾਂ ਦਿਨਾਂ ਵਿਚ ਕੈਰੋਂ ਸਾਹਿਬ ਦੇ ਆਪਣੇ ਸਿਤਾਰੇ ਵੀ ਗਰਦਸ਼ ਵਿਚ ਸਨ। ਪੰਜਾਬ ਦੇ ਅਖ਼ਬਾਰਾਂ ਵਿਚ ਕੈਰੋਂ ਸਾਹਿਬ ਵਿਰੁੱਧ ਪ੍ਰਚਾਰ ਦਾ ਬਜ਼ਾਰ ਗਰਮ ਸੀ। ਲੋਕ ਗਲੀਆਂ, ਮੁਹੱਲਿਆਂ, ਬਾਜ਼ਾਰਾਂ ਅਤੇ ਬੱਸਾਂ ਵਿਚ ਕੈਰੋਂ ਸਾਹਿਬ ਦੇ ਕਾਰ ਵਿਹਾਰ 'ਤੇ ਉਲਟੀ ਸਿੱਧੀ ਟਿੱਪਣੀ ਕਰਦੇ ਰਹਿੰਦੇ। ਸਾਰੀ ਫਿਜ਼ਾ ਕੈਰੋਂ ਸਾਹਿਬ ਵਿਰੁੱਧ ਵਿਕਸਤ ਹੋ ਰਹੀ ਸੀ। ਸਰਕਾਰ ਨੇ ਫ਼ੈਸਲਾ ਕੀਤਾ ਕਿ ਇਸ ਵਾਤਾਵਰਨ ਵਿਚ ਤਬਦੀਲੀ ਲਿਆਉਣ ਲਈ ਕੈਰੋਂ ਸਾਹਿਬ ਦੇ ਹੱਕ ਵਿਚ ਇਕ ਪਰਚਾਰ ਮੁਹਿੰਮ ਵਿੱਢੀ ਜਾਵੇ। ਇਕ ਅਜਿਹੀ ਮੁਹਿੰਮ ਦੀ ਰੂਪ ਰੇਖਾ ਤਿਆਰ ਹੋ ਗਈ ਅਤੇ ਡਾਇਰੈਕਟਰ ਲੋਕ ਸੰਪਰਕ ਵਿਭਾਗ, ਸਕੱਤਰ ਅਤੇ ਸਬੰਧਤ ਮੰਤਰੀ ਦੀ ਪਰਵਾਨਗੀ ਤੋਂ ਬਾਅਦ ਜਦੋਂ ਇਹ ਕੈਰੋਂ ਸਾਹਿਬ ਕੋਲ ਮਨਜ਼ੂਰੀ ਲਈ ਪੇਸ਼ ਹੋਈ ਤਾਂ ਉਨ੍ਹਾਂ ਨੇ ਹੁਕਮ ਦਿੱਤਾ ਕਿ ਇਸ ਨੂੰ ਫੀਲਡ ਸਟਾਫ ਦੇ ਹਵਾਲੇ ਕਰਨ ਤੋਂ ਪਹਿਲਾਂ ਜ਼ਿਲ੍ਹਾ ਲੋਕ ਸੰਪਰਕ ਅਫ਼ਸਰਾਂ ਦੀ ਇਕ ਮੀਟਿੰਗ ਵਿਚ ਵਿਚਾਰਿਆ ਜਾਵੇ ਤਾਂ ਜੋ ਉਨ੍ਹਾਂ ਨੇ ਜੇ ਕੋਈ ਹੋਰ ਸੁਝਾਅ ਦੇਣੇ ਹੋਣ ਤਾਂ ਉਨ੍ਹਾਂ ਨੂੰ ਵਿਚਾਰ ਕੇ ਲੋੜੀਂਦੀਆਂ ਤਰਮੀਮਾਂ ਕਰਕੇ ਅਗਲੀ ਕਾਰਵਾਈ ਆਰੰਭੀ ਜਾਵੇ। ਇਸ ਤਜਵੀਜ਼ ਨੂੰ ਸਿਰੇ ਚਾੜ੍ਹਣ ਲਈ ਜ਼ਿਲ੍ਹਾ ਲੋਕ ਸੰਪਰਕ ਅਫ਼ਸਰਾਂ ਦੀ ਇਕ ਮੀਟਿੰਗ ਚੰਡੀਗੜ੍ਹ ਸੱਦੀ ਗਈ। ਜਦੋਂ ਮੀਟਿੰਗ ਹੋਈ ਤਾਂ ਓਥੇ ਡਾਇਰੈਕਟਰ ਤੋਂ ਇਲਾਵਾ ਵਿਭਾਗ ਦਾ ਸਕੱਤਰ, ਮੰਤਰੀ ਤਾਂ ਹਾਜ਼ਰ ਹੀ ਸਨ, ਕੈਰੋਂ ਸਾਹਿਬ ਵੀ ਇਸ ਮੀਟਿੰਗ ਦੀ ਕਾਰਵਾਈ ਵਿਚ ਭਾਗ ਲੈਣ ਲਈ ਤਸ਼ਰੀਫ ਲਿਆਏ। ਸਕੱਤਰ ਨੇ ਮੁਹਿੰਮ ਦੀ ਰੂਪ ਰੇਖਾ ਲੋਕ ਸੰਪਰਕ ਅਫ਼ਸਰਾਂ ਦੀ ਜਾਣਕਾਰੀ ਲਈ ਪ੍ਰਸਤੁਤ ਕੀਤੀ ਅਤੇ ਉਨ੍ਹਾਂ ਨੂੰ ਆਪਣੇ ਵਿਚਾਰ ਵਿਅਕਤ ਕਰਨ ਲਈ ਕਿਹਾ। ਲੋਕ ਸੰਪਰਕ ਅਫਸਰਾਂ ਨੂੰ ਆਪਣੇ ਦਿਲ ਦਾ ਗੁਬਾਰ ਕੱਢਣ ਦਾ ਚੰਗਾ ਮੌਕਾ ਹੱਥ ਆਇਆ। ਉਹ ਪਹਿਲਾਂ ਆਊਟ ਆਫ ਟਰਨ ਪ੍ਰਮੋਸ਼ਨਾਂ ਵਿਰੁੱਧ ਬੜਾ ਅਰਜ਼ੀ ਪਰਚਾ ਕਰ ਚੁੱਕੇ ਸਨ ਪਰ ਉਨ੍ਹਾਂ ਦੀ ਫਰਿਆਦ ਕਿਸੇ ਨੇ ਨਹੀਂ ਸੀ ਸੁਣੀ। ਪਹਿਲੇ ਹੀ ਵਕਤਾ ਨੇ ਕਿੱਸਾ ਛੋਹ ਲਿਆ। ਉਸ ਨੇ ਕਿਹਾ, ''ਲੋਕਾਂ ਵਿਚ ਸਰਕਾਰ ਦੇ ਹੱਕ ਵਿਚ ਪਰਚਾਰ ਤਦ ਹੀ ਕਰਾਂਗੇ ਜੇਕਰ ਸਾਡੀ ਸੰਤੁਸ਼ਟੀ ਹੋਵੇ। ਅਸੀਂ ਬੜੀ ਦੇਰ ਤੋਂ ਦਾਦ ਫਰਿਆਦ ਕਰ ਰਹੇ ਹਾਂ ਪਰ ਸਾਡੀ ਕਿਸੇ ਨੇ ਨਹੀਂ ਸੁਣੀ। ਪਹਿਲਾਂ ਸਾਡੇ ਨਾਲ ਇਨਸਾਫ਼ ਹੋਣਾ ਚਾਹੀਦਾ ਹੈ।'' ਡਾਇਰੈਕਟਰ ਨੇ ਕਿਹਾ, ''ਇਹ ਇਕ ਵੱਖਰਾ ਮਾਮਲਾ ਹੈ, ਤੁਸੀਂ ਇਸ ਮੀਟਿੰਗ ਤੋਂ ਬਾਅਦ ਇਸ ਮੁੱਦੇ 'ਤੇ ਵੱਖਰੀ ਗੱਲ ਕਰਨਾ।'' ਇਸ ਤੋਂ ਬਾਅਦ ਅਗਲੇ ਅਫ਼ਸਰ ਦੀ ਵਾਰੀ ਆਈ। ਉਸਨੇ ਵੀ ਉਹੋ ਕਿੱਸਾ ਛੇੜ ਦਿੱਤਾ। ਸਕੱਤਰ ਨੇ ਝਿੜਕ ਕੇ ਉਸ ਨੂੰ ਬਿਠਾ ਦਿੱਤਾ ਅਤੇ ਕਿਹਾ, ''ਜਦੋਂ ਤੁਹਾਨੂੰ ਇਕ ਵਾਰੀ ਕਹਿ ਦਿੱਤਾ ਹੈ ਕਿ ਇਸ ਮਾਮਲੇ ਸਬੰਧੀ ਵੱਖਰੀ ਚਰਚਾ ਹੋਵੇਗੀ ਅਤੇ ਹੁਣ ਜੋ ਮਾਮਲਾ ਵਿਚਾਰ ਅਧੀਨ ਹੈ ਉਸ 'ਤੇ ਆਪਣੀ ਰਾਏ ਪ੍ਰਗਟ ਕਰੋ, ਤਾਂ ਤੁਹਾਨੂੰ ਸਮਝ ਕਿਉਂ ਨਹੀਂ ਪੈਂਦੀ। ਜੇ ਵਿਚਾਰ ਅਧੀਨ ਖਰੜੇ ਦੇ ਸਬੰਧ ਵਿਚ ਕੁਝ ਟਿੱਪਣੀ ਕਰਨੀ ਹੈ ਤਾਂ ਕਰੋ ਨਹੀਂ ਤਾਂ ਚੁੱਪ ਕਰਕੇ ਬੈਠ ਜਾਵੋ।'' ਇਸ ਤੋਂ ਬਾਅਦ ਇਕ ਹੋਰ ਅਫਸਰ ਉੱਠਿਆ, ਉਸ ਨੇ ਕੁਛ ਚਰਚਾ ਕਰਨ ਤੋਂ ਬਾਅਦ ਫੇਰ ਉਹੋ ਕਿੱਸਾ ਛੇੜਨਾ ਚਾਹਿਆ। ਮੰਤਰੀ ਜੀ ਨੇ ਉਸ ਨੂੰ ਇਸ਼ਾਰੇ ਨਾਲ ਬਿਠਾ ਦਿੱਤਾ ਅਤੇ ਮੰਚ 'ਤੇ ਆ ਕੇ ਮਾਮਲੇ ਸਬੰਧੀ ਅਜੇ ਕੁਛ ਕਹਿਣ ਲਈ ਭੂਮਿਕਾ ਹੀ ਬੰਨਣੀ ਸ਼ੁਰੂ ਕੀਤੀ ਸੀ ਕਿ ਕੈਰੋਂ ਸਾਹਿਬ ਨੇ ਇਸ਼ਾਰਾ ਕਰਕੇ ਉਸ ਨੂੰ ਬੈਠ ਜਾਣ ਦਾ ਆਦੇਸ਼ ਦਿੱਤਾ ਅਤੇ ਆਪ ਮੰਚ 'ਤੇ ਆ ਕੇ ਮਾਈਕਰੋਫੋਨ ਸੰਭਾਲ ਲਿਆ। ਕੈਰੋਂ ਸਾਹਿਬ ਨੇ ਕਿਹਾ, ''ਦੇਖੋ ਜੋ ਗੱਲ ਮੈਂ ਕਹਿਣ ਲੱਗਾ ਹਾਂ, ਉਸ ਨੂੰ ਧਿਆਨ ਨਾਲ ਸੁਣੋ ਅਤੇ ਫੇਰ ਆਪਣਾ ਵਿਚਾਰ ਪ੍ਰਗਟ ਕਰੋ। ਪੰਜਾਬ ਵਿਚ ਰਾਜ ਕਾਜ ਚਲਾਉਣਾ ਬੜਾ ਔਖਾ ਕਾਰਜ ਹੈ। ਹਾਲਾਤ ਨੂੰ ਕਾਬੂ ਵਿਚ ਰੱਖਣ ਲਈ ਕਈ ਕੁੱਤੇ ਕੰਮ ਕਰਨੇ ਪੈਂਦੇ ਹਨ। ਪਰ ਹਰ ਕੋਈ ਇਹ ਕੁੱਤੇ ਕੰਮ ਕਰ ਨਹੀਂ ਸਕਦਾ। ਇਨ੍ਹਾਂ ਨੂੰ ਸਿਰੇ ਲਾਉਣ ਲਈ ਕਿਸੇ ਹਰਾਮਜ਼ਾਦੇ ਦੀ ਲੋੜ ਪੈਂਦੀ ਹੈ। ਹੁਣ ਮੈਂ ਇਹ ਕੁੱਤੇ ਕੰਮ ਕਰਵਾਉਣ ਲਈ ਦੋ ਹਰਾਮਜ਼ਾਦੇ ਲੱਭ ਕੇ ਉਨ੍ਹਾਂ ਦੀ ਤਰੱਕੀ ਦੇ ਕੇ ਇਹ ਕੁੱਤੇ ਕੰਮ ਉਨ੍ਹਾਂ ਸਪੁਰਦ ਕਰ ਦਿੱਤੇ ਹਨ। ਪਰ ਮੈਂ ਇਹ ਨਹੀਂ ਕਹਿੰਦਾ ਕਿ ਇਨ੍ਹਾਂ ਕੁੱਤੇ ਕੰਮਾਂ ਨੂੰ ਸਿਰੇ ਚਾੜ੍ਹਣ ਲਈ ਹੋਰ ਕੋਈ ਗੁੰਜਾਇਸ਼ ਨਹੀਂ ਰਹੀ। ਅਜੇ ਵੀ ਗੁੰਜਾਇਸ਼ ਹੈ। ਇਸ ਲਈ ਤੁਹਾਡੇ ਵਿਚ ਜਿਹੜੇ-ਜਿਹੜੇ ਹਰਾਮਜ਼ਾਦੇ ਹਨ, ਉਹ ਹੱਥ ਖੜ੍ਹਾ ਕਰਨ। ਮੈਂ ਉਨ੍ਹਾਂ ਦੀ ਤਰੱਕੀ ਕਰਕੇ ਇਹ ਕੁੱਤੇ ਕੰਮ ਉਨ੍ਹਾਂ ਦੇ ਵੀ ਸਪੁਰਦ ਕਰ ਦਿਆਂਗਾ।'' ਸਾਰੇ ਹਾਲ ਵਿਚ ਚੁੱਪ ਪਸਰ ਗਈ। ਕੁਛ ਦੇਰ ਉਡੀਕਣ ਤੋਂ ਬਾਅਦ ਕਾਰਵਾਈ ਫਿਰ ਸ਼ੁਰੂ ਹੋਈ ਅਤੇ ਬਿਨਾ ਕਿਸੇ ਚੂੰ ਚਾਂ ਦੇ ਸਿਰੇ ਚੜ੍ਹ ਗਈ।

ਕੈਰੋਂ ਸਾਹਿਬ ਦੀ ਅਫਸਰਾਂ ਨੂੰ ਡਰਾਉਣ ਧਮਕਾਉਣ ਦੀ ਪਾਲਿਸੀ ਕਿਸੇ ਹੱਦ ਤੱਕ ਸਫ਼ਲ ਰਹੀ। ਅਫ਼ਸਰ ਦਹਿਸ਼ਤ ਦੇ ਮਾਹੌਲ ਵਿਚ ਕੈਰੋਂ ਸਾਹਿਬ ਦਾ ਹਰ ਜਾਇਜ਼, ਨਾਜਾਇਜ਼ ਕੰਮ ਕਰਦੇ ਰਹੇ ਪਰ ਵਿਚੋ ਵਿਚ ਵਿਸ ਵੀ ਘੋਲਦੇ ਰਹੇ ਅਤੇ ਕੈਰੋਂ ਸਾਹਿਬ ਦੇ ਵਿਰੋਧੀਆਂ ਨੂੰ ਕੈਰੋਂ ਸਾਹਿਬ ਵਿਰੁੱਧ ਸੂਚਨਾਵਾਂ ਵੀ ਦਿੰਦੇ ਰਹੇ ਅਤੇ ਇਹ ਸੂਚਨਾਵਾਂ ਹੀ ਅੰਤ ਵਿਚ ਕੈਰੋਂ ਸਾਹਿਬ ਦੇ ਪਤਨ ਦਾ ਕਾਰਨ ਬਣੀਆਂ।

ਟੇਲ ਪੀਸ : ਇਕ ਵਾਰੀ ਸਕੱਤਰੇਤ ਦੇ ਬਾਬੂ ਇਕੱਠੇ ਹੋ ਕੇ ਕੈਰੋਂ ਸਾਹਿਬ ਦੇ ਹਜ਼ੂਰ ਪੇਸ਼ ਹੋਏ। ਕੇਂਦਰ ਸਰਕਾਰ ਨੇ ਆਪਣੇ ਮੁਲਾਜ਼ਮਾਂ ਦਾ ਮਹਿੰਗਾਈ ਅਲਾਊਂਸ ਵਧਾ ਦਿੱਤਾ ਸੀ। ਉਨ੍ਹਾਂ ਦੀ ਮੰਗ ਸੀ ਕਿ ਉਨ੍ਹਾਂ ਦਾ ਮਹਿੰਗਾਈ ਅਲਾਊਂਸ ਵੀ ਵਧਾ ਦਿੱਤਾ ਜਾਵੇ। ਕੈਰੋਂ ਸਾਹਿਬ ਨੇ ਗੁੱਸੇ ਨਾਲ ਕਿਹਾ– ਤੁਸੀਂ ਕੋਈ ਕੰਮ ਤਾਂ ਕਰਦੇ ਨਹੀਂ ਅਤੇ ਤਨਖਾਹ ਵਧਾਉਣ ਦੀ ਮੰਗ ਲੈ ਕੇ ਆ ਜਾਂਦੇ ਹੋ। ਤੁਸੀਂ ਸ਼ੁਕਰ ਨਹੀਂ ਕਰਦੇ ਕਿ ਤੁਸੀਂ ਪਤਲੂਣਾਂ ਪਾਈ ਫਿਰਦੇ ਹੋ। ਜਿਹੋ ਜਿਹਾ ਤੁਹਾਡਾ ਕੰਮ ਹੈ, ਸਰਕਾਰ ਨੂੰ ਤੁਹਾਨੂੰ ਏਨੀ ਕੁ ਤਨਖਾਹ ਦੇਣੀ ਚਾਹੀਦੀ ਹੈ ਜਿਸ ਨਾਲ ਤੁਸੀਂ ਕੱਛੇ ਹੀ ਪਾ ਸਕੋ। ਬਾਬੂ ਇਹ ਬੋਲ ਬਾਣੀ ਸੁਣ ਕੇ ਸ਼ਰਮਸਾਰ ਹੋ ਕੇ ਜਿਨ੍ਹੀਂ ਪੈਰੀਂ ਗਏ ਸੀ ਉਨ੍ਹੀਂ ਪੈਰੀਂ ਪਰਤ ਗਏ।

ਜਦੋਂ ਕੈਰੋਂ ਸਾਹਿਬ ਮੁੱਖ ਮੰਤਰੀ ਦੀ ਕੁਰਸੀ ਤੋਂ ਥੱਲੇ ਉਤਰੇ ਤਾਂ ਇਕ ਮਨਚਲੇ ਨੇ ਇਕ ਕੱਛਾ ਉਨ੍ਹਾਂ ਨੂੰ ਪਾਰਸਲ ਕਰਕੇ ਉਨ੍ਹਾਂ ਦੇ ਪਤੇ 'ਤੇ ਭਿਜਵਾ ਦਿੱਤਾ।

*ਕਵਿਤਾ*



*ਮਨਮੋਹਨ*

## ਮਨ ਹੁੰਦੈ...

ਪੁੱਛਦੇ ਨੇ ਦੋਸਤ ਯਾਰ
ਕਿਵੇਂ ਐਂ.....?
ਮਨ ਹੁੰਦੈ.... ਕਹਿ ਦਿਆਂ
ਠੀਕ ਹੀ ਆਂ ਉਂਝ ਤਾਂ ਮੈਂ

ਤਿਤਲੀ ਜੀਕੁਰ ਬੇਰੰਗ
ਮਹਿਕ ਵਿਛੁੰਨਾ ਫੁੱਲ
ਦਰਿਆ ਵਹਿਣ ਵਿਹੂਣਾ
ਪਹਾੜ ਉਚਾਈਓਂ ਖੂਣਾ

ਸਿਮਰਤੀਆਂ 'ਚ
ਮਿੰਜਰਾਂ ਜਿਹੀ ਤੇਰੇ ਵਾਲਾਂ ਦੀ ਗੰਧ
ਜੰਗਲੀ ਫੁੱਲਾਂ ਜਿਹਾ ਤੇਰੀ ਦੇਹ ਦਾ ਦ੍ਰਿਸ਼
ਨਾਭੀ ਦਾ ਤਿਲਿਸਮ ਜਿਵੇਂ ਨਰਮਕੋਈ ਖ਼ਰਗੋਸ਼
ਬੁੱਲ੍ਹਾਂ ਦੀਆਂ ਪੰਖੜੀਆਂ 'ਚ
ਉਤਰ ਜਾਣਾਂ ਤੇਰੇ ਅਥਾਹ 'ਚ ਵਾਂਗ ਮਲਾਹਾਂ
ਅਕਾਸ਼ 'ਚ ਤੈਰ ਜਾਣਾਂ ਵਾਂਗ ਪਰਿੰਦਿਆਂ
ਡੁੱਬ ਤੈਰ ਜਾਣਾ ਲੱਥਦੇ ਚੜ੍ਹਦੇ ਸਾਹਾਂ ਨਾਲ
ਵੱਖੀ ਮੇਰੀ 'ਚ ਤੇਰੇ ਪੈਰਾਂ ਦਾ ਸੰਕੋਚ
ਧੜਕਣ ਦੀ ਲੈਅ 'ਚ ਵਾਰ ਵਾਰ ਕਹਿੰਦੈ
ਤੇਰੀ ਦੇਹ ਕੋਲ ਰਹਿ ਗਿਆ ਕੁਝ ਮੇਰਾ
ਆਤਮਾ ਕੋਲ ਆਤਮਾ
ਪੂਰੇਪਨ 'ਚ ਅਪੂਰਨਤਾ
ਤੇਰੇ ਵੇਗ 'ਚ ਮੇਰਾ ਧੀਰਜ

ਚੰਗਾ ਹੁੰਦਾ
ਰਹਿ ਲੈਂਦੀ ਜੇ ਤੇਰੀ ਝਿਜਕ ਕੋਲ ਮੇਰੀ ਆਜ਼ਾਦੀ
ਗੋਰੀ ਭਾਅ ਕੋਲ ਮੇਰਾ ਰੰਗ ਸ਼ਿਆਮ
ਤੇਰੀ ਮੈਂ 'ਚ ਮੇਰਾ ਧਿਆਨ
ਠੀਕ ਹੀ ਆਂ ਉਂਝ ਤਾਂ.... ਮੈਂ


# Ace Immigration Services

## Bring your relatives to Canada in 6-12 months*

Nurses, College & Polytechnic Teachers, Restaurant Managers and many more occupations eligible.

Competent Services, Reasonable Fee

**Avail our services for:**

- Family Sponsorship
- Work Permit
- Point System
- Business & Investor Class
- Provincial Nominee
- Study Permit
- Nanny

**Shamsher Buttar**
Certified Canadian Immigration Consultant
Member CSIC

Edmonton 780-465-6900
Toronto 1-416-740-3186
Email: ss_buttar@yahoo.com

* Conditions apply

# ਸਮਕਾਲੀਨ ਪੰਜਾਬੀ ਸਭਿਆਚਾਰ: ਦਸ਼ਾ ਤੇ ਦਿਸ਼ਾ !

**ਬਾਵਾ ਸਿੰਘ**



ਸਭਿਆਚਾਰ ਵਿਸ਼ਲੇਸ਼ਣ ਦੇ ਮਾਹਿਰ ਵਿਦਵਾਨ ਰੇਮੰਡ ਵਿਲੀਅਮਜ਼ ਦੇ ਕਥਨ ਅਨੁਸਾਰ ਸਭਿਆਚਾਰ ਇੱਕ ਬੜਾ ਗੁੰਝਲਦਾਰ ਸੰਕਲਪ ਹੈ। ਇਕ ਨਿਰੰਤਰ ਵਹਿਣ ਵਾਲੀ ਪ੍ਰਕਿਰਿਆ। ਇਹ ਕੋਈ ਜੜ (ਟਅਟਚਿ) ਵਰਤਾਰਾ ਨਹੀਂ। ਕੋਈ ਵੀ ਸਭਿਆਚਾਰ ਇਕੋ ਸਮੇਂ ਤੇ ਆਪਣੇ ਵਿਚ ਅਤੀਤ, ਵਰਤਮਾਨ ਅਤੇ ਭਵਿੱਖ ਸਮੋਈ ਹੁੰਦਾ ਹੈ। ਇਸਦੇ ਗਰਭ ਵਿਚ ਵਿਰੋਧਤਾਈਆਂ ਵੀ ਹੁੰਦੀਆਂ ਹਨ, ਸੁਲਾਹ ਸਫ਼ਾਈਆਂ ਵੀ ਅਤੇ ਬਦਲ ਦੇ ਅੰਸ਼ ਵੀ। ਰੇਮੰਡ ਵਿਲੀਅਮਜ਼ ਦੀ ਇਹ ਵੀ ਧਾਰਨਾ ਹੈ ਕਿ ਕਿਸੇ ਸਭਿਆਚਾਰ ਦੀ ਬਣਤਰ/ਬੁਣਤਰ ਵਿਚ ਇਕ ਅਹਿਮ ਉਘੜਵਾਂ ਡਿਜ਼ਾਈਨ ਹੁੰਦਾ ਹੈ ਜੋ ਕਿ ਇਸ ਦਾ ਮੁੱਖ ਸੁਭਾਅ ਜਾਂ ਚਿਹਰਾ-ਮੁਹਰਾ ਸਥਾਪਤ ਕਰਦਾ ਹੈ। ਇਹੋ ਮੁੱਖ ਰੂਪ-ਰੇਖਾ ਇਸ ਦਾ ਵਰਤਮਾਨ ਹੁੰਦੀ ਹੈ। ਹਰ ਵਰਤਮਾਨ ਸਭਿਆਚਾਰ ਆਪਣੇ ਹਿਸਾਬ ਕਿਤਾਬ ਨਾਲ ਹੀ ਅਤੀਤ ਅਤੇ ਭਵਿੱਖ ਨੂੰ ਆਪਣੇ ਵਿਚ ਸਮੋ ਰਿਹਾ ਹੁੰਦਾ ਹੈ.... ਜਾਂ ਆਪਣੇ ਵਿਚੋਂ ਖਾਰਜ ਕਰ ਰਿਹਾ ਹੁੰਦਾ ਹੈ।



*ਪੰਜਾਬੀ ਸਭਿਆਚਾਰ ਨੂੰ ਦਿਖਾਉਂਦੀ ਇਕ ਕਲਾਕ੍ਰਿਤੀ*

ਸਭਿਆਚਾਰ ਕਿਉਂਕਿ ਇਕ ਨਿਰੰਤਰ ਵਗਦੀ ਧਾਰਾ ਹੈ। ਇਸਦੇ ਉੱਸਰਨ ਅਤੇ ਬਦਲਣ ਦੀ ਪ੍ਰਕ੍ਰਿਆ ਆਮ ਕਰਕੇ ਧੀਮੀ ਜਾਂ ਕਈ ਵਾਰ ਬਹੁਤ ਹੀ ਧੀਮੀ/ਸੁਸਤ ਹੁੰਦੀ ਹੈ। ਇਸੇ ਕਰਕੇ ਇਸ ਧੀਮੀ/ਹੌਲੀ ਹੌਲੀ ਹੋ ਰਹੇ ਬਦਲਾਵ ਨਾਲ ਚੇਤੰਨ ਵਿਅਕਤੀ ਦੇ ਮਨਾਂ ਵਿਚ ਕੋਈ ਖਾਸ ਪ੍ਰੇਸ਼ਾਨੀ ਜਾਂ ਮਾਨਸਿਕ-ਪੀੜਾਂ ਮਹਿਸੂਸ ਨਹੀਂ ਹੁੰਦੀ। ਇਹ ਤਬਦੀਲੀ-ਉਦਰੇਵਾਂ ਤਾਂ ਪੈਦਾ ਕਰਦੀ ਹੈ.... ਪਰ ਮਾਨਸਿਕ ਪੀੜਾ ਨਹੀਂ। ਇਸ ਹਾਲਤ 'ਚ ਵਰਤਮਾਨ ਆਪਣੇ ਅਤੀਤ 'ਚੋਂ ਸਹਿਜਤਾ ਨਾਲ ਵੱਡਾ ਹੋ ਰਿਹਾ ਹੁੰਦਾ ਹੈ। ਵਰਤਮਾਨ ਆਪਣੇ ਅਤੀਤ ਨਾਲੋਂ ਇੱਕੋ ਝਟਕੇ ਨਾਲ ਕੱਟ ਨਹੀਂ ਮਾਰਦਾ। ਇਤਿਹਾਸ.... ਸਮੇਂ ਅਤੇ ਸਭਿਆਚਾਰ ਦੀ ਨਿਰੰਤਰਤਾ ਬਰਕਰਾਰ ਰਹਿੰਦੀ ਹੈ। ਸਭਿਆਚਾਰ ਦੇ ਲਗਾਤਾਰ ਉੱਸਰਨ-ਬਣਨ/ਬਦਲਣ ਅਤੇ ਢਹਿਣ ਦੀ ਇਸ ਸਹਿਜ (ਅਟੁਰਅਲ) ਪ੍ਰਕ੍ਰਿਆ ਹੈ।

ਪਰ ਸਭਿਆਚਾਰ ਦੇ ਇਤਿਹਾਸਕ ਸਫ਼ਰ ਵਿਚ ਕਦੇ ਕਦੇ ਤੇਜ/ਅਤੀ ਤੇਜ ਗਤੀ ਵਾਲੀਆਂ ਤਬਦੀਲੀਆਂ ਦਾ ਦੌਰ ਵੀ ਆ ਸਕਦਾ ਹੈ। ਵੱਡੇ ਛੜੱਪੇ ਵਾਲੀ ਸਥਿਤੀ। ਸਹਿਜ ਤੋਰ ਨਾਲੋਂ ਇਕ ਦਮ ਅਲੱਗ। ਅਜਿਹੀ ਅਵਸਥਾ ਵਿਚ ਪੂਰੇ ਸਮਾਜ/ਸਭਿਆਚਾਰ ਵਿਚ ਇਕ ਵੱਡੀ ਉੱਥਲ ਪੁਥਲ/ਬੇਤਰਤੀਬੀ ਅਤੇ ਅਫ਼ਰਾ-ਤਫ਼ਰੀ ਜਹੀ ਮਹਿਸੂਸ ਹੋਣ ਲੱਗਦੀ ਹੈ। ਅਣਕਿਆਸੇ ਬਦਲਾਵ/ਤਬਦੀਲੀਆਂ ਸਾਹਮਣੇ ਆਉਣ ਲਗਦੇ ਹਨ। ਬਹੁਤੀਆਂ ਤਬਦੀਲੀਆਂ ਗੈਰ-ਕੁਦਰਤੀ ਅਤੇ ਓਪਰੀਆਂ ਲਗਦੀਆਂ ਹਨ। ਸਮਾਜ/ਸਭਿਆਚਾਰ ਕੁੱਝ ਸਮੇਂ ਲਈ ਇਕ ਘਬਰਾਹਟ ਅਤੇ ਅਸਪਸ਼ਟਤਾ ਦੀ ਸਥਿਤੀ ਵਿਚੋਂ ਗੁਜ਼ਰਨ ਲਗਦਾ ਹੈ।

ਪੰਜਾਬ ਦੀ ਵਰਤਮਾਨ ਹਾਲਤ ਕੁੱਝ ਇਹੋ ਜਿਹੀ ਹੀ ਹੈ। ਪੰਜਾਬੀ ਸਭਿਆਚਾਰ ਜੀਵਨ ਸ਼ੈਲੀ ਵਿਚ (ਪਿਛਲੇ 500 ਸਾਲਾਂ ਵਿਚ) ਬਦਲਾਵ/ਤਬਦੀਲੀ ਦੇ ਚਾਰ ਅਹਿਮ ਪੜਾਅ-ਅਵਸਰ ਨੋਟ ਕੀਤੇ ਜਾ ਸਕਦੇ ਹਨ। ਪੰਜਾਬੀ ਸਭਿਆਚਾਰ ਵਿਚ ਪਹਿਲੀ ਅਹਿਮ ਸਥਿਤੀ ਜਦੋਂ ਕਾਫ਼ੀ ਸਾਰੇ ਬਦਲਾਵ-ਤਬਦੀਲੀਆਂ ਹੋਈਆਂ ਉਹ ਸਿੱਖ ਧਰਮ ਦਾ ਅਸਰ ਸੀ। ਇਹ ਤਬਦੀਲੀਆਂ ਅਦਰਸ਼-ਮੂਲਕ ਸਨ। ਚੰਗੀਆਂ, ਨਰੋਈਆਂ ਮਾਨਵਵਾਦੀ ਕਦਰਾਂ ਕੀਮਤਾਂ ਲਈ। ਪਰ ਇਹ ਤਬਦੀਲੀਆਂ ਰਾਤੋ ਰਾਤ ਨਹੀਂ, ਸਗੋਂ ਬੜੀ ਸਹਿਜ ਤੋਰ ਨਾਲ.... ਦਹਾਕਿਆਂ ਵਿਚ ਵੀ ਨਹੀਂ ਸਦੀਆਂ 'ਚ ਵਾਪਰੀਆਂ। ਦੂਜਾ ਚਰਨ-ਪੰਜਾਬ ਵਿਚ ਅੰਗਰੇਜ਼ਾਂ ਦੇ ਆਗਮਨ ਨਾਲ ਸ਼ੁਰੂ ਹੁੰਦਾ ਹੈ। ਪੰਜਾਬ ਵਿਚ ਅੰਗਰੇਜਾਂ ਦੀ 100 ਸਾਲ ਹਕੂਮਤ ਬਰਕਰਾਰ ਰਹਿੰਦਿਆਂ ਸਮੁਚੀ ਪੰਜਾਬੀ ਸਭਿਆਚਾਰ-ਰਹਿਤਲ ਤੇ ਕੋਈ ਵਿਆਪਕ ਪ੍ਰਭਾਵ ਤਾਂ ਨਹੀਂ ਪਿਆ ਪਰ ਹਾਂ ਸ਼ਹਿਰੀ ਵਸੋਂ ਤੇ ਅੰਗਰੇਜ਼ਾਂ ਦੀ ਪਛਮੀ ਤਰਜ਼ ਦੀ ਜੀਵਨ ਸ਼ੈਲੀ ਕਾਫ਼ੀ ਅਸਰਦਾਇਕ ਰਹੀ। ਪਰ ਇਹ ਪ੍ਰਭਾਵ ਵੀ ਕੋਈ ਇਕਦਮ ਤੇਜ਼ ਗਤੀ ਨਾਲ ਨਹੀਂ ਸਗੋਂ ਤਕਰੀਬਨ ਸਹਿਜ ਗਤੀ ਨਾਲ ਹੀ ਵਾਪਰਿਆ। ਪੰਜਾਬੀ ਸਭਿਆਚਾਰ/ਜੀਵਨ ਵਿਚ ਤਬਦੀਲੀਆਂ ਦਾ ਤੀਜਾ ਦੌਰ 1965 ਦੇ 'ਹਰੇ-ਇਨਕਲਾਬ' ਦੀ ਆਮਦ ਨਾਲ ਸ਼ੁਰੂ ਹੁੰਦਾ ਹੈ। ਪੰਜਾਬੀ ਰਹਿਤਲ ਵਿਚ ਇਹ ਵਰਤਾਰਾ ਬੜੇ ਦੂਰ-ਰਸ ਨਤੀਜਿਆਂ ਵਾਲਾ ਸਾਬਤ ਹੋਣ ਜਾ ਰਿਹਾ ਸੀ। ਹਰੇ ਇਨਕਲਾਬ ਦਾ ਆਧਾਰ-ਪਹਿਲੂ ਆਰਥਿਕ ਤਬਦੀਲੀ ਸੀ। ਜਿਸ ਵਿਚੋਂ ਕਿ ਸਭਿਆਚਾਰਕ ਤਬਦੀਲੀ/ਜੀਵਨ ਸ਼ੈਲੀ ਵਿਚ ਬਦਲਾਵ-ਤਬਦੀਲੀ ਕੁਦਰਤੀ ਤੌਰ 'ਤੇ ਹੋਣੀ ਹੀ ਹੋਣੀ ਸੀ। ਇੰਝ ਹੋਣਾ ਤਰਕਸਿੱਧ ਨਤੀਜਾ ਸੀ। ਅਤੇ ਇਹ ਇੰਝ ਹੀ ਹੋਇਆ। 25 ਸਾਲਾਂ 'ਚ ਪੰਜਾਬੀਆਂ ਦੀ ਆਰਥਿਕਤਾ 'ਚ ਢੇਰ ਸਾਰੀਆਂ ਤਬਦੀਲੀਆਂ ਆਈਆਂ। (ਖੁਸ਼ਗੁਆਰ... ਕਿ ਨਾ-ਖੁਸ਼ਗੁਆਰ... ਇਹ ਇਕ ਵੱਖਰਾ ਵਿਸ਼ਾ ਹੈ।) ਪੰਜਾਬ ਦੇ ਪਿੰਡਾਂ, ਸਹਿਰਾਂ, ਖੇਤਾਂ ਦਾ ਵੱਡੀ ਪੱਧਰ ਤੇ ਚਿਹਰਾ ਮੁਹਰਾ ਬਦਲਿਆ। ਪੰਜਾਬੀ ਸਭਿਆਚਾਰ/ਜੀਵਨ ਸ਼ੈਲੀ... ਪੰਜਾਬੀ ਰਹਿਤਲ... ਪੰਜਾਬੀ ਕਦਰਾਂ ਕੀਮਤਾਂ, ਰੀਤੀ ਰਿਵਾਜਾਂ 'ਚ ਬਹੁਤ ਸਾਰੀਆਂ ਤਬਦੀਲੀਆਂ ਆਈਆਂ। ਇਹ ਸਭ ਤਬਦੀਲੀਆਂ ਕੁਝ ਮਾਨਸਿਕ-ਪੀੜਾਂ ਵੀ ਲੈ ਕੇ ਆਈਆਂ ਅਤੇ ਬਹੁਤ ਸਾਰਾ ਮਾਨਸਿਕ ਉਦਰੇਵਾਂ ਵੀ ਲੈ ਕੇ ਆਈਆਂ। ਪੰਜਾਬ ਦੇ ਆਰਥਿਕ/ਸਭਿਆਚਾਰਕ ਦ੍ਰਿਸ਼ ਤੇ ਇਹ ਵੱਡੇ ਬਦਲਾਵ... ਸਦੀਆਂ ਬਾਅਦ ਆਏ ਸਨ। ਪਰ ਨੋਟ ਕਰਨ ਵਾਲੀ ਗੱਲ ਇਹ ਹੈ ਕਿ ਇਹ ਸਾਰੇ ਸਮੇਂ ਦੌਰਾਨ (1965-1990) ਅੱਜ ਵਾਲੀ ਕਨਫ਼ਯੂਜਨ, ਅਸ਼ਪਸ਼ਟਤਾ ਜਾਂ ਅਫਰਾਤਫਰੀ, ਬੇਤਰਤੀਬੀ ਕਿਤੇ ਨਹੀਂ ਸੀ। ਕੁੱਝ ਨਵਾਂ ਆ ਰਿਹਾ ਸੀ.... ਪੁਰਾਣਾ ਜਾ ਰਿਹਾ ਸੀ.... ਪਹਿਲੀਆਂ ਤਬਦੀਲੀਆਂ ਨਾਲੋਂ ਭਾਵੇਂ ਕਾਫ਼ੀ ਤੇਜ਼ ਗਤੀ ਨਾਲ।

ਪੰਜਾਬੀ ਸਭਿਆਚਾਰ/ਰਹਿਤਲ 'ਚ ਤਬਦੀਲੀਆਂ ਦਾ ਚੌਥਾ ਚਰਨ 1990 ਤੋਂ ਸ਼ੁਰੂ ਹੁੰਦਾ ਹੈ। ਹਰੇ ਇਨਕਲਾਬ ਦੀ ਚਮਕ ਮਰ ਚੁੱਕੀ ਸੀ। ਪੰਜਾਬੀ ਕਿਸਾਨ ਦੀ ਆਰਥਿਕਤਾ ਸਟਰੈਚਰ ਤੇ ਪਈ ਸੀ। ਬਾਕੀ ਦੁਨੀਆਂ ਵਾਂਗ ਵਿਚਾਰਾ ਪੰਜਾਬ ਵੀ ਗਲੋਬਲੀ ਧਾੜਵੀਆਂ ਦੀ ਮਾਰ ਤੋਂ ਭਲਾ ਕਿਵੇਂ ਬਚਿਆ ਰਹਿ ਸਕਦਾ ਸੀ। ਸੰਚਾਰ ਸਾਧਨਾਂ, ਸੂਚਨਾ ਤਕਨਾਲੋਜੀ, ਕੰਪਿਊਟਰੀ ਗਿਆਨ/ਵਿਗਿਆਨ ਆਦਿ ਦੇ ਵਿਕਾਸ ਅਤੇ ਵਰਤੋਂ ਨਾਲ ਆਲਮੀ ਰਾਜਨੀਤਕ-ਆਰਥਿਕ ਮਹਾਂ ਸ਼ਕਤੀਆਂ ਸੰਸਾਰ ਨੂੰ ਨਵੇਂ ਸਿਰਿਓਂ ਵਿਉਂਤਣ ਜਾ ਰਹੀਆਂ ਸਨ। ਦੁਨੀਆਂ ਦੇ ਬਹੁਤ ਸਾਰੇ ਹੋਰ ਹਿਸਿਆਂ-ਖਿਤਿਆਂ ਵਾਂਗ ਪੰਜਾਬ (ਸਮੇਤ ਭਾਰਤ) ਵੀ, ਆਪਣੇ ਕੁੱਝ ਵਿਸ਼ੇਸ਼ ਕਾਰਨਾਂ (ਗੁਣਾਂ) ਕਰਕੇ, ਇਸ ਗਲੋਬਲੀ ਵਿਉਂਤਬੰਦੀ ਦਾ ਹਿੱਸਾ ਸੀ। 1995 ਤੋਂ ਅੱਜ ਤੱਕ (2009-10) ਪੰਜਾਬੀ ਸਭਿਆਚਾਰ, ਜੀਵਨ ਸ਼ੈਲੀ, ਪੰਜਾਬੀ ਰਹਿਤਲ, ਪੰਜਾਬੀ ਜੀਵਨ ਮੁੱਲਾਂ, ਰੀਤੀ ਰਿਵਾਜਾਂ, ਗੀਤ-ਸੰਗੀਤ, ਮਨੋਰੰਜਨ ਦੇ ਤੌਰ ਤਰੀਕਿਆਂ, ਪੰਜਾਬੀ ਸੰਵੇਦਨਾ ਆਦਿ ਆਦਿ ਵਿਚ ਜਿੰਨੀਆਂ ਵਿਆਪਕ ਅਤੇ ਤੇਜ਼-ਗਤੀ ਤਬਦੀਲੀਆਂ ਵਾਪਰੀਆਂ ਹਨ... ਉਹ ਹੈਰਤ-ਅੰਗੇਜ਼ ਅਤੇ ਨਾ ਵਿਸ਼ਵਾਸ਼ਯੋਗ ਲਗਦੀਆਂ ਹਨ।

ਪੰਜਾਬੀ ਸਭਿਆਚਾਰ, ਪੰਜਾਬੀ ਰਹਿਤਲ, ਪੰਜਾਬੀ ਸੰਵੇਦਨਾ... ਅੱਜ ਪੂਰੀ ਤਰ੍ਹਾਂ ਹਰ ਪੱਖੋਂ ਬੜੀ ਤੇਜ਼ੀ ਨਾਲ ਕਿਸੇ ਤਬਦੀਲੀ ਵੱਲ ਵੱਧ ਰਹੀ ਹੈ। ਤਕਰੀਬਨ ਤਕਰੀਬਨ ਇਕ ਸੰਪੂਰਨ ਪੈਰਾਡਾਈਮ ਸ਼ਿਫਟ। ਇਹ ਤਬਦੀਲੀਆਂ ਸਕਾਰਾਤਮਕ ਹਨ ਕਿ ਜਾਂ ਨਾਕਾਰਾਤਮਕ...., ਇਨ੍ਹਾਂ 'ਚੋਂ ਕਿੰਨਾ ਕੁ ਅੰਸ਼/ਹਿੱਸਾ ਉਸਾਰੂ ਹੈ ਜਾਂ ਨੁਕਸਾਨਦੇਹ.... ਇਹ ਸਾਰਾ ਕੁੱਝ ਸੋਚਣ/ਵਿਚਾਰਨ ਦੀ ਅਜੇ ਬਹੁਤਿਆਂ ਕੋਲ ਕੋਈ ਵਿਹਲ ਜਾਂ ਫੁਰਸਤ ਨਹੀਂ। ਠੀਕ-ਗਲਤ ਵਿਚ ਨਿਸ਼ਾਨਦੇਹੀ ਕਰਨ ਲਈ ਅਜੇ ਕੋਈ ਸਾਰਥਕ ਯਤਨ ਨਹੀਂ ਹੋ ਰਹੇ। ਅੱਜ ਦਾ ਪੰਜਾਬੀ ਸਭਿਆਚਾਰ.... ਗਲੋਬਲੀ ਸਭਿਆਚਾਰ ਦਾ ਪਿਛਲੱਗੂ-ਸਭਿਆਚਾਰ ਹੈ। ਇਕ ਬੇਰੜਾ ਸਭਿਆਚਾਰ (ਮੇਰਾ ਭਾਵ ਇਹ ਨਹੀਂ ਕਿ ਸਭਿਆਚਾਰਾਂ 'ਚ ਮਿਸ਼ਰਣ ਨਹੀਂ ਹੋ ਸਕਦਾ। ਮਿਸ਼ਰਣ ਹੋ ਸਕਦਾ ਹੈ। ਹਮੇਸ਼ਾ ਹੁੰਦਾ ਹੈ, ਪਰ ਸਹਿਜਤਾ ਨਾਲ। ਮਿਸ਼ਰਣ ਕੁਦਰਤੀ ਜਿਹਾ ਜਾਪੇ। ਹੌਲੀ ਹੌਲੀ ਆਪੇ ਵਿਕਸਤ ਹੋਵੇ...।) ਵਰਤਮਾਨ ਪੰਜਾਬੀ ਸਭਿਆਚਾਰ 'ਕਨਫ਼ਯੂਜਨ' ਦੀ ਸਥਿਤੀ 'ਚੋਂ ਗੁਜ਼ਰ ਰਿਹਾ ਹੈ। ਅਫਰਾ-ਤਫਰੀ ਦੀ ਸਥਿਤੀ 'ਚੋਂ। ਭਾਵੇਂ ਕਦਰਾਂ-ਕੀਮਤਾਂ ਦਾ ਪੱਖ ਹੈ ਭਾਵੇਂ ਰੀਤੀ ਰਿਵਾਜਾਂ ਦਾ। ਰਿਸ਼ਤੇ ਨਾਤਿਆਂ ਦਾ ਮਸਲਾ ਹੈ ਭਾਂਵੇਂ ਸਬੰਧਾਂ-ਬੰਧਨਾਂ, ਜ਼ਿੰਮੇਵਾਰੀਆਂ ਦਾ ਮੁਢਲੇ ਪੰਜਾਬੀ ਸੁਭਾਅ ਵਾਲੀ ਜ਼ਮੀਨੀ ਧਰਾਤਲ, ਲਗਾਤਾਰ ਖੁਰਦੀ ਜਾ ਰਹੀ ਹੈ। ਪੰਜਾਬੀ ਸਵੈਮਾਨ, ਗੈਰਤ... ਦੂਜੇ ਲਈ ਤਿਆਗ ਕੁਰਬਾਨੀ ਦਾ ਜਜ਼ਬਾ, ਪੰਜਾਬੀ ਇਮਾਨਦਾਰੀ, ਪ੍ਰਾਹੁਣਚਾਰੀ, ਪੰਜਾਬੀ ਪਿਆਰ, ਭਾਈਚਾਰਕ ਸਾਂਝ ਆਦਿ... ਅਜੋਕੇ ਗਲੋਬਲੀ ਪੰਜਾਬੀ ਸਭਿਆਚਾਰ 'ਚੋਂ ਮਨਫ਼ੀ ਹੁੰਦੇ ਜਾ ਰਹੇ ਹਨ। ਆਲਮੀ ਮੰਡੀ ਨਾਲ ਪੂਰੀ ਤਰ੍ਹਾਂ ਜੁੜ ਚੁਕਿਆ ਪੰਜਾਬੀ ਰਹਿਣ ਸਹਿਣ ...ਹੁਣ ਪ੍ਰੋ. ਪੂਰਨ ਸਿੰਘ ਵੀ ਜਾਂ ਧਨੀ ਰਾਮ ਚਾਤ੍ਰਿਕ ਵਾਲਾ ਨਹੀਂ ...ਬਲਕਿ ਅਮਰੀਕੀ/ਵਲੈਤੀ ਜ਼ਿਆਦਾ ਹੋਣਾ ਲੋਚਦਾ ਹੈ। ਵਜ੍ਹਾ ਇਹ ਕਿ ਪੰਜਾਬੀ ਅਰਥਚਾਰਾ ਦਿਨ-ਬ-ਦਿਨ ਲਗਾਤਾਰ ਦਿਉਕੱਦ ਮਲਟੀਨੈਸ਼ਨਲਜ਼, ਦੇਸੀ-ਵਿਦੇਸ਼ੀ ਕਾਰਪੋਰੇਟ ਸੈਕਟਰ ਦੇ ਲੋਹ-ਜਾਲ 'ਚ ਉਲਝਦਾ ਜਾ ਰਿਹਾ ਹੈ ਅਤੇ ਇਹ ਕੌਣ ਨਹੀਂ ਜਾਣਦਾ ਕਿ ਇਹ ਵਪਾਰੀ ਧਿਰਾਂ ਕਿਸ ਤਰ੍ਹਾਂ ਦਾ ਸਭਿਆਚਾਰਕ ਮਹੌਲ ਬਣਾਉਣਾ ਜਾਂ ਉਸਾਰਨਾ ਚਾਹੁੰਦੀਆਂ ਹਨ। ਆਲਮੀ ਮੰਡੀ ਮਹਾਂਰਥੀ ਧਿਰਾਂ ਦੁਨੀਆਂ ਨੂੰ ਆਪਣੇ ਖੁਦ ਦੇ ਬਿੰਬ ਅਨੁਸਾਰ ਹੀ ਉਸਾਰਨਾ ਚਾਹੁੰਦਿਆਂ ਹਨ। ਮੰਡੀ ਸ਼ਕਤੀਆਂ ਦੇ ਸਰੋਕਾਰ ਕਦੇ ਮਨਵਵਾਦੀ ਨਹੀਂ ਹੁੰਦੇ। ਉਨ੍ਹਾਂ ਦੇ ਸਰੋਕਾਰ ਨਫ਼ੇ-ਨੁਕਸਾਨ ਤੇ ਉੱਸਰੇ ਹੋਏ ਹੁੰਦੇ ਹਨ। ਉਨ੍ਹਾਂ ਨੂੰ ਉਸ ਕਿਸਮ ਦਾ ਕਲਚਰ-ਜੀਵਨ ਸ਼ੈਲੀ ਚਾਹੀਦੀ ਹੈ ਜਿਸ 'ਚੋਂ ਉਨ੍ਹਾਂ ਦੀਆਂ ਵਸਤਾਂ ਲਈ ਮੰਗ ਪੈਦਾ ਹੋਵੇ। ਉਨ੍ਹਾਂ ਵੱਲੋਂ ਪੈਦਾ ਕੀਤੀਆਂ ਚੀਜ਼ਾਂ-ਵਸਤਾਂ ਲਈ ਹਵਸ ਪੈਦਾ ਕਰੇ ਜੋ ਸਭਿਆਚਾਰ/ਖਪਤ ਕਲਚਰ ਅਤੇ ਅਫਸੋਸ ਕਿ ਪੰਜਾਬ ਦਾ ਵਰਤਮਾਨ ਸਭਿਆਚਾਰ.... ਆਲਮੀ ਮਲਟੀਨੈਸ਼ਨਲ ਕਾਰਪੋਰੇਸ਼ਨਜ਼ ਲਈ ਸਭ ਤੋਂ ਵੱਧ ਢੁੱਕਵਾਂ/ਸੁਯੋਗ ਸਭਿਆਚਾਰ ਹੈ। ਯਾਦ ਰਹੇ ਕਿ ਪੰਜਾਬ ਜੀਵਨ ਦੀਆਂ ਫਜ਼ੂਲ ਵਸਤਾਂ-ਚੀਜ਼ਾਂ ਦੀ ਖਪਤ 'ਚ ਏਸ ਵੇਲੇ ਦੇਸ਼ ਦਾ ਮੋਹਰੀ ਸੂਬਾ ਹੈ। ਮੰਡੀ ਸ਼ਕਤੀਆਂ ਗਾਹਕਾਂ 'ਚ ਆਪਸੀ ਮੁਕਾਬਲਾ ਪੈਦਾ ਕਰਨ ਲਈ ਵੀ ਬਹੁਤ ਯੋਜਨਾਬੰਦੀ ਕਰਦੀਆਂ ਹਨ। ਹੋਛੀ ਸਮਝ ਦੇ ਹੰਕਾਰੀ ਲੋਕ ਇਸ ਜੁਗਲਬੰਦੀ ਦਾ ਸ਼ਿਕਾਰ ਬਹੁਤ ਛੇਤੀ ਹੁੰਦੇ ਹਨ। ਪੰਜਾਬੀ ਮਾਨਸਿਕਤਾ ਇਸ ਦੀ ਬਹੁਤ ਹੀ ਉਘੜਵੀਂ ਮਿਸਾਲ ਹੈ। ਗੁਆਂਢੀਆਂ ਤੋਂ ਅੱਗੇ ਲੰਘਣ ਦੀ ਤਾਂਘ, ਕੋਠੀਆਂ, ਕਾਰਾਂ, ਟਰੈਕਟਰ ਖਰੀਦਣ ਦੇ ਮੁਕਾਬਲੇ ਅਤੇ ਵੱਡੇ ਵੱਡੇ ਸਮਾਗਮ ਕਰਨੇ। ਭਲਾ ਕਿਹੜੇ ਨਰੋਏ ਸਭਿਆਚਾਰ ਦੀਆਂ ਨਿਸ਼ਾਨੀਆਂ ਹਨ? ਪੰਜਾਬ 'ਚ ਜ਼ਮੀਨ ਘੱਟ ਟਰੈਕਟਰ ਜ਼ਿਆਦਾ ਹਨ। ਜੀਅ ਥੋੜੇ, ਵੱਡੀਆਂ ਵੱਡੀਆਂ ਕੋਠੀਆਂ ਜ਼ਿਆਦਾ ਹਨ। ਭਲਾ ਕਿਉਂ? ਕਿਉਂਕਿ ਮੰਡੀ ਦੀਆਂ ਚਲਾਕ ਤਾਕਤਾਂ ਪੰਜਾਬੀ ਸਭਿਆਚਾਰ 'ਚ ਸੰਨ੍ਹ ਲਾਉਣ 'ਚ ਕਾਮਯਾਬ ਹੋ ਰਹੀਆਂ ਹਨ।

> **_ਪੰਜਾਬੀ ਸਵੈਮਾਨ, ਗੈਰਤ... ਦੂਜੇ ਲਈ ਤਿਆਗ ਕੁਰਬਾਨੀ ਦਾ ਜਜ਼ਬਾ, ਪੰਜਾਬੀ ਇਮਾਨਦਾਰੀ, ਪ੍ਰਾਹੁਣਚਾਰੀ, ਪੰਜਾਬੀ ਪਿਆਰ, ਭਾਈਚਾਰਕ ਸਾਂਝ ਆਦਿ... ਅਜੋਕੇ ਗਲੋਬਲੀ ਪੰਜਾਬੀ ਸਭਿਆਚਾਰ 'ਚੋਂ ਮਨਫ਼ੀ ਹੁੰਦੇ ਜਾ ਰਹੇ ਹਨ। ਆਲਮੀ ਮੰਡੀ ਨਾਲ ਪੂਰੀ ਤਰ੍ਹਾਂ ਜੁੜ ਚੁਕਿਆ ਪੰਜਾਬੀ ਰਹਿਣ ਸਹਿਣ ...ਹੁਣ ਪ੍ਰੋ. ਪੂਰਨ ਸਿੰਘ ਜਾਂ ਧਨੀ ਰਾਮ ਚਾਤ੍ਰਿਕ ਵਾਲਾ ਨਹੀਂ ...ਬਲਕਿ ਅਮਰੀਕੀ/ਵਲੈਤੀ ਜ਼ਿਆਦਾ ਹੋਣਾ ਲੋਚਦਾ ਹੈ। ਵਜ੍ਹਾ ਇਹ ਕਿ ਪੰਜਾਬੀ ਅਰਥਚਾਰਾ ਦਿਨ-ਬ-ਦਿਨ ਲਗਾਤਾਰ ਦਿਉਕੱਦ ਮਲਟੀਨੈਸ਼ਨਲਜ਼, ਦੇਸੀ-ਵਿਦੇਸ਼ੀ ਕਾਰਪੋਰੇਟ ਸੈਕਟਰ ਦੇ ਲੋਹ-ਜਾਲ 'ਚ ਉਲਝਦਾ ਜਾ ਰਿਹਾ ਹੈ ਅਤੇ ਇਹ ਕੌਣ ਨਹੀਂ ਜਾਣਦਾ ਕਿ ਇਹ ਵਪਾਰੀ ਧਿਰਾਂ ਕਿਸ ਤਰ੍ਹਾਂ ਦਾ ਸਭਿਆਚਾਰਕ ਮਹੌਲ ਬਣਾਉਣਾ ਜਾਂ ਉਸਾਰਨਾ ਚਾਹੁੰਦੀਆਂ ਹਨ।_**

ਇਸ ਤੱਥ 'ਚ ਕੋਈ ਸ਼ੱਕ ਨਹੀਂ ਕਿ ਵਿਅਕਤੀ ਅਤੇ ਉਸਦੀ ਸੋਚਣੀ ਕਦੇ ਪੂਰੀ ਤਰ੍ਹਾਂ ਆਜ਼ਾਦ ਨਹੀਂ ਹੁੰਦੇ। ਉਹ ਕਿਸੇ ਨਾ ਕਿਸੇ ਤਰ੍ਹਾਂ, ਕਿਤੇ ਬੱਧੇ ਹੋਏ ਜ਼ਰੂਰ ਹੁੰਦੇ ਹਨ। ਭਾਵ ਕਿ ਵਿਅਕਤੀ ਅਤੇ ਵਿਅਕਤੀਆਂ ਦੇ ਸਮੂਹ, ਹਰ ਵਿਅਕਤੀ ਦਾ ਵਿਅਕਤੀਗਤ ਅਤੇ ਉਸਦਾ ਸਮੂਚਾ ਸਮਾਜ-ਸਭਿਆਚਾਰ ਕਿਸੇ ਨਾ ਕਿਸੇ ਕੇਂਦਰ ਤੋਂ ਨਿਯੰਤ੍ਰਿਤ ਜ਼ਰੂਰ ਹੋ ਰਹੇ ਹੁੰਦੇ ਹਨ। ਵੱਖ ਵੱਖ ਤਰ੍ਹਾਂ ਦੇ ਸਾਧਨਾਂ ਦਾ ਇਕ ਵਿਆਪਕ ਜਾਲ ਸਮਾਜ ਦੀ ਸਮੁੱਚੀ ਵਿਵਸਥਾ ਨੂੰ ਆਪਣੀ ਮਰਜ਼ੀ ਅਨੁਸਾਰ ਚਲਾ ਰਿਹਾ ਹੁੰਦਾ ਹੈ। ਵੀਹਵੀਂ ਸਦੀ ਦਾ ਸੰਸਾਰ ਪ੍ਰਸਿੱਧ ਚਿੰਤਕ 'ਮਿਸ਼ੇਲ ਫੁਕੋ' ਦਾ ਇਸ ਸੰਦਰਭ 'ਚ ਮੰਨਣਾ ਹੈ ਕਿ ਵਿਅਕਤੀ/ਸਮਾਜ ਨੂੰ ਸਟੇਟ ਆਪਣੇ ਮਨੋਰਥਾਂ ਅਨੁਸਾਰ 'ਸਿਧਾ' ਲੈਂਦੀ ਹੈ। ਉਸ ਦੀ ਧਾਰਨਾ ਹੈ ਕਿ ਸਟੇਟ ਵਿਅਕਤੀ ਨੂੰ ਸਿਰਫ ਮਾਨਸਿਕ ਪੱਧਰ ਤੇ ਹੀ ਨਹੀਂ 'ਸਿਧਾ' ਕੇ ਰੱਖਦੀ, ਸਗੋਂ ਸਰੀਰਕ ਪੱਧਰ 'ਤੇ ਵੀ ਪੂਰੀ ਤਰ੍ਹਾਂ ਆਪਣੇ ਅਨੁਸਾਰ ਕੰਟਰੋਲ ਕਰਕੇ 'ਸਿਧਾ' ਕੇ ਰੱਖਦੀ ਹੈ। ਉਸ ਦਾ ਵਿਚਾਰ ਹੈ ਕਿ ਸਟੇਟ ਦਾ ਸੰਮੁਚਾ ਤਾਣਾ-ਬਾਣਾ ਸਿੱਖਿਆ, ਮੀਡੀਆ, ਸਿਹਤ ਵਿਭਾਗ, ਇਸ਼ਤਿਹਾਰਬਾਜ਼ੀ, ਟੀ. ਵੀ. ਜੇਲਾਂ, ਪੁਲਿਸ, ਫੌਜ, ਕਾਨੂੰਨ, ਸਿਆਸਤ, ਕਲਚਰ, ਧਰਮ ਆਦਿ ਆਦਿ ਸਭ ਦੇ ਸਭ ਅੰਗ ਸਿਰਫ਼ ਇਕੋ ਮਕਸਦ ਪੂਰਾ ਕਰਨ ਲਈ ਹੁੰਦੇ ਹਨ। ....ਅਤੇ ਉਹ ਮਕਸਦ ਹੈ 'ਵਿਅਕਤੀ ਨੂੰ ਸਟੇਟ ਦੇ ਹੁਕਮ ਵਿਚ ਬੰਨ੍ਹ ਕੇ, ਸਿਧਾ ਕੇ ਰੱਖਣਾ।

ਇਟਲੀ ਦੇ ਇਕ ਹੋਰ ਪ੍ਰਸਿਧ ਫਿਲਾਸਫ਼ਰ 'ਐਨਤਾ ਐਨਤਾਨੀਓ ਨਿਓਂ ਗ੍ਰਾਮਸ਼ੀ' ਦਾ ਵਿਚਾਰ ਹੈ ਕਿ ਸਮਾਜ ਦੀ ਸੰਮੁਚੀ ਨਿਗਰਾਨੀ ...ਸਟੇਟ ਆਪਣੀ ਸੰਪੂਰਨ ਸ਼ਕਤੀ, ਏਕਾ ਧਿਕਾਰ ਸ਼ਕਤੀ (ਹੁਇਅਮੋਨੇ) ਰਾਹੀਂ ਕਰ ਰਹੀ ਹੁੰਦੀ ਹੈ, ਸਮਾਜ ਦਾ ਸੰਮੁਚਾ ਸਭਿਆਚਾਰ ਇਸ ਮਨੋਰਥ ਨਾਲ ਉਸਾਰਿਆ ਜਾ ਰਿਹਾ ਹੁੰਦਾ ਹੈ ਕਿ ਸਟੇਟ ਦੇ ਮਨੋਰਥ ਆਪਣੇ ਆਪ ਹੀ ਪੂਰੇ ਹੁੰਦੇ ਰਹਿਣ। ਭਾਵ ਕਿ ਬਾਹਰੀ ਤਾਕਤਾਂ (ਪੁਲਿਸ/ਫੌਜ ਆਦਿ) ਦੀ ਵਰਤੋਂ ਵੀ ਨਾ ਕਰਨੀ ਪਵੇ। ...ਅਤੇ ਸਟੇਟ ਦਾ ਇਹ ਮਕਸਦ ਤਦੇ ਹੀ ਪੂਰਾ ਹੋ ਸਕਦਾ ਹੈ ਜੇਕਰ ਸੰਮੁਚਾ ਸਭਿਆਚਾਰ/ਜੀਵਨ ਸ਼ੈਲੀ ਹੀ ਇਸ ਤਰ੍ਹਾਂ ਦੀ ਬਣਾ ਦਿੱਤੀ ਜਾਵੇ ਕਿ ਹਰ ਵਿਅਕਤੀ/ਸਮਾਜ ਸਮੂਹ ਆਪਣੇ ਆਪ ਹੀ 'ਸਿੱਧਾ' ਤੁਰਿਆ ਜਾਵੇ।

ਇਸੇ ਸੰਦਰਭ 'ਚ ਇਕ ਹੋਰ ਸਮਾਜ ਸ਼ਾਸਤਰੀ/ਦਾਰਸ਼ਨਿਕ 'ਲੁਈ ਅਸਤਿਓਸੇਰ' ਦਾ ਕਹਿਣਾ ਹੈ ਕਿ ਸਟੇਟ ਆਪਣੀ ਵਿਚਾਰਧਾਰਾ, ਆਪਣੀਆ ਵੱਖ ਵੱਖ ਸੰਸਥਾਵਾਂ, ਸਿਆਸਤ, ਆਰਥਿਕਤਾ, ਸਭਿਆਚਾਰ, ਕਾਨੂੰਨ, ਸਿਖਿਆ ਆਦਿ ਰਾਹੀਂ ਲੋਕਾਂ ਦੇ ਮਨਾਂ-ਦਿਮਾਗਾਂ ਤੱਕ ਲੈ ਜਾਣ ਲਈ ਹਰ ਢੰਗ ਤਰੀਕਾ ਵਰਤਦੀ ਹੈ। ਇਨ੍ਹਾਂ ਸਭ ਸਾਧਨਾਂ ਦੀ ਵਰਤੋਂ ਲੋਕਾਂ ਨੂੰ ਆਪਣੇ ਪਿਛਲੱਗ ਬਣਾਉਣ ਲਈ ਬਹੁਤ ਬਾਰੀਕੀ ਨਾਲ ਕੀਤੀ ਜਾਂਦੀ ਹੈ।

ਓਪਰੋਕਤ ਤਥਾਂ-ਧਾਰਨਾਵਾਂ ਦੇ ਮੱਦੇ ਨਜ਼ਰ ਇਹ ਸਚਾਈ ਸਥਾਪਤ ਹੋਣ ਵਿਚ ਕੋਈ ਸੰਦੇਹ ਨਹੀਂ ਰਹਿ ਜਾਂਦਾ ਕਿ ਵਰਤਮਾਨ ਪੰਜਾਬੀ ਸਭਿਆਚਾਰ-ਰਹਿਤਲ ਵੀ ਕਿਸੇ ਕੰਟਰੋਲ-ਰੂਮ ਤੋਂ ਕੰਟਰੋਲ ਹੋ ਰਿਹਾ ਹੈ। ਇਹ ਅਦਿੱਖ ਤਾਂ ਹੋ ਸਕਦਾ ਹੈ (ਸਧਾਰਨ ਵਿਅਕਤੀ ਲਈ) ਪਰ ਇਸ ਦੀ ਹੋਂਦ ਤੋਂ ਮੁਨੱਕਰ ਨਹੀਂ ਹੋਇਆ ਜਾ ਸਕਦਾ। ਅੱਜ ਦੀ ਦੁਨੀਆਂ ਗਲੋਬਲ ਮੰਡੀ ਦੀਆਂ ਚਾਲਕ ਸ਼ਕਤੀਆਂ ਦੇ ਹੱਥ ਵਿਚ ਹੈ। (ਕਰ ਲੋ ਦੁਨੀਆਂ ਮੁੱਠੀ ਮੇਂ ਬੰਦ) ਅੱਜ ਦੀ ਦੁਨੀਆਂ ਦੀ ਸਮੁੱਚੀ ਸਿਆਸਤ, ਸਭਿਆਚਾਰ, ਦਰਸ਼ਨ, ਰਹਿਤਲ, ਜਾਂ ਕਹਿਲਓ ਕਿ ਸਮੁੱਚੀ ਦੁਨੀਆਂ ਦਾ ਆਧਾਰ ਅਤੇ ਪਾਸਾਰ ਵੀ ਆਲਮੀ ਮੰਡੀ ਦੀਆਂ ਮਹਾਂਸ਼ਕਤੀਆਂ ਦੇ ਹੱਥ ਵਿਚ ਹੈ। ਦੁਨੀਆਂ ਭਰ ਵਿਚ ਸਭਿਆਚਾਰਾਂ, ਸਿਆਸਤ ਅਤੇ ਆਰਥਿਕਤਾਵਾਂ ਦੇ ਵਜੂਦ ਅਤੇ ਸਰੂਪ ਇਸ ਤਰ੍ਹਾਂ ਦੇ ਬਣਾ ਦਿੱਤੇ ਗਏ ਹਨ ਜਾਂ ਬਣਾਏ ਜਾ ਰਹੇ ਹਨ ਕਿ ਸਟੇਟ ਦੇ ਵਿਰੁੱਧ ਨਾਬਰੀ ਅਤੇ ਵਿਰੋਧਤਾ ਲਗਭਗ ਲੁਪਤ ਹੀ ਹੁੰਦੀਆਂ ਜਾ ਰਹੀਆਂ ਹਨ। ਨਵੇਂ ਸਭਿਆਚਾਰਾਂ ਨੇ (ਸਮੇਤ ਪੰਜਾਬ ਦੇ) ਵਿਅਕਤੀ ਨੂੰ ਭੁਲੇਖਿਆਂ 'ਚ ਜੀਉਣਾ ਸਿੱਖਾ ਦਿੱਤਾ ਹੈ। ਭੁਲੇਖਿਆਂ 'ਚ ਜੀਉਂਦਿਆਂ ਹੋਇਆਂ ਜਸ਼ਨ ਦੇ ਸਭਿਆਚਾਰ/ਸਭਿਆਚਾਰਾਂ ਦੇ ਪੁਖ਼ਤਾ ਅਤੇ ਸੰਜੀਦਾ ਬਿੰਬ ...ਬੇਮਾਅਨੇ ਕੀਤੇ ਜਾ ਰਹੇ ਹਨ। ਗੰਭੀਰ ਸਰੋਕਾਰਾਂ ਨੂੰ ਸਤਹੀ ਅਤੇ ਸਤਹੀ ਸਰੋਕਾਰਾਂ ਨੂੰ ਅਤੀ ਗੰਭੀਰਤਾ ਨਾਲ ਲਿਆ ਜਾ ਰਿਹਾ ਹੈ।

ਵਰਤਮਾਨ ਪੰਜਾਬ ਦੀ ਆਰਥਿਕਤਾ, ਸਿਆਸਤ ਅਤੇ ਸਭਿਆਚਾਰ ਦਾ ਸਰੂਪ ਵੀ ਇਨ੍ਹਾਂ ਉਪਰੋਕਤ ਬਿਆਨੀਆਂ ਹਕੀਕਤਾਂ ਤੋਂ ਬਾਹਰ ਨਹੀਂ। ਪੰਜਾਬੀ ਸੰਵੇਦਨਾ ਨੂੰ ਅਜਿਹੀਆਂ ਕਈ ਸਾਰੀਆਂ ਚਣੌਤੀਆਂ 'ਚੋਂ ਗੁਜ਼ਰਨਾ ਹੀ ਪੈਣਾ ਹੈ ਜੋ ਆਲਮੀ ਪੱਧਰ ਤੇ ਸਭ ਖੇਤਰੀ ਸਭਿਆਚਾਰਾਂ ਨੂੰ ਦਰਪੇਸ਼ ਹਨ। ਸੁਆਲਾਂ ਦਾ ਸੁਆਲ ਹੈ ਕਿ ਪੰਜਾਬੀ ਸਭਿਆਚਾਰ ਨੇ ਇਨ੍ਹਾਂ ਚਣੌਤੀਆਂ 'ਚੋ ਸਾਲਮ-ਸਬੂਤ ਕਿਵੇਂ ਗੁਜ਼ਰਨਾ ਹੈ ਅਤੇ ਆਪਣੀ ਇਕ ਵੱਖਰੀ ਪਹਿਚਾਣ ਰੱਖਦਿਆਂ ਆਪਣੇ ਕੁੱਝ ਮੂਲ ਸੁਭਾਵਾਂ ਨੂੰ ਕਿਵੇਂ ਬਣਾਈ ਰੱਖਣਾ ਹੈ। ਜੇਕਰ ਨਵੀਂ ਪੀੜੀ ਇਨ੍ਹਾਂ ਮੁੱਦਿਆਂ ਪ੍ਰਤੀ ਜਾਗਰੂਕ ਨਾ ਹੋਈ ਤਾਂ ਨੁਕਸਾਨ ਜ਼ਿਆਦਾ ਹੋਣ ਦੀ ਸੰਭਾਵਨਾ ਵੱਧ ਹੈ। ਜਜ਼ਬਾਤੀ ਅਤੇ ਨਾਬਰੀ ਦੇ ਸੁਭਾਅ ਵਾਲੇ ਪੰਜਾਬੀ ਨੂੰ ਵੇਲੇ ਸਿਰ ਜਗਾਉਣ ਦੀ ਲੋੜ ਹੈ।

ਵੇਲੇ ਸਿਰ ਗਲਤ ਤੋਂ ਮੋੜਨ ਅਤੇ ਹੋੜਨ ਦੀ ਲੋੜ ਹੈ। ਪੰਜਾਬੀਆਂ ਕੋਲ, ਨਿਰਸੰਦੇਹ ਮਾਣ ਕਰਨਯੋਗ ਵੀ ਬਹੁਤ ਕੁੱਝ ਹੈ, ਬਹੁਤ ਕੁੱਝ। ਪੰਜਾਬੀ ਵਿਰਸੇ, ਸਭਿਆਚਾਰ, ਇਤਿਹਾਸ, ਰਹਿਤਲ ਦੇ ਮੂਲ ਸਰੋਤਾਂ ਨੂੰ ਸੰਭਾਲਣ, ਜਿੰਦਾ ਰੱਖਣ, ਯਾਦ ਰੱਖਣ ਦੀ ਅਤੀ ਲੋੜ ਹੈ। ਪੰਜਾਬੀ ਸਭਿਆਚਾਰ ਨੂੰ ਸ਼ਬਦ-ਗਿਆਨ ਨਾਲ, ਸਹਿਜ-ਸੰਤੋਖ ਨਾਲ, ਕਿਰਤ-ਵੰਡ ਨਾਲ, ਸਵੈਮਾਣ-ਗੈਰਤ ਨਾਲ, ਬਲੀਦਾਨ-ਤਿਆਗ ਦੇ ਭਾਵ ਨਾਲ, ਭਾਈਚਾਰਕ ਸਾਂਝ-ਈਮਾਨਦਾਰੀ ਜਹੀਆਂ ਕਦਰਾਂ ਕੀਮਤਾਂ ਨਾਲ ਜੋੜ ਕੇ ਰੱਖਣ ਦੀ ਲੋੜ ਹੈ ....ਜੋ ਕਿ ਪੰਜਾਬੀ ਜੀਵਨ ਸ਼ੈਲੀ ਤੇ ਸੰਵੇਦਨਾ ਦਾ ਸਦੀਆਂ ਤੋਂ ਆਧਾਰ ਰਹੀਆਂ ਹਨ। ਉੱਤਰ ਆਧੁਨਿਕਤਾ ਅਤੇ ਗਲੋਬਲੀ ਮੰਡੀ ਤਾਕਤਾਂ ਦੇ ਯੁੱਗ ਵਿਚ ਵਿਚਰਦਿਆਂ ਬਹੁਤ ਸੁਚੇਤ ਹੋ ਕੇ ਚਲਣਾ ਹੋਵੇਗਾ।

***(ਲੇਖਕ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਰਿਹ ਚੁੱਕੇ ਹਨ)***


Maharaja
Banquet Facility & Sultan Banquet Hall
Welcome to
The Maharaja Banquet Facility and
The Sultan Banquet Hall.
We Can accomodate all your functions,
whether they are small or big. We can
accomodate upto 1,000 People.
ਜੀ ਆਇਆਂ ਨੂੰ
* Reception, * Birthday Parties,
* Special Occasions, * Christmas Parties,
* Catering Service, * Great Music System,
* Big Dance Floor, * Excellent Bridal Chair
For reservation please contact us at:
9257-34A Ave. Edmonton, AB (Maharaja Banquet Facility)
Call: (780) 485 8585
www.sultanhall.com 9241-34A Avenue, Edmonton (Sultan Banquet Hall)
Ph. 780 496-9696, (780) 695-7200


Millbourne Road
Medical Clinic
WALK - INS WELCOME
Tel: 780-462-4229
Dr. Vijay Thapar (M.D., CCFP)*
Family Physician By Appointment Only
Dr. B. Jassar (M.D., Ph.D, CCFP)*
Family Physician Cell: 780-918-0516
Dr. B. Jassar
Dr. Vijay Thapar
Tel:780-462-4229
Fax: 780-462-3315
131 Millbourne Road East, Lee Ridge Plaza
Edmonton, AB. T6K 1P6
*Professional Corporation


A-WIN
Insurance
ਹਰੇਕ ਤਰ੍ਹਾਂ ਦੀ ਇੰਸ਼ੋਰੈਂਸ ਲਈ ਫੋਨ ਕਰੋ
ਟਰੱਕ: ਗਰੈਵਲ ਅਤੇ ਲੌਂਗਹਾਲ
For Friendly Service and Quick Quotes
• ਕਾਰ ਮੋਟਰਸਾਈਕਲ ਇੰਸ਼ੋਰੈਂਸ
• ਘਰ, ਕੰਡੋਮੀਨੀਅਮ ਅਤੇ ਕਿਰਾਏਦਾਰ ਇੰਸ਼ੋਰੈਂਸ
• ਟਰੱਕ: ਲੌਂਗਹਾਲ ਅਤੇ ਗਰੈਵਲ
• ਕਮਰਸ਼ੀਅਲ ਅਤੇ ਬਿਜ਼ਨਸ ਇੰਸ਼ੋਰੈਂਸ
• ਟਰੈਵਲ ਅਤੇ ਮੈਡੀਕਲ ਇੰਸ਼ੋਰੈਂਸ
• Car, Motorcycle
• Home, Condominium
• Tenant Package, Rental Dwellings
• Trucks: Long Haul & Gravel
• Commercial & Business Insurance
• Travel & Medical Insurance
Discounts up to 60%
Payment options available
ਅਸੀਂ ਅੰਗਰੇਜ਼ੀ, ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲਬਾਤ ਕਰ ਸਕਦੇ ਹਾਂ We Provide Service In English, Punjabi, Hindi & Urdu.
ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ
ਐਡਮਿੰਟਨ: 780-465-6900
ਰਾਜੀਵ ਜੌਲੀ, ਜੈਸ ਬਦੇਸ਼ਾ, ਸ਼ਾਲੂ ਬਦੇਸ਼ਾ, ਮੈਡੀਂ ਹਿਜ਼ਮਾਨ,
ਨਵਤੇਜ ਬੈਂਸ, ਸੋਨਮ ਦਿਉਲ ਅਤੇ ਜਸਵੀਰ ਦਿਉਲ।
ਕੈਲਗਰੀ: 403-775-2100
ਰੂਪੀ ਚੇਰਾ, ਡੈਨਾ ਨਮਿਥ, ਸੁਭਾਸ਼
ਤਰਨਪ੍ਰੀਤ ਮੇਹਦਵਾਨ ਅਤੇ ਜੈਸੀ ਸਿੰਘ

# ‘ਨਵੀਂ ਦੁਨੀਆ’ ਨਵਾਂ ਅੰਦਾਜ਼



ਐੱਮ. ਐੱਲ. ਏ. ਨਰੇਸ਼ ਭਾਰਦਵਾਜ, ਮਾਤਾ ਗਿਆਨ ਕੌਰ ਦਿਓਲ ਅਤੇ ਕੌਂਸਲਰ ਅਮਰਜੀਤ ਸੋਹੀ

ਵਪਾਰਕ ਮੀਡੀਆ ਪਾਠਕਾਂ/ਦਰਸ਼ਕਾਂ ਨੂੰ ਹੌਲ਼ੀ ਹੌਲ਼ੀ ਗੈਰ-ਰਾਜਨੀਤਿਕ ਪ੍ਰਾਣੀ ਬਣਾਉਂਦਾ ਹੈ.... ਉਨ੍ਹਾਂ ਦੇ ਅੰਦਰ ਦੀਆਂ ਸਵੈ-ਮਾਨੀ ਕਦਰਾਂ-ਕੀਮਤਾਂ ਨੂੰ ਖੋਰ ਕੇ ਉਸ ਦੀ ਥਾਂ ਖਪਤਵਾਦੀ ਤੜਕ ਭੜਕ ਵਾਲ਼ੀਆਂ ਉਕਸਾਊ ਭਾਵਨਾਵਾਂ ਅਛੋਪਲੇ ਹੀ ਭਰ ਦਿੰਦਾ ਹੈ...

*ਰੌਬਰਟ ਮੈਕਚੈਸਨੇ*

...ਪਰ ‘ਨਵੀਂ ਦੁਨੀਆ’ ਬਿਲਕੁਲ ਵਖੱਰੇ ਅਤੇ ਪੂਰੀ ਤਰ੍ਹਾਂ ਲੋਕ ਕਦਰਾਂ-ਕੀਮਤਾਂ ਨੂੰ ਪਰਣਾਇਆ ਰਹੇਗਾ। ਇਹੀ ਸਾਡਾ ਅਕੀਦਾ ਹੈ ਅਤੇ ਇਹੀ ਲੋਕ ਪੱਤਰਕਾਰੀ ਦਾ ਅਸਲੀ ਧਰਮ।

*ਸੰਪਾਦਕੀ ਟੀਮ, ਨਵੀਂ ਦੁਨੀਆ*



ਐੱਮ. ਪੀ. ਟਿੰਮ ਉੱਪਲ, ਜਸਬੀਰ ਦਿਓਲ, ਹਰਦੀਪ ਸੇਖੋਂ ਅਤੇ ਹੋਰ



ਐਡਮਿੰਟਨ ਦੇ ਮਹਾਰਾਜਾ ਬੈਂਕੁਅਟ ਹਾਲ ਵਿਚ ‘ਨਵੀਂ ਦੁਨੀਆ’ ਨੂੰ ਸਮੂਹਕ ਤੌਰ ’ਤੇ ਲੋਕ ਅਰਪਣ ਕੀਤੇ ਜਾਣ ਦਾ ਦ੍ਰਿਸ਼




## Deol Insurance & Financial Planning

| | |
|---|---|
| Life Insurance | ਲਾਈਫ ਇੰਸ਼ੋਰੈਂਸ |
| Mortgage Insurance | ਮੋਰਟਗੇਜ ਇੰਸ਼ੋਰੈਂਸ |
| Health Plans | ਹੈਲਥ ਪਲੈਨਜ਼ |
| Critical Illness Insurance | ਕਰਿਟੀਕਲ ਇਲਨੈਸ ਇੰਸ਼ੋਰੈਂਸ |
| Disability Insurance | ਡਿਸਏਬਿਲਟੀ ਇੰਸ਼ੋਰੈਂਸ |
| Travel Insurance | ਟਰੈਵਲ ਇੰਸ਼ੋਰੈਂਸ |
| Retirement Savings Plans | ਰਿਟਾਇਰਮੈਂਟ ਸੇਵਿੰਗਜ਼ ਪਲੈਨਜ਼ |

**Guaranteed Paid up Life Insurance**
Get your money back if you don't develop any critical illness

**For More Information Please Contact**

**Jasbir Deol**
Cell: 780 906 4497
Phone: 780 465 6900
Fax: 780 465 0661

2nd Floor 3448-93, Street NW,
Edmonton, AB T6E 6A4



# ALPHA
## Tent Rentals
**All Events Big or Small**





**Tents** All Size and Different Colours,
**Tables** Rectangular & Round,
**Chairs** All Colours,
**Lights**, Dance Floor, Heaters, Fans,
**Catering Equipment,** Coffee Brewers,
Food Warmers, Big Burners, Big Pots
(Patila), Cutlery and Plates,
**Portable Bars,** Beer Tubs, Ice Boxes,
**Carpet, Stantions, Linens and Clips.**

Ladies Sangeet Jago Equipment

Guaranteed Low Prices Open Seven Days a Week

**ਧਾਰਮਿਕ ਅਤੇ ਸਮਾਜਿਕ ਸਮਾਗਮਾਂ ਲਈ ਵਿਸ਼ੇਸ਼ ਛੋਟ**

**We are in this Business Since 2001**

www.alphatentrentals.com

**Umrao Ghinger: 780 237 5556**
**Rana Pandher: 780 498 6375**
**Office: 780 490 5354**





# Supreme Pizza
## Punjabi Pizza

Menisa Plaza (on Millwood Road) 1079 Knottwood Road East NW Edmounton

**Chicken Wings Hot, Honey Garlic**

**(780) 485-1213 or (780) 485-1231**

1 Large Pizza with 4 Toppings & 2 Can Coke

**Paneer Pizza**
Paneer, Onion, Green Peppers, Mushrooms, Tomatoes, Cheese & Tomato sauce

**Vegetarian**
Olives, Mushrooms, Pineapple, Tomatoes Green Peppers onions, cheese & Tomato sauce

**Supreme Special**
Ham, pepperoni, Salami, Mushrooms, Pineapple, Tomatoes, Olive, Onion, Green Peppers & Tomato Sauce

**Chicken Special**
Tandoori Chicken, Onions, Green peppers, Mushrooms, Tomatoes, Cheese & Tomato Salice

**The Pasta Niche**
Baked Lasagna with Meal Sauce and Vaggi Sauce

**Delivery Charges Will Apply to All Areas**

**ਸੁਪਰੀਮ ਪੀਜ਼ਾ**
ਅੰਮ੍ਰਿਤਧਾਰੀ ਵੀਰਾਂ ਤੇ ਭੈਣਾਂ ਲਈ ਖਾਸ ਸੁੱਚਮ ਨਾਲ ਪੀਜ਼ਾ ਤਿਆਰ ਕੀਤਾ ਜਾਂਦਾ ਹੈ
**ਪੰਜਾਬੀ ਸਟਾਈਲ ਪੀਜ਼ਾ**



**Delivery Hours**
Monday to Thursday: 2:30pm to 11:00pm,
Friday & Saturday: 2:30pm to 12:00midnight
Sunday & Holidays: 2:30pm to 11:00pm

**List of Toppings**
Paneer, BBQ Chicken, Tandoori Chicken, Hot Pepperoni, Pepperoni, Ham, Mushrooms, Beef, Capacolli, Onions, Shrimps, Italian Sausage, Olives, Green Peppers, Anchovies, Tomatoes, Salami, Jalapinos, Feta Cheese, Pineapple

**Try Us Tonight For Best Deal In Town**
**3 For 1**
Any 3 Toppings
12" Medium - 14" Large

For Delivery: Please Call 1 hr. Before we close! its Faster if you order by Number. Call: (780) 485 1213

ਅਧਰਕ, ਧਨੀਆ ਅਤੇ ਹਰੀਆਂ ਮਿਰਚਾਂ ਵਾਲਾ ਕਰਾਰਾ ਅਤੇ ਸਵਾਦੀ ਪੀਜ਼ਾ
ਖਾਣ ਲਈ ਇਕੋ-ਇਕ ਨਾ **ਸੁਪਰੀਮ ਪੀਜ਼ਾ**
ਆਪਣੇ ਭਰਾਵਾਂ ਦਾ ਪੀਜ਼ਾ ਜਿਸ 'ਤੇ ਤੁਸੀਂ ਪੰਜਾਬੀ ਵਿਚ ਆਰਡਰ ਕਰ ਸਕਦੇ ਹੋ।

**Buy 1 Get 1 Free**

Supreme Pizza Rebate Coupon
Call (780) 485-1213
Order Anything From Menu
Get 5% Off on Your Order
Coupons will be required upon Order
One Coupon Per Order

Supreme Pizza Coupon
Call (780) 485-1213
Order Anything From Menu
Get 5% Off on Your Order
Coupons will be required upon Order
One Coupon Per Order


Learn to be Collision Free
Advance
Driving School
Misha Sooch
DRIVER EDUCATION COUNCILLOR
* Lady Instructor Available
* Defensive Training Classes
Available to Restore Demerits
ਵਧੀਆ ਡਰਾਈਵਿੰਗ ਟ੍ਰੇਨਿੰਗ ਲਈ ਹਮੇਸ਼ਾ ਯਾਦ ਰੱਖੋ
ਐਡਵਾਂਸ ਡਰਾਈਵਿੰਗ ਸਕੂਲ
FREE PICK UP & DROP OFF SERVICE
Edmonton & Sherwood Park
Contact: (780) 660 4090
Sherwood Park, AB, Canada, T8C1H3 www.advancedrivingschool.ca


Advance Limos Ltd.
Phone: 780 236 5000, Fax: 780 922 2705
www.advancelimos.ca
The Services we Provide
• Airport Service-Flat Rate
• Weddings Ceremony
• Anniversaries
• Birthday Parties
• Dinner & Theatre Ceremony
• Night On The Town
• Graduation Ceremonies
• Concerts & Sports Events
• Promos & Religious Programs
• & Other Functions
Contact
Aman Sooch
Book Your LIMO Now & Enjoy the Luxurious Ride
(780) 236 5000

ਆਇਰਨ ਗਰਲ

# ਦਸ ਸਾਲਾਂ ਤੋਂ ਮਰਨਵਰਤ ਤੇ ਬੈਠੀ ਮਨੀਪੁਰ ਦੀ ਧੀ

**ਡਾ. ਤੇਜਿੰਦਰ ਵਿਰਲੀ**

ਸਰਮਾਏਦਾਰੀ ਨੇ ਆਪਣਾ ਇਕ ਸਥਾਪਿਤ ਮੀਡੀਆ ਤੰਤਰ ਸਿਰਜ ਰੱਖਿਆ ਹੈ। ਇਸ ਲਈ ਦਸ ਸਾਲਾਂ ਤੋਂ ਜ਼ਿੰਦਗੀ ਮੌਤ ਦੀ ਲੜਾਈ ਲੜ ਰਹੀ ਮਨੀਪੁਰ ਦੀ ਧੀ ਇਰੋਮ ਚਾਨੂੰ ਸ਼ਰਮੀਲਾ ਦਾ ਦਰਦ ਨਾ ਤਾਂ ਹਾਕਮ ਧਿਰਾਂ ਦੇ ਪੱਥਰ ਦਿਲਾਂ ਤੇ ਕੋਈ ਅਸਰ ਕਰ ਸਕਿਆ ਤੇ ਨਾ ਹੀ ਉਸ ਦਾ ਸੰਘਰਸ਼ ਨਿੱਕੀਆਂ ਘਟਨਾਵਾਂ ਨੂੰ ਬੇਲੋੜਾ ਥਾਂ ਦੇਣ ਵਾਲੇ ਮੀਡੀਏ ਨੂੰ ਖਿੱਚ ਪਾ ਸਕਿਆ। ਜਿਵੇਂ ਹਰਿਆਣੇ ਦੀ ਧੀ ਰੁਚਿਕਾ ਦੀਆਂ ਚੀਕਾਂ ਵੀ 17 ਸਾਲ ਭਾਰਤੀ ਪੁਲਿਸ ਦੇ ਭਾਰੇ ਬੂਟਾਂ ਹੇਠ ਹੀ ਦੱਬੀਆਂ ਰਹੀਆਂ ਤੇ ਉਦੋਂ ਬਾਹਰ ਆਈਆਂ ਜਦੋਂ ਸੰਘਰਸ਼ਸ਼ੀਲ ਧਿਰਾਂ ਅੰਤਿਮ ਸਾਹ ਤੱਕ ਲੜਨ ਦੇ ਅਹਿਦ ਨਾਲ ਨਾ ਤਾਂ ਮੈਦਾਨ ਵਿੱਚੋਂ ਹਟੀਆਂ ਤੇ ਨਾ ਹੀ ਡਰੀਆਂ।

ਮਨੀਪੁਰ ਦੀਆਂ ਵਿਗੜਦੀਆਂ ਪਰਸਥਿਤੀਆਂ ਨੂੰ ਦੇਖਦਿਆਂ ਸਰਕਾਰ ਨੇ ਉਨ੍ਹਾਂ ਲਈ ਅਜਿਹਾ ਕਾਲਾ ਕਾਨੂੰਨ ਬਣਾਇਆ ਹੈ ਜਿਸ ਨੇ ਮਨੀਪੁਰ ਦੀਆਂ ਸਥਿਤੀਆਂ ਨੂੰ ਬਦ ਤੋਂ ਬਦਤਰ ਬਣਾ ਦਿੱਤਾ ਹੈ। "ਅਫਸਪਾ" (ਸੁਸ਼ਤਰ ਬਲ ਵਿਸ਼ੇਸ ਅਧਿਕਾਰ ਕਾਨੂੰਨ 1958) ਜਿਸ ਦੇ ਤਹਿਤ ਸੁਰੱਖਿਆ ਦਸਤਿਆਂ ਨੂੰ ਕਈ ਕਿਸਮ ਦੇ ਵਿਸ਼ੇਸ਼ ਅਧਿਕਾਰ ਦਿੱਤੇ ਗਏ ਹਨ। ਇਸ ਐਕਟ ਤਹਿਤ ਉਹ ਕਿਸੇ ਨੂੰ ਬਿਨਾਂ ਸ਼ਿਕਾਇਤ ਗ੍ਰਿਫਤਾਰ ਕਰ ਸਕਦੇ ਹਨ, ਉਹ ਕਿਸੇ ਨੂੰ ਗੋਲੀ ਵੀ ਮਾਰ ਸਕਦੇ ਹਨ।

ਮਨੀਪੁਰ ਵਿਚ ਗਰੀਬ ਆਦੀਵਾਸੀਆਂ ਦਾ ਜੀਵਨ ਨਰਕ ਤੋਂ ਵੀ ਬਦਤਰ ਹੋ ਗਿਆ ਹੈ। ਉਨ੍ਹਾਂ ਦੀ ਨਸਲ ਬਦਲੀ ਕੀਤੀ ਜਾ ਰਹੀ ਹੈ। ਉਨ੍ਹਾਂ ਦੇ ਰੋਹ ਨੂੰ ਵਿਦਰੋਹ ਦੀ ਲਾਟ 'ਚ ਬਲਣ ਲਈ ਛੱਡ ਦਿੱਤਾ ਜਾਂਦਾ ਹੈ ਜਿਸ ਦੀ ਜਿੰਦਾ ਉਦਾਹਰਣ ਹੈ ਇਰੋਮ ਚਾਨੂੰ ਸ਼ਰਮੀਲਾ ਦਾ ਦਸ ਸਾਲਾਂ ਤੋਂ ਰੱਖਿਆ ਮਰਨ ਵਰਤ। ਉਹ ਪਿਛਲੇ ਦਸ ਸਾਲਾਂ ਤੋਂ ਹਰ ਪਲ ਹਰ ਘੜੀ ਮਰਨ ਲਈ ਸੰਘਰਸ਼ ਕਰ ਰਹੀ ਹੈ ਤੇ ਜਿਸ ਨੂੰ 'ਆਤਮ ਹੱਤਿਆ ਵਿਰੋਧੀ ਐਕਟ' ਦੇ ਤਹਿਤ ਜਬਰਦਸਤੀ ਨੱਕ ਰਾਹੀ ਖੁਰਾਕ ਦਿੱਤੀ ਜਾਂਦੀ ਹੈ।

ਦਰਜਾ ਚਾਰ ਕਰਮਚਾਰੀ ਦੇ ਘਰ 14 ਮਾਰਚ 1972 ਨੂੰ ਜਨਮੀ ਇਰੋਮ ਚਾਨੂੰ ਸ਼ਰਮੀਲਾ ਆਪਣੇ ਮਾਂ ਬਾਪ ਦੀ ਨੌਵੀ ਔਲਾਦ ਹੈ। ਆਰਥਿਕ ਤੰਗੀਆਂ 'ਚ ਗੁਜ਼ਰਦੇ ਇਸ ਪਰਿਵਾਰ ਵਿਚ ਜਦੋਂ ਇਰੋਮ ਚਾਨੂੰ ਦਾ ਜਨਮ ਹੋਇਆ ਤਾਂ 44 ਸਾਲਾਂ ਦੀ ਮਾਂ ਇਰੋਮ ਸਖੀ ਦੀਆਂ ਛਾਤੀਆਂ ਸੁੱਕ ਚੁੱਕੀਆਂ ਸਨ ਤੇ ਉਹ ਆਪਣੀ ਨੌਵੀ ਔਲਾਦ ਨੂੰ ਰੱਜਵਾਂ ਦੁੱਧ ਪਿਲਾ ਸਕਣ ਤੋਂ ਅਸਮਰੱਥ ਸੀ। ਸਿੱਟੇ ਵਜੋਂ ਇਰੋਮ ਚਾਨੂੰ ਸ਼ਰਮੀਲਾ ਭੁੱਖੀ ਰੋਂਦੀ ਰਹਿੰਦੀ ਤੇ ਹੋਰ ਮਾਂਵਾ ਉਸ 'ਤੇ ਤਰਸ ਖਾ ਕੇ ਉਸ ਨੂੰ ਆਪਣਾ ਦੁੱਧ ਪਿਲਾ ਦਿੰਦੀਆਂ। ਇਸ ਰਿਸ਼ਤੇ ਤੋਂ ਉਹ ਸਾਰੀਆਂ ਮਾਂਵਾਂ ਦੇ ਦੁੱਧ ਦਾ ਕਰਜ਼ ਉਤਾਰ ਰਹੀ ਹੈ। ਜਿਹੜਾ ਉਸ ਬਾਲੜੀ ਦੇ ਸਿਰ ਉਸ ਮਨੀਪੁਰ ਦੀਆਂ ਮਾਂਵਾਂ ਨੇ ਬਚਪਨ ਵਿਚ ਚਾੜਿਆ ਹੈ। ਕਈ ਮਾਂਵਾਂ ਤੋਂ ਜੀਵਨ ਸ਼ਕਤੀ ਲੈ ਕੇ ਜਵਾਨੀ ਦੀ ਦਹਿਲੀਜ਼ 'ਤੇ ਪੈਰ ਰੱਖਣ ਵਾਲੀ ਇਰੋਮ ਚਾਨੂੰ ਸ਼ਰਮੀਲਾ ਏਨੇ ਬੁਲੰਦ ਇਰਾਦਿਆਂ ਦੀ ਹੈ ਕਿ ਨਾ ਤਾਂ ਉਸ ਨੂੰ ਧਮਕੀਆਂ ਹੀ ਡਰਾ ਸਕੀਆਂ ਹਨ ਨਾ ਹੀ ਉਸ ਨੂੰ ਕੋਈ ਲਾਲਚ ਹੀ ਮੋਹ ਸਕਿਆ ਹੈ। ਉਸ ਦਾ ਬੁਲੰਦ ਇਰਾਦਾ ਬਸ ਇਕੋ ਹੀ ਮੰਗ ਕਰਦਾ ਹੈ ਕਿ ਜਾਂ ਤਾਂ ਇਹ ਕਾਲਾ ਕਾਨੂੰਨ ਮਨੀਪੁਰ ਦੀ ਧਰਤੀ ਤੋਂ ਖਤਮ ਕੀਤਾ ਜਾਵੇ ਜਾਂ ਉਸ ਨੂੰ ਮਰਨ ਦਿੱਤਾ ਜਾਵੇ।

ਨਵੰਬਰ 2000 ਵਿਚ ਵਾਪਰੀਆਂ ਘਟਨਾਵਾਂ ਕਾਰਨ ਉਸ ਨੇ ਬਿਨਾਂ ਕਿਸੇ ਨਾਲ ਵੀ ਸਲਾਹ ਮਸ਼ਵਰਾ ਕੀਤਿਆਂ ਮਰਨ ਵਰਤ ਰੱਖ ਦਿੱਤਾ। ਪਹਿਲੀ ਨਵੰਬਰ ਨੂੰ ਇਕ ਵਿਦਰੋਹੀ ਸੰਗਠਨ ਨੇ ਸੁਰੱਖਿਆ ਦਸਤਿਆਂ ਤੇ ਇਕ ਬੰਬ ਸਿੱਟ ਦਿੱਤਾ ਜਿਸ ਦੇ ਗੁੱਸੇ ਵਿਚ ਸੁਰੱਖਿਆ ਦਸਤਿਆਂ ਨੇ ਮਾਲੋਮ ਬੱਸ ਸਟੇਂਡ ਤੇ ਬੱਸ ਦੀ ਉਡੀਕ ਕਰ ਰਹੇ ਦਸ ਬੇ ਕਸੂਰ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਮਰਨ ਵਾਲਿਆਂ ਦੀਆਂ ਤਸਵੀਰਾਂ ਦੂਸਰੇ ਦਿਨ ਦੀ ਅਖਬਾਰ ਵਿਚ ਪ੍ਰਕਾਸ਼ਤ ਹੋਈਆਂ, ਜਿਨ੍ਹਾਂ ਵਿਚ 62 ਸਾਲਾਂ ਦੀ ਔਰਤ ਲਿਸੇਂਗਬਮ ਇਬੇਤੋਮੀ ਤੇ 18 ਸਾਲਾਂ ਦੀ ਸਿਨਮ ਚੰਦਰਮਣੀ ਸੀ ਜਿਸ ਨੂੰ 1988 ਵਿਚ ਰਾਸ਼ਟਰਪਤੀ ਵੱਲੋਂ ਵੀਰਤਾ ਪੁਰਸਕਾਰ ਮਿਲ ਚੁੱਕਿਆ ਸੀ। ਇਰੋਮ ਚਾਨੂੰ ਸ਼ਰਮੀਲਾ ਆਪਣੀ ਕੰਬਦੀ ਆਵਾਜ਼ ਵਿਚ ਆਖਦੀ ਹੈ ਕਿ ਜਦੋਂ ਉਸਨੇ ਅਖਬਾਰ ਦੇ ਪੰਨੇ ਤੇ ਬੇਕਸੂਰ ਲੋਕਾਂ ਦੀਆਂ ਤਸਵੀਰਾਂ ਦੇਖੀਆਂ ਤਾਂ ਉਹ ਦੰਗ ਰਹਿ ਗਈ ਇਸ ਦਿਲ ਦਹਿਲਾ ਦੇਣ ਵਾਲੇ ਕਾਰਨਾਮੇ ਨੇ ਉਸ ਨੂੰ ਬੇਚੈਨ ਕਰ ਦਿੱਤਾ। ਪਹਿਲਾਂ ਉਸ ਨੇ ਫੈਸਲਾ ਕੀਤਾ ਕਿ ਉਹ ਇਨ੍ਹਾਂ ਨਿਰਦੋਸ਼ ਸ਼ਹੀਦਾਂ ਦੇ ਲਈ ਕੱਢੀ ਜਾ ਰਹੀ ਸ਼ਾਂਤ ਰੈਲੀ ਵਿਚ ਹਿੱਸਾ ਲੈਣ ਜਾਵੇ ਪਰ ਫੇਰ ਉਸ ਨੂੰ ਜਾਪਿਆ ਕਿ ਇਸ ਤਰ੍ਹਾਂ ਦੀਆਂ ਸ਼ਾਂਤ ਰੈਲੀਆਂ ਤਾਂ ਹਰ ਰੋਜ਼ ਦਾ ਵਰਤਾਰਾ ਬਣ ਚੁੱਕਾ ਹੈ। ਉਸ ਨੂੰ ਕੁਝ ਐਸਾ ਕਰਨਾ ਚਾਹੀਦਾ ਹੈ ਜਿਸ ਨਾਲ ਸਰਕਾਰ ਤੱਕ ਲੋਕਾਂ ਦੀ ਆਵਾਜ਼ ਪਹੁੰਚਾਈ ਜਾਵੇ ਤੇ ਉਹ ਮਰਨ ਵਰਤ 'ਤੇ ਬੈਠ ਗਈ ਕਿ ਜਦੋਂ ਤੱਕ ਉਸ ਦੇ ਰਾਜ ਵਿੱਚੋਂ ਸੁਰੱਖਿਆ ਦਸਤਿਆਂ ਨੂੰ ਮਾਨਵ ਜਾਤੀ ਦੇ ਨਾਲ ਹਰ ਤਰਾਂ ਦਾ ਕੁਕਰਮ ਕਰਨ ਦਾ ਕਾਲਾ ਕਾਨੂੰਨ ਵਾਪਸ ਨਹੀਂ ਹੋ ਜਾਂਦਾ ਉਦੋਂ ਤਕ ਉਹ ਮਰਨ ਵਰਤ ਤੇ ਬੈਠੇਗੀ। ਉਹ ਇਸ ਕਾਲੇ ਕਾਨੂੰਨ ਦੇ ਖਿਲਾਫ ਭੁੱਖੀ ਰਹਿ ਕੇ ਮਰ ਤਾਂ ਸਕਦੀ ਹੈ ਪਰ ਇਸ ਕਾਲੇ ਕਾਨੂੰਨ ਨੂੰ ਬਰਦਾਸ਼ਤ ਨਹੀਂ ਕਰ ਸਕਦੀ ਇਸ ਲਈ ਉਸ ਦਾ ਸੰਘਰਸ਼ ਅੱਜ ਦਸਵੇਂ ਸਾਲ ਵਿਚ ਸ਼ਾਮਿਲ ਹੋ ਚੁੱਕਾ ਹੈ। ਭਾਵੇਂ ਹਾਕਮ ਧਿਰਾਂ ਦੇ ਕੰਨ 'ਤੇ ਅਜੇ ਜੂੰ ਤੱਕ ਨਹੀਂ ਸਰਕੀ ਪਰ ਉਸ ਦੇ ਬੁਲੰਦ ਇਰਾਦਿਆਂ ਵਿਚ ਵੀ ਕੋਈ ਕਮੀ ਨਹੀਂ ਆਈ। ਸਰੀਰਕ ਤੌਰ ਤੇ ਉਹ ਪੂਰੀ ਤਰਾਂ ਨਾਲ ਟੁੱਟ ਚੁੱਕੀ ਹੈ। ਉਸ ਦਾ ਭਾਰ ਪਹਿਲੇ ਦਿੰਨ ਤੋਂ ਲਗ ਭਗ ਅੱਧਾ ਰਹਿ ਗਿਆ ਹੈ। ਪੁਲਿਸ ਹਿਰਾਸਤ ਵਿਚ ਕੈਦ ਹਸਪਤਾਲ ਦੇ ਬਿਸਤਰੇ 'ਤੇ ਪਈ ਉਹ ਇਕ ਹੱਡੀਆਂ ਦੀ ਮੁੱਠ ਰਹਿ ਗਈ ਹੈ। 38 ਸਾਲਾਂ ਦੀ ਉਮਰ ਵਿਚ ਉਸ ਦਾ ਮਾਸਕ ਧਰਮ ਬੰਦ ਹੋ ਚੁੱਕਾ ਹੈ। ਉਸ ਨੂੰ ਦੇਖ ਕੇ ਉਸ ਵਿਚ ਜੀਉਂਦੇ ਇਨਸਾਨ ਦੀਆਂ ਭਾਵੇਂ ਕੋਈ ਬਹੁਤੀਆਂ ਨਿਸ਼ਾਨੀਆਂ ਦਿਖਾਈ ਨਹੀਂ ਦਿੰਦੀਆਂ ਪਰ ਉਹ ਜ਼ਿੰਦਾ ਹੈ। ਪੂਰੀ ਤਰਾਂ, ਨਾਲ ਜ਼ਿੰਦਾ ਹੈ। ਉਸ ਦੀ ਇਸ ਜ਼ਿੰਦਾ ਦਿਲੀ ਕਰਕੇ ਹੀ ਜਿੱਥੇ ਉਸ ਨੂੰ ਪਹਿਲਾਂ ਇਕ ' ਨਿੱਕੀ ਗੋਰੀ ਕੁੜੀ ' ਦੇ ਨਾਮ ਨਾਲ ਬੁਲਾਇਆ ਜਾਂਦਾ ਸੀ ਉੱਥੇ ਹੁਣ ਉਸ ਨੂੰ 'ਆਇਰਨ ਗਰਲ' ਦੇ ਨਾਮ ਨਾਲ ਸਮੁੱਚੇ ਸੰਸਾਰ ਵਿਚ ਜਾਣਿਆਂ ਜਾਂਦਾ ਹੈ। ਅੱਜ ਉਹ ਕੁੜੀ ਨੱਕ ਦੀ ਨਾਲੀ ਰਾਹੀ ਮਿਲਦੀ ਖੁਰਾਕ ਦੇ ਸਿਰ 'ਤੇ ਨਹੀਂ ਜੀਉਂਦੀ ਸਗੋਂ ਜ਼ਿੰਦਾ ਰਹਿਣ ਦੇ ਬੁਲੰਦ ਇਰਾਦਿਆਂ ਦੀ ਬਦੌਲਤ ਹੀ ਜੀਅ ਰਹੀ ਹੈ ਤੇ ਜੀਅ ਵੀ ਆਪਣੀਆਂ ਸ਼ਰਤਾਂ 'ਤੇ ਰਹੀ ਹੈ। ਉਸ ਦੀਆਂ ਸ਼ਰਤਾਂ ਮਨੁੱਖਤਾ ਦੇ ਵੱਡੇ ਕਾਰਜ ਨਾਲ ਜੁੜੀਆਂ ਹੋਈਆਂ ਹਨ। ਜਿਹੜਾ ਕਾਰਜ ਹਾਕਮ ਧਿਰਾਂ ਦੀ ਮਨ ਮਰਜੀ ਦੇ ਕਾਨੂੰਨ ਦੇ ਵਿਰੁਧ ਹੈ। ਜਿਸ ਲਈ ਉਹ ਮਰ ਸਕਦੀ ਹੈ ਪਰ ਸਮਝੌਤਾ ਨਹੀਂ ਕਰ ਸਕਦੀ ਕਿ ਉਹ ਉਸ ਸਮਾਜ ਵਿਚ ਜੀਉਂਦੀ ਰਹੇ ਜਿੱਥੇ ਇਨਸਾਨ ਨੂੰ ਇਨਸਾਨ ਵੀ ਨਹੀਂ ਸਮਝਿਆ ਜਾਂਦਾ। ਜਿੱਥੇ ਸੁਰੱਖਿਆ ਦਸਤਿਆਂ ਤੋਂ ਇਨਸਾਫ ਲਈ ਕਾਨੂੰਨ ਦਾ ਦਰਵਾਜਾ ਖੜਕਾਉਣ ਤੋਂ ਪਹਿਲਾਂ ਕੇਂਦਰ ਦੀ ਸਰਕਾਰ ਤੋਂ ਪਰਵਾਨਗੀ ਲੈਣੀ ਪਵੇ। ਜਿੱਥੇ ਮਨੁੱਖ ਦੀ ਕਦਰ ਕੁੱਤੇ ਜਿੰਨੀ ਵੀ ਨਾ ਰਹੇ। ਉਸ ਨੂੰ ਵਿਸ਼ਵਾਸ ਹੈ ਕਿ ਜਿੱਤ ਅਖੀਰ ਨੂੰ ਉਸ ਦੀ ਹੀ ਹੋਵੇਗੀ। ਲੋਕਾਂ ਦਾ ਇਕ ਵੱਡਾ ਕਾਫਲਾ ਉਸ ਦੇ ਰਾਹ 'ਤੇ ਇਕ ਨਾ ਇਕ ਦਿਨ ਜਰੂਰ ਆਏਗਾ। ਮਨੀਪੁਰ ਵਿਚ ਜ਼ਿੰਦਗੀ ਮੁੜ ਪਟੜੀ 'ਤੇ ਆਏਗੀ ਤੇ ਉੱਥੇ ਦੇ ਲੋਕ ਸੁਖ ਦਾ ਸਾਹ ਲੈਣਗੇ। ਬਸ ਇਸੇ ਵਿਸ਼ਵਾਸ ਨਾਲ ਉਹ ਸੰਘਰਸ਼ ਕਰ ਰਹੀਂ ਹੈ।



4 ਨਵੰਬਰ 2000 ਨੂੰ ਜਿਸ ਦਿਨ ਉਸ ਨੇ ਮਰਨ ਵਰਤ ਸ਼ੁਰੂ ਕੀਤਾ ਸੀ। ਉਸ ਦਿਨ ਉਸ ਦੀ ਮਾਂ ਨੇ ਉਸ ਨੂੰ ਅਸ਼ੀਰਵਾਦ ਦਿੰਦਿਆਂ ਕਿਹਾ ਸੀ, "ਤੂੰ ਆਪਣੀ ਮੰਜਲ ਪਾਏਂਗੀ" ਤੇ ਫੇਰ ਉਸ ਨੂੰ ਆਤਮ ਹੱਤਿਆ ਕਰਨ ਦੀ ਕੋਸ਼ਿਸ਼ ਦੇ ਜੁਰਮ ਹੇਠ ਗ੍ਰਿਫਤਾਰ ਕਰ ਲਿਆ ਗਿਆ ਤੇ ਉਸ ਦੀ ਸਰੀਰਕ ਹਾਲਤ ਦੇਖਦਿਆਂ ਉਸ ਨੂੰ ਹਸਪਤਾਲ ਦੇ ਇਕ ਕਮਰੇ ਵਿਚ ਕੈਦ ਕਰ ਦਿੱਤਾ ਗਿਆ। ਉੱਦੋਂ ਤੋਂ ਹੀ ਹਸਪਤਾਲ ਦੇ ਬਿਸਤਰ ਤੇ ਉਹ ਸ਼ਾਂਤ ਮਈ ਅੰਦੋਲਨ ਕਰ ਰਹੀਂ ਹੈ। ਭਾਂਵੇ ਉਹ ਆਪਣੇ ਘਰ ਤੋਂ ਪੈਦਲ ਦੂਰੀ 'ਤੇ ਹਸਪਤਾਲ ਅੰਦਰ ਜਿੰਦਗੀ ਮੌਤ ਦੀ ਅੰਤਮ ਲੜਾਈ ਹੱਕ ਸੱਚ ਇਨਸਾਫ ਲਈ ਲੜ ਰਹੀ ਹੈ ਤੇ ਘਰਦਿਆਂ ਨੂੰ ਮੁਲਾਕਾਤ ਕਰਨ ਦੀ ਖੁੱਲ ਹੈ ਪਰ ਉਸ ਦੀ ਮਾਂ ਕਦੇ ਵੀ ਉਸ ਨੂੰ ਮਿਲਣ ਨਹੀਂ ਗਈ। ਇਕ ਇੰਟਰਵੀਊ ਵਿਚ ਉਸ ਦੀ ਮਾਂ ਨੇ ਬੜੇ ਹੀ ਸੰਖੇਪ ਤੇ ਸਪਸ਼ਟ ਸ਼ਬਦਾਂ ਵਿਚ ਕਿਹਾ "ਮੈਂ ਬਹੁਤ ਹੀ ਕਮਜ਼ੋਰ ਦਿਲ ਦੀ ਹਾਂ, ਮੈਨੂੰ ਪਤਾ ਹੈ ਕਿ ਮੈ ਆਪਣੀ ਧੀ ਨੂੰ ਇਸ ਹਾਲ ਵਿਚ ਦੇਖ ਕੇ ਰੋ ਪਵਾਂਗੀ ਤੇ ਮੈਂ ਇਹ ਕਦੇ ਵੀ ਨਹੀਂ ਚਾਹੁੰਦੀ ਕਿ ਮੈਨੂੰ ਅੰਤਾਂ ਦਾ ਪਿਆਰ ਕਰਨ ਵਾਲੀ ਮੇਰੀ ਧੀ ਮੈਨੂੰ ਰੋਂਦਿਆਂ ਦੇਖਕੇ ਕਮਜੋਰ ਹੋਵੇ ਤੇ ਉਸ ਨੂੰ ਆਪਣੇ ਫੈਸਲੇ ਬਾਰੇ ਮੁੜਕੇ ਸੋਚਣਾ ਪਵੇ। ਮੈਂ ਤਾਂ ਇਹ ਜਾਣਦੀ ਹਾਂ, ਮੇਰੀ ਧੀ ਇਸ ਘੋਲ ਵਿੱਚੋਂ ਜਿਤ ਕੇ ਬਾਹਰ ਆਏਗੀ ਤੇ ਮੈਂ ਉਸ ਨੂੰ ਜ਼ਰਾ ਜਿੰਨਾਂ ਵੀ ਕਮਜੋਰ ਨਹੀਂ ਕਰਨਾ ਚਾਹੁੰਦੀ। ਉਹ ਰੋਂਦੀ ਹੋਈ ਆਖਦੀ ਹੈ ਕਿ ਜਦੋਂ ਸਾਨੂੰ ਰਾਤ ਦਾ ਇਕ ਡੰਗ ਖਾਣਾ ਨਹੀਂ ਮਿਲਦਾ ਤਾਂ ਅਸੀਂ ਸਾਰੀ ਰਾਤ ਸੌਂ ਨਹੀਂ ਸਕਦੇ। ਸਾਡੀਆਂ ਆਂਦਰਾਂ ਨੂੰ ਧੂਹ ਪੈਂਦੀ ਹੈ, ਸਾਰੀ ਰਾਤ ਅਸੀਂ ਕਰਵਟਾਂ ਹੀ ਬਦਲਦੇ ਰਹਿੰਦੇ ਹਾਂ ਮੇਰੀ ਧੀ ਨੇ ਪਿਛਲੇ ਦਸ ਸਾਲਾਂ ਤੋਂ ਕੁਝ ਨਹੀਂ ਖਾਧਾ ਉਸ ਦਾ ਕੀ ਹਾਲ ਹੋਵੇਗਾ? ਉਹ ਕਿਸ ਤਰਾਂ ਦਿਨ ਰਾਤ ਬਿਤਉਂਦੀ ਹੋਵੇਗੀ... ਉਹ ਸਰਕਾਰ ਨੂੰ ਅਪੀਲ ਕਰਦੀ ਹੋਈ ਕਹਿੰਦੀ ਹੈ ਕਿ ਅਗਰ ਪੰਜ ਦਿਨਾਂ ਲਈ ਵੀ ਇਹ ਕਾਨੂੰਨ ਹਟਾ ਦਿੱਤਾ ਜਾਵੇ ਤਾਂ ਮੈਂ ਆਪਣੀ ਧੀ ਨੂੰ ਇਕ ਇਕ ਚੌਲਾਂ ਦਾ ਦਾਣਾ ਆਪਣੇ ਹੱਥੀਂ ਖਿਲਾਵਾਂਗੀ ਉਸ ਤੋਂ ਬਾਅਦ ਮੇਰੀ ਧੀ ਭਾਵੇਂ ਮਰ ਵੀ ਜਾਵੇ ਮੈਨੂੰ ਕੋਈ ਦੁੱਖ ਨਹੀਂ ਹੋਵੇਗਾ' ਮਾਂ ਦਾ ਵੀ ਆਪਣੇ ਆਪ ਵਿਚ ਇਕ ਅੰਦੋਲਨ ਹੀ ਹੈ ਉਹ ਮਰ ਚੁੱਕੀ ਧੀ ਦੀ ਲਾਸ਼ ਤਾਂ ਲੈ ਸਕਦੀ ਹੈ ਪਰ ਆਪਣੀ ਧੀ ਨੂੰ ਭਾਵੁਕ ਤੇ ਕਮਜ਼ੋਰ ਕਰਨ ਲਈ ਇਕ ਹੰਝੂ ਤੱਕ ਉਸ ਦੇ ਸਾਹਮਣੇ ਕੇਰਨ ਨੂੰ ਤਿਆਰ ਨਹੀਂ। ਇਰੋਮ ਚਾਨੂੰ ਸ਼ਰਮੀਲਾ ਇਸ 'ਤੇ ਆਪਣਾ ਪ੍ਰਤੀਕਰਮ ਬੜੀ ਹੀ ਸਹਿਜਤਾ ਨਾਲ ਦਿੰਦੀ ਹੋਈ ਆਖਦੀ ਹੈ "ਅਸੀਂ ਸਭ ਆਪੋ ਆਪਣਾ ਫਰਜ਼ ਪੂਰਾ ਕਰ ਰਹੇ ਹਾਂ। ਮੇਰੀ ਮਾਂ ਮੇਰੇ ਲਈ ਰੱਬ ਹੈ ਜਿਸ ਤੋਂ ਮੈਨੂੰ ਸ਼ਕਤੀ ਮਿਲਦੀ ਹੈ। ਮੇਰੀ ਮਾਂ ਮੇਰੇ ਕੰਮ ਤੋਂ ਖੁਸ਼ ਹੈ ਮੇਰੇ ਲਈ ਇਹ ਕਾਫੀ ਹੈ।"

ਇਰੋਮ ਚਾਨੂੰ ਸ਼ਰਮੀਲਾ ਨੇ ਆਪਣੇ ਸਰੀਰ ਤੇ ਆਪਣੇ ਮਨ ਨੂੰ ਕਾਬੂ ਵਿਚ ਰੱਖਿਆ ਹੋਇਆ ਹੈ। ਉਹ ਪਾਣੀ ਤੱਕ ਨਹੀਂ ਪੀਂਦੀ ਆਪਣੇ ਦੰਦਾਂ ਨੂੰ ਰੂੰ ਨਾਲ ਸਾਫ ਕਰ ਲੈਂਦੀ ਹੈ। ਉਸ ਨੇ ਆਪਣੇ ਲੰਮੇ ਕਾਲੇ ਵਾਲਾਂ ਨੂੰ ਕੰਘਾ ਕਰਨਾ ਤੱਕ ਛੱਡ ਦਿੱਤਾ ਹੈ। ਸਪਿਰਿਟ ਦੇ ਤੂੰਬੇ ਨਾਲ ਉਹ ਆਪਣੇ ਹੋਂਠ ਸਾਫ ਕਰਦੀ ਹੈ ਤਾਂ ਕਿ ਉਸ ਦੀ ਭੁੱਖ ਹੜਤਾਲ ਨਾ ਟੁੱਟੇ।

ਉਹ ਭਾਂਵੇ ਇਹ ਹੀ ਆਖਦੀ ਹੈ ਕਿ ਉਸ 'ਤੇ ਕੋਈ ਅਤਿਆਚਾਰ ਨਹੀਂ ਹੋ ਰਿਹਾ ਪਰ ਹਰ ਪਲ ਹਰ ਘੜੀ ਉਸ 'ਤੇ ਕੋਈ ਨਾ ਕੋਈ ਅਤਿਆਚਾਰ ਹੋ ਹੀ ਰਿਹਾ ਹੁੰਦਾ ਹੈ। ਹਰ ਵਕਤ ਪੁਲਿਸ ਤੇ ਨੀਮ ਫੌਜੀ ਦਸਤਿਆਂ ਦੀਆਂ ਖੂੰਖਾਰ ਬੰਦੂਕਾਂ ਦਾ ਪਹਿਰਾ ਉਸ 'ਤੇ ਲੱਗਿਆ ਹੀ ਰਹਿੰਦਾ ਹੈ। ਕਦੀ ਅੰਤਰਰਾਸ਼ਟਰੀ ਮਹਿਲਾ ਦਿਵਸ ਦੇ ਦਿਨ ਉਸ ਨੂੰ ਨਿਆਂਇਕ ਹਿਰਾਸਤ ਤੋਂ ਮੁਕਤ ਕਰ ਦਿੱਤਾ ਜਾਂਦਾ ਹੈ, ਕਦੀ ਸੰਗੀਨਾਂ ਦਾ ਪਹਿਰਾ ਰੋਹ ਵੀ ਸਖਤ ਹੋ ਜਾਂਦਾ ਹੈ। ਕਦੇ ਉਸ ਦੇ ਪਰਿਵਾਰ ਦੇ ਇਕ ਦੋ ਮੈਂਬਰਾਂ ਤੋਂ ਬਿਨ੍ਹਾਂ ਕਿਸੇ ਹੋਰ ਨੂੰ ਉਸ ਨਾਲ ਮਿਲਣ ਵੀ ਨਹੀਂ ਦਿੱਤਾ ਜਾਂਦਾ। ਕਦੇ ਪਰਿਵਾਰਕ ਮੈਂਬਰਾਂ ਵਿੱਚੋਂ ਵੀ ਕੇਵਲ ਉਸ ਦੇ ਇਕ ਭਰਾ ਨੂੰ ਹੀ ਉਸ ਕੋਲ ਜਾਣ ਦਿੱਤਾ ਜਾਂਦਾ ਹੈ। ਕਦੀ ਉਹ ਮਹਾਤਮਾਂ ਗਾਂਧੀ ਤੇ ਨੈਲਸਨ ਮੰਡੇਲਾ ਦੀਆਂ ਜੀਵਨੀਆਂ ਪੜ੍ਹਨ ਨੂੰ ਤਰਸਦੀ ਹੈ ਤੇ ਇਹ ਉਸ ਤੱਕ ਪਹੁੰਚਣ ਹੀ ਨਹੀਂ ਦਿੱਤੀਆਂ ਜਾਂਦੀਆਂ। ਕਦੀ ਭਾਰਤ ਦੀ ਮਹਾਨ ਲੇਖਕਾ ਮਹਾਂ ਸ਼ਵੇਤਾ ਦੇਵੀ ਉਸ ਨੂੰ ਮਿਲਣ ਲਈ ਜਾਂਦੀ ਹੈ ਪਰ ਉਸ ਨੂੰ ਕਿਸੇ ਵੀ ਕੀਮਤ 'ਤੇ ਉਸ ਨਾਲ ਮਿਲਣ ਹੀ ਨਹੀਂ ਦਿੱਤਾ ਜਾਂਦਾ। ਇੰਫਾਲ ਦਾ ਜੇ. ਐਨ. ਹਸਪਤਾਲ ਜਿੱਥੇ ਉਸ ਨੂੰ ਜ਼ਿੰਦਾ ਰੱਖਣ ਲਈ ਰੱਖਿਆ ਗਿਆ ਹੈ ਉਹ ਇਕ ਤਰਾਂ ਨਾਲ ਜੇਲ੍ਹ ਦਾ ਹੀ ਰੂਪ ਧਾਰ ਚੁੱਕਾ ਹੈ।

ਜੇ ਪਿਛਲੇ ਦਸ ਸਾਲਾਂ ਦੇ ਰਾਜਸੀ ਇਤਿਹਾਸ ਉਪਰ ਉਡਦੀ ਉਡਦੀ ਝਾਤ ਵੀ ਮਾਰੀ ਜਾਵੇ ਤਾਂ ਜਿਹੜੇ ਸਿੱਟੇ ਸਾਹਮਣੇ ਆਉਂਦੇ ਹਨ ਉਹ ਬਹੁਤ ਹੀ ਸ਼ਰਮਨਾਕ ਹਨ। ਇਨ੍ਹਾਂ ਦਸ ਸਾਲਾਂ ਵਿਚ ਜਦੋਂ ਤੋਂ ਅਣਮਨੁੱਖੀ ਕਾਨੂੰਨ ਦੇ ਵਿਰੁੱਧ ਭਾਰਤ ਦੀ "ਆਇਰਨ ਗਰਲ" ਮਰਨ ਵਰਤ 'ਤੇ ਬੈਠੀ ਹੈ ਉਸ ਸਮੇਂ ਭਾਰਤ ਅੰਦਰ ਕਾਰਜਸ਼ੀਲ ਸਾਰੀਆਂ ਹੀ ਛੋਟੀਆਂ ਵੱਡੀਆਂ ਰਾਜਸੀ ਪਾਰਟੀਆਂ ਸਿੱਧੀਆਂ ਅਸਿੱਧੀਆਂ ਕੇਂਦਰ ਵਿਚ ਰਾਜ ਕਰਦੀਆਂ ਰਹੀਆਂ ਹਨ। ਜਿਨ੍ਹਾਂ ਵਿੱਚੋਂ ਬਹੁਤਾ ਸਮਾਂ ਕਾਂਗਰਸ ਦੇ ਹਿੱਸੇ ਆਉਂਦਾ ਹੈ। ਬੀ.ਜੇ ਪੀ. ਦੀ ਆਗਵਾਈ ਵਾਲਾ ਫਰੰਟ ਵੀ ਇਸ ਸਮੇਂ ਕੇਂਦਰੀ ਸਤਾ 'ਤੇ ਚਾਰ ਸਾਲ ਕਾਬਜ਼ ਰਿਹਾ। ਪਰ ਇਸ ਕਾਲੇ ਕਾਨੂੰਨ ਬਾਰੇ ਨਾ ਤਾਂ ਕਿਸੇ ਨੇ ਸੰਜੀਦਗੀ ਨਾਲ ਵਿਚਾਰ ਕੀਤਾ, ਨਾ ਹੀ ਕਿਸੇ ਨੇ ਇਹ ਮੁਲਾਂਕਣ ਕਰਨ ਦੀ ਕੋਸ਼ਿਸ਼ ਕੀਤੀ ਕਿ ਇਸ ਨਾਲ ਕੋਈ ਫਾਇਦਾ ਹੋਇਆ ਜਾਂ ਉਲਟਾ ਇਸ ਨਾਲ ਨੁਕਸਾਨ ਹੋਇਆ? ਲੋਕਾਂ ਦੀਆਂ ਚਿਰਾਂ ਤੋਂ ਲਟਕਦੀਆਂ ਮੰਗਾਂ ਬਾਰੇ ਗੰਭੀਰਤਾ ਨਾਲ ਵਿਚਾਰ ਕਰਨ ਦੀ ਬਜਾਏ ਸਟੇਟ ਨੇ ਉਨ੍ਹਾਂ ਨੂੰ ਸਰਕਾਰੀ ਜਬਰ ਨਾਲ ਦਬਾਉਣ ਦੀ ਹੀ ਕੋਸ਼ਿਸ਼ ਕੀਤੀ। ਸ਼ਰਮੀਲਾ ਦਾ ਵੱਡਾ ਭਰਾਸਿੰਘ ਜੀਤ ਭਾਰਤ ਸਰਕਾਰ ਦੀ ਬੇਰੁਖੀ ਬਾਰੇ ਤੇ ਆਪਣੀ ਭੈਣ ਬਾਰੇ ਆਖਦਾ ਹੈ ਕਿ "ਜੇ ਇਰੋਮ ਚਾਨੂੰ ਮੇਰੀ ਸਲਾਹ ਲੈਂਦੀ ਤਾਂ ਮੈ ਇਹ ਕਠਿਨ ਫੈਸਲਾ ਉਸ ਨੂੰ ਹਰਗਿਜ਼ ਨਾ ਲੈਣ ਦਿੰਦਾ ਕਿਉਕਿ ਮੈਂ ਸਟੇਟ ਦੇ ਖਾਸੇ ਨੂੰ ਸਮਝਦਾ ਹਾਂ। ਉਸ ਅਨੁਸਾਰ ਇਹ ਅੰਦੋਲਨ ਇੰਫਾਲ ਦੀ ਇਕ ਨਿੱਕੀ ਜਿਹੀ ਝੋਂਪੜੀ ਤੋਂ ਸ਼ੁਰੂ ਹੋਇਆ ਸੀ ਜਿਸ ਦਾ ਮਕਸਦ ਲੋਕਾਂ ਦੇ ਦਰਦ ਨੂੰ ਕੇਂਦਰ ਤੱਕ ਸ਼ਾਂਤਮਈ ਤਰੀਕੇ ਨਾਲ ਲੈਕੇ ਜਾਣਾ ਸੀ ਪਰ ਸਟੇਟ ਦੀ ਸਾਰੀ ਮਸ਼ੀਨਰੀ ਉਸ ਦੇ ਵਿਰੁੱਧ ਲਾਮਬੰਦ ਹੋ ਗਈ।" ਇਸ ਭਰਾ ਨੇ ਭੈਣ ਦੇ ਨਾਲ ਰਹਿ ਕੇ ਉਸ ਦਾ ਹਰ ਪੱਧਰ 'ਤੇ ਸਾਥ ਦੇਣ ਲਈ ਨੌਕਰੀ ਤੱਕ ਛੱਡ ਦਿੱਤੀ। ਪਰਿਵਾਰ ਦਾ ਸਾਰਾ ਖਰਚਾ ਉਸ ਦੀ ਪਤਨੀ ਦਿਹਾੜੀ ਕਰਕੇ ਹੀ ਕਰਦੀ ਹੈ। ਭਰਾ ਦਾ ਸਾਰਾ ਪਰਿਵਾਰ ਪੂਰੀ ਤਰਾਂ ਨਾਲ ਆਪਣੀ ਭੈਣ ਦੇ ਇਸ ਸ਼ਾਂਤ ਮਈ ਅੰਦੋਲਨ ਵਿਚ ਉਸ ਦੇ ਨਾਲ ਹੈ। ਸਿੰਘਜੀਤ ਭਰੇ ਮਨ ਨਾਲ ਦਸਦਾ ਹੈ "32 ਸਾਲ ਦੀ ਮਨੋਰਮਾਂ ਦੇਵੀ ਨੂੰ ਪੀਪਲਜ਼ ਲਿਬਰੇਸ਼ਨ ਆਰਮੀ ਨਾਲ ਸੰਬੰਧ ਰੱਖਣ ਦੇ ਇਲਜ਼ਾਮ ਵਿਚ ਆਸਾਮ ਰਾਈਫਲਜ਼ ਨੇ ਗ੍ਰਿਫਤਾਰ ਕਰ ਲਿਆ ਸੀ ਤੇ ਫਿਰ ਚਾਰ ਦਿਨ ਬਾਅਦ ਮਨੋਰਮਾਂ ਦੀ ਲਾਸ਼ ਮਿਲੀ ਜਿਸ ਦੇ ਸਰੀਰ ਤੋਂ ਪਤਾ ਚਲਦਾ ਸੀ ਕਿ ਉਸ ਨਾਲ ਬਲਾਤਕਾਰ ਤੋਂ ਇਲਾਵਾ ਹੋਰ ਭਿਆਨਕ ਤਸ਼ੱਦਦ ਕੀਤੇ ਗਏ ਸਨ। ਉਦੋਂ ਇਰੋਮ ਚਾਨੂੰ ਨੂੰ ਮਰਨ ਵਰਤ ਤੇ ਬੈਠਿਆਂ ਚਾਰ ਸਾਲ ਹੋ ਚੁੱਕੇ ਸਨ। ਇਸ ਧੱਕੇਸ਼ਾਹੀ ਦੇ ਖਿਲਾਫ ਤੀਹ ਔਰਤਾਂ ਨੇ ਅਲਫ ਨੰਗਿਆਂ ਹੋ ਕੇ ਆਸਾਮ ਰਾਈਫਲਜ਼ ਦੇ ਮੁਖ ਦਫਤਰ ਕਾਂਗਲਾ ਫੋਰਟ ਦੇ ਬਾਹਰ ਰੋਸ ਪ੍ਰਦਰਸ਼ਨ ਕੀਤਾ। ਉਹ ਨਾਹਰੇ ਲਗਾ ਰਹੀਆਂ ਸਨ 'ਭਾਰਤੀ ਸੈਨਾ ਸਾਡਾ ਬਲਾਤਕਾਰ ਕਰੋ' 'ਮਨੀਪੁਰ ਦੀਆਂ ਮਾਂਵਾਂ ਨਾਲ ਬਲਾਤਕਾਰ ਕਰੋ' ਜਿਸ ਪ੍ਰਦਰਸ਼ਨ ਦੇ ਵਿਰੁੱਧ ਉਨਾਂ ਔਰਤਾਂ ਨੂੰ ਤਿੰਨ ਤਿੰਨ ਮਹੀਨੇ ਦੀ ਸਖਤ ਕੈਦ ਦੀ ਸਜ਼ਾ ਦਿੱਤੀ ਗਈ। ਇਸ ਅੰਦੋਲਨ ਤੋਂ ਬਾਅਦ ਸਰਕਾਰ ਨੇ ਮਨੋਰਮਾਂ ਕਤਲ ਕਾਂਡ ਦੀ ਜਾਂਚ ਦੇ ਆਦੇਸ਼ ਦੇ ਕੇ ਲੋਕਾਂ ਦੇ ਵਿਦਰੋਹ ਨੂੰ ਸ਼ਾਂਤ ਤਾਂ ਕਰ ਦਿੱਤਾ ਪਰ ਜਸਟਿਸ ਓਪੇਂਦਰ ਆਯੋਗ ਦੀ ਇਸ ਰੀਪੋਰਟ ਨੂੰ ਸਾਰਵਜਨਕ ਹੀ ਨਹੀਂ ਹੋਣ ਦਿੱਤਾ। ਨਵੰਬਰ 2004 ਵਿਚ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ 'ਅਫਸਪਾ' ਦੀ ਸਮੀਖਿਆ ਲਈ ਜਸਟਿਸ ਜੀਵਨ ਰੈਡੀ ਦੀ ਅਗਵਾਈ ਹੇਠ ਇਕ ਕਮੇਟੀ ਗਠਤ ਕੀਤੀ। ਉਸ ਕਮੇਟੀ ਨੇ ਅਫਸਪਾ ਨੂੰ ਖਤਮ ਕਰਨ ਦੀ ਸਿਫਾਰਸ਼ ਕੀਤੀ ਤੇ ਨਾਲ ਹੀ ਉਸ ਦੀਆਂ ਸਾਰੀਆਂ ਕਰੂਰ ਸ਼ਕਤੀਆਂ ਨੂੰ ਗੈਰਕਾਨੂੰਨੀ ਐਲਾਨਿਆ। ਪਰ ਉਸ ਕਮੇਟੀ ਦੇ ਫੈਸਲਿਆਂ ਨੂੰ ਉਸ ਸਮੇ ਦੇ ਰੱਖਿਆ ਮੰਤਰੀ ਪ੍ਰਣਬ ਮੁਖਰਜੀ ਨੇ ਇਹ ਕਹਿ ਕੇ ਖਾਰਜ ਕਰ ਦਿੱਤਾ ਕਿ ਅਸ਼ਾਂਤ ਇਲਾਕਿਆਂ ਵਿਚ ਐਸੀਆਂ ਕਾਨੂੰਨੀ ਸ਼ਕਤੀਆਂ ਤੋਂ ਬਿਨ੍ਹਾਂ ਸੈਨਾ ਠੀਕ ਤਰੀਕੇ ਨਾਲ ਕੰਮ ਨਹੀਂ ਕਰ ਸਕਦੀ।

2006 ਵਿਚ ਵਿਸ਼ਵ ਸ਼ਾਂਤੀ ਲਈ ਨੋਬਲ ਪੁਰਸਕਾਰ ਵਿਜੇਤਾ ਇਰਾਨ ਦੀ ਸ਼ਿਰੀਨ ਏਬਾਦੀ ਨੇ ਭਾਰਤ ਵਿਚ ਆਕੇ ਇਰੋਮ ਚਾਨੂੰ ਸ਼ਰਮੀਲਾ ਬਾਰੇ ਆਪਣੀ ਤਕਰੀਰ ਵਿਚ ਕਿਹਾ ਕਿ "ਜੇ ਉਹ ਮਰਦੀ ਹੈ ਤਾਂ ਸੰਸਦ ਇਸ ਲਈ ਸਿੱਧੇ ਤੌਰ 'ਤੇ ਜ਼ਿੰਮੇਵਾਰ ਹੈ ਜੇ ਉਹ ਮਰਦੀ ਹੈ ਤਾਂ ਕਾਰਜਪਾਲਕਾ, ਨਿਆਪਾਲਕਾ, ਪ੍ਰਧਾਨ ਮੰਤਰੀ ਤੇ ਰਾਸ਼ਟਰਪਤੀ ਵੀ ਜ਼ਿੰਮੇਵਾਰ ਹੋਣਗੇ ਕਿਉਂਕਿ ਉਨ੍ਹਾਂ ਨੇ ਕੁਝ ਨਹੀਂ ਕੀਤਾ। ਅਗਰ ਉਹ ਮਰਦੀ ਹੈ ਤਾਂ ਪੱਤਰਕਾਰ ਵੀ ਜ਼ਿੰਮੇਵਾਰ ਹੋਣਗੇ ਜਿਨ੍ਹਾਂ ਨੇ ਆਪਣਾ ਫਰਜ਼ ਨਹੀਂ ਨਿਭਾਇਆ।

ਆਪਣੀ ਆਵਾਜ਼ ਨੂੰ ਦਿੱਲੀ ਦੀ ਸਰਕਾਰ ਤੱਕ ਪਹੁੰਚਾਣ ਲਈ ਇਕ ਦਿਨ (3 ਅਕਤੂਬਰ 2006 ਨੂੰ) ਭਰਾ ਸਿੰਘਜੀਤ ਆਪਣੇ ਦੋ ਹੋਰ ਸਾਥੀਆਂ ਦੇ ਨਾਲ ਇਰੋਮ ਸ਼ਰਮੀਲਾ ਨੂੰ ਸੁਰੱਖਿਆ ਦਸਤਿਆਂ ਤੋਂ ਚੋਰੀ ਕਿਸੇ ਤਰੀਕੇ ਨਾਲ ਇੰਫਾਲ ਦੇ ਹਸਪਤਾਲ 'ਚੋਂ ਬਾਹਰ ਲੈ ਆਇਆ ਤੇ ਸੰਸਾਰ ਦੇ ਸਭ ਤੋਂ ਵੱਡੇ ਲੋਕ ਤੰਤੰਰ ਦੇ ਮੰਦਰ ਦੇ ਬਾਹਰ ਯੰਤਰ ਮੰਤਰ ਰੋਡ ਤੇ ਡੇਰਾ ਲਾ ਕੇ ਬੈਠ ਗਿਆ। ਇੱਥੇ ਵੀ ਮੀਡੀਆ ਨੇ ਕੋਈ ਵਿਸ਼ੇਸ ਰੁਚੀ ਉਸ ਵਿਚ ਨਾ ਦਿਖਾਈ ਤੇ ਪੁਲਿਸ ਨੇ ਉਸ ਨੂੰ ਆਤਮ ਹੱਤਿਆ ਕਰਨ ਦੇ ਜੁਰਮ ਹੇਠ ਗ੍ਰਿਫਤਾਰ ਕਰਕੇ ਦਿੱਲੀ ਦੇ ਏਮਜ਼ ਹਸਪਤਾਲ ਦੇ ਕਮਰੇ ਵਿਚ ਕੈਦ ਕਰ ਦਿੱਤਾ। ਇਸ ਨਾਲ ਵੀ ਕੁਝ ਨਾ ਬਦਲਿਆ। ਬਸ ਕਮਰਾ ਤੇ ਕਮਰੇ ਦੇ ਬਾਹਰ ਖੜੇ ਪਹਿਰੇਦਾਰ ਬਦਲੇ ਜਾਂ ਅੰਦਰ ਦੀਆਂ ਨਰਸਾਂ ਬਦਲੀਆਂ। ਉਸ ਨੇ ਇੱਥੇ ਆਕੇ ਪ੍ਰਧਾਨ ਮੰਤਰੀ, ਰਾਸਟਰਪਤੀ ਤੇ ਗ੍ਰਹਿ ਮੰਤਰੀ ਨੂੰ ਚਿੱਠੀਆਂ ਲਿਖੀਆਂ ਪਰ ਕਿਸੇ ਦਾ ਵੀ ਉਸ ਨੂੰ ਜਵਾਬ ਨਹੀਂ ਮਿਲਿਆ। ਗ੍ਰਹਿ ਮੰਤਰੀ ਪੀ ਚਿਤੰਬਰਮ ਨੇ ਉਪਰੋਕਤ ਕਾਨੂੰਨ ਵਿਚ ਕੁਝ ਇਕ ਸੁਧਾਰ ਕਰਨ ਲਈ ਕਿਹਾ ਹੈ ਪਰ ਅਜੇ ਤੱਕ ਕੈਬਨਿਟ ਦੀ ਮਨਜ਼ੂਰੀ ਨਹੀਂ ਮਿਲੀ।

ਮਹਾਤਮਾਂ ਗਾਂਧੀ ਦੇ ਦੇਸ਼ ਵਿਚ ਜਿੱਥੇ ਲੰਮਾਂ ਸਮਾਂ ਮਹਾਤਮਾਂ ਗਾਂਧੀ ਦੇ ਪੈਰੋਕਾਰਾਂ ਨੇ ਹੀ ਰਾਜ ਕੀਤਾ ਜਿੱਥੇ ਅਹਿੰਸਾ ਦਾ ਪਾਠ ਵਿਸ਼ਵ ਨੂੰ ਪੜਾਇਆ ਜਾਂਦਾ ਹੈ ਉੱਥੇ ਅਹਿੰਸਾ ਦੇ ਹਥਿਆਰ ਰਾਹੀਂ ਆਪਣੇ ਦਿਲ ਦੀ ਪੀੜਾ ਕਹਿ ਰਹੀ ਭਾਰਤ ਦੀ ਧੀ ਦੀ ਪੁਕਾਰ ਕਿਸੇ ਦੇ ਕੰਨੀ ਕਿਉਂ ਨਹੀਂ ਪਈ? ਮਨੀਪੁਰ ਦੇ ਲੋਕਾਂ ਤੇ ਅਮਨ ਕਾਇਮ ਕਰਨ ਦੇ ਨਾਮ 'ਤੇ ਹੋ ਰਹੀਂ ਸਰਕਾਰੀ ਦਹਿਸ਼ਤਗਰਦੀ ਕੇਂਦਰ ਨੂੰ ਤੇ ਸੂਬੇ ਦੀ ਸਰਕਾਰ ਨੂੰ ਅਜੇ ਤੱਕ ਕਿਉਂ ਨਹੀਂ ਦਿਸੀ? ਅਲਫ ਨਗਨ ਹੋ ਕੇ ਮਨੀਪੁਰ ਦੀਆਂ ਮਾਂਵਾਂ ਨੂੰ ਪ੍ਰਦਰਸ਼ਨ ਕਿਉਂ ਕਰਨਾ ਪਿਆ? ਕਿੰਨੇ ਸਵਾਲ ਹਨ ਜਿਹੜੇ ਜਵਾਬ ਦੀ ਮੰਗ ਕਰਦੇ ਹਨ ਜਿਨ੍ਹਾਂ ਦੇ ਲਈ ਮਨੀਪੁਰ ਦੀ 'ਆਇਰਨ ਗਰਲ' ਜਿੰਦਗੀ ਮੌਤ ਦੀ ਲੜਾਈ ਲੜ ਰਹੀਂ ਹੈ। ਉਹ ਮਰ ਤਾਂ ਸਕਦੀ ਹੈ ਪਰ ਉਸ ਨਰਕ ਵਰਗੀ ਜਿੰਦਗੀ ਨੂੰ ਜੀਣ ਲਈ ਹਰਗਿਜ਼ ਤਿਆਰ ਨਹੀਂ ਜੋ ਉਸ ਨੂੰ ਜੀਉਣ ਲਈ ਦਿੱਤੀ ਜਾ ਰਹੀਂ ਹੈ। ਉਹ ਭਾਵੇਂ ਕੋਈ ਲੋਕ ਉਭਾਰ ਪੈਦਾ ਨਹੀਂ ਕਰ ਰਹੀ, ਉਹ ਭਾਵੇਂ ਕਿਸੇ ਰਾਜਸੀ ਮਨੋਰਥ ਲਈ ਲੋਕਾਂ ਨੂੰ ਨਹੀਂ ਭੜਕਾ ਰਹੀ, ਉਹ ਭਾਵੇਂ ਚੁਪ ਚਾਪ ਹੈ। ਪਰ ਉਹ ਜੋ ਕੁਝ ਕਰ ਰਹੀ ਹੈ ਜਿਸ ਰਾਹੀਂ ਉਹ ਪੀੜੀਆਂ ਤੱਕ ਅਮਰ ਹੋ ਜਾਵੇਗੀ ਤੇ ਮਨੀਪੁਰ ਦੇ ਲੋਕਾਂ ਲਈ ਹੀ ਨਹੀਂ ਸਮੁੱਚੀ ਮਾਨਵ ਜਾਤੀ ਲਈ ਹੀ ਅੰਦੋਲਨ ਦੀਆਂ ਨਵੀਆਂ ਲੀਹਾਂ ਪਾਕੇ ਜਾਵੇਗੀ, ਜਿਸ 'ਤੇ ਆਉਣ ਵਾਲੀਆਂ ਪੀੜੀਆਂ ਵੀ ਮਾਣ ਕਰਿਆ ਕਰਨ ਗੀਆਂ।

## ਕਹਾਣੀ

# ਤ੍ਰਕਾਲਾਂ ਦੀ ਧੁੱਪ

*ਬਲਦੇਵ ਸਿੰਘ ਪੰਜਾਬੀ ਦਾ ਅਜਿਹਾ ਨਾਵਲਕਾਰ ਅਤੇ ਕਹਾਣੀਕਾਰ ਹੈ ਜਿਹਦੀ ਹਰ ਰਚਨਾ ਦੇ ਨਾਲ-ਨਾਲ ਉਹਦਾ ਤਖ਼ਲੁਸ ਵੀ ਬਦਲਦਾ ਜਾਂਦਾ ਹੈ। ਕਦੇ ਉਹ ਬਲਦੇਵ ਸਿੰਘ 'ਸੜਕਨਾਮਾ' ਹੁੰਦਾ ਹੈ ਕਦੇ 'ਲਾਲ ਬੱਤੀ' ਤੇ ਕਦੇ 'ਅੰਨਦਾਤਾ'। ਅੱਜਕਲ ਲੋਕ ਸਾਹਿਤਕ ਹਲਕਿਆਂ ਵਿਚ 'ਪੰਜਵਾਂ ਸਾਹਿਬਜਾਦਾ' ਦੇ ਤੌਰ 'ਤੇ ਨਾਮਣਾ ਖੱਟ ਰਿਹਾ ਹੈ।*



**ਅੱਜ** ਕੱਲ੍ਹ, ਅਜੀਬ ਮਾਨਸਿਕ ਤਣਾਓ ਭੋਗ ਰਹੀ ਆਂ ਮੈਂ। ਹੋ ਸਕਦਾ ਹੈ, ਦੂਸਰਿਆਂ ਲਈ ਇਹ ਗੱਲ ਕੋਈ ਖ਼ਾਸ ਨਾ ਹੋਵੇ, ਪਰ ਮੇਰੇ ਲਈ ਰਾਤਾਂ ਦੀ ਨੀਂਦ ਉਡਾਉਣ ਵਾਲੀ ਹੈ। ਮੈਂ ਬੜੀ ਦੁਬਿੱਧਾ ਵਿਚ ਹਾਂ, ਇਸ ਤਰ੍ਹਾਂ ਦੀ ਗੱਲ ਨਸ਼ਰ ਕਰਨੀ ਚਾਹੀਦੀ ਹੈ ਜਾਂ ਨਹੀਂ। ਇਹ ਤਾਂ ਆਪਣੇ ਸਰੀਰ ਦੇ ਕਿਸੇ ਲੁਕਵੇਂ ਥਾਂ ਨਿਕਲੇ ਫੋੜੇ ਨੂੰ ਦਿਖਾਉਣ ਵਰਗੀ ਗੱਲ ਹੈ। ਬਰਦਾਸ਼ਤ ਦੀ ਵੀ ਕੋਈ ਸੀਮਾ ਹੁੰਦੀ ਹੈ। ਜੇ ਇਸ ਤਰ੍ਹਾਂ ਅੰਦਰੇ-ਅੰਦਰ ਆਪਣੇ ਨਾਲ ਘੁਲਦੀ ਰਹੀ ਤਾਂ ਮੈਂ ਪਾਗ਼ਲ ਹੋ ਜਾਵਾਂਗੀ ਜਾਂ ਕਿਸੇ ਦਿਨ ਸੁੱਤੀ ਦੀ ਸੁੱਤੀ ਰਹਿ ਜਾਵਾਂਗੀ।

ਭਲਾ ਐਨਾ ਕੁਝ ਅੱਖੀਂ ਵੇਖ ਕੇ ਕੋਈ ਸਹਿਣ ਕਰ ਸਕਦਾ ਹੈ। ਮੈਂ ਤਾਂ ਥਾਏਂ ਸੁੰਨ ਹੋ ਗਈ ਸਾਂ, ਖੜ੍ਹੀ ਦੀ ਖੜ੍ਹੀ ਰਹਿ ਗਈ। ਹੈਰਾਨ ਸਾਂ ਮੈਨੂੰ ਗਸ਼ ਕਿਉਂ ਨਹੀਂ ਪਈ।

ਦੋ-ਤਿੰਨ ਮਹੀਨੇ ਪਹਿਲਾਂ ਦੀਆਂ ਗੱਲਾਂ ਨੇ। ਮੈਨੂੰ ਸਮਝ ਨਹੀਂ ਸੀ ਆਉਂਦੀ ਰਾਜੀਵ ਦੇ ਭਾਪੇ ਨੂੰ ਹੋਈ ਕੀ ਜਾਂਦਾ ਹੈ। ਜੀਣ ਤੋਂ ਏਨਾ ਤਾਂ ਨਿਰਾਸ਼ ਨਹੀਂ ਹੋ ਜਾਣਾ ਚਾਹੀਦਾ ਬੰਦੇ ਨੂੰ। ਮੇਰੇ ਸਰੀਰ ਵਿਚ ਭਾਵੇਂ ਪੀੜਾਂ ਪੈਂਦੀਆਂ ਨੇ। ਪਿੰਜਣੀਆਂ ਫੁੱਲ ਜਾਂਦੀਆਂ ਨੇ, ਕਮਰ ਦਰਦ ਕਰਦੀ ਰਹਿੰਦੀ ਹੈ, ਧੌਣ ਅੱਡ ਦੁਖਦੀ ਹੈ, ਪਰ ਮਰਨ ਨੂੰ ਤਾਂ ਮੇਰਾ ਵੀ ਜੀ ਨਹੀਂ ਕਰਦਾ। ਇਹ ਚੰਗੇ ਭਲੇ ਹਨ ਤਾਂ ਵੀ ਆਖੀ ਜਾਂਦੇ ਸਨ... ਬੱਸ ਹੁਣ ਅਗਲੇ ਪਾਸੇ ਦੇ ਸਫ਼ਰ ਵੱਲ ਤਿਆਰੀ ਹੈ।

ਹੁਣ ਅਚਾਨਕ ਸਭ ਕੁਝ ਬਦਲ ਗਿਆ।

ਝਕਦਿਆਂ ਝਕਦਿਆਂ, ਇਕ ਦਿਨ ਆਪਣੇ ਪੁੱਤਰ ਰਾਜੀਵ ਨੂੰ ਕਿਹਾ ਸੀ, 'ਪੁੱਤਰ ਅੱਜ ਕੱਲ੍ਹ ਤੇਰੇ ਭਾਪਾ ਜੀ ਆਪਣੀ ਸਿਹਤ ਦਾ ਕੁਝ ਵਧੇਰੇ ਹੀ ਖ਼ਿਆਲ ਰੱਖਣ ਲੱਗੇ ਨੇ।'

"ਇਹ ਤਾਂ ਚੰਗੀ ਗੱਲ ਹੈ ਮੰਮੀ।" ਪੁੱਤਰ ਨੇ ਮੇਰੀ ਗੱਲ ਨੂੰ ਕੋਈ ਖ਼ਾਸ ਅਹਿਮੀਅਤ ਨਹੀਂ ਸੀ ਦਿੱਤੀ।

"ਚੰਗੀ ਗੱਲ ਤਾਂ ਹੈ ਪੁੱਤਰ, ਰੀਟਾਇਰ ਹੋਇਆਂ ਨੂੰ ਸਾਲ ਹੋ ਚੱਲਿਐ, ਅਖ਼ਬਾਰ ਪੜ੍ਹ ਲੈਂਦੇ ਸਨ ਤੇ ਲੇਟ ਜਾਂਦੇ ਸਨ। ਹੁਣ ਤਾਂ ਯੋਗਾ ਵੀ ਕਰਨ ਲੱਗੇ ਨੇ। ਸਵੇਰੇ ਸ਼ਾਮ ਦੋ ਵਾਰ ਨਹਾਉਂਦੇ ਨੇ। ਕੱਲ੍ਹ ਆਖਦੇ ਸਨ, ਸੈਰ ਵੀ ਕਰਨ ਜਾਇਆ ਕਰਨਾ ਹੈ। ਮੈਨੂੰ ਤਾਂ ਅਜੀਬ ਲੱਗਦੀ ਹੈ ਇਹ ਗੱਲ।"

"ਮੰਮੀ, ਅਖ਼ਬਾਰਾਂ ਪੜ੍ਹਦਿਆਂ ਕਿਸੇ ਦਾ ਆਰਟੀਕਲ ਪੜ੍ਹਲਿਆ ਹੋਏਗਾ, ... ਬੁਢਾਪੇ ਵਿਚ ਸਿਹਤ ਦਾ ਖ਼ਿਆਲ ਕਿਵੇਂ ਰੱਖਣਾ ਚਾਹੀਦਾ ਹੈ।" ਰਾਜੀਵ ਨੇ ਕਿਹਾ ਸੀ।

"ਉਹ ਤਾਂ ਠੀਕ ਹੈ ਬੇਟੇ, ਪਹਿਲਾਂ ਤਾਂ ਕਦੇ ਕੱਪੜੇ ਵੀ ਪਰੈਸ ਕਰਕੇ ਨਹੀਂ ਸਨ ਪਾਉਂਦੇ।"

ਜੇ ਮੈਂ ਆਖਣਾ, ਕਮੀਜ਼ ਦੇ ਕਾਲਰ ਮੈਲੇ ਹੋ ਗਏ ਨੇ ਤਾਂ ਕਹਿੰਦੇ ਸਨ, "ਕੀ ਫ਼ਰਕ ਪੈਂਦੈ, ਹੁਣ ਕਿਹੜਾ ਦਫ਼ਤਰ ਜਾਣੈ ਤੇ ਹੁਣ ਪੈਂਟ ਦੀ ਕਰੀਜ਼ ਡਬਲ ਪਰੈਸ ਹੋ ਜਾਏ ਤਾਂ ਨਰਾਜ਼ ਹੋ ਜਾਂਦੇ ਨੇ।"

"ਤਾਂ ਕੀ ਹੋਇਆ ਮੰਮੀ, ਇਹ ਸਭ ਚੰਗੀਆਂ ਗੱਲਾਂ ਨੇ।" ਰਾਜੀਵ ਅਜੇ ਵੀ ਮੇਰੇ ਮਨ ਦੀ ਹਾਲਤ ਨੂੰ ਸਮਝ ਨਹੀਂ ਸੀ ਰਿਹਾ।

"ਚੰਗੀਆਂ ਤਾਂ ਹੈ ਵੇ ਪੁੱਤਰ, ਮੈਂ ਕਦੋਂ ਕਹਿੰਨੀ ਆਂ ਇਹ ਗੱਲਾਂ ਚੰਗੀਆਂ ਨਹੀਂ। ਪਰ ਹੁਣ ਤਾਂ ਇਹ ਕਮਰੇ ਵਿਚ ਫਿਰਦੇ ਗਾਣੇ ਵੀ ਗਾਂਦੇ ਨੇ।"

"ਮੰਮਾ ਤੂੰ ਕੋਈ ਗੱਲ ਛੁਪਾ ਰਹੀ ਏਂ, ਭਾਪੇ ਬਾਰੇ ਤੈਨੂੰ ਕੋਈ ਹੋਰ ਸ਼ਿਕਾਇਤ ਹੋਵੇਗੀ।" ਰਾਜੀਵ ਨੇ ਮੇਰੀਆਂ ਅੱਖਾਂ ਵਿਚ ਝਾਕਦਿਆਂ ਪੁੱਛਿਆ ਸੀ।

ਗੱਲ ਕੋਈ ਹੋਰ ਹੋਵੇਗੀ, ਇਸ ਦਾ ਤਾਂ ਮੈਨੂੰ ਵੀ ਪਤਾ ਨਹੀਂ ਸੀ ਲੱਗ ਰਿਹਾ। ਮੈਂ ਕਿਹਾ, "ਪੁੱਤਰ ਸ਼ਕਾਇਤ ਤਾਂ ਕੀ ਹੋਣੀ ਹੈ, ਪਰ ਏਸ ਉਮਰੇ ਏਨਾ ਸਜਣਾ ਧਜਣਾ? ਇਸ ਤਰ੍ਹਾਂ ਗੁਣਗਣਾਉਂਦੇ ਫਿਰਨਾ, ਬਾਰ-ਬਾਰ ਸ਼ੀਸ਼ੇ ਵਿਚ ਆਪਣੇ-ਆਪ ਨੂੰ ਵੇਖਦੇ ਰਹਿਣਾ। ਹਾਂ ਸੱਚ-ਇਕ ਦਿਨ ਮੈਨੂੰ ਪੁੱਛਦੇ ਸਨ.... ਮੈਂ ਆਪਣੇ ਵਾਲ ਨਾ ਡਾਈ ਕਰ ਲਿਆ ਕਰਾਂ...?"

"ਓ ਮੰਮੀ ਤੂੰ ਵੀ ਬੱਸ...। ਰਾਜੀਵ ਨੇ ਇੰਜ ਹੀ ਕਿਹਾ ਸੀ ਤੇ ਬਾਹਰ ਨਿਕਲ ਗਿਆ ਸੀ।"

ਮੈਂ ਸਮਝਦੀ ਹਾਂ, ਰਾਜੀਵ ਨੂੰ ਮਹਿਸੂਸ ਤਾਂ ਜ਼ਰੂਰ ਹੋਇਆ ਹੋਵੇਗਾ, ਮੈਂ ਕੋਈ ਗੱਲ ਛੁਪਾ ਰਹੀ ਆਂ। ਮੈਂ ਜੁਆਨ-ਜਹਾਨ ਪੁੱਤਰ ਨੂੰ ਕਿਵੇਂ ਖੁੱਲ੍ਹ ਕੇ ਕਹਾਂ, ਤੇਰੇ ਡੈਡੀ ਇੰਨੇ ਸਿੱਧੇ ਸਾਦੇ ਨਹੀਂ ਲੱਗਦੇ।

ਪਹਿਲਾਂ ਉਹ ਘਰ ਨਹੀਂ ਸਨ ਵੜਦੇ। ਨਾਸ਼ਤਾ ਕੀਤਾ ਤੇ ਸਾਹਮਣੇ ਨਗਰ ਕੌਂਸਲ ਦੀ ਪਾਰਕ ਵਿਚ ਜਾ ਕੇ ਤਾਸ਼ ਖੇਡਦੇ ਕਹਿੰਦੇ ਸਨ। ਰੋਟੀ ਖਾਣ ਵੇਲੇ ਹੀ ਘਰ ਆਉਂਦੇ। ਤ੍ਰਕਾਲਾਂ ਵੇਲੇ ਫੇਰ ਚਲੇ ਜਾਂਦੇ। ਹਨੇਰਾ ਹੋ ਜਾਣਾ। ਬਿਜਲੀ ਚਲੀ ਜਾਣੀ ਤਾਂ ਮੋਮਬੱਤੀਆਂ ਬਾਲ਼ ਬਾਲ਼ ਕੇ ਤਾਸ਼ ਖੇਡੀ ਜਾਣਾ। ਪਤਾ ਨਹੀਂ ਇਹ ਸਾਰੇ ਵਿਹਲੇ ਕਿਥੋਂ ਆ ਜਾਂਦੇ ਸਨ ਪਾਰਕ ਵਿਚ। ਸਿੰਗਲਿਆਂ ਦਾ ਵਲੈਤੀ ਰਾਮ, ਬਾਂਸਲਾਂ ਦਾ ਲੱਭੂ ਰਾਮ ਤੇ ਬਰਮ੍ਹਾ ਵਾਲਿਆਂ ਦਾ ਪਿਸ਼ੌਰਾ ਸਿੰਘ। ਹੋਰ ਵੀ ਬਥੇਰੇ ਆਉਂਦੇ ਨੇ ਉੱਥੇ, ਜਿਹਨਾਂ ਨੂੰ ਘਰ ਕੋਈ ਨਹੀਂ ਪੁੱਛਦਾ। ਸਾਰਾ ਦਿਨ ਨੂੰਹਾਂ ਦੀਆਂ, ਘਰ ਵਾਲੀਆਂ ਦੀਆਂ ਚੁਗ਼ਲੀਆਂ ਹੁੰਦੀਆਂ ਰਹਿੰਦੀਆਂ। ਗਲੀ ਵਿਚ ਕਿਹੜੀ ਕੁੜੀ ਕਿਹੜੇ ਮੁੰਡੇ ਨਾਲ ਅੱਖ ਮਟੱਕਾ ਕਰਦੀ ਏ... ਵਰਗੀਆਂ ਚੁਸਕੀਆਂ ਲੈਂਦੇ ਰਹਿੰਦੇ ਨੇ। ਪਹਿਲਾਂ ਤਾਂ ਸੁਣਿਆ ਸੀ, ਉੱਥੇ ਕੋਈ ਸੀਪ ਸੂਪ ਖੇਡਦੇ ਐ, ਪਤਾ ਨਹੀਂ ਕੀ ਹੁੰਦੀ ਹੈ ਇਹ। ਹੁਣ ਤਾਂ ਇਹ ਦਿਉਰ ਭਾਬੀ ਖੇਡਦੇ ਨੇ। ਇਕ ਦਿਨ ਪਾਰਕ ਵਿਚੋਂ ਆ ਕੇ ਹੱਸੀ ਜਾਣ, ਹੱਸੀ ਜਾਣ। ਮੈਂ ਪੁੱਛਿਆ 'ਅੱਜ ਤੇ ਬੜੀਆਂ ਲੱਛਾਂ ਚੜ੍ਹੀਆਂ ਨੇ।' ਆਂਹਦੇ 'ਅੱਜ ਬਾਂਸਲਾਂ ਦੇ ਲੱਭੂ ਨੂੰ ਅਸਾਂ ਭਾਬੀ ਬਣਾਇਆ। ਮੈਂ ਉਸਦੀਆਂ ਦੋ ਚੁੰਮੀਆਂ ਲਈਆਂ। ਮੈਨੂੰ ਚਾਅ ਚੜ੍ਹੀ ਜਾਵੇ, ਉਸ ਨੂੰ ਸੰਗ ਆਈ ਜਾਵੇ।' ਮੈਂ ਕਿਹਾ, 'ਮੈਨੂੰ ਚੁੰਮੇ ਨੂੰ ਤਾਂ ਵਰ੍ਹੇ ਤੋਂ ਉੱਪਰ ਹੋ ਗਿਆ ਏ। ਮੈਨੂੰ ਤਾਂ ਏਨੇ ਚਾਅ ਨਾਲ ਹੁਣ ਕਦੀ ਨਹੀਂ...।' ਆਂਹਦੇ, 'ਤੇਰੀ ਹੋਰ ਗੱਲ ਏ।' ਮੈਂ ਹੈਰਾਨ ਹਾਂ, ਹੁਣ ਮੇਰੀ ਹੋਰ ਗੱਲ ਕਿਵੇਂ ਹੋ ਗਈ। ਇਕ ਬੁੱਢੇ ਬਾਂਸਲ ਨੂੰ ਚੁੰਮ ਕੇ ਹੁਣ ਇਹਨਾਂ ਨੂੰ ਏਨਾ ਚਾਅ ਕਿਉਂ ਚੜ੍ਹਿਆ ਪਿਆ ਏ। ਮੈਂ ਬਹੁਤ ਪਰੇਸ਼ਾਨ ਹੋ ਗਈ ਸਾਂ, ਸੱਚ ਆਖਨੀ ਆਂ।

ਹੁਣ ਤਾਂ ਹੋਰ ਵੀ ਹੱਦ ਹੋ ਗਈ ਹੈ। ਪਹਿਲਾਂ, ਚਾਰ ਪੰਜ ਵਾਰੀ ਪਾਰਕ ਵਿਚ ਸੁਨੇਹੇ ਭੇਜਣੇ ਤਾਂ ਘਰ ਆਉਣਾ। ਹੁਣ ਇਹਨਾਂ ਨੂੰ ਉਹ ਵਾਰ-ਵਾਰ ਸੱਦਣ ਆਉਂਦੇ ਨੇ ਤਾਂ ਪਾਰਕ ਵਿਚ ਜਾਂਦੇ ਨੇ। ਘਰੋਂ ਹੀ ਨਹੀਂ ਨਿਕਲਦੇ। ਜੇ ਜਾਂਦੇ ਵੀ ਹਨ ਤਾਂ ਦੋ-ਤਿੰਨ ਬਾਜ਼ੀਆਂ ਲਾ ਕੇ ਹੀ ਮੁੜ ਆਉਂਦੇ ਨੇ।

ਇਹ ਸਭ ਕੀ ਹੋ ਰਿਹਾ ਹੈ? ਰਾਜੀਵ ਦੇ ਭਾਪੇ ਦਾ ਇਹ ਕਾਇਆ-ਕਲਪ ਕਿਵੇਂ ਹੋ ਗਿਆ? ਇਹਨਾਂ ਅੰਦਰ ਤਾਂ ਜੀਣ ਦੀ ਇੱਛਾ ਹੀ ਖ਼ਤਮ ਹੋ ਗਈ ਸੀ। ਸਾਹ ਵੀ ਜਿਵੇਂ ਮਜਬੂਰੀ ਨਾਲ ਲੈਂਦੇ ਹੋਣ। ਗ੍ਰਿਸਤੀ ਜੀਵਨ ਲਗਭਗ ਇਕ ਤਰ੍ਹਾਂ ਨਾਲ ਖ਼ਤਮ ਹੋ ਗਿਆ ਸੀ। ਭਾਵੇਂ ਮੈਨੂੰ ਇਸ ਤਰ੍ਹਾਂ ਦੀਆਂ ਗੱਲਾਂ ਕਰਨਾ ਸ਼ੋਭਦਾ ਨਹੀਂ ਹੈ, ਫਿਰ ਵੀ ਸਾਡਾ ਬੈੱਡਰੂਮ ਅਲੱਗ ਹੋਣ ਦੇ ਬਾਵਜੂਦ, ਰਾਜੀਵ ਦੇ ਭਾਪਾ ਬੜੇ ਠੰਡੇ ਠੰਡੇ ਰਹਿੰਦੇ ਸਨ। ਕਦੀ ਮੈਂ ਜਾਣ ਬੁਝ ਕੇ ਛੇੜਨਾ ਤਾਂ ਉਹਨਾਂ ਨੇ ਖਿਝ ਜਾਣਾ, 'ਬਹੁਤ ਹੋ ਗਿਆ, ਹੁਣ ਮੈਨੂੰ ਕੋਈ ਲਾਲਸਾ ਨਹੀਂ ਹੈ।'

ਮੈਂ ਛੇੜਨਾ, 'ਮਰਦ ਔਰ ਘੋੜਾ ਕਦੀ ਬੁੱਢਾ ਨਹੀਂ ਹੁੰਦਾ, ਤੁਸੀਂ ਲੋਕ ਹੀ ਆਖਦੇ ਹੋ।'

ਉਹ ਹੋਰ ਖਿਝ ਜਾਂਦੇ। 'ਬਕਵਾਸ ਮਾਰਦੇ ਨੇ ਸਾਲੇ, ਦਿਮਾਗ਼ ਦਫ਼ਤਰਾਂ ਦੀਆਂ ਫਾਈਲਾਂ ਚੱਟ ਜਾਂਦੀਆਂ ਨੇ, ਦੇਹ ਘਰ ਵਾਲੀਆਂ ਚੂਸ ਲੈਂਦੀਆਂ ਨੇ, ਰਹਿੰਦੀ-ਖੂੰਹਦੀ ਸਤਿਆ ਲੂਣ-ਮਸਾਲੇ ਖਿੱਚ ਲੈਂਦੇ ਨੇ। ਬੰਦਾ ਤਾਂ ਦੁਲੱਤੇ ਮਾਰਨ ਜੋਗਾ ਵੀ ਨਹੀਂ ਰਹਿੰਦਾ।' ਤੇ ਉਹ ਪਾਸਾ ਵੱਟ ਕੇ ਸੌਣ ਦਾ ਬਹਾਨਾ ਕਰਦੇ ਸਨ।

ਰਿਟਾਇਰ ਹੋਣ ਤੋਂ ਬਾਅਦ ਤਾਂ ਉਹ ਹੋਰ ਵੀ ਨਿਰਾਸ਼ ਰਹਿਣ ਲੱਗੇ ਸਨ। ਆਖਿਆ ਕਰਦੇ ਸਨ, 'ਪਤਾ ਨਹੀਂ ਮਨੁੱਖ ਜਿਉਂਦਾ ਕਿਉਂ ਹੈ। ਸਾਰੀ ਉਮਰ ਗਧੇ ਵਾਂਗ ਦੂਸਰਿਆਂ ਦਾ ਭਾਰ ਢੋਂਹਦਾ ਰਹਿੰਦਾ ਹੈ।'

ਨਾ ਕਿਸੇ ਦੇ ਵਿਆਹ ਨਾ ਮਰਨੇ ਉੱਪਰ ਜਾਂਦੇ ਸਨ, ਨਾ ਕਿਸੇ ਹੋਰ ਪ੍ਰੋਗਰਾਮ ਵਿਚ। ਮੈਨੂੰ ਹੀ ਭੇਜ ਦਿੰਦੇ ਸਨ। ਏਨਾ ਬੁਝਿਆ ਬੁਝਿਆ ਤਾਂ ਉਹਨਾਂ ਨੂੰ ਕਦੀ ਨਹੀਂ ਸੀ ਵੇਖਿਆ। ਖਾਣੇ ਵਿਚ ਵੀ ਨੁਕਸ ਨਹੀਂ ਸੀ ਕੱਢਦੇ। ਜਿਹੋ ਜਿਹਾ ਮਿਲਿਆ ਖਾ ਲਿਆ। ਤੱਤਾ ਹੋਵੇ, ਠੰਡਾ ਹੋਵੇ, ਨਿਮਕ ਜ਼ਿਆਦਾ ਹੋਵੇ, ਘੱਟ ਹੋਵੇ। ਇਕ ਦਿਨ ਤਾਂ ਮੈਂ ਜਾਣ ਬੁੱਝ ਕੇ ਸਬਜ਼ੀ ਵਿਚ ਲੂਣ ਨਹੀਂ ਪਾਇਆ, ਇਹ ਉਵੇਂ ਹੀ ਖਾ ਕੇ ਉੱਠ ਪਏ। ਮੈਨੂੰ ਬੜੀ ਚਿੰਤਾ ਹੋਈ। ਰਾਤ ਵੇਲੇ ਪੁੱਛਿਆ, 'ਕੀ ਹੋਇਆ ਹੈ ਤੁਹਾਨੂੰ?'

ਆਂਹਦੇ, 'ਮੈਨੂੰ ਕੀ ਹੋਣਾ ਹੈ?'

'ਅੱਜ ਸਬਜ਼ੀ ਵਿਚ ਲੂਣ ਨਹੀਂ ਸੀ। ਤੁਸੀਂ ਮੰਗਿਆ ਨਹੀਂ।' ਮੈਂ ਦੁਖੀ ਹੋ ਕੇ ਕਿਹਾ।

'ਹੁਣ ਸਵਾਦਾਂ ਨਾਲ ਕੀ। ਉਂਜ ਵੀ ਏਸ ਉਮਰ ਵਿਚ ਬਹੁਤਾ ਲੂਣ ਖਾਣਾ ਚੰਗਾ ਨਹੀਂ।' ਉਹਨਾਂ ਕਹਿੰਦਿਆਂ ਹਉਕਾ ਜਿਹਾ ਲਿਆ।

ਮੈਂ ਪੁੱਛਿਆ-ਕੀ ਹੋਇਆ ਤੁਹਾਡੀ ਉਮਰ ਨੂੰ?

ਆਂਹਦੇ, 'ਬਹੁਤੀ ਕੱਟ ਲਈ ਥੋੜ੍ਹੀ ਰਹਿ ਗਈ।'

ਅਗਲੇ ਦਿਨ ਮੈਂ ਰਾਜੀਵ ਨੂੰ ਕਿਹਾ ਸੀ, 'ਪੁੱਤਰ ਆਪਣੇ ਭਾਪੇ ਦਾ ਖ਼ਿਆਲ ਰੱਖਣਾ, ਪਤਾ ਨਹੀਂ ਕਿਉਂ ਬਹੁਤ ਚੁੱਪ ਰਹਿਣ ਲੱਗੇ ਨੇ।' ਪੁੱਤਰ ਮੈਨੂੰ ਕਹਿੰਦਾ, 'ਭਾਪੇ ਦਾ ਐਵੇਂ ਬਹੁਤ ਫ਼ਿਕਰ ਨਾ ਕਰਿਆ ਕਰ, ਚੰਗੇ ਭਲੇ ਨੇ ਉਹ।'

ਮੈਂ ਕਿਵੇਂ ਸਮਝਾਂ ਚੰਗੇ ਭਲੇ ਨੇ। ਜਦੋਂ ਹਰ ਸਮੇਂ ਮਰਨ ਅਤੇ ਸੰਸਾਰ ਛੱਡਣ ਦੀਆਂ ਗੱਲਾਂ ਕਰਦੇ ਰਹਿੰਦੇ ਨੇ। ਮੈਂ ਕਹਿਣਾ, 'ਅਜੇ ਕੀ ਹੋਇਆ ਹੈ ਤੁਹਾਨੂੰ। ਚੰਗੀ ਖਾਸੀ ਸਿਹਤ ਹੈ। ਕਦੇ ਬੀ ਪੀ ਨਹੀਂ ਵਧਿਆ। ਸ਼ੂਗਰ ਵਰਗੀ ਨਾਮੁਰਾਦ ਬਿਮਾਰੀ ਤੁਹਾਨੂੰ ਹੈ ਨਹੀਂ। ਤੁਹਾਡਾ ਤਾਂ ਕਦੀ ਸਿਰ ਵੀ ਨਹੀਂ ਦੁਖਿਆ। ਆਪਣੇ ਪੜੋਸੀ ਗੁਲਸ਼ਨ ਦਾ ਦਾਦਾ ਤੁਸਾਂ ਨਾਲੋਂ ਦਸ ਵਰ੍ਹੇ ਵੱਡਾ ਜੇ, ਉਹ ਤਾਂ ਅਜੇ ਵੀ ਲੜਕਿਆਂ ਨੂੰ ਆਖਦਾ ਏ ਮੇਰੇ ਨਾਲ ਦੌੜ ਲਗਾ ਕੇ ਵੇਖ ਲਵੋ।'

ਮੈਨੂੰ ਕਹਿੰਦੇ, 'ਠੀਕ ਹੈ ਕੁਸ਼ੱਲਿਆ, ਉਹ ਮੇਰੇ ਨਾਲੋਂ ਵੱਡੀ ਉਮਰ ਦਾ ਏ। ਪਰ ਪਤਾ ਨਹੀਂ ਕਿਉਂ ਮੇਰੇ ਵਿਚ ਤਾਂ ਜੀਣ ਦੀ ਰੁਚੀ ਹੀ ਨਹੀਂ ਰਹੀ। ਜੀ ਕਰਦਾ ਏ ਕਿਸੇ ਧਾਰਮਿਕ ਸਥਾਨ ਉੱਪਰ ਜਾ ਬੈਠਾਂ ਤੇ ਜਿਹੜੇ ਚਾਰ ਸੁਆਸ ਬਾਕੀ ਨੇ, ਭਗਵਾਨ ਦੀ ਉਸਤਤੀ ਕਰਾਂ।'

ਉਦੋਂ ਤਾਂ ਮੈਂ ਵੀ ਇਕ ਤਰ੍ਹਾਂ ਨਾਲ ਮਨ ਨੂੰ ਸਮਝਾ ਲਿਆ ਸੀ। ਸ਼ਾਇਦ ਇਸ ਤਰ੍ਹਾਂ ਦੀ ਪਤਝੜ, ਹਰ ਇਕ ਦੀ ਜ਼ਿੰਦਗੀ ਵਿਚ ਏਸ ਉਮਰੇ ਆਉਂਦੀ ਹੋਵੇ। ਕੋਈ ਦਸ ਦਿੰਦੇ ਨੇ, ਰਾਜੀਵ ਦੇ ਭਾਪੇ ਵਰਗੇ, ਕੋਈ ਨਹੀਂ ਦੱਸਦੇ ਹੋਣਗੇ, ਕੀ ਪਤਾ।

ਪਰ ਹੁਣ ਅਚਾਨਕ ਕੀ ਹੋ ਗਿਆ ਹੈ ਇਹਨਾਂ ਨੂੰ ਏਹੀ ਸਮਝ ਨਹੀਂ ਆਉਂਦੀ।

ਹੁਣ ਦਾਲ ਸਬਜ਼ੀ ਵਿਚ ਨੁਕਸ ਕੱਢਣ ਲੱਗੇ ਨੇ। ਕਦੇ ਲੂਣ ਘੱਟ, ਕਦੇ ਮਿਰਚਾਂ ਜ਼ਿਆਦਾ ਦੀ ਸ਼ਿਕਾਇਤ ਕਰਦੇ ਨੇ। ਕੱਪੜਿਆਂ ਦੀ ਸਫ਼ਾਈ ਵੀ ਪਸੰਦ ਨਹੀਂ ਆਉਂਦੀ। ਇਕ ਦਿਨ ਤਾਂ ਹੱਦ ਹੀ ਹੋ ਗਈ। ਆਪਣੇ ਪੋਤੇ ਨਾਲ ਰਲ ਕੇ ਗਾਣਾ ਗਾ ਰਹੇ ਸਨ, ਬੱਲੇ ਬੱਲੇ, ਸ਼ਾਵਾ ਸ਼ਾਵਾ...।

ਇਹ ਕੀ ਹੋ ਗਿਆ ਹੈ ਇਹਨਾਂ ਨੂੰ? ਅਚਾਨਕ ਜਿਉਣ ਦੀ ਲਾਲਸਾ ਕਿਧਰੋਂ ਆ ਗਈ?

ਇਕ ਰਾਤ ਤਾਂ ਮੈਨੂੰ ਲੱਗੇ ਚੁੰਮਣ ਚੱਟਣ। ਮੈਂ ਪੁੱਛਿਆ, 'ਹੁਣ ਜਵਾਨੀ ਕਿਧਰੋਂ ਚੜ੍ਹ ਆਈ ਹੈ ਤੁਹਾਨੂੰ?'

ਆਂਹਦੇ, 'ਚਾਰ ਦਿਨ ਜੀਣਾ ਹੈ। ਹੱਸ ਖੇਡ ਕੇ ਕੱਟ ਲਈਏ।'

ਮੈਂ ਛੇੜਿਆ, 'ਧਾਰਮਿਕ ਸਥਾਨ 'ਤੇ ਨਹੀਓਂ ਜਾਣਾ?'

ਆਂਹਦੇ, 'ਛੱਡ ਉਹਨਾਂ ਗੱਲਾਂ ਨੂੰ।' ਮੈਨੂੰ ਗੁੱਸਾ ਤਾਂ ਬਹੁਤ ਆਇਆ ਸੀ। ਜਦੋਂ ਮੈਂ ਕੁਝ ਆਖਦੀ ਸਾਂ ਤਾਂ ਮੁਰਦਿਆਂ ਵਾਂਗ।... ਹਾਏ, ਮੇਰੀ ਜ਼ਬਾਨ ਸੜ ਜਾਏ, ਕਿਹੋ ਜਿਹੇ ਸ਼ਬਦ ਮੇਰੇ ਮੂੰਹੋਂ ਨਿਕਲ ਗਏ। ਤੋਬਾ ਤੋਬਾ, ਮੈਂ ਤਾਂ ਕਹਿਣਾ ਚਾਹੁੰਦੀ ਸਾਂ, ਚੁੱਪ ਕਰਕੇ ਲੇਟੇ ਰਹਿੰਦੇ ਸਨ।

ਹੁਣ ਬਾਹਰ ਜਾਂਦੇ ਨੇ ਤਾਂ ਪਰੈਸ ਕੀਤੇ ਕੱਪੜੇ ਪਾਉਂਦੇ ਨੇ। ਰੋਟੀ ਖਾਣ ਤੋਂ ਬਾਅਦ ਬਰੱਸ਼ ਵੀ ਕਰਨ ਲੱਗੇ ਨੇ। ਬਾਹਰ ਜਾਣ ਤੋਂ ਪਹਿਲਾਂ ਸ਼ੀਸ਼ੇ ਮੂਹਰੇ ਖੜ੍ਹ ਕੇ ਆਪਣੇ ਆਪ ਨੂੰ ਘੁੰਮ ਘੁੰਮ ਕੇ ਜਾਂਚਦੇ ਨੇ। ਮੈਂ ਤਾਂ ਇਹਨਾਂ ਦੀਆਂ ਹਰਕਤਾਂ ਵੇਖ ਵੇਖ ਹੈਰਾਨ ਹੁੰਦੀ ਰਹਿੰਦੀ ਆਂ।

ਮੈਂ ਤੁਹਾਨੂੰ ਦੱਸਿਆ ਸੀ, ਪਿਛਲੇ ਕੁਝ ਸਮੇਂ ਤੋਂ ਮੇਰੀ ਸਿਹਤ ਠੀਕ ਨਹੀਂ ਰਹਿੰਦੀ। ਇਹ ਗਠੀਏ ਦੀ ਬਿਮਾਰੀ ਚੰਦਰੀ ਜਿਹੀ ਪਤਾ ਨਹੀਂ ਕਿਵੇਂ ਚੰਬੜ ਗਈ ਮੈਨੂੰ। ਮੇਰੇ ਕੋਲੋਂ ਰਸੋਈ ਦਾ ਕੰਮ ਠੀਕ ਤਰ੍ਹਾਂ ਨਹੀਂ ਹੁੰਦਾ। ਕੰਮ ਕਰਨ ਵਾਲੀ ਵੀ ਬਿਰਧ ਹੈ, ਪਰ ਮੇਰੇ ਨਾਲੋਂ ਤਕੜੀ ਹੈ। ਫਿਰ ਵੀ ਏਸ ਉਮਰੇ ਕੰਮ ਕਰਦਿਆਂ ਵੇਖ ਕੇ ਮੈਨੂੰ ਅਜੀਬ ਜਿਹਾ ਲੱਗਦਾ ਹੈ। ਪਿਛਲੇ ਮਹੀਨੇ ਤੋਂ ਮੈਂ ਇਸ ਨੂੰ ਬਦਲ ਹੀ ਦਿੱਤਾ ਹੈ। ਰੋਂਦੀ ਸੀ ਕਹੇ 'ਬੀਬੀ ਜੀ ਕੰਮ ਆਸਰੇ... ਬੱਚਿਆਂ ਨੂੰ ਖਾਣ ਪੀਣ ਅੱਛਾ ਹੋ ਜਾਂਦਾ ਸੀ। ਹੁਣ ਏਸ ਉਮਰੇ ਕੌਣ ਦੇਵੇਗਾ ਕੰਮ ਮੈਨੂੰ। ਤੁਹਾਡੇ ਨਾਲ ਤਾਂ ਏਨੇ ਵਰ੍ਹਿਆਂ ਤੋਂ ਲੱਗੀ ਆਈ ਆਂ। ਪਰ ਮੈਂ ਉਸ ਨੂੰ ਕਿਵੇਂ ਸਮਝਾਉਂਦੀ।

ਹੁਣ ਵਾਲੀ 'ਮਾਈ', ਮਾਈ ਤਾਂ ਨਹੀਂ ਕਹਿਣਾ ਚਾਹੀਦਾ, ਕੰਮ ਵਾਲੀ ਚਾਲੀ ਬਤਾਲੀ ਸਾਲਾਂ ਦੀ ਹੈ। ਉਂਜ ਵੀ ਮੂੰਹ ਮੱਥੇ ਲਗਦੀ ਹੈ। ਮੈਂ ਤਾਂ ਰਸੋਈ ਦਾ ਕੰਮ ਵੀ ਉਸ ਕੋਲੋਂ ਕਰਵਾ ਲੈਂਦੀ ਹਾਂ। ਆਟਾ ਗੁੰਨ ਦਿੰਦੀ ਹੈ। ਸਬਜ਼ੀ ਚੀਰ ਦਿੰਦੀ ਹੈ। ਕਈ ਵਾਰ ਤਾਂ ਫੁਲਕੇ ਵੀ ਲਾਹ ਦਿੰਦੀ ਹੈ। ਇਕ ਦਿਨ ਤਾਂ ਮੇਰੀਆਂ ਲੱਤਾਂ ਬਹੁਤੀਆਂ ਦਰਦ ਕਰ ਰਹੀਆਂ ਸਨ, ਉਸ ਨੇ ਪਿੰਜਣੀਆਂ ਦੀ ਮਾਲਸ਼ ਵੀ ਕੀਤੀ। ਰਹਿੰਦੀ ਵੀ ਸਾਫ਼ ਸੁਥਰੀ ਹੈ। ਬੁੱਢੀ ਮਾਈ ਵਾਂਗ ਉਸਦੇ ਹੱਥਾਂ ਪੈਰਾਂ ਨੂੰ ਵੇਖ ਕੇ ਘਿਣ ਨਹੀਂ ਆਉਂਦੀ। ਕੰਮ ਵਾਲੀ ਤਾਂ ਉਹ ਲੱਗਦੀ ਹੀ ਨਹੀਂ। ਸੜੀ ਖਿੱਝੀ ਵੀ ਨਹੀਂ ਰਹਿੰਦੀ... ਹੰਸੂ ਹੰਸੂ ਕਰਦੀ ਰਹਿੰਦੀ ਹੈ।

ਪਤਾ ਨਹੀਂ ਇਕ ਦਿਨ ਮੈਨੂੰ ਭੁਲੇਖਾ ਲੱਗਿਆ ਸੀ ਜਾਂ ਉਂਜ ਹੀ...। ਰਾਜੀਵ ਦੇ ਭਾਪਾ ਅੰਦਰ ਬੈੱਡ ਰੂਮ ਵਿਚ ਲੇਟੇ ਅਖ਼ਬਾਰ ਪੜ੍ਹ ਰਹੇ ਸਨ। ਕੰਮ ਵਾਲੀ ਪੋਚਾ ਲਾ ਰਹੀ ਸੀ ਬੈੱਡਰੂਮ ਵਿਚ। ਜਦੋਂ ਬਾਹਰ ਨਿਕਲੀ ਤਾਂ ਉਸਦਾ ਹਾਸਾ ਨਿਕਲਦਾ ਪਿਆ ਸੀ। ਮੈਨੂੰ ਖਿਝ ਆਈ, ਹਰਾਂਬੜ ਐਵੇਂ ਦੰਦੀਆਂ ਕੱਢਦੀ ਰਹਿੰਦੀ ਐ।

'ਕੀ ਹੋਇਆ?' ਮੈਂ ਪੁੱਛਿਆ

'ਕੁਝ ਨੀ ਬੀਬੀ ਜੀ।' ਇਹ ਵੀ ਉਸ ਨੇ ਹੱਸਦਿਆਂ ਕਿਹਾ ਸੀ।

'ਹੱਸਦੀ ਕਿਉਂ ਪਈ ਏਂ?' ਮੈਨੂੰ ਸੱਚ ਹੀ ਗੁੱਸਾ ਆ ਗਿਆ ਸੀ।

'ਨਾ, ਮੈਂ ਕਦੋਂ ਹੱਸਨੀ ਆਂ ਬੀਬੀ ਜੀ।' ਆਖ ਕੇ ਉਹ ਫੇਰ ਹੱਸਣ ਲੱਗ ਪਈ ਸੀ।

'ਦੁਰ ਫਿਟੇ ਮੂੰਹ।' ਮੇਰੇ ਮੂੰਹੋਂ ਨਿਕਲ ਗਿਆ। 'ਚੰਗੀ ਲੱਗਦੀ ਏਂ ਏਦਾਂ ਹੱਸਦੀ।'

ਮੇਰੀ ਝਿੜਕ ਸੁਣ ਕੇ, ਉਹ ਫਿਰ ਬਾਹਰ ਪੋਚਾ ਲਾਉਣ ਲੱਗ ਪਈ। ਉਸ ਦੇ ਖੁੱਲ੍ਹੇ ਗਲਮੇ ਵਿਚੋਂ ਪੂਰੀਆਂ ਛਾਤੀਆਂ ਦਿਸਦੀਆਂ ਸਨ। ਭਰਵੀਆਂ ਇਸ ਨੂੰ ਸ਼ਰਮ ਹਯਾ ਨਹੀਂ ਆਉਂਦੀ। ਘਰ ਅੰਦਰ ਆਉਂਦੀ ਹੀ ਆਪਣੀ ਚੁੰਨੀ ਲਾਹ ਕੇ ਰੱਖ ਦਿੰਦੀ ਹੈ। ਮੈਨੂੰ ਈਰਖਾ ਹੋਈ, ਏਡੀਆਂ ਸੁਡੌਲ ਛਾਤੀਆਂ, ਇਹਨਾਂ ਲੋਕਾਂ ਦੀਆਂ? ਮੈਨੂੰ ਸ਼ੱਕ ਪਈ, ਜਦੋਂ ਏਹ ਬੈੱਡ ਰੂਮ ਵਿਚ ਪੋਚਾ ਲਾਂਦੀ ਹੋਵੇਗੀ ਤਾਂ ਰਾਜੀਵ ਦੇ ਭਾਪਾ... ਛਾਤੀਆਂ ਵੱਲ....। ਨਹੀਂ ਨਹੀਂ, ਏਨੇ ਜੋਗੇ ਉਹ ਕਿੱਥੇ ਨੇ। ਮੇਰੇ ਵੱਲ ਤਾਂ ਪਿੱਠ ਕਰਕੇ ਸੌਂ ਜਾਂਦੇ ਨੇ। ਜਦੋਂ ਛੇੜਨੀ ਆਂ ਤਾਂ ਆਖ ਦਿੰਦੇ ਨੇ, 'ਬੱਸ ਹੁਣ ਕੋਈ ਇੱਛਾ ਨਹੀਂ ਹੈ। ਪਰ...।'

'ਚੁੰਨੀ ਲੈ ਲਿਆ ਕਰ, ਦੇਖ ਤਾਂ ਚੰਗਾ ਲਗਦਾ ਏ ਇਸ ਤਰ੍ਹਾਂ?' ਮੈਂ ਫਿਰ ਝਿੜਕਿਆ।

'ਚੁੰਨੀ ਖ਼ਰਾਬ ਹੋ ਜਾਂਦੀ ਹੈ ਬੀਬੀ ਜੀ।' ਉਸ ਨੇ ਆਪਣੇ ਖੁੱਲ੍ਹੇ ਗਲਮੇ ਨੂੰ ਉੱਪਰ ਵੱਲ ਖਿੱਚਦਿਆਂ ਕਿਹਾ ਤੇ ਫਿਰ ਪੋਚਾ ਲਾਉਣ ਲੱਗ ਪਈ! ਪਰ ਛਾਤੀਆਂ ਤਾਂ ਉਸਦੀਆਂ ਗਲਮੇ ਵਿਚੋਂ ਬਾਹਰ ਨਿਕਲਣ ਨਿਕਲਣ ਕਰਦੀਆਂ ਸਨ।

'ਬੇਸ਼ਰਮ।' ਮੈਂ ਮੂੰਹ ਵਿਚ ਬੁੜਬੁੜਾਈ ਸੀ।

ਕੱਪੜੇ ਧੋਣ ਲੱਗਦੀ ਤਾਂ ਸਲਵਾਰ ਗੋਡਿਆਂ ਤੋਂ ਉੱਪਰ ਤੱਕ ਚੜ੍ਹਾ ਲੈਂਦੀ।

ਇਕ ਦਿਨ ਸੁੱਕੇ ਕੱਪੜਿਆਂ ਦੀਆਂ ਤੈਹਾਂ ਲਾਉਂਦਿਆਂ ਮੈਂ ਵੇਖਿਆ, ਰਾਜੀਵ ਦੇ ਭਾਪਾ ਦੀ ਕਮੀਜ਼ ਦੇ ਦੋ ਬਟਨ ਟੁੱਟੇ ਹੋਏ ਸਨ। ਮੈਨੂੰ ਬੜਾ ਗੁੱਸਾ ਆਇਆ। ਪਤਾ ਨਹੀਂ ਮੈਥੋਂ ਉੱਚੀ ਕਿਵੇਂ ਬੋਲਿਆ ਗਿਆ :

"ਹਰ ਰੋਜ਼ ਸਮਝਾਨੀ ਆਂ ਕੱਪੜੇ ਧਿਆਨ ਨਾਲ ਫੈਂਟਿਆ ਕਰ, ਤੁਸਾਂ ਦੀ ਕਮੀਜ਼ ਦੇ ਦੋ ਬਟਨ ਤੋੜ ਦਿੱਤੇ ਨੇ। ਮੈਂ ਤਾਂ ਇਸ ਨੂੰ ਕੰਮ ਤੋਂ ਜਵਾਬ ਦੇ ਦੇਣਾ।"

ਮੈਨੂੰ ਕਹਿੰਦੇ, "ਦੇਖ ਲੈ ਫੇਰ ਤੈਨੂੰ ਏਦਾਂ ਦੀ ਕੰਮ ਕਰਨ ਵਾਲੀ ਜਲਦੀ ਨਹੀਂ ਲੱਭਣੀ।"

"ਬਥੇਰੀਆਂ ਲੱਭ ਲਵਾਂਗੀ।" ਮੈਂ ਕਿਹਾ।

"ਬੁੱਢੀ ਮਾਈ ਵਰਗੀਆਂ?"

"ਤੁਸਾਂ ਨੂੰ ਕੀ?"

"ਮੈਨੂੰ ਹੈ ਵੇ, ਖਊਂ ਖਊਂ ਕਰਦੀਆਂ ਕੰਮ ਕਰਨਗੀਆਂ ਤੇ ਅੱਧੀ ਬਿਮਾਰੀ ਤੇਰੇ ਪੋਤੇ ਪੋਤਰੀਆਂ ਨੂੰ ਲਾਣਗੀਆਂ। ਲੱਭਣਾਂ ਤਾਂ ਪੈਣਾ ਹੀ ਹੈ, ਲੱਭ ਲੈ, ਤੈਥੋਂ ਤਾਂ ਹੁਣ ਕੋਈ ਕੰਮ ਹੁੰਦਾ ਨਹੀਂ।" ਉਹ ਮੇਰੇ ਵੱਲ ਭੇਦ ਭਰਿਆ ਜਿਹਾ ਝਾਕਣ ਲੱਗੇ। ਗੱਲ ਤਾਂ ਉਹਨਾਂ ਦੀ ਠੀਕ ਸੀ। ਕੰਮ ਵਾਲੀਆਂ ਉਹ ਵੀ ਚੰਗੀਆਂ, ਜਲਦੀ ਕਿੱਥੇ ਲੱਭਦੀਆਂ ਹਨ। ਫਿਰ ਵੀ ਮੈਂ ਕਿਹਾ।

"ਇਹ ਤਾਂ ਰੋਟੀਆਂ ਖਾਣ ਬਹਿ ਜਾਏ ਰੱਜਦੀ ਨਹੀਂ ਮੈਥੋਂ। ਕਹੀ ਜਾਊ, ਬੀਬੀ ਜੀ ਸਬਜ਼ੀ ਹੋਰ ਹੈਗੀ ਵੇ। ਇਕ ਫੁਲਕਾ ਹੋਰ ਦੇਹ ਨਾ ਬੀਬੀ ਜੀ।"

"ਕੋਈ ਗੱਲ ਨਹੀਂ, ਗਰੀਬ ਅਸੀਸਾਂ ਦੇਂਦਾ ਏ। ਤੂੰ ਐਵੇਂ ਨਾ ਭੜਕੀ ਜਾਇਆ ਕਰ। ਮੈਂ ਦੇਖਦਾਂ, ਵਾਧੂ ਦਾਲਾਂ ਫੁੱਲਕੇ ਤਾਂ ਤੂੰ ਡਸਟਬਿਨ ਵਿਚ ਸੁੱਟਦੀ ਏਂ ਰੋਜ਼। ਗੱਲ ਦੋ ਬਟਨਾਂ ਦੀ ਸੀ, ਕਿਥੋਂ ਤੱਕ ਲੈ ਗਈ ਏਂ, ਖਿੱਚ ਕੇ। ਦੋ ਬਟਨ ਨਵੇਂ ਲਾ ਦੇ।"

ਮੈਂ ਚੁੱਪ ਕਰ ਗਈ। ਉਦੋਂ ਮੈਨੂੰ ਕੀ ਪਤਾ ਸੀ, ਇਹ ਉਸਦੀ ਵਕਾਲਤ ਕਿਉਂ ਕਰਦੇ ਪਏ ਨੇ।

ਭਾਂਡਾ ਤੇ ਸਾਰਾ ਇਕ ਦਿਨ ਭੱਜਿਆ।

ਗਵਾਂਢੀਆਂ ਦੇ ਮਰਗ ਹੋ ਗਈ ਸੀ। ਉਹਨਾਂ ਦੀ ਬਿਰਧ ਮਾਤਾ ਚਲ ਵਸੀ ਸੀ। ਮੈਂ ਦੋ ਘੜੀਆਂ ਉਧਰ ਚਲੀ ਗਈ ਅਫ਼ੋਸਸ ਕਰਨ। ਪੁੱਤਰ ਦੇ ਨੂੰਹ ਆਪਣੀ ਨੌਕਰੀ 'ਤੇ ਚਲੇ ਗਏ ਸਨ ਤੇ ਬੱਚੇ ਸਕੂਲ। ਕੰਮ ਵਾਲੀ ਨੂੰ ਕਿਹਾ, 'ਤੂੰ ਸਫ਼ਾਈ ਕਰ ਤੇ ਖ਼ਿਆਲ ਰੱਖੀਂ ਘਰ ਦਾ। ਰਾਜੀਵ ਦੇ ਭਾਪਾ ਤਾਂ ਜਦੋਂ ਅਖ਼ਬਾਰ ਵਿਚ ਖੁੱਭ ਜਾਂਦੇ ਨੇ ਤਾਂ ਫਿਰ ਭਾਵੇਂ ਕੋਈ ਘਰ ਚੁੱਕ ਕੇ ਲੈ ਜਾਏ, ਇਹਨਾਂ ਨੂੰ ਪਤਾ ਨਹੀਂ ਲੱਗਦਾ।'

ਮਰਗ ਵਾਲੇ ਘਰ ਮੁਹੱਲੇ ਦੀਆਂ ਹੋਰ ਵੀ ਔਰਤਾਂ ਸਨ। ਉੱਥੇ ਬੈਠਿਆਂ ਮੈਨੂੰ ਕੁਝ ਦੇਰ ਹੋ ਗਈ ਹੋਣੀ ਹੈ। ਜਦੋਂ ਘਰ ਆਈ ਤਾ ਦੇਖਿਆ, ਰਾਜੀਵ ਦੇ ਭਾਪਾ ਘਰ ਨਹੀਂ ਹਨ। ਮੈਨੂੰ ਬੜਾ ਗੁੱਸਾ ਆਇਆ। ਇਹ ਤਾਂ ਘਰ ਦੀ ਕੋਈ ਜ਼ਿੰਮੇਵਾਰੀ ਸਮਝਦੇ ਹੀ ਨਹੀਂ। ਕਿਧਰ ਚਲੇ ਗਏ? ਫਿਰ ਸੋਚਿਆ, ਸ਼ਾਇਦ ਕੰਮ ਵਾਲੀ ਨੂੰ ਦੱਸ ਕੇ ਗਏ ਹੋਣ। ਉਸ ਨੂੰ ਵੇਖਿਆ, ਉਹ ਵੀ ਕਿਸੇ ਕਮਰੇ ਵਿਚ ਨਹੀਂ ਦਿਸੀ। ਹੱਦ ਹੋ ਗਈ। ਸਭ ਕੁਝ ਖੁੱਲ੍ਹਾ ਪਿਆ ਹੈ, ਭਾਵੇਂ ਰਸੋਈ ਵਿਚੋਂ ਕੋਈ ਬਰਤਨ ਉਠਾ ਕੇ ਲੈ ਜਾਵੇ। ਇਹੋ ਜੇਹਿਆਂ ਨੂੰ ਕੀ ਜ਼ਿੰਮੇਵਾਰੀ ਦੇ ਕੇ ਜਾਵੇ ਕੋਈ। ਸੋਚਿਆ, ਕਿਤੇ ਛੱਤ ਉੱਪਰ ਧੋਤੇ ਕੱਪੜੇ ਤਾਂ ਨਹੀਂ ਪਾਉਣ ਚਲੀ ਗਈ। ਵੇਖਾਂ ਤੇ ਮੈਂ ਪੌੜੀਆਂ ਚੜ੍ਹਕੇ ਉਪਰ ਚਲੀ ਗਈ।

ਉਹ ਤਾਂ ਛੱਤ ਉੱਪਰ ਵੀ ਨਹੀਂ ਹੈ।

ਕਿੱਥੇ ਗਈ ਹੋਈ?

ਮੈਂ ਛੱਤ ਉਪਰਲੇ ਕਮਰੇ ਦੇ ਅੰਦਰ ਝਾਕਿਆ ਤਾਂ ਮੇਰਾ ਤਰਾਹ ਨਿਕਲ ਗਿਆ।

ਰਾਜੀਵ ਦੇ ਭਾਪਾ, ਕੰਮ ਵਾਲੀ ਨੂੰ ਕਮਰੇ ਦੀ ਗੁੱਠ ਵਿਚ ਲਈ ਖੜ੍ਹੇ ਚੁੰਮੀ ਜਾ ਰਹੇ ਸਨ।

ਮੈਂ ਤ੍ਰਬਕ ਕੇ ਪਿੱਛੇ ਹਟ ਗਈ। ਮੇਰੇ ਵਿਚ ਤਾਂ ਪੌੜੀਆਂ ਉਤਰਨ ਦੀ ਹਿੰਮਤ ਵੀ ਨਾ ਰਹੀ।

# ਕੌਡਾਂ ਦਾ ਕਰਜ਼ਾਈ

**ਅਜੀਤ ਰਾਹੀ**



ਦੇਸ਼ ਦੀ ਵੰਡ ਹੋਈ ਨੂੰ ਅੱਧੀ ਸਦੀ ਤੋਂ ਵੀ ਵਧ ਦਾ ਸਮਾਂ ਹੋ ਗਿਆ। ਮੈਂ ਜਾਂ ਮੇਰੀ ਉਮਰ ਦੇ ਮੁੰਡੇ ਜਿਹੜੇ ਉਸ ਸਮੇਂ ਬਚਪਨ ਦੀ ਲਟੋਰ ਉਮਰ ਦੀ ਧੁੰਦਲ ਵਿਚ ਖੇਡਦੇ ਹੁੰਦੇ ਸੀ, ਅੱਜ ਵੀ ਉਨ੍ਹਾਂ ਦਿਨਾਂ ਨੂੰ ਯਾਦ ਕਰਕੇ ਇਕ ਹੌਕੇ ਦਾ ਘੁਟ ਭਰ ਲੈਂਦੇ ਹਾਂ।

ਮੇਰਾ ਜਨਮ ਮੇਰੇ ਨਾਨਕੇ ਪਿੰਡ ਸਮਰਾ ਜੰਡਿਆਲੇ ਚੱਕ ਨੰਬਰ 104 ਵਿਚ ਹੋਇਆ ਸੀ।

ਮੈਂ ਕਿਉਂਕਿ ਨਾਨਕਿਆਂ ਅਤੇ ਦਾਦਕਿਆਂ ਦੋਹਾਂ ਦਾ ਲਾਡਲਾ ਸੀ। ਇਸ ਲਈ ਪੂਰੀ ਤਰ੍ਹਾਂ ਵਿਗੜਨ ਵਿਚ ਮੈਂ ਆਪਣੇ ਵਲੋਂ ਕੋਈ ਕਸਰ ਨਹੀਂ ਛੱਡਣੀ ਚਾਹੁੰਦਾ ਸੀ। ਉਦੋਂ ਮੈਂ ਨੌਆਂ ਜਾਂ ਦੱਸਾਂ ਸਾਲਾਂ ਦਾ ਸੀ। ਮੈਂ ਸਾਰਾ ਦਿਨ ਅਵਾਰਾ ਮੁੰਡਿਆਂ ਨਾਲ ਘੁੰਮਦਾ ਘੁੱਗੀਆਂ ਦੇ ਆਂਡੇ ਭਾਲਦਾ। ਗੁਲੇਲ ਬਣਾ ਕੇ ਪੰਛੀਆਂ ਦੇ ਗੁਲੇਲੇ ਮਾਰਦਾ। ਰੋਟੀ ਵੇਲੇ ਘਰ ਆ ਵੜਦਾ। ਮੇਰੀ ਨਾਨੀ ਮੈਨੂੰ ਬੜਾ ਮਨਾਉਂਦੀ, "ਜੀਤ ਦੇਖ ਤੂੰ ਵੱਡਾ ਏਂ। ਜੇਕਰ ਤੂੰ ਹੀਂ ਵਿਗੜ ਗਿਆ ਤਾਂ ਮੇਰੀ ਧੀ ਦੀ ਜ਼ਿੰਦਗੀ ਤਾਂ ਹੋਰ ਵੀ ਨਰਕ ਬਣ ਜਾਵੇਗੀ।" ਉਹ ਬੀਬੀ ਦੀ ਜ਼ਿੰਦਗੀ ਨੂੰ ਹੁਣ ਵੀ ਨਰਕ ਹੀ ਸਮਝ ਰਹੀ ਸੀ ਕਿਉਂਕਿ ਮੇਰਾ ਬਾਬਾ ਚੰਗੀ ਮੋਟੀ ਅਫੀਮ ਖਾਂਦਾ ਸੀ। ਜਿਸ ਕਰਕੇ ਉਸਨੇ ਦੇਸ਼ ਦੀ ਜ਼ਮੀਨ ਤਾਂ ਪਹਿਲਾਂ ਹੀ ਵੇਚ ਦਿੱਤੀ ਸੀ। ਹੁਣ ਬਾਰ ਦੀ ਪੈਂਹਟ ਚੱਕ ਮੁਕੰਦ ਪੁਰ ਵਾਲੀ ਨੂੰ ਵੀ ਟੱਕ ਧਰ ਲਿਆ ਸੀ। ਪਰ ਮੈਨੂੰ ਇਨ੍ਹਾਂ ਗੱਲਾਂ ਦੀ ਫਿਕਰ ਕਿੱਥੇ ਸੀ।

ਹੌਲੀ ਹੌਲੀ ਇਸ ਲਟੋਰ ਪੁਣੇ ਵਿਚੋਂ ਇਕ ਹੋਰ ਆਦਤ ਨੇ ਜਨਮ ਲੈ ਲਿਆ। ਇਹ ਸੀ 'ਕੌਡਾਂ' ਅਤੇ 'ਅਖਰੋਟ' ਖੇਡਣ ਦੀ ਆਦਤ। ਇਹ ਆਦਤ ਮੈਨੂੰ ਬਾਜ਼ੀਗਰਾਂ ਦੇ ਮੂਲੇ ਤੋਂ ਪਈ ਸੀ। ਕੌਡਾਂ ਜਾਂ ਅਖਰੋਟ ਅਸੀਂ ਦੋ ਤਰ੍ਹਾਂ ਖੇਡਦੇ ਸੀ। ਇਕ ਤਾਂ ਖੁੱਤੀ ਪਾਣ ਸੀ ਤੇ ਦੂਸਰਾ ਕੁੰਡਲ। ਇਕ ਗੋਲ ਦਾਇਰੇ ਵਿਚ ਆਪਣੀ ਕੌਡੀ ਰਲਾ ਕੇ ਕੌਡਾਂ ਸਿੱਟੀਆਂ ਜਾਂਦੀਆਂ ਸੀ। ਜਿੰਨੀਆਂ ਆਪਣੀ ਕੌਡੀ ਵਾਂਗ ਸਿੱਧੀਆਂ ਜਾਂ ਪੁੱਠੀਆਂ ਹੁੰਦੀਆਂ, ਉਹ ਜਿੱਤ ਕੇ ਚੁੱਕ ਲਈਆਂ ਜਾਂਦੀਆਂ। ਬਾਕੀਆਂ ਵਿਚੋਂ ਦੂਸਰੇ ਖਿਡਾਰੀ ਇਕ ਕੌਡੀ ਨੂੰ ਕੁੰਡਲ ਵਿਚੋਂ ਕੌਡੀ ਮਾਰਕੇ ਬਾਹਰ ਕੱਢਣ ਲਈ ਕਹਿੰਦੇ, ਜੇ ਕਰ ਤਾਂ ਉਹ ਦੱਸੀ ਹੋਈ ਕੌਡੀ ਬਾਹਰ ਕੱਢ ਦਿੰਦੇ ਤਾਂ ਸਾਰੀਆਂ ਕੌਡਾਂ ਉਸ ਦੀਆਂ ਹੋ ਜਾਂਦੀਆ, ਜੇਕਰ ਉਸਦੀ ਮਾਰੀ ਹੋਈ ਕੌਡੀ ਕਿਸੇ ਹੋਰ ਕੌਡੀ ਨੂੰ ਲਗ ਜਾਂਦੀ ਤਾਂ ਜਿੱਤੀਆਂ ਹੋਈਆਂ ਕੌਡਾਂ ਵੀ ਵਾਪਸ ਕਰਨੀਆਂ ਪੈਂਦੀਆਂ। ਇਸੇ ਤਰ੍ਹਾਂ ਖੁੱਤੀ ਪੈਣ ਵਿਚ ਵੀ ਹੁੰਦਾ। ਜਿੰਨੀਆਂ ਕੌਡਾਂ ਖੁੱਤੀ ਵਿਚ ਪੈ ਜਾਂਦੀਆਂ ਉਹ ਤਾਂ ਜਿੱਤੀਆਂ ਜਾਂਦੀਆਂ ਅਤੇ ਜੇਕਰ ਦੱਸੀ ਹੋਈ ਕੌਡੀ ਕਿਸੇ ਹੋਰ ਕੌਡੀ ਨੂੰ ਛੂਹ ਜਾਂਦੀ ਤਾਂ ਸਭ ਜਿੱਤੀਆਂ ਵੀ ਮੋੜਨੀਆਂ ਪੈਂਦੀਆਂ।

ਮੈਂ ਨਾਨੀ ਤੋਂ ਪੈਸੇ ਲੈ ਕੇ ਥੋੜ੍ਹੀਆਂ ਕੌਡਾਂ ਅਤੇ ਅਖਰੋਟ ਹੱਟੀ ਤੋਂ ਲੈ ਆਇਆ ਅਤੇ ਖੇਡਣ ਦਾ ਕੰਮ ਸ਼ੁਰੂ ਕਰ ਲਿਆ। ਗੁੱਲਾ ਇਸ ਖੇਡ ਦਾ ਮਾਹਰ ਸੀ। ਉਹ ਕੁੰਡਲ ਅਤੇ ਖੁੱਤੀ ਦੋਹਾਂ ਖੇਡਾਂ ਵਿਚ ਹੀ ਜਿੱਤ ਜਾਂਦਾ ਸੀ। ਅਸੀਂ ਸਾਰੇ ਹਾਣੀ, ਜਿਹੜੇ ਮੇਰੇ ਵਰਗੇ ਹੀ ਲਟੋਰ ਸੀ, ਇਨ੍ਹਾਂ ਵਿਚੋਂ ਕੋਈ ਵੀ ਸਕੂਲ ਨਹੀਂ ਸੀ ਜਾਂਦਾ। ਹਾਲਾਂ ਕਿ ਪਿੰਡ ਵਿਚ ਹੀ ਪ੍ਰਾਇਮਰੀ ਸਕੂਲ ਸੀ। ਇੱਕ ਮਾਸਟਰ ਮੇਰੇ ਨਾਨਕਿਆਂ ਦੇ ਦੂਸਰੇ ਖਾਲੀ ਪਏ ਘਰ ਦੀ ਬੈਠਕ ਵਿਚ ਰਹਿੰਦਾ ਸੀ। ਇਕ ਦੋ ਵਾਰੀ ਉਸਨੇ ਮੈਨੂੰ ਸਕੂਲ ਲਿਜਾਣ ਦਾ ਯਤਨ ਵੀ ਕੀਤਾ ਪਰ ਮੈਂ ਕਿੱਥੇ ਇਸ ਪੁੱਠੇ ਰਾਹ ਪੈਣ ਵਾਲਾ ਸੀ। ਉਸ ਵੇਲੇ ਮੈਨੂੰ ਸਕੂਲ ਜਾਣਾ ਪੁੱਠਾ ਰਾਹ ਲਗਦਾ ਸੀ। ਮੇਰੇ ਮਾਮੇ ਦੇ ਮੁੰਡੇ ਨੇ ਜੋ ਮੈਥੋਂ ਉਮਰ ਵਿਚ ਦਸ ਬਾਰਾਂ ਸਾਲ ਵੱਡਾ ਸੀ, ਮੈਨੂੰ ਆਪਣੇ ਸਕੂਲ ਜਾਣ ਦੇ ਮਾੜੇ ਦਿਨਾਂ ਦੀ ਦਾਸਤਾਂ ਸੁਣਾਈ ਸੀ । ਉਸਨੇ ਮੈਨੂੰ ਦਸਿਆ ਕਿ ਉਹ ਕਈ ਸਾਲ ਸਕੂਲ ਜਾਂਦਾ ਰਿਹਾ ਸੀ। ਉਸਨੇ ਕਿਹਾ ਸਾਰੇ ਸਾਲਾਂ ਵਿਚ ਮੈਨੂੰ "ਵੋਹ ਕਊਆ ਰੋਟੀ ਲੈ ਗਿਆ" ਹੀ ਨਹੀਂ ਸੀ ਪੜ੍ਹਨੀ ਆਈ। ਸਿਆਣਿਆਂ ਦੀਆਂ ਗੱਲਾਂ ਬਚਪਨ ਦੇ ਦਿਨਾਂ ਵਿਚ ਜਲਦੀ ਅਸਰ ਕਰ ਜਾਂਦੀਆਂ ਹਨ। ਇਸ ਲਈ ਮੈਂ ਜਾਣ ਗਿਆ ਸੀ ਕਿ ਸਕੂਲ ਜਾਣ ਵਾਲੇ ਹੋਰ ਹੀ ਪ੍ਰਾਣੀ ਹੁੰਦੇ ਹਨ। ਸਾਡੇ ਵਾਂਗ ਜੱਟਾਂ ਦੇ ਪੁੱਤ ਨਹੀਂ।

ਇਸ ਕਰਕੇ ਹੀ ਮੈਂ ਹੁਣ ਕੁੱਲ ਵਕਤੀ ਕੌਡਾਂ ਅਤੇ ਅਖਰੋਟਾਂ ਦਾ ਖਿਡਾਰੀ ਬਣ ਗਿਆ ਸੀ। ਮਿਹਨਤ ਵਰ ਆਈ ਸੀ, ਮੈਂ ਆਪਣੇ ਹਾਣੀਆਂ ਨੂੰ ਜਿੱਤਣ ਲੱਗ ਗਿਆ ਸੀ। ਪਰ ਗੁੱਲਾ ਮੇਰੀ ਪੇਸ਼ ਨਹੀਂ ਸੀ ਜਾਣ ਦੇਂਦਾ। ਉਹ ਕੁੰਡਲ ਅਤੇ ਖੁੱਤੀ ਦੋਹਾਂ ਵਿਚ ਹੀ ਸਾਨੂੰ ਸਾਰਿਆਂ ਨੂੰ ਭੋਟ ਕੇ ਲੈ ਜਾਂਦਾ। ਅਸੀਂ ਸਾਰੇ ਜਦੋਂ ਉਸ ਕੋਲੋਂ ਹਰ ਜਾਂਦੇ ਤਾਂ ਉਸ ਵੇਲੇ ਸਾਡੇ ਚੇਹਰੇ ਵੇਖਣ ਵਾਲੇ ਹੁੰਦੇ ਸੀ। ਜਦੋਂ ਗੁੱਲਾ ਆਪਣੇ ਝੱਗੇ ਦੇ ਪੱਲੇ ਵਿਚ ਅਖਰੋਟ ਜਾਂ ਕੌਡਾਂ ਭਰ ਰਿਹਾ ਹੁੰਦਾ। ਸਾਨੂੰ ਲੱਗਦਾ ਸਾਡੀ ਸੋਨੇ ਦੀ ਲੰਕਾ ਉਜੜ ਰਹੀ ਹੈ। ਗੁੱਲਾ ਮੈਥੋਂ ਬਿਨਾਂ ਬਾਕੀਆਂ ਨਾਲ ਘਟ ਹੀ ਮਿਲਦਾ ਸੀ।

ਮੇਰੇ ਇਕ ਮਿੱਤਰ ਕਨਕ ਨਾਥ ਹੋਰਾਂ ਦਾ ਭਾਣਜਾ ਮਹਿੰਦਰ ਹੁੰਦਾ ਸੀ। ਉਹ ਵੀ ਕਦੀ ਕਦੀ ਨਾਨਕੀਂ ਆ ਜਾਂਦਾ ਸੀ। ਇਕ ਵਾਰੀ ਮੈਂ ਤੇ ਗੁੱਲਾ ਦੋਵੇਂ ਹੀ ਖੇਡ ਰਹੇ ਸੀ। ਮੈਂ ਗੁੱਲੇ ਕੋਲ ਅਖਰੋਟ ਅਤੇ ਕੌਡਾਂ ਸਭ ਹਾਰ ਗਿਆ। ਤਾਂ ਗੁੱਲੇ ਨੂੰ ਪਤਾ ਨਹੀਂ ਮੇਰੇ ਉਤੇ ਤਰਸ ਆਇਆ ਜਾਂ ਆਪਣੀ ਖੇਡ ਜਾਰੀ ਰੱਖਣ ਲਈ ਉਸਨੇ ਮੈਨੂੰ ਕੌਡਾਂ ਦੇ ਕੁਝ ਗੰਡੇ ਉਧਾਰ ਦੇ ਦਿੱਤੇ। ਚਾਰ ਕੌਡਾਂ ਦਾ ਇਕ ਗੰਡਾ ਹੁੰਦਾ ਸੀ। ਮੈਂ ਉਹ ਵੀ ਹਾਰ ਗਿਆ। ਫਿਰ ਉਸ ਨੇ ਹੋਰ ਉਧਾਰ ਦੇ ਦਿੱਤੇ। ਮੈਂ ਉਹ ਵੀ ਹਾਰ ਗਿਆ। ਇਸ ਤਰ੍ਹਾਂ ਉਹ ਉਧਾਰ ਦੇਈ ਗਿਆ ਅਤੇ ਮੈਂ ਹਾਰਦਾ ਗਿਆ। ਮੈਂ ਇਤਨੀਆਂ ਕੌਡਾਂ ਉਧਾਰ ਲੈ ਕੇ ਹਾਰ ਗਿਆ ਕਿ ਮੈਨੂੰ ਲੱਗਣ ਲੱਗਾ ਕਿ ਮੈਂ ਜ਼ਿੰਦਗੀ ਦਾ ਸਭ ਕੁਝ ਹਾਰ ਗਿਆ ਹੋਵਾਂ।



ਮੈਂ ਨਿਰਾਸ਼ ਹੋ ਕੇ ਘਰ ਆ ਗਿਆ । ਅਗਲੇ ਦਿਨ ਗੁੱਲੇ ਨੇ ਸਾਰੇ ਮੁੰਡਿਆਂ ਦੇ ਸਾਹਮਣੇ ਮੈਥੋਂ ਹਾਰੀਆਂ ਹੋਈਆਂ ਕੌਡਾਂ ਮੰਗ ਲਈਆਂ। ਮੈਨੂੰ ਬੜੀ ਸ਼ਰਮ ਆਈ। ਦੋ ਤਿੰਨ ਦਿਨ ਜਦੋਂ ਉਹ ਕੌਡਾਂ ਮੰਗਣੋਂ ਨਾ ਹਟਿਆ ਤਾਂ ਮੈਂ ਸ਼ਰਮ ਅਤੇ ਡਰ ਦਾ ਮਾਰਾ ਮੁੰਡਿਆਂ ਵਿਚ ਜਾਣੋਂ ਹਟ ਗਿਆ। ਨਾਨੇ ਨਾਨੀ ਨੇ ਸਮਝਿਆ ਮੈਂ ਲਟੋਰੀ ਤੋਂ ਸੁਧਰ ਗਿਆ ਹਾਂ। ਫਿਰ ਇਕ ਦਿਨ ਗੁੱਲਾ ਸਾਡੇ ਘਰ ਆਇਆ। ਘਰ ਨਾਨੀ ਹੀ ਸੀ। ਉਸਨੇ ਮੈਨੂੰ ਬਾਹਰ ਆਉਣ ਲਈ ਹਾਕ ਮਾਰੀ। ਮੈਂ ਗੇਟ ਤੱਕ ਗਿਆ। ਉਸਨੇ ਮੈਥੋਂ ਕੌਡਾਂ ਮੰਗੀਆਂ, ਮੈਂ ਬਹਾਨਾ ਪਾ ਦਿੱਤਾ। ਇਸ ਤਰ੍ਹਾਂ ਮੈਂ ਉਸ ਨਾਲ ਕਈ ਵਾਰ ਝੂਠੇ ਵਾਇਦੇ ਕੀਤੇ, ਹੁਣ ਮੇਰੇ ਨਾਨਾ ਨਾਨੀ ਨੂੰ ਵੀ ਥੋੜਾ-ਥੋੜਾ ਸ਼ੱਕ ਪੈਣ ਲੱਗ ਪਿਆ ਕਿ ਗੁੱਲਾ ਬਾਜ਼ੀਗਰਾਂ ਦਾ ਮੁੰਡਾ ਬਾਰ ਬਾਰ ਆਉਂਦਾ ਹੈ।

ਇਕ ਦਿਨ ਤਾਂ ਗੁੱਲੇ ਨੇ ਹੱਦ ਹੀ ਕਰ ਦਿੱਤੀ। ਮੇਰਾ ਨਾਨਾ ਛਪੜ 'ਚੋਂ ਮੱਝਾਂ ਨੂੰ ਪਾਣੀ ਪਿਲਾ ਕੇ ਲਿਆਇਆ ਸੀ। ਉਸ ਨੇ ਮੱਝਾਂ ਤਾਂ ਕੀਲਿਆਂ ਨਾਲ ਬੰਨ੍ਹ ਦਿੱਤੀਆਂ ਸੀ। ਪਰ ਮੱਝਾਂ ਮੋੜਨ ਵਾਲਾ ਸੋਟਾ ਹਾਲੀ ਉਸਦੇ ਹੱਥ ਵਿਚ ਹੀ ਸੀ। ਇਤਨੇ ਨੂੰ ਗੁੱਲਾ ਚਾਹਮਲਿਆ ਹੋਇਆ ਵਿਹੜੇ ਵਿਚ ਆ ਵੜਿਆ। ਨਾਨੇ ਨੂੰ ਵਿਹੜੇ ਵਿਚ ਵੇਖਕੇ ਟਿੱਚਰ ਵਜੋਂ ਕਹਿਣ ਲੱਗਾ, "ਤਿਰੀ ਰਿਰੀ ਰੀ ਤਾਂ, ਬਾਬਾ ਕੌਡਾਂ ਦੇਣੀਆਂ ਕਿ ਨਾਂ।" ਭਾਈਆ ਸ਼ਾਇਦ ਪਹਿਲਾਂ ਹੀ ਮੱਝਾਂ ਉਤੇ ਖਿਝਿਆ ਹੋਇਆ ਸੀ। ਮੈਂ ਤਾਂ ਗੁੱਲੇ ਨੂੰ ਗੇਟ ਵੜਦਾ ਦੇਖ ਕੇ ਹੀ ਦਲਾਨ ਅੰਦਰ ਜਾ ਵੜਿਆ ਸੀ। ਮੈਂ ਬੂਹਾ ਢੋ ਕੇ ਝੀਤ ਵਿਚੋਂ ਦੇਖ ਰਿਹਾ ਸੀ। ਭਾਈਏ ਨੇ ਹੱਥਲਾ ਸੋਟਾ ਛੱਡਵਾਂ ਗੁੱਲੇ ਦੇ ਮਾਰਿਆ। ਜੋ ਉਸਦੀਆਂ ਲੱਤਾਂ ਵਿਚ ਲੱਗਾ। ਗੁੱਲੇ ਨੇ ਇਕ ਚੀਕ ਮਾਰੀ ਅਤੇ ਲੰਙ ਮਾਰਦਾ ਗੇਟੋਂ ਬਾਹਰ ਹੋ ਗਿਆ। ਦੋ ਤਿੰਨ ਗਾਲਾਂ ਭਾਈਏ ਨੇ ਮੈਨੂੰ ਵੀ ਕੱਢੀਆਂ। ਉਸ ਤੋਂ ਬਾਅਦ ਗੁੱਲੇ ਨੂੰ ਮੈਂ ਆਪਣੀ ਗਲੀ ਵਿਚ ਵੀ ਕਦੀ ਨਹੀਂ ਵੇਖਿਆ। ਅਸੀਂ ਸਭ ਜੱਟਾਂ ਦੇ ਮੁੰਡੇ ਹਾਣੀ ਖੇਡਦੇ ਰਹਿੰਦੇ। ਉਨ੍ਹਾਂ ਦਾ ਤੇ ਪਤਾ ਨਹੀਂ ਪਰ ਮੈਂ ਅੰਦਰੋ ਅੰਦਰੀ ਗੁੱਲੇ ਨੂੰ ਯਾਦ ਹੀ ਕਰਦਾ। ਉਸਦੇ ਨਾ ਆਉਣ ਉਤੇ ਖੁਸ਼ ਵੀ ਹੁੰਦਾ। ਪਰ ਪਤਾ ਨਹੀਂ ਇਹ ਕਿਸ ਤਰ੍ਹਾਂ ਦੀ ਸੋਚ ਸੀ ਜੋ ਸੁਖਾਵੀਂ ਵੀ ਸੀ ਦੁਖਾਵੀਂ ਵੀ।

ਫਿਰ ਇਕ ਦਿਨ ਮੈਨੂੰ ਅਤੇ ਮੇਰੇ ਮਾਮੇ ਦੇ ਮੁੰਡੇ ਨੂੰ ਨਾਨੀ ਮੁਲਤਾਨ ਸਾਡੇ ਮਾਪਿਆਂ ਪਾਸ ਛੱਡ ਆਈ। ਇਥੇ ਆ ਕੇ ਗੁੱਲੇ ਦੀ ਥਾਂ ਬੱਕੇ ਨਾਲ ਡੰਗਰ ਚਾਰਨ ਦੀ ਸਾਂਝ ਪੈ ਗਈ। ਇਸ ਸਾਂਝ ਦਾ ਕਤਲ ਉਸ ਦਿਨ ਹੋ ਗਿਆ ਜਿਸ ਦਿਨ 1947 ਦੇ ਇਕ ਭਿਆਨਕ ਦਿਨ ਅਸੀਂ ਆਪਣਾ ਸਮਾਨ ਗੱਡਿਆਂ ਉਤੇ ਲੱਦਕੇ ਆਪਣੇ ਘਰਾਂ ਨੂੰ ਛੱਡਕੇ ਕਿਸੇ ਅਗਿਆਤ ਦੁਨੀਆਂ ਵੱਲ ਤੁਰੇ ਸੀ। ਬੱਕਾ ਅਤੇ ਉਸ ਦੀ ਮਾਂ ਦੂਰ ਖੜੇ ਸਾਨੂੰ ਦੇਖ ਰਹੇ ਸੀ। ਬੱਕਾ ਮਾਂ ਦੇ ਪਾਸੇ ਨਾਲ ਲੱਗ ਕੇ ਰੋ ਰਿਹਾ ਸੀ ਅਤੇ ਮੈਂ ਗੱਡੇ ਉਤੇ ਬੈਠਾ ਬੀਬੀ ਦੀ ਬੁੱਕਲ ਵਿਚ ਹੰਝੂ ਵਹਾ ਰਿਹਾ ਸੀ। ਬੀਬੀ ਨੇ ਆਪਣੀਆਂ ਅੱਖਾਂ ਦੇ ਅੱਥਰੂ ਪੂੰਝਦਿਆਂ ਕਿਹਾ ਸੀ, "ਪੁੱਤਰੋ ਰੋਵੋ ਨਾ ਆਪਾਂ ਜਲਦੀ ਹੀ ਮੁੜ ਆਉਣਾ ਹੈ।" ਉਹ ਜਲਦੀ ਮੁੜ ਆਉਣ ਦੀ ਤਾਂਘ ਕਦੀ ਵੀ ਨਾ ਮਰੀ। ਪਹਿਲਾਂ ਨਾਨਾ ਨਾਨੀ ਤੁਰ ਗਏ ਫਿਰ ਬੀਬੀ ਭਾਪਾ ਵੀ ਪੂਰੇ ਹੋ ਗਏ।

ਮੈਂ ਜ਼ਿੰਦਗੀ ਦੇ ਬੀਤ ਗਏ ਵਰ੍ਹਿਆਂ ਵਿਚ ਆਪਣੇ ਉਸ ਦੇਸ਼ ਅਤੇ ਘਰ ਜਾਣ ਦੀ ਸੋਚ ਨੂੰ ਕਦੀ ਵੀ ਭੁਲਾ ਨਹੀਂ ਸਕਿਆ। ਜਿਸਨੂੰ ਲੋਕ ਪਾਕਿਸਤਾਨ ਕਹਿੰਦੇ ਹਨ। ਹਰ ਵਾਰ ਦੇਖਣ ਜਾਣ ਦਾ ਖਿਆਲ ਨੇੜੇ ਆ ਕੇ ਦਮ ਤੋੜ ਜਾਂਦਾ ਰਿਹਾ ਪਰ ਅਖੀਰ 2001 ਵਿਚ ਮੈਂ ਜੁਲਾਈ ਦੇ ਮਹੀਨੇ ਵਿਚ ਪਾਕਿਸਤਾਨ ਗਿਆ। ਸਨਾਵਰ ਚੱਧੜ ਨੇ ਪੈਂਦੀ ਸੱਟੇ ਮੈਨੂੰ ਕਹਿ ਦਿੱਤਾ, "ਨਨਕਾਣਾ ਸਾਹਿਬ ਤੁਹਾਨੂੰ ਮੈਂ ਲੈ ਕੇ ਜਾਵਾਂਗਾ। ਕਿਸੇ ਹੋਰ ਨੂੰ ਨਾ ਹਾਂ ਕਰਿਆ ਜੇ।"

ਮੈਂ ਕਿਹਾ ਉਥੋਂ ਅੱਗੇ ਮੈਂ ਆਪਣੇ ਨਾਨਕਿਆਂ ਦੇ ਪਿੰਡ ਜਿਥੇ ਮੇਰਾ ਜਨਮ ਹੋਇਆ ਸੀ, ਉਥੇ ਵੀ ਜਾਣਾ ਹੈ ਤੇ ਨਾਲੇ ਆਪਣੇ ਪਿੰਡ ਪੈਂਹਟ ਚੱਕ ਵੀ ਜਾਣਾ ਹੈ। ਉਸ ਨੇ ਕਿਹਾ, "ਸਭ ਥਾਂ ਚੱਲਾਂਗੇ ਤੁਸੀਂ ਫਿਕਰ ਨਾ ਕਰੋ।"

ਅਸੀਂ ਉਸ ਦਿਨ ਜਨਮ ਸਥਾਨ ਅਤੇ ਹੋਰ ਕਈ ਗੁਰੂ ਘਰਾਂ ਦੇ ਦਰਸ਼ਨ ਕਰ ਲਏ। ਦੋ ਗੁਰੂ ਘਰਾਂ ਦੇ ਦਰਸ਼ਨ ਰਹਿ ਗਏ ਜੋ ਅਗਲੇ ਦਿਨ ਉਤੇ ਦੇਖਣ ਲਈ ਰਹਿਣ ਦਿੱਤੇ। ਗਰਮੀਆਂ ਦੇ ਦਿਨ ਲੰਬੇ ਹੁੰਦੇ ਹਨ। ਅਸੀਂ ਸੂਰਜ ਖੜੇ ਹੀ ਸਨਾਵਰ ਦੇ ਪਿੰਡ ਚੱਕ ਨੰਬਰ ਇੱਕ ਵਿਚ ਪਹੁੰਚ ਗਏ। ਅੱਗੇ ਉਸ ਦੇ ਘਰ ਮੋਹਰੇ ਇਕ ਸਿੱਖ ਨੂੰ ਵੇਖਣ ਲਈ ਲੋਕਾਂ ਦੀ ਭੀੜ ਲੱਗੀ ਹੋਈ ਸੀ। ਬਹੁਤੀ ਸੰਨ 1947 ਤੋਂ ਬਾਅਦ ਦੀ ਪੀੜ੍ਹੀ ਸੀ। ਕਈ ਪਹਿਲੀ ਪੀੜ੍ਹੀ ਦੇ ਬਜ਼ੁਰਗ ਵੀ ਸਨ।

ਮੈਂ ਅਚਾਨਕ ਭੀੜ ਨੂੰ ਇਕ ਸਵਾਲ ਕਰ ਦਿੱਤਾ ਕਿ ਤੁਹਾਡੇ ਵਿਚੋਂ ਕੋਈ ਚੱਕ ਨੰਬਰ 104 ਬਾਰੇ ਜਾਣਦਾ ਹੈ? ਇਕ ਮੌਲਵੀ ਦਿਸ ਰਿਹਾ ਚਿੱਟੀ ਬਹੁਤੀ ਅਤੇ ਕਾਲੀ ਘਟ ਦਾਹੜੀ ਵਾਲਾ ਬੋਲਿਆ "ਹਾਂ"। ਮੇਰੇ ਨਾਨਕੇ ਹਨ ਅਤੇ ਮੇਰਾ ਤਾਂ ਜਨਮ ਵੀ ਉਥੋਂ ਦਾ ਹੈ। ਮੈਂ ਉਸਦੇ ਨੇੜੇ ਹੋ ਗਿਆ ਮੈਂ ਕਿਹਾ, "ਮੇਰੇ ਵੀ ਉਥੇ ਨਾਨਕੇ ਸਨ ਅਤੇ ਮੇਰਾ ਜਨਮ ਵੀ ਉਥੇ ਦਾ ਹੈ।" ਉਸਨੇ ਮੈਨੂੰ ਜੱਫੀ ਪਾ ਲਈ ਅਤੇ ਆਖਿਆ "ਫਿਰ ਤੇ ਆਪਾਂ ਮਸੇਰ ਭਰਾ ਹੋਏ ਕਿ।"

ਹੌਲੀ ਹੌਲੀ ਭੀੜ ਖਿੰਡ ਗਈ। ਮੇਰਾ ਮਸੇਰ ਭਰਾ ਉਥੇ ਡਾਕਟਰੀ ਦੀ ਛੋਟੀ ਜਿਹੀ ਦੁਕਾਨ ਕਰਦਾ ਸੀ ਅਤੇ ਸਵੇਰ ਸ਼ਾਮ ਮਸੀਤ ਵਿਚ ਨਮਾਜ਼ ਵੀ ਪੜ੍ਹਦਾ ਸੀ। ਮੈਂ ਉਸ ਨੂੰ ਕਿਹਾ "ਮੈਂ ਆਪਣੇ ਨਾਨਕੀ ਜਾਣਾ ਸੀ ਕੀ ਉਹ ਮੇਰੇ ਨਾਲ ਜਾ ਸਕਦਾ ਹੈ" ਉਹ ਖੁਸ਼ ਹੋ ਕੇ ਬੋਲਿਆ, "ਭਰਾ ਆਪਣੇ ਨਾਨਕੀਂ ਚੱਲਾਂਗੇ।"

ਅਗਲੇ ਦਿਨ ਸਵੇਰੇ ਹੀ ਮੈਂ, ਸਨਾਵਰ, ਉਸਦਾ ਭਰਾ ਅਤੇ ਮੇਰਾ ਨਵਾਂ ਬਣਿਆ ਮਸੇਰ ਭਰਾ ਕਾਰ ਵਿਚ 104 ਚੱਕ ਸਮਰਾ ਜੰਡਿਆਲੇ ਨੂੰ ਚੱਲ ਪਏ। ਕਈ ਘੰਟੇ ਮਗਰੋਂ ਅਸੀਂ ਜਦੋਂ ਪਿੰਡ ਦੇ ਨੇੜੇ ਪਹੁੰਚ ਗਏ ਤਾਂ ਉਹ ਕਹਿਣ ਲੱਗਾ, "ਤੁਸੀਂ ਆਪਣਾ ਘਰ ਪਹਿਚਾਣ ਲਵੋਗੇ?" ਮੈਂ ਕਿਹਾ ਮੈਨੂੰ ਪਿੰਡ ਦੇ ਬਾਹਰ ਬਣੇ ਪ੍ਰਾਇਮਰੀ ਸਕੂਲ ਕੋਲ ਲੈ ਚੱਲੋ। ਉਹ ਕਹਿਣ ਲੱਗਾ ਹੁਣ ਤਾਂ ਉਹ ਹਾਈ ਸਕੂਲ ਹੈ। ਮੈਂ ਕਿਹਾ ਸਕੂਲ ਕੋਲ ਛੱਪੜ ਅਤੇ ਪਿੱਪਲ ਸਨ। ਉਹ ਬੋਲਿਆ ਹੁਣ ਛੱਪੜ ਕੋਈ ਨਹੀ ਅਤੇ ਪਿੱਪਲ ਦੀ ਥਾਂ ਸਫੈਦੇ ਅਤੇ ਪਾਪੂਲਰ ਲਾ ਦਿੱਤੇ ਹਨ। ਗੱਲਾਂ ਕਰਦਿਆਂ ਪਿੰਡ ਆ ਗਿਆ। ਹੁਣ ਅਸੀਂ ਸਕੂਲ ਦੇ ਕੋਲ ਸੀ। ਸੱਜੇ ਪਾਸੇ ਪਿੰਡ ਸੀ ਅਤੇ ਖੱਬੇ ਪਾਸੇ ਸਕੂਲ ਸੀ। ਮੈਂ ਕਿਹਾ, "ਆ ਜਿਹੜੀ ਪਿੰਡ ਵਿਚ ਸੜਕ ਜਾਂਦੀ ਹੈ ਇਸ ਦੇ ਸਿਰੇ ਉਤੇ ਕੁੜੀਆਂ ਦਾ ਪ੍ਰਾਇਮਰੀ ਸਕੂਲ ਹੈ।" ਉਹ ਕਹਿਣ ਲੱਗਾ ਬਿਲਕੁਲ ਠੀਕ ਹੈ। ਹੁਣ ਅਸੀਂ ਕਾਰ ਤੋਂ ਬਾਹਰ ਆ ਗਏ ਸੀ। ਉਸ ਦੇ ਨਾਨਕਿਆਂ ਦਾ ਘਰ ਵੀ ਇਸ ਗਲੀ ਵਿਚ ਸੀ। ਅਸੀਂ ਉਨ੍ਹਾਂ ਦੇ ਘਰ ਚਲੇ ਗਏ। ਮੈਂ ਜਲਦੀ ਤੋਂ ਜਲਦੀ ਆਪਣਾ ਘਰ ਦੇਖਣਾ ਚਾਹੁੰਦਾ ਸੀ। ਪਰ ਇਹ ਕਿਵੇਂ ਹੋਵੇ। ਦੋ ਦੋਹਤੇ ਆਪਣੇ ਨਾਨਕੀਂ ਆਏ ਹੋਣ ਅਤੇ ਉਨ੍ਹਾਂ ਨੂੰ ਚਾਹ ਪਾਣੀ ਨਾ ਪਿਲਾਇਆ ਜਾਵੇ। ਚਾਹ ਬੜੇ ਉਚੇਚ ਨਾਲ ਪਿਲਾਈ ਗਈ। ਚਾਹ ਪੀਂਦਿਆਂ ਮੈਂ ਆਪਣੇ ਮਸੇਰ ਦੇ ਮਾਮੇ ਪੁੱਤਰਾਂ ਨੂੰ ਪੁਛਿਆ "ਇਥੇ ਕੁ ਪਿੰਡ ਦੇ ਵਿਚਕਾਰ ਜਿਹੜਾ ਖੂਹ ਸੀ ਉਹ ਹੈਗਾ ਏ ਕਿ ਨਹੀਂ?" ਉਨ੍ਹਾਂ ਬੜੇ ਦੁੱਖ ਨਾਲ ਦਸਿਆ ਉਹ ਤਾਂ ਬੜੇ ਚਿਰ ਦਾ ਪੂਰ ਦਿੱਤਾ ਜੇ। ਸੁਣਕੇ ਮੇਰੇ ਮਨ ਨੂੰ ਇਕ ਧੱਕਾ ਲੱਗਾ।

ਚਾਹ ਪੀ ਕੇ ਮੈਂ ਪਿੰਡ ਦੇ ਲੋਕਾਂ ਦੇ ਇਕੱਠ ਵਿਚ ਘਿਰਿਆ ਆਪਣੇ ਉਸ ਘਰ ਵਲ ਜਾ ਰਿਹਾ ਸੀ ਜਿਥੇ ਮੈਂ ਜਨਮ ਲਿਆ ਸੀ ਅਤੇ ਜਿਸ ਬਾਰੇ ਮੈਂ ਇਥੇ ਆਉਣ ਤੋਂ ਪਹਿਲਾਂ ਇਕ ਕਵਿਤਾ ਲਿਖੀ ਸੀ, 'ਇਥੇ ਹੀ ਕਿਤੇ'। ਮੇਰਾ ਦਿਲ ਧੜਕ ਰਿਹਾ ਸੀ। ਅੱਜ ਵਰ੍ਹਿਆਂ ਬਾਅਦ ਇਸ ਰਾਹ ਉਤੇ ਤੁਰਕੇ ਇੰਜ ਲੱਗ ਰਿਹਾ ਸੀ ਜਿਵੇਂ ਇਹ ਰਾਹ ਬੜਾ ਛੋਟਾ ਹੋ ਗਿਆ ਹੋਵੇ। ਕਿਉਂਕਿ ਬਚਪਨ ਦੇ ਛੋਟੇ ਪੈਰਾਂ ਦੀ ਪੈੜ ਛਾਪ ਹਾਲੀ ਮਨ ਕੈਨਵਸ ਤੋਂ ਮਿਟੀ ਨਹੀਂ ਸੀ।

ਅਚਾਨਕ ਭੀੜ ਨੂੰ ਚੀਰਦੀ ਇਕ ਸਿਆਣੀ ਜਿਹੀ ਦਿਸਦੀ ਔਰਤ ਮੇਰੇ ਅੱਗੇ ਆ ਗਈ। ਉਸਨੇ ਮੇਰੇ ਸਿਰ ਤੇ ਪਿਆਰ ਦੇ ਕੇ ਪੁਛਿਆ "ਸੁਖ ਨਾਲ ਤੁਸੀਂ ਕਿਹਨਾਂ ਦੇ ਘਰ ਜਾਣਾ ਏ। ਮੈਨੂੰ ਸਭ ਦਾ ਪਤਾ ਹੈ।" ਇਤਨੇ ਨੂੰ ਅਸੀਂ ਕੁੜੀਆਂ ਦੇ ਸਕੂਲ ਦੇ ਮੋਹਰੇ ਚਲੇ ਗਏ ਸੀ। ਸਕੂਲ ਦੇ ਸਾਹਮਣੇ ਸੜਕ ਦੇ ਦੂਸਰੇ ਪਾਸੇ ਮੇਰੇ ਨਾਨਕਿਆਂ ਦਾ ਘਰ ਸੀ। ਮੈਂ ਕਿਹਾ, "ਇਸ ਸਾਹਮਣੇ ਘਰ ਵਿਚ।" ਉਹ ਬੋਲੀ "ਭੰਡਾਲੀਆਂ ਦੇ।" ਮੇਰੇ ਨਾਨਕੇ ਮਗਰੋਂ ਨੂਰਮਹਿਲ ਕੋਲ ਦੀਆਂ ਭੰਡਾਲਾਂ ਦੇ ਸਨ। ਮੈਂ ਕਿਹਾ ਮੈਂ ਉਨ੍ਹਾਂ ਦਾ ਦੋਹਤਾ ਹਾਂ। ਬੀਬੀ ਕਰਤਾਰੀ ਦਾ ਮੁੰਡਾ। ਇਹ ਕਹਿ ਕੇ ਉਸ ਨੇ ਮੈਨੂੰ ਕਲਾਵੇ ਵਿਚ ਲੈ ਲਿਆ। ਮੈਂ ਸਚ ਮੁਚ ਇਕ ਬੱਚਾ ਬਣ ਗਿਆ ਸੀ। ਉਸ ਔਰਤ ਮੂੰਹੋਂ ਆਪਣੀ ਮਾਤਾ ਦੇ ਪੇਕਿਆਂ ਦਾ ਨਾਂ ਸੁਣਕੇ।

ਘਰ ਬਿਲਕੁਲ ਬਦਲ ਚੁੱਕਾ ਸੀ ਜਾਂ ਬਦਲ ਦਿੱਤਾ ਗਿਆ ਸੀ। ਇਕ ਘਰ ਦੇ ਤਿੰਨ ਘਰ ਬਣ ਗਏ ਸੀ। ਸਾਹਮਣੇ ਪਾਸੇ ਦੇ ਮਾਲਕ ਨੇ ਘਰ ਦਾ ਬੂਹਾ ਖੋਲ੍ਹਿਆ । ਮੈਂ ਕਿਹਾ ਇਥੇ ਖੂੰਜੇ ਵਿਚ ਖੂਹੀ ਹੁੰਦੀ ਸੀ। ਉਸ ਕਿਹਾ "ਹਾਂ ਹੁੰਦੀ ਸੀ ਪਰ ਪੂਰ ਦਿੱਤੀ ਹੈ।" ਮੈਂ ਕਿਹਾ "ਇਹ ਤਾਂ ਬਹੁਤ ਵੱਡਾ ਵਿਹੜਾ ਹੁੰਦਾ ਸੀ। ਇਥੇ ਪੌੜੀ ਚੜ੍ਹਦੀ ਸੀ। ਇਥੇ ਵੱਡਾ ਦਲਾਨ ਸੀ, ਇਥੇ ਦੋ ਕੋਠੜੀਆਂ ਸੀ।" ਉਹ ਘਰ ਦਾ ਮਾਲਕ ਹੈਰਾਨੀ ਨਾਲ ਮੇਰੇ ਵਲ ਦੇਖੀ ਜਾ ਰਿਹਾ ਸੀ। ਨਾਲੇ ਹਾਂ ਵਿਚ ਸਿਰ ਹਿਲਾ ਰਿਹਾ ਸੀ। ਇਤਨੇ ਨੂੰ ਘਰ ਵਾਲਿਆਂ ਕੋਕਾ ਕੋਲਾ ਦੀ ਬੋਤਲ ਲੈ ਆਂਦੀ। ਮੈਂ ਕਿਹਾ ਮੈਂ ਇਹ ਕੋਕ ਨਹੀਂ ਪੀਣਾ। ਮੈਂ ਤਾਂ ਇਸ ਧਰਤੀ ਦੇ ਇਸ ਨਲਕੇ ਤੋਂ ਪਾਣੀ ਪੀਣ ਨੂੰ ਵਰ੍ਹਿਆਂ ਤੋਂ ਤਰਸ ਰਿਹਾ ਹਾਂ। ਨਲਕਾ ਵਿਹੜੇ ਵਿਚ ਲਗਾ ਹੋਇਆ ਸੀ। ਮੈਂ ਭਾਵੁਕ ਹੁੰਦਾ ਜਾ ਰਿਹਾ ਸਾਂ। ਉਹ ਇਕ ਵੱਡਾ ਘਰ ਤਿੰਨ ਭਰਾਵਾਂ ਨੇ ਵੰਡ ਕੇ ਤਿੰਨ ਘਰਾਂ ਵਿਚ ਤਬਦੀਲ ਕਰ ਲਿਆ ਸੀ। ਮੈਂ ਭੀੜ ਵਿਚ ਘਿਰਿਆ ਘਰ ਤੋਂ ਬਾਹਰ ਨਿਕਲ ਆਇਆ। ਜਿਥੇ ਮੇਰੇ ਨਾਨਕਿਆਂ ਦਾ ਦੂਸਰਾ ਘਰ ਸੀ। ਮੈਂ ਉਸ ਪਾਸੇ ਵੱਲ ਇਸ਼ਾਰਾ ਕਰਕੇ ਕਿਹਾ "ਉਥੇ ਸਾਡੀ ਬੈਠਕ ਹੁੰਦੀ ਸੀ।" ਜਿਸ ਦੀ ਥਾਂ ਉਤੇ ਹੁਣ ਕੁਝ ਹੋਰ ਬਣ ਗਿਆ ਸੀ। ਪਿੰਡ ਦੇ ਖੂੰਜੇ ਵਿਚਲੇ ਗੁਰਦੁਆਰੇ ਬਾਰੇ ਜਦੋਂ ਮੈਂ ਪੁਛਿਆ ਤਾਂ ਪਤਾ ਲੱਗਾ ਕਿ ਉਥੇ ਕੋਈ ਹੋਰ ਘਰ ਰਹਿੰਦਾ ਹੈ।

ਜਿਉਂ ਜਿਉਂ ਪਿੰਡ ਵਿਚ ਇਕ ਸਿਖ ਦੇ ਆਉਣ ਦੀ ਖ਼ਬਰ ਫੈਲਦੀ ਜਾਂਦੀ ਸੀ ਤਿਉਂ ਤਿਉਂ ਲੋਕਾਂ ਦਾ ਇਕੱਠ ਵਧਦਾ ਜਾਂਦਾ ਸੀ। ਮੈਂ ਆਪਣੇ ਘਰ ਦੇ ਮੋਹਰੇ ਹੀ ਖੜਾ ਸੀ। ਸਭ ਕੁਝ ਅੱਖਾਂ ਅੱਗੇ ਘੁੰਮ ਰਿਹਾ ਸੀ। ਅਚਾਨਕ ਭੀੜ ਦੀ ਨਜ਼ਰ ਇਕ ਐਸੇ ਨਵੇਂ ਆ ਰਹੇ ਬੰਦੇ ਉਤੇ ਪਈ ਜੋ ਸੋਟੀ ਫੜੀ ਬੜੀ ਫੁਰਤੀ ਦੀ ਤੋਰ ਤੁਰਿਆ ਆ ਰਿਹਾ ਸੀ। ਭੀੜ ਵਿਚੋਂ ਕਿਸੇ ਨੇ ਕਿਹਾ "ਲਓ ਜੀ ਇਹ ਬੰਦਾ ਤੁਹਾਨੂੰ ਪੁਰਾਣੇ ਪਿੰਡ ਵਿਚੋਂ ਸਭ ਕੁਝ ਦਸ ਦੇਵੇਗਾ। ਇਹ ਇਕੋ ਹੀ ਹੁਣ ਪੁਰਾਣਿਆਂ ਬੰਦਿਆਂ ਵਿਚੋਂ ਬਚਿਆ ਹੈ।"

ਉਸ ਬੰਦੇ ਦੇ ਤੇੜ ਚਿੱਟੀ ਚਾਦਰ, ਗਲ ਚਿੱਟਾ ਕੁੜਤਾ, ਸਿਰ ਉਤੇ ਚਿੱਟੀ ਪੱਗ, ਪੈਰੀਂ ਖੱਲ ਦੀ ਜੁੱਤੀ, ਮੋਢੇ ਉਤੇ ਚਾਰਖਾਨੇ ਦਾ ਪਰਨਾ, ਉਸਨੂੰ ਸ਼ਰੀਫ ਮਨੁੱਖ ਹੋਣ ਦਾ ਪ੍ਰਮਾਣ ਪੱਤਰ ਦੇ ਰਿਹਾ ਸੀ। ਉਹ ਭੀੜ ਨੂੰ ਚੀਰਦਾ ਸਿੱਧਾ ਮੇਰੇ ਕੋਲ ਆਇਆ। ਉਸ ਨੇ ਮੇਰੇ ਨਾਲ ਬੜੀ ਗਰਮ ਜੋਸ਼ੀ ਨਾਲ ਹੱਥ ਮਿਲਾਇਆ। ਫਿਰ ਉਸ ਨੇ ਪੁਛਿਆ "ਸਰਦਾਰ ਜੀ ਕਿਹਨਾਂ ਵਿਚੋਂ ਹੋ।" ਜਦੋਂ ਮੈਂ ਆਪਣੇ ਬਾਰੇ ਦਸਿਆ ਤਾ ਉਸ ਬੰਦੇ ਦੀਆਂ ਅੱਖਾਂ ਸਧਾਰਨ ਨਾਲੋਂ ਵਧ ਚੌੜੀਆਂ ਹੋ ਗਈਆਂ। ਉਸ ਨੇ ਭਾਵੁਕ ਹੋਏ ਨੇ ਹੀ ਜੱਫੀ ਪਾ ਕੇ ਮੈਨੂੰ ਪੁਛਿਆ "ਜੀਤ ਤੂੰ, ਮੈਨੂੰ ਪਛਾਣਿਆ?" ਉਸ ਦੇ ਜੀਤ ਕਹਿੰਦਿਆਂ ਹੀ ਮੇਰੀ ਧਾ ਨਿਕਲ ਗਈ। ਮੈਂ ਕਿਹਾ "ਗੁੱਲਾ"। ਉਸ ਤੋਂ ਅੱਗੇ ਮੈਂ ਕੁਝ ਨਾ ਬੋਲ ਸਕਿਆ। ਲੋਕ ਵੀ ਹੈਰਾਨ ਹੋਏ ਸਾਨੂੰ ਰੋਂਦਿਆਂ ਨੂੰ ਦੇਖ ਵੀ ਰਹੇ ਸੀ ਅਤੇ ਰੋ ਵੀ ਰਹੇ ਸੀ। ਮੈਂ ਗਲਵਕੜੀ ਛੱਡ ਕੇ ਗੁੱਲੇ ਨੂੰ ਫੜ ਕੇ ਆਪਣੇ ਸਾਹਮਣੇ ਕਰਕੇ ਵੇਖਿਆ ਜਿਵੇਂ ਕੋਈ ਕਲਾਕਾਰ ਆਪਣੀ ਖ਼ੂਬਸੂਰਤ ਕਲਾ ਕਿਰਤ ਨੂੰ ਨਿਹਾਰਦਾ ਹੈ। ਅਚਾਨਕ ਇਕ ਖਿਆਲ ਬਿਜਲੀ ਦੇ ਕਰੰਟ ਵਾਂਗ ਮੇਰੇ ਦਿਮਾਗ ਵਿਚ ਫਿਰ ਗਿਆ। ਮੈਂ ਕਿਹਾ "ਗੁੱਲਿਆ, ਮੈਂ ਤਾਂ ਤੇਰਾ ਕੌਡਾਂ ਦਾ ਕਰਜਾਈ ਹਾਂ।" ਗੁੱਲੇ ਦੀ ਫਿਰ ਧਾ ਨਿਕਲ ਗਈ। ਉਸਨੇ ਮੈਨੂੰ ਮੁੜ ਜੱਫੀ ਪਾ ਲਈ ਰੋਂਦਾ ਹੋਇਆ ਕਹੀ ਜਾ ਰਿਹਾ ਸੀ, "ਜੀਤ ਮੈਂ ਤਾਂ ਤੇਰਾ ਜ਼ਿੰਦਗੀ ਦਾ ਕਰਜਾਈ ਹਾਂ। ਕੌਡਾਂ ਸੋਹਰੀਆ ਕੀ ਚੀਜ਼ ਹਨ। ਅਸੀਂ ਸਭ ਤੁਹਾਡੇ ਬਾਅਦ ਸਚ ਮੁਚ ਯਤੀਮ ਹੋ ਗਏ ਸੀ।" ਉਸ ਤੋਂ ਬਾਦ ਜਿਤਨੀ ਦੇਰ ਮੈਂ ਪਿੰਡ ਵਿਚ ਰਿਹਾ ਮੈਂ ਗੁੱਲੇ ਦਾ ਹੱਥ ਨਹੀਂ ਛੱਡਿਆ।

ਜਦੋਂ ਤੁਰਨ ਲੱਗੇ ਕਾਰ ਵਿਚ ਬੈਠਣ ਤੋਂ ਪਹਿਲਾਂ ਆਪਣੇ ਬਟੂਏ ਵਿਚੋਂ ਜਿਤਨੇ ਕੁ ਵੀ ਨੋਟ ਮੇਰੇ ਹੱਥ ਵਿਚ ਆਏ ਮੈਂ ਗੁੱਲੇ ਦੀ ਜੇਬ ਵਿਚ ਪਾ ਦਿੱਤੇ ਅਤੇ ਕਿਹਾ, "ਗੁਲਿਆ ਤੇਰਾ ਕੌਡਾਂ ਦਾ ਕਰਜ ਤਾਂ ਸਦਾ ਹੀ ਮੇਰੇ ਸਿਰ ਰਹੇਗਾ। ਇਹ ਉਸਦਾ ਵਿਆਜ ਹੀ ਸਮਝ ਲਈਂ।"

ਯਾਦਾਂ ਦਾ ਜ਼ਿੰਦਗੀ ਨਾਮਾ

# ਮਿੱਠੜੀ ਅੰਮੀ

ਹਰਿਭਜਨ ਸਿੱਧੂ ਮਾਨਸਾ

ਜ਼ਿੰਦਗੀ ਆਪਣੇ ਆਪ ਵਿਚ ਹੀ ਇਕ ਹੈਰਾਨੀਜਨਕ ਤੇ ਲੰਮੇਰਾ ਸਫ਼ਰ ਹੈ। ਇਸ ਸਫ਼ਰ 'ਤੇ ਤੁਰ ਰਹੇ ਯਾਤਰੀ ਨੂੰ ਹੋਰ ਵੀ ਬਹੁਤ ਸਾਰੇ ਸਹਿਯਾਤਰੀ ਨਿੱਤ ਨਵੇਂ ਦਿਨ ਮਿਲਦੇ ਤੇ ਪਲ ਪਲ ਵਿਛੜਦੇ ਰਹਿੰਦੇ ਹਨ। ਇਨ੍ਹਾਂ ਸਭਨਾਂ ਦੇ ਵੱਖੋ ਵੱਖਰੇ ਚਿਹਰੇ, ਵੱਖ ਵੱਖ ਸੁਭਾਅ, ਬੋਲ ਬਾਣੀ ਤੇ ਵਰਤੋਂ ਵਿਚਾਰ ਵੀ ਅੱਡਰੇ ਅੱਡਰੇ ਅੰਦਾਜ਼ ਦੇ ਹੁੰਦੇ ਹਨ ਜੋ ਰੰਗਾਂ ਰੰਗੀਂ ਲਸਰਾਂ ਮਾਰਦੇ ਹੋਏ ਹੈਯਾਤੀ ਦੇ ਯਾਤਰਾ ਕਾਰਵਾਂ ਦੇ ਨਾਲ ਨਾਲ ਚੱਲਦੇ ਰਹਿੰਦੇ ਹਨ।

ਸਫ਼ਰ ਤਾਂ ਅਸੀਂ ਕਿਤੇ ਰੇਲ ਜਾਂ ਬੱਸ ਦਾ ਹੀ ਕਰ ਲਈਏ ਤਾਂ ਦੋ ਚਾਰ ਘੰਟੇ ਦੌਰਾਨ ਹੀ ਕਈ ਵਾਰ ਅਜਿਹੇ ਕਮਾਲ ਦੇ ਸਹਿ ਯਾਤਰੀ ਟਕਰਾ ਜਾਂਦੇ ਹਨ ਕਿ ਉਨ੍ਹਾਂ ਨੂੰ ਛੱਡ ਕੇ ਰੇਲ ਜਾਂ ਬੱਸ 'ਚੋਂ ਉਤਰਨ ਨੂੰ ਮਨ ਨਹੀਂ ਕਰਦਾ ਪਰ ਕੀਤਾ ਕੀ ਜਾਵੇ, ਇਹ ਤਾਂ ਮਹਿਜ਼ ਸਫ਼ਰ ਹੈ ਤੇ ਹਰ ਸਫ਼ਰ ਦਾ ਧਰਮ ਹੀ ਇਸ ਸੂਰਤ ਦਾ ਹੁੰਦਾ ਹੈ ਕਿ ਜਿਸਦੀ ਜਦ ਵੀ ਮੰਜ਼ਿਲ ਆ ਗਈ, ਉਹ ਹਰ ਹਾਲਤ 'ਚ ਵਿਛੜੇਗਾ ਹੀ, ਅੱਡ ਹੋਵੇਗਾ ਹੀ ਤੇ ਕੁਝ ਸਮੇਂ 'ਚ ਕੋਈ ਹੋਰ ਦੂਜਾ ਉਸਦੀ ਜਗ੍ਹਾ ਆ ਮੱਲੇਗਾ। ਤੇ ਫਿਰ ਇਹ ਯਾਤਰਾ ਇਸੇ ਸੂਰਤ ਵਿਚ ਅਗਾਂਹ, ਹੋਰ ਅਗਾਂਹ ਨੂੰ ਤੁਰਦੀ ਰਹਿੰਦੀ ਹੈ। ਮੁਸੱਲਸਲ ਤੇ ਯਾਤਰੀ ਪਲ ਪਲ ਵਿਛੜਦੇ ਤੇ ਮਿਲਦੇ ਰਹਿੰਦੇ ਹਨ। ਸੱਚਮੁੱਚ, ਇਹ ਜ਼ਿੰਦਗੀ ਇਕ ਨਦੀ ਵਾਂਗ ਹੈ ਜੋ ਆਪਣੀ ਜੀਵਨ ਤੋਰ 'ਚ ਲਗਾਤਾਰ ਅਗਾਂਹ ਤੋਂ ਅਗਾਂਹ ਵਹਿੰਦੀ ਤੁਰੀ ਰਹਿੰਦੀ ਹੈ।

ਤੁਸੀਂ ਚਾਹੇ ਕਿਸੇ ਵੀ ਕਰਮ ਖੇਤਰ 'ਚ ਹੋਵੋ, ਤੁਹਾਨੂੰ ਆਪਣੇ ਭਾਂਤੋ ਭਾਂਤ ਦੇ ਹਮਪੇਸ਼ਾ ਹਮਸਫ਼ਰ ਸਾਥੀ ਸੰਗੀ ਮਿਲਦੇ ਰਹਿੰਦੇ ਹਨ। ਉਨ੍ਹਾਂ 'ਚੋਂ ਕਈ ਏਨੇ ਕੌੜੇ ਕਿ ਇਕ ਦਮ ਹੀ ਥੂ ਥੂ ਕਰਕੇ ਜਿਵੇਂ ਥੁੱਕ ਹੀ ਦੇਈਦੇ ਹਨ। ਤੇ ਕੁਝ ਇਕ ਐਹੋ ਜਿਹੇ ਮਿੱਠੇ ਖੰਡ ਮਿਸ਼ਰੀ ਕਿ ਸ਼ਰਬਤਾਂ ਦੀਆਂ ਮਿੱਠੀਆਂ ਘੁੱਟਾਂ ਵਾਂਗ ਬਹੁਤ ਬਚਾ ਬਚਾ ਕੇ ਅੰਦਰ ਲੰਘਾਈਦੇ ਹਨ। ਡਰ ਹੁੰਦਾ ਹੈ ਕਿ ਉਨ੍ਹਾਂ ਦਾ ਸ਼ਹਿਦ ਵਰਗਾ ਸੰਗ ਸਾਥ ਕਿਤੇ ਜਲਦੀ ਛੁਟਕ ਨਾ ਜਾਵੇ। ਅਜਿਹੇ ਅਜ਼ੀਜ਼ ਹਮਰਾਹੀ ਬਹੁਤ ਛੇਤੀ ਤੁਹਾਡੇ ਦਿਲਾਂ ਮਨਾਂ ਦੀ ਸਤਹ ਉਤੇ ਪਾਣੀ ਉਪਰ ਡਿੱਗੇ ਤੇਲ ਦੇ ਕਤਰੇ ਵਾਂਗ ਛਾ ਜਾਂਦੇ ਹਨ, ਪਸਰ ਜਾਂਦੇ ਹਨ। ਰੂਹਾਂ 'ਚ ਉਤਰ ਜਾਂਦੇ ਹਨ, ਧੁਰ ਅੰਦਰੀਂ ਵੱਸ ਜਾਂਦੇ ਹਨ ਹਿਯਾਤੀ ਦੇ ਮਹਿਮਾਨ ਬਣਕੇ। ਇਕ ਦਿਨ ਉਹ ਭਾਵੇਂ ਕਿਤੇ ਦੂਰ ਦੁਰੇਡੇ ਵੀ ਚਲੇ ਜਾਣ ਪਰ ਫਿਰ ਵੀ ਉਨ੍ਹਾਂ ਦੀ ਮਿੱਠੜੀ ਯਾਦ ਉਮਰਾਂ ਤਕ ਲਈ ਤੁਹਾਡੇ ਦਿਲਾਂ ਮਨਾਂ ਦੀ ਮਹਿਮਾਨ ਹੋ ਕੇ ਸੰਗ ਸੰਗ ਵਿਚਰਦੀ ਰਹਿੰਦੀ ਹੈ। ਇਨਸਾਨ ਬੱਸ ਫਿਰ ਤਾ ਉਮਰ ਉਨ੍ਹਾਂ ਦਿਲਦਾਰ ਤੇ ਹਮਦਰਦ ਸਿਤਾਰਿਆਂ ਦੀਆਂ ਹੀ ਗੱਲਾਂ ਕਰਦਾ, ਦੁਹਰਾਉਂਦਾ, ਸੋਚਦਾ ਤੇ ਚਿਤਵਦਾ ਹੈ, ਕਦੀ ਕਦੀ ਆਪਣੀ ਕਲਮ ਕੁਝ ਨਾ ਕੁਝ।

ਕਈ ਹਮਸਫ਼ਰ ਅਜਿਹੇ ਵੀ ਮਿਲਦੇ ਹਨ ਜੋ ਆਪਣੇ ਪੈਗੰਬਰੀ ਚਲਨ ਤੇ ਅਨੋਖੇ ਜਿਹੇ ਕਿਰਦਾਰ ਰਾਹੀਂ ਸਾਨੂੰ ਜ਼ਿੰਦਗੀ ਦੀ ਹੁਸੀਨ ਤੇ ਮੁਤਬਰਕ ਪੁਸਤਕ ਦੇ ਅਜਿਹੇ ਬੇਸ਼ਕੀਮਤੀ ਸਬਕ ਪੜ੍ਹਾ ਜਾਂਦੇ ਹਨ ਕਿ ਫਿਰ ਉਹੋ ਹੀ ਅਮੋਲਕ ਸਰਮਾਇਆ ਉਮਰਾਂ ਤਕ ਦਾ 'ਕਾਰੂ -ਖ਼ਜ਼ਾਨਾ' ਬਣਕੇ ਸਾਡੇ ਬੁੱਧੀ ਵਿਵੇਕ 'ਚ ਬੈਠ ਜਾਂਦਾ ਹੈ, ਜੋ ਫਿਰ ਰੁੱਗਾਂ ਭਰ ਭਰ ਵੀ ਵੰਡੀ ਦਾ ਮੁੱਕਦਾ ਨਹੀਂ, ਸਗੋਂ ਹੋਰ ਦੂਣ ਸਵਾਇਆ ਹੋਈ ਜਾਂਦਾ ਹੈ। ਫਿਰ ਐਹੋ ਜਿਹੇ ਸਹਿਯਾਤਰੀਆਂ ਦੀ ਯਾਦ (ਜੇ ਤੁਸੀਂ ਕੋਈ ਭਾਵੁਕ ਜਿਹੇ ਬਸ਼ਰ ਜਾਂ ਕੋਈ ਕਲਮਕਾਰ, ਕਲਾਕਾਰ ਹੋ ਤਾਂ) ਹੋਰ ਹੋਰ ਵੀ ਸਤਾਉਂਦੀ, ਤੰਗ ਕਰਦੀ ਤੇ ਪਲ ਪਲ ਮਜ਼ਬੂਰ ਕਰਦੀ ਹੈ ਕਿ ਕਲਮ ਰਾਹੀਂ ਉਨ੍ਹਾਂ ਦੀ ਕੋਈ ਰੂਪ ਰੇਖਾ ਚਿੱਤਰਕੇ ਜ਼ਮਾਨੇ ਦੀ ਵੀ ਉਸ ਖ਼ੂਬਸੂਰਤ ਤਸਵੀਰ ਉੱਤੇ ਝਾਤ ਪਵਾਈ ਜਾਵੇ।



ਸੋ, ਹਰ ਇਕ ਬਸ਼ਰ ਵਾਂਗ ਮੇਰੇ ਦਿਲ ਮਨ ਦੀ ਧਰਤੀ 'ਚ ਵੀ ਅਜਿਹੇ ਖ਼ੂਬਸੂਰਤ ਤੇ ਵਿਲੱਖਣ ਕਿਰਦਾਰਾਂ ਦੇ ਕੁਝ ਬੀਜ ਵਰ੍ਹਿਆਂ ਤੋਂ ਖਿੱਲਰੇ ਪਏ ਹਨ, ਜਿਨ੍ਹਾਂ 'ਚੋਂ ਮੈਂ ਕਦੀ ਕਦੀ ਇਕ ਅੱਧੇ ਬੀਜ ਨੂੰ ਪੌਦਾ ਬਣਦਾ, ਦਿਲ ਮਨ ਦੀ ਧਰਤੀ ਦਾ ਕੜ ਪਾੜ ਕੇ ਉਪਰ ਨੂੰ ਹੋਰ ਉਪਰ ਨੂੰ ਆਉਂਦਾ ਹੋਇਆ ਮਹਿਸੂਸ ਕਰਦਾ ਰਹਿੰਦਾ ਹਾਂ। ਫਿਰ ਕੋਸ਼ਿਸ਼ ਏ ਕਿ ਉਸਦੇ ਹੋਰ ਉਪਰ ਨੂੰ ਆ ਕੇ ਆਪਣੇ ਸੁਹੱਪਣ ਤੇ ਸੁਹਜ ਦੀ ਬੱਝਵੀਂ ਛਟਾ ਬਿਖੇਰ ਲੈਣ 'ਚ ਉਸਦੀ ਕੁਝ ਨਾ ਕੁਝ ਸ਼ਾਬਦਿਕ ਮੱਦਦ ਵੀ ਕਰਾਂ। ਇੰਝ ਮੈਂ ਕਲਮ ਦੇ ਬੁਰਸ਼ ਨਾਲ ਉਸ ਦਾ ਸ਼ਬਦ ਚਿਤਰਣ ਕਰਨ ਬੈਠ ਜਾਂਦਾ ਹਾਂ। ਤੇ ਦੋਸਤੋ, ਇਸ ਵਕਤ ਇਕ ਬੇਹੱਦ ਮਾਰਮਿਕ ਤੇ ਕਮਾਲ ਦਾ ਕਿਰਦਾਰ ਮੇਰੇ ਵਿਵੇਕ ਦੀ ਧਰਤੀ 'ਚੋਂ ਉਪਰ ਆਉਣ ਲਈ ਅਹੁਲ ਰਿਹਾ ਹੈ - ਆਓ ਜ਼ਰਾ ਅੱਖਰਾਂ 'ਚੋਂ ਤੱਕੀਏ ਕਿ ਉਹ ਕਿਹੋ ਜਿਹਾ ਕਿਰਦਾਰ ਹੈ, ਜ਼ਿੰਦਗਾਨੀ ਦੇ ਯਾਤਰਾ ਮਾਰਗ ਦਾ।

ਮੈਂ ਕੁਝ ਸਾਲਾਂ ਦੀ ਨੌਕਰੀ ਦੌਰਾਨ ਜਾਟ ਰਜਮੈਂਟ ਦਾ ਵੀ ਅੰਗ ਰਿਹਾ ਹਾਂ। ਸਾਡੀ ਬਟਾਲੀਅਨ ਵਿਚ ਮੇਰੇ ਇਕ ਸਾਥੀ ਸਹਿਯੋਗੀ ਸੂਬੇਦਾਰ ਹੁੰਦੇ ਸਨ ਰਘੁਵਰ ਦਇਆਲ ਜੀ, ਜੋ ਪਿਛੋਂ ਰਾਜਪੂਤ ਗਰੁੱਪ 'ਚੋਂ ਬਦਲੀ ਹੋ ਕੇ ਆਏ ਸਨ। ਜੇ.ਸੀ.ਓ. ਮੈੱਸ 'ਚ ਅਸੀਂ ਇਕੱਠੇ ਇਕ ਕਮਰੇ 'ਚ ਰਿਹਾ ਕਰਦੇ ਸਾਂ। ਰਘੁਵਰ ਦਿਆਲ ਸਾਹਿਬ ਜਦ ਗੱਲਾਂ ਕਰਦੇ ਤਾਂ ਹਰ ਕਾਬਲੇ ਤਾਰੀਫ਼ ਗੱਲ ਨੂੰ 'ਦਾਣੇਦਾਰ' ਕਹਿ ਕੇ ਵਿਸ਼ੇਸ਼ਣ ਦਿਆ ਕਰਦੇ ਸਨ, ਜਿਵੇਂ 'ਵੋ ਆਦਮੀ ਤੋ ਬਹੁਤ 'ਦਾਣੇਦਾਰ' ਹੈ'! 'ਉਸ ਕਾ ਕਾਮ ਵੀ ਬਹੁਤ 'ਦਾਣੇਦਾਰ' ਹੈ'! 'ਜੀ ਹਾਂ! ਆਪ ਤੋ ਮੇਰੇ 'ਦਾਣੇਦਾਰ' ਦੋਸਤ ਹੈਂ! ਆਦਿ ਆਦਿ। ਪੂਰੀ ਰਜਮੈਂਟ ਹੀ ਉਨ੍ਹਾਂ ਨੂੰ ਹੁਣ 'ਦਾਣੇਦਾਰ ਸਾਹਿਬ' ਕਹਿਕੇ ਪੁਕਾਰਦੀ ਤੇ ਗੱਲ ਕਰਦੀ। ਅਫ਼ਸਰ ਵੀ ਕਈ ਵਾਰ ਅਚਾਨਕ ਹੀ ਉਨ੍ਹਾਂ ਦਾ ਇਹੋ ਮੂੰਹ ਚੜ੍ਹਿਆ ਨਾਮ ਹੀ ਪੁਕਾਰ ਲੈਂਦੇ ਤੇ ਉਨ੍ਹਾਂ ਨਾਲ ਗੱਲ ਕਰ ਲੈਂਦੇ। ਕਈ ਵਾਰ ਤਾਂ ਅਸੀਂ ਉਨ੍ਹਾਂ ਦਾ ਇਉਂ ਅਸਲੀ ਨਾਮ ਹੀ ਭੁੱਲ ਜਾਂਦੇ ਤੇ 'ਦਾਣੇਦਾਰ ਸਾਹਿਬ' ਕਹਿ ਕੇ ਸੰਬੋਧਿਤ ਹੋ ਲੈਂਦੇ। ਉਹ ਹੱਸ ਪੈਂਦੇ। ਉਸ ਮੇਰੇ ਨਿਵੇਕਲੀ ਸਾਥੀ ਵਿਚ ਹੋਰ ਵੀ ਕਈ ਅਜਿਹੇ ਨਿਵੇਕਲੇ ਗੁਣ ਹੋਣ ਦੇ ਨਾਲ ਨਾਲ ਇਕ ਬੜੀ ਪਿਆਰੀ ਤੇ ਖ਼ੂਬਸੂਰਤ ਆਦਤ ਵੀ ਸੀ ਜੋ ਅੱਜ ਵੀ ਮੇਰੇ ਦਿਲ ਅੰਦਰ ਡੂੰਘੀ ਇੱਜ਼ਤ ਦੇ ਕਦਰ ਸਹਿਤ ਖੁਣੀ ਪਈ ਹੈ।

ਸਾਡੀ 'ਬੈੱਡ-ਟੀ' ਬੜੇ ਸਾਹਜਰੇ ਯਾਨੀ ਪਹਿਰ ਦੇ ਤੜਕੇ ਹੀ ਆ ਜਾਂਦੀ। ਮੈੱਸ ਬੁਆਏ ਭਰ ਭਰ ਗਿਲਾਸ ਸਭ ਦੀ ਸਾਈਡ ਟੇਬਲ 'ਤੇ ਰੱਖਦਾ ਜਾਂਦਾ ਤੇ ਮੂੰਹੋਂ 'ਚਾਏ ਸਾਬ੍ਹ, ਚਾਏ ਸਾਬ੍ਹ!' ਪੁਕਾਰਦਾ ਹਰੇਕ ਨੂੰ ਜਗਾਉਂਦਾ ਜਾਂਦਾ। ਮੈਂ ਉਠਕੇ ਵਾਸ਼ ਵੇਸਨ 'ਤੇ ਜਾ ਕੇ ਹੱਥ ਮੂੰਹ ਧੋਂਦਾ, ਅੱਖਾਂ 'ਤੇ ਛੱਟੇ ਮਾਰਦਾ ਤੇ ਇਕ ਦੋ ਕੁਰਲੀਆਂ ਕਰਕੇ ਮੁੜਕੇ ਆਪਣਾ ਚਾਹ ਦਾ ਗਿਲਾਸ ਚੁੱਕਦਾ ਤੇ ਸੂਬੇਦਾਰ ਰਘੁਵਰ ਜੀ ਨੂੰ ਵੀ ਜਗਾਉਂਦਾ, 'ਦਾਣੇਦਾਰ ਸਾਹਿਬ ਨਮਸਕਾਰ, ਉਠੋ ਭਾਈ, ਚਾਏ ਆ ਗਈ।' ਤੇ ਉਹ 'ਰਾਮ ਰਾਮ ਸਾਹਿਬ, ਸਤਿ ਸ੍ਰੀ ਅਕਾਲ' ਕਹਿੰਦਾ ਕਹਿੰਦਾ ਅੱਖਾਂ ਮਲਦਾ ਹੋਇਆ ਉੱਠਦਾ ਤੇ ਚਾਰਪਾਈ ਤੋਂ ਪੈਰ ਥੱਲੇ ਰੱਖਣ ਤੋਂ ਪਹਿਲਾਂ ਆਪਣਾ ਸੱਜਾ ਹੱਥ ਹੇਠਾਂ ਝੁਕਕੇ ਧਰਤੀ 'ਤੇ ਲਾਉਂਦਾ ਤੇ ਮੂੰਹ 'ਚ ਗੁਣਗੁਣਾਉਂਦਾ-

'ਮਾਂ! ਮੇਰੇ ਗੁਨਾਹ ਮੁਆਫ਼ ਕਰ ਦੇਨਾ, ਮੈਂ ਤੁਮ੍ਹਾਰੀ ਛਾਤੀ ਪੇ ਆਪਨਾ ਪਾਉਂ ਰੱਖ ਰਹਾ ਹੂੰ, ਮੁਝੇ ਛਮਾ ਕਰਨਾ ਮਾਂ!' ਤੇ ਫਿਰ ਕਈ ਵਾਰ ਉਹ ਆਪਣਾ ਹੱਥ ਧਰਤੀ 'ਤੇ ਲਾ ਕੇ ਵਾਰ ਵਾਰ ਆਪਣੇ ਮੱਥੇ ਨੂੰ ਛੁਹਾਉਂਦਾ। ਮੈਨੂੰ ਉਸਦੀ ਇਹ ਕ੍ਰਿਆ ਬੇਹੱਦ ਦਿਲ ਛੂਹਵੀਂ ਲੱਗਦੀ। ਕਈ ਵਾਰ ਤਾਂ ਉਸਦੀ ਇਹ ਅਰਦਾਸ ਸੁਣਕੇ ਮੇਰੀਆ ਵੀ ਅੱਖਾਂ ਛਲਕ ਪੈਂਦੀਆਂ। ਮੈਂ ਪੁੱਛਣਾ, 'ਦਾਣੇਦਾਰ ਸਾਹਿਬ'! ਯੇ ਆਦਤ ਆਪਕੋ ਕੈਸੇ ਪੜੀ? ਉਸ ਨੇ ਦੱਸਣਾ, ''ਸਾਬ੍ਹ! ਯੇ ਸਭ ਮੇਰੀ ਅੰਮਾ ਨੇ ਸਿਖਾਇਆ ਹੈ, ਕਹਾ ਕਰਤੀ ਥੀ, ਬੇਟਾ! ਮੈਂ ਤੁਮ੍ਹਾਰੇ ਪਾਸ ਹਰ ਜਗ੍ਹਾ ਨਹੀਂ ਜਾ ਸਕੂੰਗੀ, ਸਦਾ ਸਾਥ ਭੀ ਤੋਂ ਨਹੀਂ ਰਹੂੰਗੀ। ਬੇਟਾ ਧਰਤੀ ਮਾਂ ਤੋ ਤੇਰੇ ਹਮੇਸ਼ਾ ਸਾਥ ਸਾਥ ਰਹੇਗੀ, ਸੁਬਹ ਉਠਤੇ ਵਕਤ ਧਰਤੀ ਪੇ ਪਾਉਂ ਰਖਨੇ ਸੇ ਪਹਿਲੇ ਯੂ ਕਹਿ ਕਰ ਨਮਸਕਾਰ ਕਰਤੇ ਰਹਿਨਾ, ਬੇਟਾ! ਵੋ ਨਮਸਕਾਰ ਮੁਝੇ ਮਿਲੇਗੀ, ਤੇਰੀ ਮਾਂ ਕੋ ਮਿਲੇਗੀ। ਭਗਵਾਨ ਹਮੇਸ਼ਾ ਤੇਰੀ ਰਖਸ਼ਾ ਕਰੇਗਾ, ਮੇਰਾ ਆਸ਼ੀਰਵਾਦ ਹੈ ਤੁਝੇ।'

ਮੈਂ ਉਸਦੀ ਇਹ ਗੱਲ ਸੁਣ ਕੇ ਇਕਦਮ ਹੀ ਕਿਸੇ ਵਿਸਮਾਦ ਵਿਚ ਉਤਰ ਜਾਂਦਾ ਸਾਂ। ਲਗਦਾ ਮੇਰੀ ਮਾਂ ਵੀ ਮੈਨੂੰ ਅਸ਼ੀਰਵਾਦ ਘੱਲ ਰਹੀ ਹੈ। ਤੇ ਬਰਬਸ ਹੀ ਮੇਰੇ ਮੂੰਹੋਂ ਨਿਕਲ ਜਾਂਦਾ 'ਅਰੇ ਦਾਣੇਦਾਰ ਸਾਹਿਬ! ਵਾਕਈ ਆਪ ਤੋ ਦਾਣੇਦਾਰ ਸਖਸ਼ ਹੈਂ, ਆਪਕੀ ਅੰਮਾ ਬਹੁਤ ਪਿਆਰੀ ਔਰ ਊਚੀ ਅੰਮਾ ਹੈ, ਮੇਰਾ ਆਪਕੀ ਅਜਿਹੀ ਦੇਵੀ ਸਰੂਪ ਅੰਮਾ ਕੋ ਭੀ ਨਮਸਕਾਰ ਹੈ!' ਸੁਣਦਿਆਂ ਹੀ ਰਘੁਵਰ ਸਾਹਿਬ ਡਾਢੇ ਮੋਹ ਨਾਲ ਦੋ ਪਲ ਲਈ ਮੇਰੇ ਨਾਲ ਲਿਪਟ ਜਾਂਦੇ ਤੇ ਮੈਨੂੰ ਇਉਂ ਲਗਦਾ ਜਿਵੇਂ ਅਸੀਂ ਇਕ ਮਾਂ ਦੇ ਹੀ ਪੁੱਤਰ ਹੋਈਏ। ਮਨ ਕਹਿ ਉਠਦਾ; ਮਾਂ ਮਿੱਟੀ 'ਚ ਅਨੇਕਾਂ ਹੀ ਉੱਚੇ, ਸੁੱਚੇ ਵਰਦਾਨ ਸਮਾਏ ਪਏ ਹਨ ਪਰ ਉਨ੍ਹਾਂ ਨੂੰ ਕੋਈ ਮਾਈ ਦਾ ਲਾਲ ਹੀ ਪ੍ਰਾਪਤ ਕਰਿਆ ਕਰਦਾ ਹੈ।

ਕੋਈ ਸਰਵਨ, ਮਾਂ ਦਾ ਕੋਈ ਰਘੁਵਰ ਤੇ ਜਾਂ ਫਿਰ ਅੰਮਾ ਦਾ ਪਿਆਰਾ 'ਦਾਣੇਦਾਰ ਸਾਹਿਬ'। - ਤੇ ਅੱਜ ਏਨੇ ਵਰ੍ਹਿਆਂ ਬਾਅਦ ਮੈਂ ਜਦੋਂ ਵੀ ਦਾਣੇਦਾਰ ਸਾਹਿਬ ਨੂੰ ਖਿਆਲਾਂ 'ਚ ਮਿਲਦਾ ਹਾਂ ਤਾਂ ਅੰਦਰੋਂ ਜਿਵੇਂ ਸਾਰਾ ਹੀ ਆਪਾ ਸਰਸ਼ਾਰਿਆ ਜਾਂਦਾ ਹੈ, ਮੱਥਾ ਅੰਮਾ ਦੇ ਆਦਰ 'ਚ ਝੁਕ ਜਾਂਦਾ ਹੈ। ਅੰਦਰੋਂ ਆਵਾਜ਼ ਆਉਂਦੀ ਹੈ 'ਮਿੱਠੜੀ ਅੰਮਾ ਕੋ ਨਮਸਕਾਰ!'


Elite Driving School

Learn to drive with experienced, caring & friendly instructor
Lessons available in English, Hindi, Punjabi & Urdu

ਐਡਵਾਂਸ ਤੇ ਬੇਸਿਕ ਟਰੇਨਿੰਗ ਤਸੱਲੀਬਖ਼ਸ਼ ਸੇਵਾਵਾਂ ਲਈ ਸੰਪਰਕ ਕਰੋ।

19 ਸਾਲਾਂ ਦਾ ਤਜ਼ਰਬਾ, ਭਰੋਸੇਯੋਗ ਤੇ ਵਧੀਆ ਸੇਵਾਵਾਂ ਲਈ, ਟੈਸਟ ਲਈ ਕਾਰ ਉਪਲਬਧ ਹੈ।

19 Years Road Experience
15 Hours in Class Room & 10 Hours in Car Package Available





- Reasonable Rates
- Free Home Pick up and Drop off
- Weekday and weekend appointments available
- Fully insured, banded and licensed
- class Room Service available
- Help Available in Learner.
- Professional Service with Full Respect.



Gurmail Dhaliwal (Garry)
780-265-6990



2019 61st St NW, Edmonton, AB, T6L 1M5
Tel: 780-265-6990 Fax: 780-461-6990
Email: elitedriving@hotmail.com, www.elitedrivingschoolltd.ca

# ਸੁਹਣਾ ਕੌਂਤ ਹੋਵੇ ਦਿਲ ਦਾ ਸ਼ੌਕ ਹੋਵੇ

## ਲੋਕ–ਗੀਤਾਂ ਦੇ ਨਾਲ ਨਾਲ

*ਡਾ. ਕਰਮਜੀਤ ਸਿੰਘ ਦਾ ਪੰਜਾਬੀ ਸਾਹਿਤ ਦੇ ਚਿੰਤਨ–ਮਨਨ ਵਿਚ ਲਗਾਤਾਰ ਗੰਭੀਰ ਦਖ਼ਲ ਹੈ। ਉਹ ਪੰਜਾਬੀ ਸਾਹਿਤ ਅਲੋਚਨਾ ਦੇ ਨਾਲ–ਨਾਲ ਸੰਸਾਰ ਵਿਆਪੀ ਵਰਤਾਰਿਆਂ ਉੱਪਰ ਵੀ ਤਿੱਖੀ ਨਜ਼ਰ ਰੱਖਦੇ ਹਨ। ਇਕ ਵੱਖਰਾ ਪੱਖ ਉਨ੍ਹਾਂ ਦਾ ਪੰਜਾਬੀ ਸਭਿਆਚਾਰ ਦੇ ਧੁਰ ਅੰਦਰਲੇ ਪਸਾਰਾਂ ਨੂੰ ਫਰੋਲਣਾ ਵੀ ਹੈ। 'ਲੋਕ ਗੀਤਾਂ ਨੇ ਨਾਲ ਨਾਲ' ਕਾਲਮ 'ਚ ਕੁਝ ਇਸੇ ਤਰ੍ਹਾਂ ਦੇ ਲੇਖ ਪਾਠਕ ਪੜ੍ਹਦੇ ਰਹਿਣਗੇ।*

**ਸੰਪਾਦਕ**



**ਡਾ. ਕਰਮਜੀਤ ਸਿੰਘ**

ਉਹ ਸਮਾਜ ਜਿਸ ਵਿਚ ਵਿਆਹ ਦਾ ਆਧਾਰ ਦੋ ਜੀਆਂ ਦਾ ਪਿਆਰ ਜਾਂ ਸਹਿਮਤੀ ਨਾ ਹੋਵੇ ਤੇ ਜਿੱਥੇ ਇਹ ਵਿਆਹ ਪੈਸੇ ਲੈ ਦੇ ਕੇ ਅਮੀਰ ਹੋਣ ਜਾਂ ਸਟੇਟਸ ਵਧਾਉਣ ਦਾ ਸਾਧਨ ਹੋਵੇ, ਉਸ ਸਮਾਜ ਵਿਚ ਹੀ ਇਹ ਅਖਾਣ ਪੈਦਾ ਹੋ ਸਕਦਾ ਹੈ ਕਿ 'ਜੋੜੀਆ ਜੱਗ ਥੋੜ੍ਹੀਆਂ ਨਰੜ ਬਥੇਰੇ' ਨਰੜ ਹੋਣ ਦੀ ਸਥਿਤੀ ਦੁਖਾਂਤ ਹੈ। ਇਸ ਨੂੰ ਝੱਲਣਾ ਜਣੇ ਖਣੇ ਦਾ ਕੰਮ ਨਹੀਂ। ਵਿਸ਼ੇਸ਼ ਤੌਰ 'ਤੇ ਇਸਤਰੀ ਲਈ ਇਹ ਹੋਰ ਵੀ ਮੁਸ਼ਕਲ ਹੈ। ਇਸਤਰੀ ਨੇ ਅਜਿਹੀਆਂ ਸਥਿਤੀਆਂ ਨਾਲ ਨਿਪਟਣ ਲਈ ਕਈ ਤਰੀਕੇ ਅਪਣਾਏ ਹਨ ਉਨ੍ਹਾਂ ਵਿਚੋਂ ਇਕ ਹੈ ਗੀਤਾਂ ਰਾਹੀਂ ਆਪਣੇ ਮਨ ਨੂੰ ਹੌਲਿਆਂ ਕਰਨਾ। ਉਹ ਗੀਤਾਂ ਰਾਹੀਂ ਹੱਸਦੀ, ਗਾਉਂਦੀ ਤੇ ਨੱਚਦੀ ਵਿਅੰਗ ਨੂੰ ਤੇਜ਼ ਹਥਿਆਰ ਬਣਾ ਕੇ ਸਥਿਤੀ ਨੂੰ ਉਦਾਸ ਨਹੀਂ ਰਹਿਣ ਦਿੰਦੀ ਸਗੋਂ ਇਸ ਵਿਚੋਂ ਲੰਘਣ ਲਈ ਨਵਾਂ ਸਾਹਸ ਬਟੋਰਦੀ ਹੈ।

ਇਸਤਰੀ ਹਰ ਤਰ੍ਹਾਂ ਦੇ ਅਣਜੋੜ ਨੂੰ ਵਿਅੰਗ ਦਾ ਵਿਸ਼ਾ ਬਣਾਉਂਦੀ ਹੈ। ਪਤੀ ਕਾਲਾ ਹੋਵੇ ਤਾਂ ਉਹ ਉਸ ਨੂੰ ਅਜਿਹੀਆਂ ਉਪਮਾਵਾਂ ਦਿੰਦੀ ਹੈ ਕਿ ਸ੍ਰੋਤਿਆਂ ਦੇ ਚਿਹਰੇ ਵੀ ਚਮਕ ਪੈਂਦੇ ਹਨ ਕਿਉਂਕਿ ਇਹ ਉਨ੍ਹਾਂ ਵਿਚੋਂ ਕਈਆਂ ਨਾਲ ਵਾਪਰਿਆ ਹੈ:

***ਕਾਲੇ ਕੌਂਤ ਬਿਨਾਂ ਵੇ ਰੱਬਾ ਮੌਤ ਚੰਗੀ***
***ਅੰਦਰ ਵੜਿਆ ਤਾਂ ਡੰਗਰ ਵੱਛਾ ਡਰਿਆ ਨੀ ਮਾਏ।***

ਇਕ ਪਾਸੇ ਸਥਿਤੀ ਨੂੰ ਅਤਿਕਥਨੀ ਤਕ ਵਿਚ ਪਹੁੰਚਾਇਆ ਗਿਆ ਹੈ ਤਾਂ ਦੂਜੇ ਪਾਸੇ ਕਾਲੇ ਕੌਂਤ ਦੇ ਮੁਕਾਬਲੇ ਆਪਣੇ ਆਪ ਨੂੰ ਸੁੰਦਰ ਦਰਸਾਇਆ ਗਿਆ ਹੈ।

***ਨੰਦ ਵੇ ਤੂੰ ਕਾਲਾ ਵੇ ਸੁਣੀਂਦਾ***
***ਮੇਰਾ ਗਲਗਲ ਵਰਗਾ ਰੰਗ ਵੇ***
***ਵੇ ਤੂੰ ਕਾਲਾ ਵੇ ਸੁਣੀਂਦਾ***

ਜਦੋਂ ਔਰਤ ਇਹ ਕਹਿੰਦੀ ਹੈ ਕਿ 'ਮੇਰਾ ਕਾਲਾ ਈ ਸਰਦਾਰ ਗੋਰਿਆਂ ਨੂੰ ਦਫ਼ਾ ਕਰੋ' ਤਾਂ ਵੀ ਉਹ ਆਪਣੀ ਸਥਿਤੀ ਦਾ ਬਿਆਨ ਹੀ ਕਰ ਰਹੀ ਹੁੰਦੀ ਹੈ। ਦੂਜੀ ਸਥਿਤੀ ਹੈ ਪਤੀ ਦਾ ਮਧਰਾ ਹੋਣਾ। ਜਦੋਂ ਮਧਰੇ ਨੂੰ ਖਿੱਦੋ ਨਾਲ ਉਪਮਾ ਦੇ ਕੇ ਉਸ ਨਾਲ ਖੇਡਿਆ ਜਾਂਦਾ ਹੈ ਤਾਂ ਇਸ ਵਾਰ ਤਾਂ ਹਾਸੇ ਦੇ ਫ਼ੁਹਾਰੇ ਛੁੱਟਦੇ ਹਨ।

***ਮਧਰੇ ਕੌਂਤ ਬਿਨਾਂ ਵੇ ਰੱਬਾ ਮੌਤ ਚੰਗੀ***
***ਅੰਦਰ ਵੜਿਆ ਤਾਂ ਖਿੱਦੋ ਵਾਂਗ ਰਿੜ੍ਹਿਆ ਨੀ ਮਾਏ।***

ਮਧਰਾ ਖਿੱਦੋ ਵਾਂਗ ਰਿੜ੍ਹਦਾ ਹੈ ਪਰ ਉਸ ਦੇ ਮੁਕਾਬਲੇ ਔਰਤ ਆਪਣੇ ਲੰਬੀ ਹੋਣ ਨੂੰ ਆਦਰਸ਼ਿਆ ਕੇ ਪੇਸ਼ ਕਰਦੀ ਹੈ।

***ਨੰਦ ਵੇ, ਵੇ ਤੂੰ ਮਧਰਾ ਸੁਣੀਂਦਾ***
***ਮੈਂ ਕੋਠੇ ਦੀ ਕੰਧ ਵੇ***
***ਵੇ ਤੂੰ ਮਧਰਾ ਸੁਣੀਂਦਾ***

ਇਕ ਸਥਿਤੀ ਲੰਬੀ ਹੋਣ ਦੀ ਵੀ ਹੋ ਸਕਦੀ ਹੈ, ਇਸ ਨੂੰ ਵੀ ਮਾਨਸਿਕ ਤੌਰ 'ਤੇ ਸਵੀਕਾਰ ਨਹੀਂ ਕੀਤਾ ਗਿਆ।

***ਲੰਬੇ ਕੌਂਤ ਬਿਨਾਂ ਵੇ ਰੱਬਾ ਮੌਤ ਚੰਗੀ***
***ਅੰਦਰ ਵੜਿਆ ਤੇ, ਥੰਮ੍ਹੀ ਵਾਂਗੂੰ ਅੜਿਆ ਨੀ ਮਾਏ।***

ਪਤੀ ਕਾਲਾ, ਮਧਰਾ ਜਾਂ ਲੰਬਾ ਹੋਵੇ, ਗੱਲ ਇਥੇ ਹੀ ਨਹੀਂ ਮੁੱਕ ਜਾਂਦੀ। ਨਰੜ ਦੀਆਂ ਤਾਂ ਅਨੇਕਾਂ ਹੋਰ ਵੰਨਗੀਆਂ ਵੀ ਹਨ ਜਿਵੇਂ ਉਹ ਮੋਟਾ ਹੋ ਸਕਦਾ ਹੈ।

***ਨੰਦ ਵੇ, ਵੇ ਤੂੰ ਮੋਟਾ ਵੇ ਸੁਣੀਂਦਾ***
***ਮੈਂ ਪਤਲੀ ਪਤੰਗ ਵੇ***
***ਵੇ ਤੂੰ ਮੋਟਾ ਵੇ ਸੁਣੀਂਦਾ***

ਸਥਿਤੀ ਇਹ ਵੀ ਹਾਸੋ ਹੀਣੀ ਹੈ। ਹਾਸੋ ਹੀਣੀਆਂ ਸਥਿਤੀਆਂ ਦੀ ਇਕ ਸੀਮਾ ਹੈ ਪਰ ਜੇ ਘਰ ਵਾਲਾ ਸ਼ਰਾਬੀ ਜਾਂ ਅਮਲੀ ਟੱਕਰ ਜਾਏ ਤਾਂ ਬੇੜਾ ਹੀ ਗਰਕ ਸਮਝੋ। ਅਜਿਹੇ ਸਮੇਂ ਵਿਅੰਗ ਵੀ ਕੀਤਾ ਜਾ ਸਕਦਾ ਹੈ ਪਰ ਆਮ ਕਰਕੇ ਇਹ ਸਥਿਤੀ ਉਦਾਸੀ ਦੀ ਲੈਅ ਵਿਚ ਵਟ ਜਾਂਦੀ ਹੈ।

***ਕੀ ਵਰ ਟੋਲਿਆ ਮਾਏ, ਨੀ ਕੀ ਵਰ ਟੋਲਿਆ***
***ਪੋਸਤ ਮੰਗਦਾ ਨੀ ਮਾਏ, ਵੱਟੀ ਰੋਜ ਦਾ।***

ਅਜਿਹੇ ਸਮੇਂ ਦੋਸ਼ ਔਰਤ ਦੇ ਲੇਖਾਂ ਨੂੰ ਦਿੱਤਾ ਜਾਂਦਾ ਹੈ। ਇਥੇ ਸਮਾਜਿਕ ਚੇਤਨਾ ਦੀ ਨੀਵੀਂ ਪੱਧਰ ਦਾ ਅਹਿਸਾਸ ਵੀ ਹੋ ਜਾਂਦਾ ਹੈ।

***ਪੁੰਨੀਂ ਜੰਮੀਆ ਨੀ ਮਾਏ, ਪੁੰਨੀਂ ਵਿਆਹੀਆਂ***
***ਅਸੀਂ ਦੇਖੇ ਨਾ ਧੀਏ ਲੇਖ ਤੇਰੇ।***

ਦੇਖਣ ਵਾਲੀ ਗੱਲ ਇਹ ਹੈ ਕਿ ਅਜਿਹੀਆਂ ਗੱਲਾਂ ਔਰਤ ਦੀ ਦੂਸਰੀ ਧਿਰ (ਮਾਂ) ਕਹਿੰਦੀ ਹੈ ਗਾਇਕਾ ਆਪ ਨਹੀਂ। ਇਥੇ ਮਾਂ ਸਮਾਜਿਕ ਅਨਿਆਂ ਨੂੰ ਅਸਿੱਧੇ ਢੰਗ ਨਾਲ ਸਹੀ ਸਿੱਧ ਕਰਨ ਦਾ ਯਤਨ ਕਰਦੀ ਹੈ। ਭਾਵੇਂ ਸਭ ਤੋਂ ਵਧੇਰੇ ਦੁੱਖ ਵੀ ਮਾਂ ਨੂੰ ਹੀ ਹੁੰਦਾ ਹੈ।

ਜੇ ਔਰਤ ਦਾ ਮਰਦ ਨਾਲੋਂ ਉਮਰ ਦਾ ਪਾੜਾ ਜ਼ਿਆਦਾ ਹੋਵੇ ਤਾਂ ਵੀ ਸਥਿਤੀ ਦੁਖਾਂਤਕ ਹੁੰਦੀ ਹੈ ਪਰ ਇਸ ਨੂੰ ਵੀ ਔਰਤ ਵਿਅੰਗ ਰਾਹੀਂ ਸਹਿਣ ਦਾ ਯਤਨ ਕਰਦੀ ਹੈ।

***ਨੀ ਮਾਹੀ ਮੇਰਾ ਨਿੱਕਾ ਜਿਹਾ***
***ਉਹਨੂੰ ਨੱਕ ਪੂੰਝਣਾ ਨਾ ਆਵੇ***

ਪਤੀ ਬੁੱਢਾ ਹੋਵੇ ਤਾਂ ਇਕ ਵੱਖਰੀ ਸਥਿਤੀ ਪੈਦਾ ਹੋ ਜਾਂਦੀ ਹੈ। ਇਸ ਸਥਿਤੀ ਦਾ ਮਜ਼ਾਕ ਉਡਾਉਣ ਲਈ ਸੈਂਕੜੇ ਗੀਤਾਂ ਦੀ ਰਚਨਾ ਕੀਤੀ ਗਈ ਹੈ। ਬੁੱਢੇ ਦੀ ਸਮਝ, ਉਸ ਦਾ ਸਰੀਰਕ ਬਲ, ਉਸ ਦੀਆਂ ਆਦਤਾਂ, ਸਭ ਕੁਝ ਤਾਂ ਵਿਅੰਗ ਦੀ ਮਾਰ ਹੇਠ ਆਉਂਦਾ। ਵਿਅੰਗ ਕਈ ਵਾਰ ਸੀਮਾ ਵੀ ਟੱਪ ਜਾਂਦਾ ਹੈ।

ਅਜਿਹੇ ਗੀਤਾਂ ਨੂੰ ਇਕੱਠਿਆਂ ਕਰਨ ਸਮੇਂ ਕਿਸੇ ਤਰ੍ਹਾਂ ਦੀ ਕਠਿਨਾਈ ਨਹੀਂ ਹੁੰਦੀ। ਜਦੋਂ ਕੁੜੀਆਂ, ਅੱਧਖੜਾਂ ਇਕੱਠਿਆਂ ਹੋਈਆਂ ਹੋਣ ਤਾਂ ਉਹ ਅਜਿਹੇ ਗੀਤਾਂ ਦੀਆਂ ਝੜੀਆਂ ਲਾ ਦਿੰਦੀਆਂ ਹਨ ਪਰ ਕਿਤੇ ਅਟਕਾ ਵੀ ਆ ਜਾਂਦਾ ਹੈ। ਉਹ ਸੰਗ ਵੀ ਜਾਂਦੀਆਂ ਹਨ। ਇਕ ਵਾਰ ਮੈਂ ਗੀਤ ਸੁਣਿਆ ਬੁੱਢੇ ਬਾਰੇ ਜਿਸ ਵਿਚ ਬੁਢੜੇ ਨੂੰ ਦੇਖ ਕੇ ਦੂਰੋਂ ਪਿੱਟਣ ਦਾ ਜ਼ਿਕਰ ਸੀ, ਉਸ ਨੂੰ ਦੇਖ ਕੇ ਪੇਕੇ ਤੁਰ ਜਾਣ ਦੀ ਗੱਲ ਕਹੀ ਗਈ ਸੀ। ਬੁਢੜੇ ਨੂੰ ਦੇਖ ਕੇ ਕੁੱਤੇ ਭੌਂਕਦੇ ਹਨ ਤੇ ਉਸ ਨੂੰ ਨਹਿਰ ਵਿਚ ਧੱਕਾ ਦੇਣ ਦਾ ਸੁਝਾਅ ਹੈ। ਅਖੀਰ 'ਤੇ ਕੁੜੀ ਮਾਂ ਨੂੰ ਉਲਾਂਭਾ ਦਿੰਦੀ ਹੈ।

***ਮਾਏ, ਨੀ ਮਾਏ ਬੁੱਢਾ ਅੱਸੀ ਸਾਲ ਦਾ***
***ਤੂਹੀਉਂ ਲਾਵਾਂ ਲੈ ਲਾ, ਬੁਢਾ ਤੇਰੇ ਹਾਣ ਦਾ।***
***ਧੀਏ ਨੀ ਧੀਏ, ਏਡੇ ਬੋਲ ਬੋਲਦੀ***
***ਬੁੱਢੇ ਨਾਲ ਸੰਜੋਗ, ਮੁੰਡਾ ਕਿਥੋਂ ਟੋਲਦੀ।***

ਇਥੇ ਆ ਕੇ 'ਮੋਹਰੀ ਚੱਕ' ਪਿੰਡ ਦੀਆਂ ਕੁੜੀਆਂ ਇਕ ਦਮ ਰੁਕ ਗਈਆਂ ਤੇ ਨਾਲ ਹੀ ਹੱਸੀ ਜਾਣ। ਮੈਂ ਸਮਝ ਗਿਆ ਕਿ ਗੀਤ ਪੂਰਾ ਨਹੀਂ ਹੋਇਆ। ਮੇਰੇ ਵਾਰ ਵਾਰ ਕਹਿਣ 'ਤੇ ਵੀ ਜਦੋਂ ਉਨ੍ਹਾਂ ਗੀਤ ਪੂਰਾ ਨਹੀਂ ਕੀਤਾ ਤਾਂ ਮੈਂ ਸਮਝ ਗਿਆ ਕਿ ਅਗਲੀਆਂ ਪੰਗਤੀਆਂ ਵਿਚ ਕੁਝ ਅਜਿਹਾ ਹੈ ਜੋ ਮੇਰੇ ਸਾਹਮਣੇ ਨਹੀਂ ਕਿਹਾ ਜਾ ਸਕਦਾ। ਮੈਂ ਜ਼ਿੱਦ ਛੱਡ ਦਿੱਤੀ। ਦੋ ਤਿੰਨ ਸਾਲ ਬਾਅਦ ਮੈਂ ਕਿਸੇ ਰਾਹੀਂ ਇਸੇ ਗੀਤ ਦੀ ਦੁਬਾਰਾ ਰਿਕਾਰਡਿੰਗ ਕਰਵਾਈ ਤਾਂ ਇਹ ਗੀਤ ਪੂਰਾ ਹੋਇਆ। ਗੀਤ ਦੇ ਆਖਰੀ ਬੋਲ ਸਨ।

***ਮਾਏ ਨੀ ਮਾਏ ਬੁੱਢਾ ਬੜਾ ਊਤ ਨੀ***
***ਚਿੱਟਿਆਂ ਵਿਛਾਉਣਿਆਂ ਤੇ ਦਿੰਦਾ ਮੂਤ ਨੀ।***
***ਮਾਏ ਨੀ ਮਾਏ ਬੁੱਢਾ ਬੜਾ ਹੱਦ ਨੀ***
***ਚਿੱਟਿਆਂ ਵਿਛਾਉਣਿਆਂ ਤੇ ਦਿੰਦਾ ਹੱਗ ਨੀ***

ਲੋਕ ਗੀਤ ਵਿਚ 'ਦੁਹਾਜੂ ਬੁਢੜੇ' ਦਾ ਜ਼ਿਕਰ ਵੀ ਵਾਰ ਵਾਰ ਆਇਆ ਹੈ। ਵਿਅੰਗ ਗੀਤਾਂ ਦੀ ਲੈਅ ਆਮ ਤੌਰ 'ਤੇ ਤਿੱਖੀ ਹੈ। ਉਪਰੋਕਤ ਤਕਰੀਬਨ ਸਾਰੇ ਗੀਤ ਢੋਲਕੀ ਨਾਲ ਗਾਏ ਜਾਂਦੇ ਹਨ। ਸਗੋਂ ਦੁਆਬੇ ਵਿਚ ਤਾਂ ਇਹ ਗਿੱਧੇ ਦਾ ਸ਼ਿੰਗਾਰ ਵੀ ਬਣਦੇ ਹਨ। ਸੰਗੀਤ ਨਾਲ ਨਾਚ ਮਿਲ ਕੇ ਨਵਾਂ ਰੰਗ ਬੰਨ੍ਹਦਾ ਹੈ। ਲੋੜ ਪੈਣ 'ਤੇ ਟੇਕ ਬਦਲ ਲਈ ਜਾਂਦੀ ਹੈ, 'ਜਿਵੇਂ ਬੁੱਢਿਆ ਖੋਲ੍ਹ ਕੰਗਣਾ, ਜਿਹੜਾ ਰਾਤੀਂ ਬੰਨ੍ਹਿਆ' ਟੇਕ ਲਾ ਕੇ ਨਾਲ ਉਪਰਲਾ ਸਾਰਾ ਗੀਤ ਗਿੱਧੇ ਵਿਚ ਲੰਬੀ ਬੋਲੀ ਵਾਂਗ ਗਾਇਆ ਜਾਂਦਾ ਹੈ। ਵਿਅੰਗ ਦੱਬੀਆਂ ਭਾਵਨਾਵਾਂ ਨੂੰ ਖਾਰਜ ਕਰਦਾ ਹੈ, ਜਿਸ ਵਿਚ ਢੋਲਕੀ ਦੀ ਤਾਲ ਆਪਣਾ ਯੋਗਦਾਨ ਪਾਉਂਦੀ ਹੈ।

ਕੁੜੀ ਦੀ ਸਮੁੱਚੀ ਸਥਿਤੀ ਨੂੰ ਵਿਅੰਗ ਦਾ ਸ਼ਿਕਾਰ ਬਣਾਉਣ ਪਿੱਛੇ ਇਕ ਦਬੀ ਭਾਵਨਾ ਹੈ, ਉਹ ਹੈ ਬਰਾਬਰ ਦਾ ਵਰ ਪਾਉਣ ਦੀ। ਅਧਖੜ ਔਰਤਾਂ ਜਦੋਂ ਇਸ ਮਜ਼ਾਕ ਵਿਚ ਸ਼ਾਮਲ ਹੁੰਦੀਆਂ ਹਨ ਤਾਂ ਉਨ੍ਹਾਂ ਦੀ ਭਾਵਨਾ ਵੀ ਇਹੀ ਹੁੰਦੀ ਹੈ ਕਿ ਉਨ੍ਹਾਂ ਨੂੰ ਨਰੜ ਦੀ ਥਾਂ ਹਾਣ ਦਾ ਵਰ ਮਿਲਣਾ ਚਾਹੀਦਾ ਸੀ। ਇਸ ਲਈ ਤਾਂ ਉਹ ਮੁਸਕਰਾਹਟ ਨਾਲ ਢੋਲਕੀ ਦੀ ਤਾਲ 'ਤੇ ਥਿਰਕ ਉਠਦੀਆਂ ਹਨ।

***ਸੁਹਣਾ ਕੌਂਤ ਹੋਵੇ ਦਿਲ ਦਾ ਸ਼ੌਂਕ ਹੋਵੇ।***
***ਅੰਦਰ ਵੜਿਆ ਤੇ ਗੈਸ ਵਾਂਗੂ ਜਗਿਆ ਨੀ ਮਾਏ।***

ਅਜਿਹਾ ਨਹੀਂ ਹੈ ਕਿ ਮਰਦ ਇਸ ਨਰੜ ਦਾ ਸ਼ਿਕਾਰ ਨਹੀਂ ਹੁੰਦਾ। ਪਰ ਕਿਉਂਕਿ ਵਧੇਰੇ ਲੋਕ ਗੀਤ ਔਰਤ ਦੁਆਰਾ ਰਚੇ ਗਏ ਹਨ ਇਸ ਲਈ ਉਨ੍ਹਾਂ ਦਾ ਪੱਖ ਹਾਵੀ ਹੈ। ਕਿਤੇ ਕਿਤੇ ਮਰਦਾਂ ਦੀਆਂ ਬੋਲੀਆਂ ਵਿਚ ਅਜਿਹੀਆਂ ਸਥਿਤੀਆਂ ਵੇਖੀਆਂ ਜਾ ਸਕਦੀਆਂ ਹਨ।

***ਲੰਬੀਆਂ ਦੀਆਂ ਦੋਵੇ ਥੰਮੀਆਂ***
***ਮੇਰੀ ਮਧਰੋ ਪਤਾਸੇ ਵਰਗੀ।***

ਖੈਰ ਅਜੋੜ ਰਿਸ਼ਤਿਆਂ ਦੀ ਵਿਅੰਗਾਤਮਕ ਪੇਸ਼ਕਾਰੀ ਤੋਂ ਸਮਾਜ ਦੇ ਅਜਿਹੇ ਨਰੜਾਂ ਦੇ ਕਾਰਣਾਂ ਦਾ ਭਾਵੇਂ ਪਤਾ ਨਹੀਂ ਲੱਗਦਾ ਪਰ ਇਨ੍ਹਾਂ ਦੇ ਮਾਨਸਿਕ ਪ੍ਰਭਾਵਾਂ ਤੇ ਇਨ੍ਹਾਂ ਤੋਂ ਉਭਰਨ ਲਈ ਕੀਤੇ ਯਤਨਾਂ ਦੀ ਨਿਸ਼ਾਨਦੇਹੀ ਜ਼ਰੂਰੀ ਹੁੰਦੀ ਹੈ।

*(ਚਲਦਾ)*

# ਵਹਿੰਦੇ ਪਾਣੀਆਂ ਜਿਹਾ ਸੁੱਚਾ ਸ਼ਾਇਰ– ਗੁਰਦੀਪ



**ਸੁਖ਼ਨ ਸਾਜ਼**

***ਸੁਲਖੱਣ ਸਰਹੱਦੀ***

ਗੁਰਦੀਪ ਵਾਸਤੇ ਸ਼ਾਇਰ ਐਨੀ ਕੁ ਸਹਿਜ ਅਤੇ ਜ਼ਰੂਰਤ ਹੈ ਜਿੰਨੀ ਕੁ ਪੰਛੀਆਂ ਵਾਸਤੇ ਪਰਵਾਜ਼। ਉਹ ਬੜੇ ਠਰੰਮੇ ਵਾਲਾ ਸ਼ਾਇਰ ਹੈ ਜਿਵੇਂ ਮੈਦਾਨੀ ਦਰਿਆ ਹੋਵੇ। ਪਹਾੜੋਂ ਲਿਆਂਦੀ ਮਿੱਟੀ ਉਸ ਨੇ ਮੈਦਾਨਾਂ–ਖੇਤਾਂ ਵਿਚ ਵਿਛਾ ਦਿੱਤੀ ਹੈ ਤੇ ਹੁਣ ਉਹ ਨਿੱਤਰਿਆ ਪਾਣੀ ਹੈ ਜਿਸ ਦੀ ਆਲ਼ੇ ਦੁਆਲ਼ੇ ਦੀ ਹਰ ਸ਼ੈਅ ਨੂੰ ਗ਼ਰਜ਼ ਹੈ, ਚਿੜੀਆਂ ਨੂੰ ਵੀ ਹਵਾਵਾਂ ਨੂੰ ਵੀ। ਉਸ ਵਿਚ ਸ਼ਿਅਰ ਕਹਿਣ ਦੀ ਡਾਢੀ ਪ੍ਰਤਿਭਾ ਹੈ ਪਰ ਹੋਰਨਾ ਸ਼ਾਇਰਾਂ ਵਾਂਗ ਵਾਫਰ ਨਹੀਂ ਲਿਖਦਾ। ਉਸਦੀ ਗ਼ਜ਼ਲ ਵਕਤ ਦੀ ਹਾਨਣ ਅਤੇ ਤੱਸਵੁਫ ਮੁਖੀ ਹੈ। ਉਸ ਦੇ ਸ਼ਿਅਰਾਂ ਵਿਚ ਗਹਿਰਾਈ ਵੀ ਹੈ ਉਚਾਈ ਵੀ। ਅਸਲ ਵਿਚ ਗੁਰਦੀਪ ਲੋਕਾਂ ਦਾ ਸ਼ਾਇਰ ਹੈ। ਪੰਜਾਬੀ ਦਾ ਲਹਿਜ਼ਾ ਉਸਦੇ ਸ਼ਿਅਰਾਂ 'ਚ ਖੰਡ ਵਿਚਲੀ ਮਿਠਾਸ ਵਾਂਗ ਰਹਿੰਦਾ ਹੈ ਪਰ ਪਤਾ ਨਹੀਂ ਫਿਰ ਵੀ ਉਹ ਉਰਦੂ ਦੇ ਇਲਜਾਮ ਤੋਂ ਕਿਉਂ ਡਰਦਾ ਰਹਿੰਦਾ ਹੈ? ਸ਼ਾਇਦ ਇਸ ਲਈ ਕਿ ਅੰਮ੍ਰਿਤਸਰ ਨਾਲੋਂ ਡੇਅਰਾਦੂਨ ਉਰਦੂ ਵਾਲਿਆਂ ਦੇ ਨੇੜੇ ਹੈ। ਉਸ ਨੂੰ ਲੋਕ ਡੇਅਰਾਦੂਨ ਵਾਲਾ ਗੁਰਦੀਪ ਕਹਿੰਦੇ ਨੇ। ਪਰ ਉਹ ਖੁਦ ਨੂੰ ਕੇਵਲ ਗੁਰਦੀਪ ਹੀ ਕਹਿੰਦਾ ਹੈ। ਉਸਦੇ ਸ਼ਿਅਰ ਇਸ ਤਰ੍ਹਾਂ ਜਾਬਤੇ ਅੰਦਰ ਚਮਕਦੇ ਹਨ ਜਿਵੇਂ ਫਕੀਰ ਦੀ ਕੱਖਾਂ ਦੀ ਕੁੱਲੀ ਵਿਚ ਧੂਣੀ ਬਲ ਰਹੀ ਹੋਵੇ। ਉਸਦਾ ਨਜ਼ਰੀਆ ਜ਼ਿੰਦਗੀ ਹੈ, ਏਸੇ ਲਈ ਉਸ ਦੇ ਸ਼ਿਅਰਾਂ ਵਿਚ ਜ਼ਾਲਿਮ ਪ੍ਰਤੀ ਨਾਬਰੀ ਦੀ ਸੁਰ ਹੈ। ਗੁਰਦੀਪ ਹੀ ਇਕ ਐਸਾ ਸ਼ਾਇਰ ਹੈ ਜੋ ਛੰਦ ਬਹਿਰ ਵਿਚ ਉਕਾਈਆਂ ਦੇ ਬਾਵਜੂਦ ਮੈਨੂੰ ਪਿਆਰਾ ਪਿਆਰਾ ਲਗਦਾ ਹੈ।

**ਪੇਸ਼ ਹਨ ਉਸ ਦੀਆਂ ਕੁਝ ਤਾਜ਼ਾ ਗ਼ਜ਼ਲਾਂ**



ਅਪਣੀ ਜਗ੍ਹਾ ਮਿਲੀ ਨਾ ਅਪਣੀ ਪਛਾਣ ਪਿੱਛੋਂ।
ਡਿੱਗਿਆ ਹਾਂ ਮੈਂ ਖ਼ਲਾਅ ਵਿਚ ਲੰਬੀ ਉਡਾਣ ਪਿੱਛੋਂ।

ਉਨ੍ਹਾਂ ਨੂੰ ਦੇਖਦਾ ਮੈਂ ਨਜ਼ਰ ਦੀ ਹੱਦ ਤੀਕਰ,
ਚਾਨਣ ਹੀ ਬੁਝ ਗਏ ਨੇ ਉਨ੍ਹਾਂ ਦੇ ਜਾਣ ਪਿੱਛੋਂ।

ਇਨ੍ਹਾਂ ਦੀ ਹੋਂਦ ਸਾਂਭੀ ਬੈਠੀ ਹੈ ਮੁਸਕਰਾਹਟ,
ਫੁੱਲਾਂ ਨੇ ਬਿਖਰ ਜਾਣਾ ਹੈ ਮੁਸਕਰਾਣ ਪਿੱਛੋਂ।

ਇਹ ਆਤਸ਼ੀ ਮਸਾਲਾ ਭਰਿਆ ਹੈ ਜੋ ਦਿਲਾਂ ਵਿਚ,
ਸਕਦਾ ਹੈ ਫਟ ਅਚਾਨਕ ਇਕ ਚੋਟ ਖਾਣ ਪਿੱਛੋਂ।

ਸੀ ਦਿਲਖਰਾਸ਼ ਭਾਵੇਂ ਉਸ ਦਰਦ ਦੀ ਕਹਾਣੀ,
ਰੋਏ ਤਾਂ ਬਹੁਤ ਵਾਰੀ ਉਸ ਨੂੰ ਭੁਲਾਣ ਪਿੱਛੋਂ।

ਜਸ਼ਨਾਂ ਦਾ ਕੀ ਬਣੇਗਾ ਇਸ ਬਦਲਦੀ ਫ਼ਿਜ਼ਾ ਵਿਚ,
ਹੈ ਰੰਗ ਗ਼ੈਰਹਾਜ਼ਰ ਮਹਿਫ਼ਲ ਜਮਾਣ ਪਿੱਛੋਂ।

ਬਾਹਾਂ ਖਲਾਰ ਜਿਸ ਨੂੰ ਮੁਸਕਰੌਂਦਿਆਂ ਮਿਲੇ ਸੀ,
ਰੋਏ ਹਾਂ ਬਹੁਤ ਵਾਰੀ ਗਲ ਨਾਲ ਲਾਣ ਪਿੱਛੋਂ।

ਪੈਂਡੇ ਆਪਣੇ ਅੱਗੇ ਤੋਂ ਵੀ ਦੁਸ਼ਵਾਰ ਦਿਸਦੇ ਨੇ।
ਰਸਤੇ ਪੁਰਖ਼ਤਰ ਵੀ ਨੇ ਤੇ ਗੁੰਝਲਦਾਰ ਦਿਸਦੇ ਨੇ।

ਦਾਣੇ ਦੇ ਕੇ ਏਧਰ ਬੱਦਲਾਂ ਸਾਵੇਂ ਨਹੀਂ ਵੰਡੇ,
ਮੈਨੂੰ ਕਹਿਤਸਾਲੀ ਦੇ ਓਹੀ ਆਸਾਰ ਦਿਸਦੇ ਨੇ।

ਪਰਦੇ ਦੇ ਪਿਛਾੜੀ ਹੋਰ ਵੀ ਸੂਰਤ ਹੈ ਇਨ੍ਹਾਂ ਦੀ,
ਪਰਦੇ ਸਾਹਮਣੇ ਹੀ ਠੀਕ ਇਹ ਕਿਰਦਾਰ ਦਿਸਦੇ ਨੇ।

ਅਸਰ ਹੋਇਆ ਹੈ ਇਸ ਉੱਤੇ ਜ਼ਮਾਨੇ ਦੀ ਤਰੱਕੀ ਦਾ,
ਝੁੱਗੀ ਨੂੰ ਖ਼ਵਾਬਾਂ ਵਿਚ ਦਰੋ–ਦੀਵਾਰ ਦਿਸਦੇ ਨੇ।

ਲਹੂ ਜ਼ਖ਼ਮਾਂ ਦਾ ਡੋਬੀ ਜਾ ਰਿਹਾ ਏ ਬਸਤੀਆਂ ਏਥੇ,
ਮਸੀਹੇ ਸਭ, ਖੜ੍ਹੋ ਦਰਦਾਂ ਦੇ ਪਰਲੇ ਪਾਰ ਦਿਸਦੇ ਨੇ।

ਵਿਰਲਾਂ ਵਿਚਲੀਆਂ ਨੂੰ ਮੇਟ ਦਿੱਤਾ ਹੈ ਹਨੇਰੇ ਨੇ,
ਨਿੱਗਰ ਹੋਰ ਵੀ ਦਹਿਸ਼ਤ ਦੇ ਹੁਣ ਆਕਾਰ ਦਿਸਦੇ ਨੇ।

ਇਸ ਤਰਫ਼ ਰੌਣਕ ਤੋਂ ਆ ਹੁੰਦਾ ਨਹੀਂ।
ਮੈਥੋਂ ਉਸ ਨੂੰ ਮਿਲਣ ਜਾ ਹੁੰਦਾ ਨਹੀਂ।

ਲੰਘ ਤੇ ਜਾਵਾਂ ਮੈਂ ਜੰਨਤ ਦਾ ਦਵਾਰ,
ਸਿਰ ਹੀ ਮੇਰੇ ਤੋਂ ਝੁਕਾ ਹੁੰਦਾ ਨਹੀਂ।

ਜ਼ਹਿਰ ਦਾ ਤੇ ਤੋੜ ਹੁੰਦਾ ਹੈ ਕੁਈ,
ਗ਼ਲਤ ਦਾਰੂ ਤੋਂ ਬਚਾ ਹੁੰਦਾ ਨਹੀਂ।

ਜਿਸ 'ਚ ਕੀਮਤ ਹੱਕ ਦੀ ਹੋਵੇ ਅਦਾ,
ਤੈਥੋਂ ਉਹ ਸਿੱਕਾ ਚਲਾ ਹੁੰਦਾ ਨਹੀਂ।

ਆਖ ਹੋ ਜਾਂਦੀ ਹੈ ਮੂੰਹ ਆਈ ਸਦਾ,
ਦਰਦ ਮੇਰੇ ਤੋਂ ਛੁਪਾ ਹੁੰਦਾ ਨਹੀਂ।

ਮੈਂ ਹਕੀਕਤ ਤੋਂ ਕੋਈ ਮੁਨਕਰ ਨਹੀਂ,
ਖ਼ਵਾਬ ਤੋਂ ਦਾਮਨ ਛੁਡਾ ਹੁੰਦਾ ਨਹੀਂ।

ਜ਼ਿੰਦਗੀ ਨੂੰ ਹੋਰ ਕੀ ਦੇਣਾ ਸੀ ਮੈਂ,
ਹੱਕ ਹੀ ਮੈਥੋਂ ਅਦਾ ਹੁੰਦਾ ਨਹੀਂ।

ਮੈਂ ਤੇ ਸਿੱਧੀ ਲਾਟ ਬਾਲਣ ਜਾਣਦਾਂ,
ਮੇਰੇ ਤੋਂ ਧੂੰਆਂ ਧੁਖਾ ਹੁੰਦਾ ਨਹੀਂ।

ਬੇਜਾਨ ਰੰਗ ਮਹਿਕਾਂ ਦੇ ਤਰਫ਼ਦਾਰ ਮੌਸਮ।
ਬਾਗ਼ਾਂ 'ਚ ਆ ਟਿਕੇ ਨੇ ਬੇਅਖ਼ਤਿਆਰ ਮੌਸਮ।

ਇਸ ਦਿਲ ਦੀ ਬੇਕਲੀ ਦਾ ਕੋਈ ਇਲਾਜ ਪੁੱਛੀਂ,
ਤੈਨੂੰ ਤੇ ਜਾਣਦੇ ਨੇ ਉਸ ਤਰਫ਼ ਯਾਰ ਮੌਸਮ।

ਬੇਹਿਸ ਜਿਹੀ ਫ਼ਿਜ਼ਾ ਹੈ ਦਿਨ ਰਾਤ ਹਾਰੇ ਹਾਰੇ,
ਆਏ ਨੇ ਹੋਕੇ ਕਿਥੋਂ ਏਨੇ ਖ਼ਵਾਰ ਮੌਸਮ।

ਮੈਥੋਂ ਹੀ ਜ਼ਖ਼ਮ ਦਿਲ ਦੇ ਤਰਤੀਬ ਵਿਚ ਨਾ ਆਏ,
ਲੈਂਦੇ ਨੇ ਨਕਸ਼ ਅਪਣੇ ਆਪੇ ਸਵਾਰ ਮੌਸਮ।

ਗ਼ੈਰਾਂ ਦੀ ਅਮਲਦਾਰੀ ਹੈ ਰੰਗ ਦੇ ਜਹਾਂ 'ਤੇ,
ਕੁਝ ਹੋਰ ਹੋ ਗਏ ਨੇ ਸਾਡੇ ਉਲਾਰ ਮੌਸਮ।

ਨਿੱਘਾਂ 'ਚ ਜਾਨ ਪੈਂਦੀ ਹੈ, ਸਹਿਜ ਸਹਿਜ ਭਾਵੇਂ,
ਔਣੇ ਨੇ ਲੰਘ ਇਕ ਦਿਨ ਬਰਫ਼ਾਂ ਤੋਂ ਪਾਰ ਮੌਸਮ।

# ਸੋਫੀਆ 'ਚ ਫੈਜ਼ ਨਾਲ ਸੈਰ

**ਸਤੀ ਕੁਮਾਰ**

ਬਲਗਾਰੀਆ ਦੀ ਰਾਜਧਾਨੀ ਸੋਫੀਆ 'ਚ ਇਕ ਆਲੀਸ਼ਾਨ ਇਮਾਰਤ ਦਾ ਨਾਂ ਹੈ 'ਹੋਟਲ ਮਾਸਕਵਾ'। ਇਸ ਪੰਜ ਸਿਤਾਰੀ ਹੋਟਲ ਦੀ ਨੀਂਹ 60ਵਿਆਂ ਦੇ ਅੱਧ 'ਚ ਮੇਰੀਆਂ ਅੱਖਾਂ ਮੂਹਰੇ ਰੱਖੀ ਗਈ ਸੀ। ਸੋਫੀਆ ਦੇ ਮਸ਼ਹੂਰ 'ਆਜ਼ਾਦੀ-ਪਾਰਕ' ਦੀ ਸੱਜੀ ਨੁੱਕਰੇ, ਇਸ ਹੋਟਲ ਤੋਂ ਮਸਾਂ ਸੌ ਕੁ ਮੀਟਰ ਦੇ ਫਾਸਲੇ 'ਤੇ, ਰਸ਼ੀਅਨ ਐਂਬੈਸੀ ਹੈ। ਸੋਫੀਆ ਦੇ ਲਾਗੇ ਹੁੰਦੇ ਹੋਏ ਵੀ ਇਹ ਇਲਾਕਾ ਕਾਫੀ ਉਜਾੜ ਹੈ। ਹਰ 20 ਮਿੰਟ ਬਾਅਦ ਹੋਟਲ ਦੇ ਮੂਹਰੇ, ਬਿਜਲੀ ਦੀਆਂ ਤਾਰਾਂ ਚੋਂ ਚੰਗਿਆੜੇ ਛੱਡਦੀ, ਜ਼ਾਰ ਦੇ ਸਮਿਆਂ ਦੀ ਇਕ ਪੁਰਾਣੀ ਟਰੈਮ ਲੰਘਦੀ ਹੈ। ਸ਼ਾਂਤ ਫਿਜ਼ਾ 'ਚ ਅਚਾਨਕ ਨਿੱਕਾ ਜਿਹਾ ਭੁਚਾਲ ਆ ਜਾਂਦਾ ਹੈ। ਪਰ ਰਾਤ ਵੇਲੇ ਸੁੰਨ ਪੈ ਜਾਂਦੀ ਹੈ ਤੇ ਘੁੱਗੂ ਬੋਲਦੇ ਸੁਣਾਈ ਦਿੰਦੇ ਹਨ। ਲੋਹੇ ਦੀ ਪਟਰੀ ਜ਼ੰਗਾਲ ਕੇ ਲਿਫ ਗਈ ਸੀ। ਫਿਰ ਵੀ ਇਹ ਟਰੈਮ ਦੇ ਵਜ਼ਨੀ ਡੱਬਿਆਂ ਨੂੰ ਅੱਧੀ ਸਦੀ ਹੋਰ ਝੱਲ ਸਕਦੀ ਸੀ।

ਸੋਫੀਆ 'ਚ ਅੰਤਰਰਾਸ਼ਟਰੀ ਕਾਨਫ੍ਰੰਸਾਂ ਲਈ ਸੋਚ ਵਿਚਾਰ ਕੇ, ਹੋਟਲ ਦੀ ਉਸਾਰੀ ਲਈ, ਇਸ ਨਵੇਕਲੀ ਥਾਂ ਦੀ ਚੋਣ ਕੀਤੀ ਗਈ ਸੀ। ਭਵਿੱਖ 'ਚ ਸੋਸ਼ਲਿਜ਼ਮ ਦੀ ਉਸਾਰੀ ਦੇ ਵੱਡੇ ਨਿਰਣੇ ਲੈਣ ਲਈ। ਉੱਤਰ-ਆਧੁਨਿਕ ਹੋਟਲ ਦੇ ਮੂਹਰੇ ਇਸ ਟਰੈਮ ਲਾਈਨ ਦਾ ਕੰਟਰਾਸਟ ਕਾਫੀ ਅਰਥ ਭਰਪੂਰ ਲਗਦਾ ਸੀ। ਆਮ ਲੋਕਾਂ ਅਤੇ ਰਾਜ-ਸੱਤਾ ਵਿਚਕਾਰ ਫਾਸਲੇ ਦਾ ਇਕ ਨਵਾਂ ਸਿੰਬਲ। ਖੜ-ਖੜ ਕਰਦੀ ਟਰੈਮ 'ਚ ਤੁਰੇ ਹੋਏ ਮੁਸਾਫਰ ਉਂਗਲੀ ਦੇ ਇਸ਼ਾਰੇ ਨਾਲ ਬੱਚਿਆਂ ਨੂੰ ਦੱਸਦੇ 'ਵੇਖੋ! ਔਹ ਹੋਟਲ ਮਾਸਕਵਾ ਹੈ!' ਇਸਦਾ ਜੋ ਕੋਈ ਵੀ ਅਰਥ ਹੋਵੇ। ਬੱਚੇ ਇੱਟਾਂ-ਪੱਥਰਾਂ ਦੇ ਇਸ ਦਿਓ ਨੂੰ ਅਚੰਭੇ ਅਤੇ ਡਰ ਨਾਲ ਦੇਖਦੇ। ਉਹਨਾਂ ਦੇ ਅਵਚੇਤਨ 'ਚ ਇਹ ਬਿੰਬ ਸਦਾ ਲਈ ਉਕਰਿਆ ਜਾਂਦਾ।

ਕਾਨਫ੍ਰੰਸ 'ਚ ਭਾਗ ਲੈਣ ਆਏ ਡੈਲੀਗੇਟਾਂ ਨੂੰ ਸੋਫੀਆ 'ਚ ਸ਼ੌਪਿੰਗ ਲਈ ਲਿਜਾਣ ਨੂੰ ਕਾਰਾਂ ਦੀ ਵਿਵਸਥਾ ਸੀ। ਇੰਜ ਦੋ ਯੁੱਗ ਨਾਲੋ ਨਾਲ ਜੀ ਰਹੇ ਸਨ। ਹੋਟਲ ਰਾਜ-ਸੱਤਾ ਦਾ ਪ੍ਰਤੀਕ ਸੀ ਤਾਂ ਲੋਹੇ ਦੀ ਟਰੈਮ ਸੱਤਾਹੀਣ ਲੋਕਾਂ ਦਾ। ਟਰੈਮ ਦੇ ਲੰਘਣ ਨਾਲ ਹਰ 20 ਮਿੰਟ ਬਾਅਦ ਪੈਰਾਂ ਹੇਠ ਧਰਤੀ ਕੰਬਦੀ। ਹੋਟਲ ਦੇ ਗੈਸਟ ਰੁਕ ਕੇ ਟਰੈਮ 'ਚ ਭਰੇ ਲੋਕਾਂ ਨੂੰ ਹੈਰਾਨ ਹੋਏ ਇੰਜ ਵੇਖਦੇ ਜਿਵੇਂ ਉਹ ਕਿਸੇ ਹੋਰ ਲੋਕ ਦੇ ਵਾਸੀ ਹੋਣ।

1979 'ਚ ਹੋਈ ਅਜੇਹੀ ਹੀ ਇਕ ਕਾਨਫ੍ਰੰਸ ਦਾ ਇਹ ਦ੍ਰਿਸ਼ਟਾਂਤ ਹੈ। ਸਵੀਡਨ ਤੋਂ ਮੈਂ ਇਕ ਦਿਨ ਲੇਟ ਪਹੁੰਚਿਆ ਸੀ। ਮੇਰੀ ਦੁਭਾਸ਼ਨ ਰੁਮੀ(ਪੂਰਾ ਨਾਂ ਰੁਮਿਆਨਾ)ਮੈਨੂੰ ਮੇਰਾ ਕਮਰਾ ਦਿਖਾਉਣ ਲਿਫਟ ਵੱਲ ਲਿਜਾ ਰਹੀ ਸੀ। ਬਲਗਾਰੀਅਨ ਭਾਸ਼ਾ ਆਉਣ ਕਰ ਕੇ ਮੈਨੂੰ ਦੁਭਾਸ਼ਨ ਦੀ ਲੋੜ ਨਹੀਂ ਸੀ। ਪਰ ਇਨ੍ਹਾਂ ਕਾਨਫਰੈਂਸਾਂ 'ਚ ਦੁਭਾਸ਼ਨ ਦਾ ਰੋਲ 'ਭਾਸ਼ਾ' ਤਕ ਹੀ ਸੀਮਤ ਨਹੀਂ ਹੁੰਦਾ ਸੀ। ਮਹਿਮਾਨ ਦੀ ਦੇਖ ਭਾਲ ਤੋਂ ਅਲਾਵਾ, ਜੇ ਮਹਿਮਾਨ ਕੁਝ ਜ਼ਿਆਦਾ ਹੀ ਇਮਪੋਰਟੈਂਟ ਹੋਵੇ ਤਾਂ, ਉਸ ਨੂੰ ਹਰ ਤਰ੍ਹਾਂ ਖ਼ੁਸ਼ ਰੱਖਣਾ ਵੀ ਇਸ ਰੋਲ 'ਚ ਸ਼ਾਮਿਲ ਹੁੰਦਾ ਸੀ। ਪੱਛਮ 'ਚ ਇਨ੍ਹਾਂ ਸੋਹਣੀਆਂ ਕੁੜੀਆਂ ਨੂੰ 'ਐਸਕੌਰਟ ਗਰਲਜ਼' ਕਿਹਾ ਜਾਂਦਾ ਹੈ। ਮੈਂ ਉਨ੍ਹਾਂ ਨੂੰ 'ਵਿਸ਼-ਕੰਨਿਆਂ' ਦਾ ਨਾਂ ਦਿਤਾ ਹੋਇਆ ਸੀ। ਮੇਜ਼ਬਾਨਾਂ ਨੂੰ ਡੈਲੀਗੇਟਾਂ ਦੀਆਂ ਗਤੀਆਂ-ਵਿਧੀਆਂ ਦੀ ਰੋਜ਼ਾਨਾ ਰਿਪੋਰਟ ਦੇਣਾ ਇਨ੍ਹਾਂ ਵਿਸ਼-ਕੰਨਿਆਂਵਾਂ ਦੀ ਡੀਊਟੀ 'ਚ ਸ਼ਾਮਿਲ ਸੀ । ਵਿਸ਼-ਕੰਨਿਆਂ ਦਾ ਨਾਂ ਮੈਂ ਉਨ੍ਹਾਂ ਦੀ ਸੁੰਦਰ ਮੁਖ-ਰਾਸ਼ੀ ਕਰ ਕੇ ਦਿੱਤਾ ਹੋਇਆ ਸੀ। ਹੋਰ ਖਤਰੇ ਵਾਲੀ ਕੋਈ ਗੱਲ ਉਨ੍ਹਾਂ 'ਚ ਨਹੀਂ ਸੀ ।

ਮੇਰੀ ਦੁਭਾਸ਼ਨ ਸੋਫੀਆ ਯੂਨੀਵਰਸਟੀ 'ਚ ਪਰੋਫੈਸਰ ਫਿਲੀਪੋਵ ਦੀ ਨਿਗਰਾਨੀ 'ਚ ਅੰਗਰੇਜ਼ੀ ਦੀ ਐਮ. ਏ. ਕਰ ਰਹੀ ਸੀ। 60ਵਿਆਂ 'ਚ ਮੈਂ ਵੀ ਇਸ ਯੂਨੀਵਰਸਟੀ 'ਚ ਪੜ੍ਹਾਉਂਦਾ ਰਿਹਾ ਸੀ। ਸਾਡੇ ਕੋਲ ਗੱਲਾਂ ਦੀ ਕਮੀ ਨਹੀਂ ਸੀ। ਗੱਲੀਂ ਲੱਗੇ ਅਸੀਂ ਲਿਫਟ ਵੱਲ ਜਾ ਰਹੇ ਸੀ ਤਾਂ ਮੇਰੀ ਨਜ਼ਰ ਕੁਝ ਦੂਰ ਖੜ੍ਹੇ ਇਕ ਦੇਸੀ ਬੰਦੇ 'ਤੇ ਪਈ।

'ਲੁਕ ਐਟ ਹਿਮ,' ਮੈਂ ਰੁਮੀ ਨੂੰ ਕਿਹਾ, 'ਸਿਗਰੇਟ ਦੇ ਧੂੰਏਂ ਨਾਲ ਹੋਟਲ ਦੀ ਹਵਾ ਦੂਸ਼ਿਤ ਕਰ ਰਿਹਾ ਹੈ''

''ਤੁਹਾਡੇ ਹੀ ਮੁਲਕ ਦਾ ਹੈ!'' ਉਸਨੇ ਵਿਅੰਗ ਕੀਤਾ। ਮੈਨੂੰ ਇਹ ਭੁੱਲ ਗਿਆ ਸੀ ਕਿ ਉਹ ਆਪ ਵੀ ਸਿਗਰੇਟ ਪੀਂਦੀ ਸੀ।

''ਮੇਰੇ ਮੁਲਕ ਦਾ?'' ਮੈਂ ਹੈਰਾਨੀ ਨਾਲ ਪੁੱਛਿਆ।

''ਹਾਂ! ਫੈਜ਼ ਨਾਂ ਹੈ ਉਸਦਾ!'' ਉਹ ਸਰਸਰੀ ਬੋਲੀ।

ਇਹ ਨਾਂ ਸੁਣ ਕੇ ਮੈਂ ਉਥੇ ਹੀ ਅਟਕ ਗਿਆ। ਮੈਥੋਂ ਕੁਝ ਦੂਰ ਖੜ੍ਹੇ ਫੈਜ਼ ਅਹਿਮਦ ਫੈਜ਼ ਆਪਣੀ ਹੀ ਦੁਨੀਆਂ 'ਚ ਗੁੰਮ ਹੋਏ ਖਲੋਤੇ ਸਨ। ਰੁਮੀ ਨੇ ਅਣਜਾਣਗੀ 'ਚ ਉਨ੍ਹਾਂ ਨੂੰ ਮੇਰੇ ਦੇਸ਼ ਦਾ ਬਣਾ ਦਿਤਾ ਸੀ। ਪਰ ਉਸਦੀ ਗੱਲ ਠੀਕ ਸੀ। ਫੈਜ਼ ਜਿੰਨੇ ਪਾਕਿਸਤਾਨ ਦੇ ਸੀ ਉਨਾਂ ਹੀ ਉਹ ਹਿੰਦੋਸਤਾਨ ਦੇ ਵੀ ਸਨ। ਉਹ ਜੰਮ-ਪਲ ਹੀ ਪੰਜਾਬ ਦੇ ਸਨ। ਸਕੂਲੀ ਵਿਦਿਆ ਇਕਬਾਲ ਦੇ ਉਸਤਾਦ ਤੋਂ। ਅੰਗਰੇਜ਼ੀ ਦੀ ਐਮ ਏ ਕਰ ਕੇ ਅਮ੍ਰਿਤਸਰ 'ਚ ਲੈਕਚਰਾਰ। ਪਾਕਿਸਤਾਨ ਦੂਜੀ ਚੋਣ ਸੀ। ਮੁਹੰਮਦ ਅਲੀ ਜਿੱਨਾਹ ਦੇ ਪ੍ਰਭਾਵ ਹੇਠ। ਹੋਟਲ ਦੀ ਲੌਬੀ 'ਚ ਖੜ੍ਹੇ ਫੈਜ਼ ਸਿਗਰਟ ਦਾ ਧੂਆਂ ਛੱਡ ਕੇ ਹਵਾ ਦੂਸ਼ਿਤ ਨਹੀਂ ਸਨ ਕਰ ਰਹੇ, ਬਲ ਕਿ ਉਰਦੂ ਦਾ ਇਕ ਮਹਾਨ ਸ਼ਾਇਰ ਸਿਗਰਟ ਦਾ ਆਨੰਦ ਲੈ ਰਿਹਾ ਸੀ। ਫੈਜ਼ ਦਾ ਨਾਂ ਸੁਣ ਕੇ ਮੈਨੂੰ ਉਸਦੇ ਛੱਡੇ ਧੂੰਏਂ ਦੇ ਲੱਛੇ ਵੀ ਚੰਗੇ ਲੱਗਣ ਲੱਗ ਪਏ। ਮੈਂ ਰੁਮੀ ਨੂੰ ਉੱਥੇ ਹੀ ਖੜ੍ਹੀ ਛੱਡ ਕੇ ਉਧਰ ਹੋ ਤੁਰਿਆ ਜਿਥੇ ਫੈਜ਼ ਸਾਹਿਬ ਖੜ੍ਹੇ ਸਨ। ਆਲੇ ਦੁਆਲੇ ਤੋਂ ਬੇਖ਼ਬਰ ਕਿਤੇ ਦੂਰ ਵੇਖਦੇ ਹੋਏ। ਮੈਨੂੰ ਉਨ੍ਹਾਂ ਦੇ ਇਹ ਸ਼ੇਅਰ ਯਾਦ ਆ ਗਏ:

***ਲੌਟ ਜਾਤੀ ਹੈ ਉਧਰ ਕੋ ਭੀ ਨਜ਼ਰ ਕਿਆ ਕੀਜੇ***
***ਅਬ ਭੀ ਦਿਲਕਸ਼ ਹੈ ਤੇਰਾ ਹੁਸਨ ਮਗਰ ਕਿਆ ਕੀਜੇ***
***ਔਰ ਭੀ ਦੁਖ ਹੈਂ ਜ਼ਮਾਨੇ ਮੇਂ ਮੁੱਹਬਤ ਕੇ ਸਿਵਾ***
***ਰਾਹਤੇਂ ਔਰ ਭੀ ਹੈਂ ਵਸਲ ਕੀ ਰਾਹਤ ਕੇ ਸਿਵਾ***
***ਮੁਝ ਸੇ ਪਹਿਲੀ ਸੀ ਮੁਹੱਬਤ ਮੇਰੀ ਮਹਿਬੂਬ ਨਾ ਮਾਂਗ***

ਮਾਰਕਸਵਾਦ ਨੇ ਫੈਜ਼ ਨੂੰ ਉਸਦੀ ਮਹਿਬੂਬਾ ਤੋਂ ਜੁਦਾ ਕਰ ਦਿਤੱਾ, ਪਰ ਉਸਦੀ ਸ਼ਾਇਰੀ ਮਾਰਕਸਵਾਦੀ ਨਹੀਂ ਸੀ। ਪ੍ਰਗਤੀਵਾਦੀ ਲਹਿਰ ਨਾਲ ਜੁੜੇ ਹੋਣ ਦੇ ਬਾਵਜੂਦ ਉਹ ਆਪਣੇ ਹਮਸਫਰਾਂ ਵਾਂਗ ਸਸਤੇ ਪਰੌਪੇਗੰਡੇ 'ਚ ਨਹੀਂ ਪਏ। ਪਾਬਲੋ ਨੇਰੂਦਾ ਵਾਂਗ ਉਹਨਾਂ 'ਚ ਮੌਡਰਨ ਸੈਂਸਿਬਿਲਿਟੀ ਦੀ ਭਬਕ ਨਹੀਂ, ਫਾਰਮ ਦੇ ਪੱਖੋਂ ਵੀ ਪਾਬਲੋ ਵਾਂਗ ਐਕਸਪੈਰੀਮੈਂਟ ਕਰਨ ਦੀ ਥਾਵੇਂ ਉਹਨਾਂ ਰਵਾਇਤੀ ਗਜ਼ਲ ਦਾ ਰਾਹ ਫੜਿਆ । ਪਰ ਕਾਵਿਕ ਅਪੀਲ ਅਤੇ ਲੋਕ-ਪ੍ਰਿਅਤਾ ਦੇ ਨਜ਼ਰੀਏ ਤੋਂ ਉਨ੍ਹਾਂ ਨੂੰ ਉਰਦੂ ਦਾ ਪਾਬਲੋ ਨੇਰੂਦਾ ਕਿਹਾ ਜਾ ਸਕਦਾ ਹੈ। ਉਰਦੂ ਦੇ ਸ਼ਾਇਰਾਂ 'ਚੋਂ ਜੇ ਮੈਂ ਕਿਸੇ ਨੂੰ ਥੋੜ੍ਹਾ ਬਹੁਤ ਪੜ੍ਹਿਆ ਸੀ ਤਾਂ ਫੈਜ਼ ਨੂੰ ਹੀ ਪੜ੍ਹਿਆ ਸੀ। ਹੁਣ ਉਹ ਇਸ ਬਿਗਾਨੀ ਧਰਤੀ 'ਤੇ ਅਚਾਨਕ ਮੇਰੇ ਰਾਹ 'ਚ ਆਣ ਖੜ੍ਹੇ ਹੋਏ ਸੀ। ਹੱਥ ਮਿਲਾਏ ਬਿਨਾ ਮੈਂ ਉਨ੍ਹਾਂ ਦੇ ਕੋਲੋਂ ਦੀ ਕਿਵੇਂ ਲੰਘ ਸਕਦਾ ਸੀ? ਮੈਂ ਕਾਹਲੇ ਕਦਮੀਂ ਉਹਨਾਂ ਵੱਲ ਹੋ ਤੁਰਿਆ।



ਸੋਫੀਆ 'ਚ ਫੈਜ਼ ਅਤੇ ਸਤੀ

***ਇਹ ਸਾਡੀ ਪਹਿਲੀ ਮੁਲਾਕਾਤ ਸੀ।***
***ਅਨਾਰਕਲੀ ਬਾਜ਼ਾਰ 'ਚ ਰੁੜ੍ਹੇ ਧੇਲੇ***

ਇਸ ਪਹਿਲੀ ਮੁਲਾਕਾਤ 'ਚ ਹੀ ਫੈਜ਼ ਨੇ ਮੇਰਾ ਅੰਦਰ ਬਾਹਰ ਤਾੜ ਲਿਆ। ਉਨ੍ਹਾਂ ਪੁਛਿਆ, 'ਤੁਸੀ ਲਾਹੌਰ ਵੇਖਿਆ ਹੈ?'

ਇਸ ਆਮ ਸਵਾਲ 'ਚ ਇਹ ਸਵਾਲ ਵੀ ਛੁਪੇ ਹੋਏ ਸੀ: ਪਾਕਿਸਤਾਨ ਦੇ ਕਿਹੜੇ ਲੇਖਕਾਂ ਨੂੰ ਮਿਲੇ ਹੋਏ ਹੋ? ਜਾਂ ਉਰਦੂ ਸਾਹਿਤ ਕਿੰਨਾਂ ਕੁ ਪੜ੍ਹਿਆ ਹੈ ?

ਇਨ੍ਹਾਂ ਸਵਾਲਾਂ ਦਾ ਮੇਰੇ ਕੋਲ ਕੋਈ ਤਸੱਲੀਬਖ਼ਸ਼ ਜਵਾਬ ਨਹੀ ਸੀ।

ਲਾਹੌਰ ਦੇ ਅਨਾਰਕਲੀ ਬਾਜ਼ਾਰ 'ਚ ਜਾ ਰਹੇ ਤਾਂਗੇ 'ਤੇ ਇਕ ਨਿੱਕਾ ਜਿਹਾ ਬਾਲ ਸਵਾਰ ਹੈ। ਉਮਰ 5-6 ਸਾਲ। ਤਾਂਗੇ ਦੀ ਪਿਛਲੀ ਸੀਟ 'ਤੇ ਬੈਠਾ ਹੋਣ ਕਰਕੇ ਉਹ ਮੂਹਰੇ ਉਡਦੇ ਜਾ ਰਹੇ ਘੋੜੇ ਨੂੰ ਨਹੀਂ ਵੇਖ ਪਾ ਰਿਹਾ। ਉਹ ਤਾਂਗੇ 'ਚ ਬੈਠੈ ਆਪਣੇ ਵੱਡੇ ਭਰਾ ਅਤੇ ਭਾਬੀ ਨਾਲ ਰੁੱਸਿਆ ਹੋਇਆ ਹੈ। ਅਚਾਨਕ ਉਸਦੀ ਨਿੱਕਰ ਦੀ ਜੇਬ ਚੋਂ ਕੁਝ ਸਿੱਕੇ ਨਿੱਕਲ ਕੇ ਸੜਕ 'ਤੇ ਬਿਖਰ ਜਾਂਦੇ ਨੇ। ਆਪਣੇ ਸਿੱਕਿਆਂ ਨੂੰ ਸੜਕ 'ਤੇ ਰੁੜ੍ਹਦੇ ਵੇਖ ਉਹ ਤਾਂਗਾ ਰੋਕਣ ਲਈ ਆਖਦਾ ਹੈ। ਪਰ ਉਸਦੀ ਕੋਈ ਨਹੀ ਸੁਣਦਾ। ਭਾਬੀ ਬਟੂਆ ਖੋਲ੍ਹ ਕੇ ਉਸਨੂੰ ਵਰਿਆਉਣ ਲਈ ਆਖਦੀ ਹੈ, 'ਆਹ ਲੈ ਆਪਣੇ ਧੇਲੇ। ਰੋਂਦਾ ਕਾਹਨੂੰ ਆਂ!' ਪਰ ਉਹ ਮੰਨਦਾ ਨਹੀ। ਉਹਨੂੰ ਆਪਣੇ ਉਹੋ ਧੇਲੇ ਚਾਹੀਦੇ ਨੇ ਜੋ ਸੜਕ 'ਤੇ ਰੁੜ੍ਹ ਕੇ ਗੁਆਚ ਗਏ। ਪਰ ਤਾਂਗਾ ਰੁਕਦਾ ਨਹੀਂ। ਘੋੜਾ ਉਸੇ ਤਰ੍ਹਾਂ ਟਪ ਟਪ ਕਰਦਾ ਸੜਕ 'ਤੇ ਦੌੜਦਾ ਜਾਂਦਾ ਹੈ।

ਇਹ ਮੇਰੀ ਲਾਹੌਰ ਦੀ ਸਿਮਰਤੀ ਹੈ। ਸੜਕ 'ਤੇ ਡਿਗਦੇ ਸਿੱਕਿਆਂ ਦੀ ਟਨਕਾਰ 'ਤੇ ਘੋੜੇ ਦੇ ਪੌੜਾਂ ਦੀ ਇਕਸੁਰ ਟਪ-ਟਪ। ਇਹ ਵਾਕਿਆ ਮੈਨੂੰ ਕਦੇ ਸੁਪਨਾ ਲੱਗਦਾ ਹੈ ਕਦੇ ਅਸਲੀਅਤ। ਦੇਸ਼ ਵੰਡ ਤੋਂ ਪਹਿਲਾਂ ਮੇਰਾ ਵੱਡਾ ਭਰਾ ਲਾਹੌਰ ਰਹਿੰਦਾ ਸੀ। ਮੇਰੀ ਮਾਂ ਅਨੁਸਾਰ ਬਚਪਨ 'ਚ ਮੈਂ ਉਸ ਕੋਲ ਭਾਬੀ ਨਾਲ ਸਚਮੁਚ ਹੀ ਲਾਹੌਰ ਗਿਆ ਸੀ। ਇਹ ਸੁਪਨਾ ਨਹੀਂ ਸੀ। ਪਰ ਇਸ ਨੂੰ 'ਲਾਹੌਰ ਵੇਖਣਾ' ਸ਼ਾਇਦ ਹੀ ਕਿਹਾ ਜਾ ਸਕਦਾ ਹੋਵੇ।

ਇਹ ਵੀ ਅਫਸੋਸ ਵਾਲੀ ਗੱਲ ਸੀ ਕਿ ਮੈਂ ਕਿਸੇ ਪਾਕਿਸਤਾਨੀ ਰਾਈਟਰ ਨੂੰ ਕਦੇ ਨਹੀ ਸੀ ਮਿਲਿਆ। ਦਿੱਲੀ ਦੇ ਟੀ-ਹਾਉਸ 'ਚ ਉਰਦੂ ਦੇ ਕੁਝ ਲੇਖਕਾਂ ਨਾਲ ਬੈਠਣ ਉੱਠਣ ਦਾ ਮੌਕਾ ਮਿਲ ਜਾਂਦਾ ਸੀ। ਉੱਝ ਮੰਟੋ ਨੂੰ ਕੁਝ ਪੜ੍ਹਿਆ ਸੀ। ਉਰਦੂ ਦੀਆਂ ਗਜ਼ਲਾਂ ਸੁਣਨ ਦਾ ਵੀ ਸ਼ੌਕ ਸੀ। ਅਸਲੀਅਤ ਇਹ ਸੀ ਕਿ ਮੇਰੀ ਜ਼ਿੰਦਗੀ 'ਚ ਆਏ ਫੈਜ਼ ਉਰਦੂ ਦੇ ਪਹਿਲੇ ਅਦੀਬ ਸਨ। ਉਹਨਾਂ ਦੀਆਂ ਗਜ਼ਲਾਂ ਵੀ ਪੜ੍ਹੀਆਂ ਸਨ। ਮਸਲਨ ਇਹ ਫੈਜ਼ ਤੋਂ ਹੀ ਪਤਾ ਚੱਲਿਆ ਸੀ ਕਿ ਕੁੜੀਆਂ ਦੇ ਆਉਣ ਨਾਲ ਹਵਾ 'ਚ ਮਹਿਕ ਭਰ ਜਾਂਦੀ ਹੈ ਤੇ ਫੁੱਲਾਂ 'ਚ ਖੇੜਾ ਆ ਜਾਂਦਾ ਹੈ:

***ਗੁਲੋਂ ਮੇਂ ਰੰਗ ਭਰੇ ਬਾਦ-ਏ-ਨੌਬਹਾਰ ਚਲੇ***
***ਚਲੇ ਭੀ ਆਓ ਕਿ ਗੁਲਸ਼ਨ ਕਾ ਕਾਰੋਬਾਰ ਚਲੇ***

ਪਰ ਉਰਦੂ ਗਜ਼ਲਾਂ ਦਾ ਇੰਨਾਂ ਕੁ ਗਿਆਨ ਤਾਂ ਪਾਨ ਦੀ ਦੁਕਾਨ ਵਾਲੇ ਨੂੰ ਵੀ ਹੁੰਦਾ ਹੈ। ਇਹ ਕੋਈ ਡੀਂਗ ਮਾਰਨ ਵਾਲੀ ਗੱਲ ਨਹੀਂ ਸੀ। ਅਸਲ 'ਚ ਇਸ ਪੱਖੋਂ ਵੀ ਮੈਂ ਕੋਰਾ ਹੀ ਸਾਂ। ਆਪਣਾ ਅਗਿਆਨ ਕਬੂਲਦਿਆਂ ਮੈਂ ਫੈਜ਼ ਸਾਹਿਬ ਨੂੰ ਕਿਹਾ, 'ਜੀ ਨਹੀ!' ਨਾ ਮੈਂ ਲਾਹੌਰ ਵੇਖਿਆ ਹੈ। ਨਾ ਇਸ ਤੋਂ ਪਹਿਲਾਂ ਕਿਸੇ ਉਰਦੂ ਰਾਈਟਰ ਨੂੰ ਹੀ ਮਿਲਿਆ ਹਾਂ।'

'ਮਿਲੇ ਵੀ ਤਾਂ ਬਲਗਾਰੀਆ 'ਚ ਸੱਤ ਸਮੁੰਦਰ ਪਾਰ!' ਫੈਜ਼ ਹੱਸ ਕੇ ਤੁਰਤ ਬੋਲੇ ਸੀ।

ਇਸ ਭੇਟ ਨੂੰ ਮੁਦੱਤਾਂ ਹੋ ਚੱਲੀਆਂ ਨੇ । ਪਰ ਪਾਕਿਸਤਾਨ ਦੀ ਅਦਬੀ ਦੁਨੀਆਂ ਮੇਰੇ ਲਈ ਅੱਜ ਵੀ ਰਹੱਸ ਹੀ ਹੈ।

ਪਰ ਇਸ ਦੁਨੀਆਂ 'ਚ ਕਦਮ ਰੱਖਣ ਦੇ ਮੈਨੂੰ ਦੋ ਮੌਕੇ ਜਰੂਰ ਮਿਲੇ।

ਇਕ ਵਾਰ ਫਖ਼ਰ ਜ਼ਮਾਨ ਹੁਰਾਂ ਦਾ ਫੋਨ ਆਇਆ। ਉਹ ਸਟੌਕਹੋਮ ਆਏ ਹੋਏ ਸਨ ਤੇ ਮਿਲਣਾ ਚਾਹੁੰਦੇ ਸੀ। ਮੈਂ ਅਤੇ ਇਵਾਂਕਾ ਨੇ ਮੀਆਂ-ਬੀਬੀ ਨੂੰ ਡਿਨਰ 'ਤੇ ਘਰ ਬੁਲਾ ਲਿਆ। ਬਲਗਾਰੀਅਨ ਖਾਣਾ ਤੇ ਵਾਈਨ ਨਾਲ ਫਖ਼ਰ ਦੀ ਸ਼ਾਇਰਾ ਬੀਵੀ ਤੋਂ ਨਜ਼ਮਾਂ ਸੁਣਦਿਆਂ ਸਾਡੀ ਸ਼ਾਮ ਸੋਹਣੀ ਗੁਜ਼ਰੀ। ਪਾਕਿਸਤਾਨ 'ਚ ਵਿਸ਼ਵ ਪੰਜਾਬੀ ਸੰਮੇਲਨ ਹੋਇਆ ਤਾਂ ਉਸ 'ਚ ਸ਼ਾਮਿਲ ਹੋਣ ਲਈ ਫਖ਼ਰ ਦਾ ਮੋਹ ਭਰਿਆ ਖ਼ਤ ਮਿਲਿਆ। ਪਰ ਚਾਹੁੰਦੇ ਹੋਏ ਵੀ ਮੈਂ ਜਾ ਨਾ ਸਕਿਆ।

ਦੂਜਾ ਮੌਕਾ ਮੇਰੀ ਦੋਸਤ ਅਜੀਤ ਕੌਰ ਹੁਰਾਂ ਦਿਤਾ। ਉਨ੍ਹਾਂ ਲਾਹੌਰ 'ਚ ਹੋਈ ਸਾਰਕ-ਕਾਨਫ੍ਰੰਸ ਲਈ ਇਨਵੀਟੇਸ਼ਨ ਭੇਜਿਆ ਤੇ ਫੋਨ 'ਤੇ ਕਿਹਾ,'ਆ ਜਾਓ! ਤੁਹਾਨੂੰ ਚੰਗਾ ਲਗੇਗਾ!'

ਮੈਂ ਲੰਬੀ ਬਿਮਾਰੀ ਭੋਗ ਕੇ ਮੰਜੇ ਤੋਂ ਉਠਿਆ ਸਾਂ। ਅਜੀਤ ਦੀ ਗੱਲ ਠੀਕ ਸੀ ਕਿ ਹਵਾ ਬਦਲੀ ਨਾਲ ਮੈਂ 'ਵੱਲ ਹੋ ਜਾਵਾਂਗਾ'। ਅਜੇਹੀ ਸ਼ਾਹ-ਦਿਲ ਦੋਸਤ ਦਾ ਕੋਈ ਕਿਵੇਂ ਸ਼ੁਕਰੀਆ ਕਰੇ! ਮੈਨੂੰ ਜ਼ਰੂਰ ਚੰਗਾ ਲੱਗਦਾ। ਜਾਂਦਾ ਤਾਂ ਅਨਾਰਕਲੀ ਦੇ ਬਾਜ਼ਾਰ 'ਚ ਰੁੜ੍ਹ ਕੇ ਗੁਆਚੇ ਆਪਣੇ ਧੇਲੇ ਵੀ ਸ਼ਾਇਦ ਮੈਨੂੰ ਲੱਭ ਜਾਂਦੇ। ਪਰ ਇੰਨਾਂ ਦੂਰ ਉਡ ਕੇ ਜਾਣ ਦਾ ਹੌਸਲਾ ਨਾ ਪਿਆ। ਭੀੜਾਂ ਤੋਂ ਬਚਣ ਦੀ ਮੇਰੀ ਇਸ ਉਲਝਣ ਦਾ ਬਿਆਨ ਫੈਜ਼ ਦੇ ਲਫਜ਼ਾਂ 'ਚ ਕੁਝ ਇਸ ਤਰ੍ਹਾਂ ਵੀ ਕੀਤਾ ਜਾ ਸਕਦਾ ਹੈ 'ਮਕਾਮ ਕੋਈ ਫੈਜ਼ ਰਾਹ ਮੇਂ ਜਚਾ ਹੀ ਨਹੀਂ/ ਜੋ ਕੂਏ ਯਾਰ ਸੇ ਨਿਕਲੇ ਤੋ ਸੂਏ ਦਾਰ ਚਲੇ'।

ਕਾਨਫ੍ਰੰਸ ਦੇ ਅਗਲੇ ਤਿੰਨ ਦਿਨ ਸੁਰਗ ਦਾ ਝੂਟਾ ਹੋ ਗਏ। ਤਕਰੀਰਾਂ ਕਰਨਾ ਤੇ ਕਾਨਫ੍ਰੈਂਸ ਹਾਲ 'ਚ ਘੰਟਿਆਂ ਬੱਧੀ ਬੈਠੇ ਰਹਿਣਾ, ਨਾ ਫੈਜ਼ ਦਾ ਸਟਾਈਲ ਸੀ, ਨਾ ਮੇਰਾ ਹੀ। ਉਨ੍ਹਾਂ ਦੀ ਫੇਵਰਿਟ ਜਗ੍ਹਾ ਹੋਟਲ ਦੀ ਲੌਬੀ ਹੀ ਸੀ। ਰੇਲਿੰਗ 'ਤੇ ਕੂਹਣੀ ਰੱਖ ਕੇ ਸੱਜੇ ਹੱਥ 'ਚ ਸਿਗਰਟ ਫੜੀ ਉਹ ਇਸ ਤਰ੍ਹਾਂ ਖੜ੍ਹੇ ਹੁੰਦੇ ਜਿਵੇਂ ਕਿਸੇ ਦੀ ਉਡੀਕ ਕਰ ਰਹੇ ਹੋਣ। ਮੇਰੇ ਜ਼ਿਹਨ 'ਚ ਉਹਨਾਂ ਦਾ ਇਹ ਸਥਾਈ ਬਿੰਬ ਹੈ। ਹੱਸਦੇ ਵੀ ਤਾਂ ਉਹਨਾਂ ਦੀਆਂ ਅੱਖਾਂ ਉਦਾਸ ਲੱਗਦੀਆਂ।

ਮੇਰਾ ਜੇ ਕਦੇ ਮਿਲਣ ਨੂੰ ਜੀ ਕਰਦਾ ਤਾਂ ਮੈਨੂੰ ਪਤਾ ਸੀ ਉਹ ਕਿਥੇ ਮਿਲ ਸਕਦੇ ਸਨ। ਮਜ਼ਾਕ 'ਚ ਕਦੇ-ਕਦੇ ਮੈਂ ਇਹ ਪੁੱਛ ਲੈਣਾ, 'ਜਨਾਬ ਕਿਸ ਦੀ ਉਡੀਕ ਹੋ ਰਹੀ ਹੈ?'।

ਇਸ ਮਜ਼ਾਕ ਦਾ ਉਹ ਬੁਰਾ ਨਾ ਮਨਾਉਂਦੇ, ਬਲ ਕਿ ਹੱਸ ਕੇ ਜਵਾਬ ਦਿੰਦੇ, 'ਤੁਹਾਨੂੰ ਹੀ ਉਡੀਕ ਰਿਹਾ ਹਾਂ। ਇਥੇ ਮੈਨੂੰ ਹੋਰ ਕੌਣ ਜਾਣਦਾ ਹੈ'।

***ਡੁਬਦੀ ਦਿੱਲੀ***

70ਵਿਆਂ ਦੇ ਅਰੰਭ 'ਚ ਦਿੱਲੀ ਵਿਖੇ ਮੈਂ ਫੈਜ਼ ਸਾਹਿਬ ਨੂੰ ਮਿਲਦਾ ਮਿਲਦਾ ਰਹਿ ਗਿਆ ਸੀ। ਦਿੱਲੀ 'ਚ 'ਐਫਰੋ ਏਸ਼ੀਅਨ ਕਾਨਫ੍ਰੰਸ' ਦੇ ਅਵਸਰ ਤੇ। ਸੁਣਿਆ ਸੀ ਫੈਜ਼ ਅਹਿਮਦ ਫੈਜ਼ ਇਸ ਕਾਨਫ੍ਰੰਸ ਦੇ ਮੁੱਖ ਮਹਿਮਾਨ ਸਨ। ਉਹ ਪਾਕਿਸਤਾਨ ਤੋਂ ਆਏ ਸਨ। ਮੈਂ ਸੋਫੀਆ ਤੋਂ ਦਿੱਲੀ ਗਿਆ ਹੋਇਆ ਸਾਂ।

ਇੰਪੀਰਿਅਲ ਹੋਟਲ 'ਚ ਪ੍ਰੋ ਅਤਰ ਸਿੰਘ ਹੁਰਾਂ ਮੇਰੇ ਕੋਲੋਂ ਇਸ ਕਾਨਫ੍ਰੰਸ ਲਈ ਦੱਛਣਾ ਝਾੜ ਲਈ ਸੀ। ਮੁਲਕ ਰਾਜ ਆਨੰਦ, ਅਮ੍ਰਿਤਾ ਪ੍ਰੀਤਮ ਤੋਂ ਹਜ਼ਾਰ-ਪੰਦਰਾਂ ਸੌ ਰੁਪਏ ਵਸੂਲ ਕਰ ਕੇ ਲੈ ਗਏ ਸਨ। ਪਰ ਉਦਘਾਟਨ ਤੋਂ ਇਕ ਦਿਨ ਪਹਿਲਾਂ ਅਹੁਦਿਆਂ ਦੀ ਵੰਡ ਨੂੰ ਲੈ ਕੇ ਭਾਰਤੀ ਡੈਲੀਗੇਟਾਂ 'ਚ ਕੁਝ ਫੁੱਟ ਪੈ ਗਈ। ਨਤੀਜਾ ਇਹ ਹੋਇਆ ਕਿ ਅਮ੍ਰਿਤਾ ਪ੍ਰੀਤਮ ਦੀ ਥਾਵੇਂ ਬੰਗਾਲੀ ਲੇਖਕ ਸੁਭਾਸ਼ ਮੁਖੋਪਾਧਿਆਏ ਨੂੰ ਰਿਸੈਪਸ਼ਨ ਕਮੇਟੀ ਦਾ ਪਰਧਾਨ ਬਣਾ ਦਿਤਾ ਗਿਆ। ਇਸ ਪਦ 'ਤੇ ਅਮ੍ਰਿਤਾ ਦੀ ਨਾਮਜ਼ਦਗੀ ਦਾ ਅਲਿਖਤ ਸਮਝੌਤਾ ਸੀ। ਸਹੀ ਜਾਂ ਗਲਤ , ਉਗਰਾਹੀ ਕਰਨ ਆਏ ਮੁਲਕ ਰਾਜ ਆਨੰਦ ਇਹ ਇੰਪਰੈਸ਼ਨ ਜ਼ਰੂਰ ਦੇ ਗਏ ਸੀ। ਇਹ ਸਮਝੌਤਾ ਟੁੱਟ ਗਿਆ ਤਾਂ ਅਮ੍ਰਿਤਾ ਦੇ ਨਾਲ ਮੈਂ ਵੀ ਉਸ ਕਾਨਫ੍ਰੰਸ ਦਾ ਬਾਈਕਾਟ ਕਰ ਦਿਤਾ। ਇਹੋ ਨਹੀ, ਕਾਨਫਰੈਂਸ ਦੇ ਖਿਲਾਫ ਹਿੰਦੋਸਤਾਨ ਟਾਈਮਜ਼ 'ਚ ਮੇਰਾ ਇਕ ਖਤ ਵੀ ਛਪਿਆ। ਦਿੱਲੀ ਦੀ ਅਦਬੀ ਦੁਨੀਆਂ ਅਚਾਨਕ ਦੋ ਧੜਿਆਂ 'ਚ ਵੰਡੀ ਗਈ। ਸਾਡੇ ਅਨੁਸਾਰ ਅਮ੍ਰਿਤਾ ਦੀ ਗੈਰਹਾਜ਼ਰੀ ਕਾਰਨ ਕਾਨਫ੍ਰੰਸ ਦਾ ਬੈਲੂਨ ਪੈਂਚਰ ਹੋ ਗਿਆ ਸੀ। ਅਮ੍ਰਿਤਾ ਦੀ ਗੈਰਹਾਜਰੀ ਕਾਰਨ ਕਾਨਫ੍ਰੰਸ 'ਚ ਕੁਝ ਨਹੀਂ ਸੀ ਰਿਹਾ। ਉਹ ਬਸ ਸ਼ੋਭਾਹੀਣ ਲੋਕਾਂ ਦੀ ਭੀੜ ਸੀ। ਉਦੋਂ ਅਮ੍ਰਿਤਾ ਦਾ ਪੱਖ ਲੈਣ ਵਾਲਿਆਂ 'ਚ ਕੁਝ ਹੋਰ ਲੇਖਕਾਂ ਤੋਂ ਅਲਾਵਾ ਸਾਹਿਤ ਅਕਾਦਮੀ ਦੇ ਸੈਕਟਰੀ ਪਰਭਾਕਰ ਮਾਚਵੇ ਵੀ ਸਨ।

ਇਹ ਕਾਨਫ੍ਰੰਸਾਂ ਸੋਵੀਅਤ ਸੰਘ ਦੀ ਸਰਪਰਸਤੀ 'ਚ ਹੋਇਆ ਕਰਦੀਆਂ ਸਨ। ਹੁਣ ਪਰੋਗਰੈਸਿਵ ਲੇਖਕਾਂ ਦੀ ਨਜ਼ਰ 'ਚ ਅਮ੍ਰਿਤਾ ਦਾ ਦਰਜਾ ਉਹ ਨਹੀਂ ਸੀ ਰਿਹਾ ਜੋ ਉਸਦੀਆਂ ਰੂਸੀ ਫੇਰੀਆਂ ਵੇਲੇ ਸੀ। ਨਾਗਮਣੀ ਦਾ ਛਪਣਾ ਇਕ ਤਰ੍ਹਾਂ ਪੂਰਬ ਨਾਲੋਂ ਟੁੱਟਣ ਦਾ ਐਲਾਨ ਸੀ। ਅਮ੍ਰਿਤਾ ਦਾ ਇਹ ਪੱਛਮੀਕਰਣ ਕਾਨਫ੍ਰੰਸ ਦੇ ਡੈਲੀਗੇਟਾਂ ਨੂੰ, ਜਿਨ੍ਹਾਂ 'ਚ ਪੰਜਾਬੀ ਦੇ ਹੋਰ ਪਤਵੰਤੇ ਲੇਖਕਾਂ ਨਾਲ ਮੋਹਨ ਸਿੰਘ ਵੀ ਸਨ, ਭਲਾ ਕਿਵੇਂ ਰਾਸ ਆਉਂਦਾ? ਸੋ ਕਾਨਫ੍ਰੰਸ ਨੇ ਰਿਸੈਪਸ਼ਨ ਕਮੇਟੀ ਦੀ ਕੁਰਸੀ ਖਿੱਚ ਕੇ 'ਅੱਜ ਆਖਾਂ ਵਾਰਿਸਸ਼ਾਹ ਨੂੰ' ਦੀ ਲੇਖਿਕਾ ਨੂੰ ਫਜ਼ਰਸੋਂਆਂਟ ਘਰਅਟਅ ਕਰਾਰ ਦੇ ਦਿਤਾ। ਦਿੱਲੀ ਉਤੇ ਅਮ੍ਰਿਤਾ ਦਾ ਰਾਜ ਸੀ। ਉਸ ਤੋਂ ਬਿਨਾ ਦਿੱਲੀ 'ਚ ਭਲਾ ਕਾਨਫ੍ਰੰਸ ਕਿਵੇਂ ਹੋ ਸਕਦੀ ਸੀ?

ਇਸ ਨਮੋਸ਼ੀ ਦੀ ਘੜੀ ਇਕ ਤਸੱਲੀ ਇਹ ਹੋਈ ਕਿ ਪਟਿਆਲੇ ਵਾਲੇ ਲਾਲੀ ਸਾਹਿਬ ਕੁਝ ਅਦੀਬਾਂ ਅਤੇ ਸਨੇਹੀਆਂ ਦਾ ਜੱਥਾ ਲੈ ਕੇ ਹੌਜ਼ ਖਾਸ ਅਮ੍ਰਿਤਾ ਦੇ ਘਰ ਆ ਗਏ। ਇਸ ਜੱਥੇ ਨਾਲ ਕਾਨਫ੍ਰੰਸ 'ਚ ਭਾਗ ਲੈਣ ਆਏ ਇਕ ਦੋ ਅਫਰੀਕਨ ਲੇਖਕ ਵੀ ਸਨ। ਅਸੀਂ ਕਾਰਾਂ 'ਚ ਕੁਤੁਬ ਮੀਨਾਰ ਜਾ ਕੇ ਦਿੱਲੀ ਦੇ ਖੰਡਰਾਂ 'ਚ ਆਪਣੀ ਕਾਨਫ੍ਰੰਸ ਰਚਾ ਲਈ। ਲਾਲੀ ਸਾਹਿਬ ਦਾ ਜਵਾਬ ਨਹੀ! ਪਟਿਆਲਿਉਂ ਉਹ ਆਏ ਤਾਂ ਸੀ ਆਪਣੇ ਅੰਗ੍ਰੇਜ਼ੀ ਮੈਗਜ਼ੀਨ ਦਾ ਅਫਰੀਕਨ ਅੰਕ ਤਿਆਰ ਕਰਨ, ਪਰ ਲੱਗਦੇ ਹੱਥ ਉਹ ਡੁਬਦੀ ਦਿੱਲੀ ਨੂੰ ਵੀ ਤਾਰ ਗਏ। ਕੁਤੁਬ ਮਿਨਾਰ 'ਚ ਹੋਈ ਇਸ ਇਤਿਹਾਸਕ ਕਾਨਫ੍ਰੰਸ ਦੀ ਇਕ ਗਰੁਪ ਫੋਟੋ ਮੇਰੇ ਕੋਲ ਸਾਂਭੀ ਪਈ ਹੈ। ਇਸ ਫੋਟੋ 'ਚ ਇਕ ਵੀ ਚੇਹਰਾ ਉਦਾਸ ਨਹੀ। ਸਾਰੇ ਹੱਸ ਰਹੇ ਹਨ।

ਕਾਨਫ੍ਰੰਸ ਦੇ ਸਾਡੇ ਇਸ ਬਾਈਕਾਟ ਦਾ ਫੈਜ਼ ਹੁਰਾਂ ਨੂੰ ਵੀ ਪਤਾ ਸੀ। ਮੇਰੀਆਂ ਗੱਲਾਂ ਸੁਣਦਿਆਂ ਉਹ ਕਦੇ ਹੱਸ ਪੈਂਦੇ, ਕਦੇ ਸਿਗਰਟ ਦਾ ਡੂੰਘਾ ਕਸ਼ ਲੈ ਕੇ ਆਪਣੇ ਛੱਡੇ ਧੂੰਏਂ ਵੱਲ ਵੇਖਣ ਲੱਗ ਪੈਂਦੇ, ਜਿਵੇਂ ਉਹ ਕੋਈ ਗੁੰਝੀ ਲਿਖਤ ਹੋਵੇ।

'ਉਦੋਂ ਦੇ ਰੁੱਸੇ ਦੋਸਤ ਅੱਜ ਤਾਈਂ ਨਹੀ ਬੋਲੇ!' ਕੁਝ ਦੇਰ ਬਾਅਦ ਸਿਗਰਟ ਦੀ ਰਾਖ ਝਾੜਦਿਆਂ ਉਹ ਬੋਲੇ ਸੀ।

ਇਹ ਇਸ਼ਾਰਾ ਕਿੱਧਰ ਸੀ, ਇਹ ਮੈਨੂੰ ਵੀ ਪਤਾ ਸੀ, ਫੈਜ਼ ਹੁਰਾਂ ਨੂੰ ਵੀ।

***ਜਨਾਨੀਆਂ ਨਾਲ ਗੱਲਾਂ***

ਅਸੀਂ ਗ਼ਜ਼ਲ ਦੀ ਗੱਲ ਕਰ ਰਹੇ ਸਾਂ। ਫੈਜ਼ ਅਚਾਨਕ ਬੋਲੇ 'ਤੁਹਾਨੂੰ ਪਤਾ ਹੈ ਕਿ ਅਰਬੀ ਜ਼ਬਾਨ 'ਚ ਗ਼ਜ਼ਲ ਦਾ ਕੀ ਅਰਥ ਹੈ? ਇਸਦ ਮਾਇਨੇ ਨੇ ਜ਼ਨਾਨੀਆਂ ਨਾਲ ਗੱਲਾਂ'

ਮੈਂ ਸੋਚਿਆ ਫੈਜ਼ ਮੇਰਾ ਉੱਲੂ ਬਣਾ ਰਹੇ ਨੇ। ਪਰ ਫੈਜ਼ ਹੁਰਾਂ ਦਾ ਚਿਹਰਾ ਗੰਭੀਰ ਸੀ। ਇਸ਼ਕ ਗ਼ਜ਼ਲ ਦਾ ਕੇਂਦਰੀ ਵਿਸ਼ਾ ਹੈ। ਪਰ ਜਨਾਨੀਆਂ ਨਾਲ ਗੱਲਾਂ? ਮੈਨੂੰ ਯਕੀਨ ਨਹੀਂ ਸੀ ਆ ਰਿਹਾ। ਫੈਜ਼ ਦੀ ਗਜ਼ਲ ਦਾ ਸੋਸ਼ਲ ਕੰਟੈਕਸਟ ਨਿਰਵਿਵਾਦ ਸੀ, ਭਾਵੇਂ ਉਹਨਾਂ ਨੇ ਔਰਤ ਨਾਲ ਮੁਹੱਬਤ ਤੇ ਵੀ ਬੇਹਤਰੀਨ ਗਜ਼ਲਾਂ ਲਿਖਿਆਂ ਨੇ। ਉਨ੍ਹਾਂ ਤੇ ਇਹ ਜ਼ਨਾਨੀਆਂ ਵਾਲੀ ਗੱਲ ਲਾਗੂ ਨਹੀਂ ਸੀ ਹੁੰਦੀ।

'ਤੁਹਾਡੀ ਇਹ ਗੱਲ ਪੰਜਾਬੀ ਗਜ਼ਲ 'ਤੇ ਲਾਗੂ ਹੁੰਦੀ ਹੈ' ਮੈਂ ਹੱਸ ਕੇ ਕਿਹਾ।

ਵੇਖਿਆ ਜਾਏ ਤਾਂ ਗਜ਼ਲ ਹੀ ਨਹੀਂ ਸਾਰੀ ਰੁਮਾਂਟਿਕ ਕਵਿਤਾ ਹੀ ਜਨਾਨੀਆਂ ਨਾਲ ਗੱਲਾਂ ਹੈ। ਪੰਜਾਬੀ 'ਚ ਇਸਦਾ ਵਧੀਆ ਉਦਾਹਰਣ ਸ਼ਿਵ ਕੁਮਾਰ ਹੈ।

ਸਾਡੀ ਇਸ ਮੁਲਾਕਾਤ ਸਮੇਂ ਫੈਜ਼ ਸਾਹਿਬ ਮਾਸਕੋ, ਲੰਡਨ ਅਤੇ ਬੈਰੂਤ ਤੋਂ ਪ੍ਰਕਾਸ਼ਿਤ ਹੋ ਰਹੇ ਮੈਗਜ਼ੀਨ'ਲੋਟਸ' ਦੇ ਸੰਪਾਦਕ ਸਨ। ਸੋਫੀਆ ਦੀ ਕਾਨਫ੍ਰੰਸ 'ਚ ਉਹ ਲਿਬਨਾਨ ਦੀ ਰਾਜਧਾਨੀ ਬੈਰੂਤ ਤੋਂ ਪਹੁੰਚੇ ਸਨ। 'ਐਫਰੋਏਸ਼ੀਅਨ ਕਾਨਫ੍ਰੰਸ ਵਾਂਗ ਇਹ ਮੈਗਜ਼ੀਨ ਵੀ ਸੋਵੀਅਤ ਸੰਘ ਦੇ ਰੂਬਲਾਂ ਨਾਲ ਚੱਲ ਰਿਹਾ ਸੀ। ਪਾਕਿਸਤਾਨ ਦੀ ਸਰਗੋਧਾ ਜੇਲ੍ਹ 'ਚ ਬਿਤਾਏ ਸਾਲਾਂ ਦੇ ਮੁਕਾਬਲੇ 'ਚ ਐਲਾਇਸ (ਅੰਗ੍ਰੇਜ਼ ਪਤਨੀ) ਨਾਲ ਫੈਜ਼ ਦੀ ਇਹ ਜ਼ਿੰਦਗੀ ਕਾਫੀ ਸਕੂਨ ਵਾਲੀ ਸੀ। (ਫੈਜ਼ ਦੀ ਮਹਿਬੂਬ ਪਤਨੀ ਐਲਾਇਸ ਲੰਡਨ 'ਚ ਕ੍ਰਿਸ਼ਨਾ ਮੈਨਿਨ ਦੀ ਸੈਕਟਰੀ ਹੁੰਦੀ ਸੀ। ਹਿੰਦੋਸਤਾਨ 'ਚ ਸ਼ੇਖ ਅਬਦੁੱਲਾ ਨੇ ਦੋਵਾਂ ਦਾ ਨਿਕਾਹ ਪੜ੍ਹਿਆ ਸੀ ।)। ਉਹ ਸੋਫੀਆ 'ਚ ਫੈਜ਼ ਦੇ ਨਾਲ ਨਹੀਂ ਸੀ ਆਈ। ਹੋਟਲ ਦੀ ਲੌਬੀ 'ਚ ਇੱਕਲੇ ਖੜ੍ਹੇ ਉਹ ਜ਼ਰੂਰ ਆਪਣੀ ਮਹਿਬੂਬ ਪਤਨੀ ਦੇ ਸੁਪਨੇ ਲੈਂਦੇ ਹੋਣਗੇ?

'ਘਰ ਦੀ ਯਾਦ ਕਿਸ ਨੂੰ ਨਹੀਂ ਆਉਂਦੀ,' ਮੇਰੀਆਂ ਗੱਲਾਂ ਸੁਣ ਕੇ ਫੈਜ਼ ਬੋਲੇ, ' ਪਰ ਤੁਹਾਡੀ ਰੂਬਲਾਂ ਵਾਲੀ ਗੱਲ ਗਲਤ ਹੈ। 'ਲੋਟਸ' ਮੈਗਜ਼ੀਨ ਐਫਰੋ ਏਸ਼ੀਅਨ ਲੇਖਕਾਂ ਦਾ ਪਰਚਾ ਹੈ। ਮੈਂ ਇਸ ਦਾ ਐਡੀਟਰ ਹਾਂ'

ਬੈਰੂਤ ਅਤੇ ਲੰਡਨ ਦੀ ਸਕੂਨ ਵਾਲੀ ਜ਼ਿੰਦਗੀ ਬਾਰੇ ਉਹਨਾਂ ਦਾ ਇਹ ਕੁਮੈਂਟ ਸੀ, 'ਸਰਗੋਧਾ ਦੀ ਜੇਲ੍ਹ ਅਤੇ ਪਰਦੇਸ ਦੀ

ਇਹ ਜ਼ਿੰਦਗੀ ਇਕੋ ਜੱਦੋ-ਜਹਿਦ ਦਾ ਹਿੱਸਾ ਹਨ। 'ਦਸਤ-ਏ-ਸਬਾ' ਦੀਆਂ ਨਜ਼ਮਾਂ ਸਰਗੋਧਾ ਜੇਲ੍ਹ 'ਚ ਬੈਠ ਕੇ ਹੀ ਲਿਖੀਆਂ ਸਨ। ਲੇਖਕ ਨੂੰ ਸਕੂਨ ਲਿਖ ਕੇ ਮਿਲਦਾ ਹੈ, ਭਾਵੇਂ ਉਹ ਕਿਤੇ ਵੀ ਬੈਠਾ ਹੋਵੇ। ਬਾਕੀ ਗੱਲਾਂ ਫਜ਼ੂਲ ਨੇ।'

ਸਰਗੋਧਾ ਜੇਲ੍ਹ ਨੇ ਫੈਜ਼ ਨੂੰ 'ਦਸਤ-ਏ-ਸਬਾ' (ਹਵਾ ਦੀਆਂ ਉਂਗਲਾਂ) ਹੀ ਨਹੀਂ ਦਿਤੀ। ਇਸ ਕੈਦ ਦਾ ਫੈਜ਼ ਦੀ ਅਗਲੀ ਜ਼ਿੰਦਗੀ ਨੂੰ ਨਿਰਧਾਰਿਤ ਕਰਨ 'ਚ ਵੀ ਵੱਡਾ ਹੱਥ ਹੈ।

ਇਸ ਜੇਲ੍ਹ-ਯਾਤਰਾ ਦਾ ਕਾਰਨ ਸੀ 'ਰਾਵਲਪਿੰਡੀ ਕੰਸਪੀਰੇਸੀ' ਕੇਸ। ਮੇਜਰ ਜਨਰਲ ਅਕਬਰ ਖਾਂ ਨਾਲ ਮਿਲ ਕੇ ਲਿਆਕਤ ਅਲੀ ਦਾ ਤਖਤਾ ਪਲਟਣ ਦਾ ਖੜਯੰਤਰ ਰਚਣ ਦੇ ਜ਼ੁਰਮ 'ਚ ਫੈਜ਼ ਨੂੰ ਵੀ ਗਿਰਫਤਾਰ ਕਰ ਲਿਤਾ ਗਿਆ ਸੀ। ਫੈਜ਼ ਉਸ ਸਮੇਂ ਖੱਬਵਾਦੀ ਰੋਜ਼ਾਨਾ ਅਖਵਾਰ 'ਫਅਕਸਿਟਅਨ ਠਮਿਏਸ' ਦੇ ਸੰਪਾਦਕ ਸਨ। ਫੈਜ਼ ਦੇ ਇਸ ਖੜਯੰਤਰ 'ਚ ਸ਼ਾਮਿਲ ਹੋਣ ਦਾ ਕਾਰਨ ਇਹ ਦੱਸਿਆ ਗਿਆ: ਅਕਬਰ ਖਾਂ ਨਾਲ ਫੈਜ਼ ਦੀ ਦੇਸ਼ ਵੰਡ ਤੋਂ ਪਹਿਲਾਂ ਦੀ ਦੋਸਤੀ ਸੀ । ਅਕਬਰ ਖਾਂ ਨੇ ਫੈਜ਼ ਨਾਲ ਵਾਹਦਾ ਕੀਤਾ ਸੀ ਕਿ ਜੇਕਰ ਲਿਆਕਤ ਅਲੀ ਦੇ ਖ਼ਿਲਾਫ਼ ਸੈਨਿਕ-ਕ੍ਰਾਂਤੀ ਕਾਮਯਾਬ ਹੋ ਗਈ ਤਾਂ ਕਮਿਊਨਿਸਟ ਪਾਰਟੀ ਨੂੰ ,ਜੋ ਪਾਕਿਸਤਾਨ 'ਚ ਉਦੋਂ ਗ਼ੈਰ-ਕਾਨੂੰਨੀ ਸੀ, ਚੋਣਾ 'ਚ ਭਾਗ ਲੈਣ ਦਾ ਹੱਕ ਦੇ ਦਿਤਾ ਜਾਵੇਗਾ। ਰਾਜ ਪਲਟਣ ਦੀ ਸਾਜਿਸ਼ 'ਚ ਸ਼ਾਮਿਲ ਹੋ ਕੇ ਫੈਜ਼ ਨੇ ਪਾਰਟੀ ਲਈ ਕਾਫੀ ਵੱਡਾ ਰਿਸਕ ਲਿਆ ਸੀ।

ਪਰ ਸੈਨਿਕ-ਕ੍ਰਾਂਤੀ ਤੋਂ ਪਹਿਲਾਂ ਹੀ ਹੋਰ ਖੜਯੰਤਰਕਾਰੀਆਂ ਨਾਲ ਫੈਜ਼ ਵੀ ਜੇਲ੍ਹ ਪਹੁੰਚ ਗਏ। 1962 'ਚ ਮਿਲੇ ਲੈਨਿਨ ਪੁਰਸਕਾਰ ਮਿਲਣ ਪਿੱਛੋ ਪਾਰਟੀ ਲਈ ਫੈਜ਼ ਦੀ ਇਹ ਕੁਰਬਾਨੀ ਹੋ ਸਕਦੀ ਹੈ। ਸੋਵੀਅਤ ਸੰਘ ਨੇ ਫੈਜ਼ ਨੂੰ ਇਹ ਇਨਾਮ ਦੇ ਕੇ ਪਾਬਲੋ ਨੇਰੂਦਾ, ਮੰਡੇਲਾ, ਬਰੈਖਤ ਅਤੇ ਫੀਡਲ ਕੈਸਟਰੋ ਦੇ ਬਰਾਬਰ ਖੜ੍ਹਾ ਕਰ ਦਿਤਾ। ਲੈਨਿਨ ਪੀਸ ਅਵਾਰਡ ਨੂੰ ਪਰੋਗਰੈਸਿਵ ਲੇਖਕਾਂ 'ਚ ਨੋਬਲ ਪ੍ਰਾਈਜ਼ ਹੀ ਸਮਝਿਆ ਜਾਂਦਾ ਸੀ। ਪਰ ਇਨ੍ਹਾਂ ਗੱਲਾਂ ਦਾ ਜਵਾਬ ਮੈਂ ਫੈਜ਼ ਤੋਂ ਨਹੀਂ ਸੀ ਪੁੱਛ ਸਕਦਾ। ਨਾ ਹੀ ਸ਼ਾਇਦ ਉਹ ਕੋਈ ਜਵਾਬ ਦੇ ਸਕਦੇ ਸਨ।

ਜੇਲ੍ਹ ਦੀ ਘਟਨਾਂ ਬਾਰੇ ਟੈਡ ਜੈਨੋਵੇਜ਼ ਲਿਖਦਾ ਹੈ, 'ਸੁਬਾਹ ਦੇ ਸਾਢੇ ਛੇ ਵਜੇ, ਮਾਰਚ 9, 1951 ਦੇ ਦਿਨ ਪੁਲਸੀਆਂ ਦਾ ਇਕ ਜੱਥਾ, ਲਿਬਰਲ ਅਖਬਾਰ ਫਅਕਸਿਟਅਨ ਠਮਿਏਸ ਦੇ ਸੰਪਾਦਕ ਅਤੇ ਦੇਸ਼ ਦੇ ਸਭ ਤੋਂ ਵੱਡੇ ਸ਼ਾਇਰ ਫੈਜ਼ ਅਹਿਮਦ ਫੈਜ਼ ਦੇ ਘਰ ਆ ਧਮਕਿਆ। ਫੈਜ਼ ਦੀ ਪਤਨੀ ਦੀ ਵਾਜਾਂ ਪੈਂਦੀਆਂ ਸੁਣ ਕੇ ਅੱਖ ਖੁਲ੍ਹ ਗਈ। 'ਮੈਂ ਵਰਾਂਡਾ ਪਾਰ ਕਰ ਕੇ ਹੇਠਾਂ ਗਾਰਡਨ 'ਤੇ ਨਜ਼ਰ ਮਾਰੀ,' ਉਸਨੇ ਬਾਅਦ 'ਚ ਇਸ ਦਿਨ ਨੂੰ ਯਾਦ ਕਰਦਿਆਂ ਲਿਖਿਆ, 'ਮੈਨੂੰ ਹਥਿਆਰਬੰਦ ਪੁਲਿਸ ਨਜ਼ਰ ਆਈ,ਕਾਫੀ ਗਿਣਤੀ 'ਚ। ਉਹ ਘਰ ਨੂੰ ਘੇਰੀ ਖੜ੍ਹੇ ਸਨ'। ਅਗਲੇ ਦਿਨ ਪੰਜਾਬ ਅਸੈਂਬਲੀ ਦੀਆਂ ਚੋਣਾਂ ਸਨ। ਫੈਜ਼ ਨੇ ਐਲਾਈਸ ਨੂੰ ਕਿਹਾ ਕਿ ਪੁਲਿਸ ਨੇ ਉਸਨੂੰ ਇਲੈਕਸ਼ਨਾਂ ਦੇ ਖ਼ਤਮ ਹੋਣ ਤਕ ਹੀ ਹਵਾਲਾਤ 'ਚ ਰਖੱਣਾ ਹੈ। ਇਸ ਤੋਂ ਪਹਿਲਾਂ ਕਿ ਉਹ ਕੁਝ ਹੋਰ ਕਹਿੰਦਾ, ਦਰਵਾਜੇ ਤੋੜ ਕੇ ਉਹ ਅੰਦਰ ਆ ਗਏ ਤੇ ਘਰ ਦਾ ਉਤਲਾ ਵਰਾਂਡਾ ਪੁਲਿਸ ਨਾਲ ਭਰ ਗਿਆ, 'ਉਹਨਾਂ ਦੀਆਂ ਰਾਈਫਲਾਂ ਤਣੀਆਂ ਹੋਈਆਂ ਸੀ'।

ਅੱਗੋਂ ਟੈਡ ਲਿਖਦਾ ਹੈ,'ਫੈਜ਼ ਬਿਸਤਰੇ ਦੀ ਚਾਦਰ ਤੇ ਕੁਝ ਕੱਪੜੇ ਲੈ ਕੇ ਉਹਨਾਂ ਨਾਲ ਹੋ ਤੁਰਿਆ। ਜੀਪ 'ਚ ਬਿਠਾ ਕੇ ਉਹ ਉਸਨੂੰ ਸਰਗੋਧਾ ਜੇਲ੍ਹ ਲੈ ਗਏ। ਇਹ ਔਰਤਾਂ ਦੀ ਜੇਲ੍ਹ ਸੀ। ਇਸ ਦੇ ਸੁਪਰਡੈਂਟ ਨੂੰ ਫੈਜ਼ ਦੇ ਆਉਣ ਦੀ ਕੋਈ ਖ਼ਬਰ-ਸਾਰ ਨਹੀ ਸੀ। ਸੁਪਰਡੈਂਟ ਟੈਲੀਫੋਨ 'ਤੇ ਸਥਿਤੀ ਨੂੰ ਸੁਲਝਾਉਣ 'ਚ ਲਗਿਆ ਹੋਇਆ ਸੀ ਕਿ ਵਜ਼ੀਰੇ ਆਜ਼ਮ ਲਿਆਕਤ ਅਲੀ ਖਾਂ ਰੇਡੀਓ ਸਟੇਸ਼ਨ 'ਤੇ ਜ਼ਰੂਰੀ ਅਨਾਊਂਸਮੈਂਟ ਕਰਨ ਪਹੁੰਚ ਗਏ।

ਅਨਾਊਂਸਮੈਂਟ ਸੀ ਸੈਨਿਕ-ਕ੍ਰਾਂਤੀ ਦੀ ਤਿਆਰੀ ਕਰ ਰਹੇ ਖੜਯੰਤਰਕਾਰੀਆਂ ਦੀ ਗਿਰਫਤਾਰੀ ਦੀ। ਇਸ ਲਿਸਟ 'ਚ ਫੈਜ਼ ਦਾ ਨਾਂ ਵੀ ਦਰਜ ਸੀ।ਨਦੋਨ ਠਮਿਏਸ ਨੇ ਫੈਜ਼ ਨੂੰ ਪਾਕਿਸਤਾਨ ਦਾ ਸਭ ਤੋਂ ਖਤਰਨਾਕ ਲੈਫਟਿਸਟ ਕਰਾਰ ਦੇ ਕੇ ਉਸਦੀ ਗਿਰਫਤਾਰੀ ਦੀ ਖ਼ਬਰ ਛਾਪੀ।

ਪਰ ਆਪਣੇ ਮੂਹਰੇ ਖੜ੍ਹਾ ਫੈਜ਼ ਮੈਨੂੰ ਫੈਲਸੂਫ ਬਹੁਤਾ ਜਾਪਿਆ, ਖੜਯੰਤਰਕਾਰੀ ਘੱਟ।

### *ਚੌਥਾ ਕਿਲੋਮੀਟਰ*

'ਸੈਰ ਲਈ ਕਦੇ ਹੋਟਲ ਤੋਂ ਬਾਹਰ ਵੀ ਨਿਕਲੇ ਹੋ?' ਫੈਜ਼ ਹੁਰਾਂ ਤੋਂ ਮੈਂ ਇਕ ਦਿਨ ਪੁੱਛਿਆ।

'ਹੋਟਲ ਦੁਆਲੇ ਹੀ ਤਿੰਨ ਚਾਰ ਚੱਕਰ ਲਾ ਲੈਂਦਾ ਹਾਂ' ਫੈਜ ਬੋਲੇ।

ਮੈਂ ਉਨ੍ਹਾਂ ਨੂੰ ਸੋਫੀਆ ਦਾ 'ਆਜ਼ਾਦੀ ਪਾਰਕ' ਵਿਖਾਉਣਾ ਚਾਹੁੰਦਾ ਸੀ।

'ਇਸ ਪਾਰਕ 'ਚ ਸੋਫੀਆ ਦੇ ਪ੍ਰਾਣ ਹਨ।' ਮੈਂ ਬੋਲਿਆ, 'ਕਹੋ ਤਾਂ ਕਿਸੇ ਦਿਨ ਸੈਰ ਲਈ ਚੱਲੀਏ!'

'ਕੱਲਿਆਂ ਇਸ ਜੰਗਲ 'ਚ ਵੜਣ ਤੋਂ ਡਰ ਲੱਗਦਾ ਸੀ। ਤੁਸੀਂ ਜਿੱਧਰ ਮਰਜ਼ੀ ਲੈ ਚੱਲੋ!' ਫੈਜ਼ ਮੁਸਕਰਾ ਕੇ ਬੋਲੇ ਸੀ।

ਅਗਲੀ ਸਵੇਰ ਬਰੇਕਫਾਸਟ ਲੈ ਕੇ ਅਸੀਂ ਇਸ ਜੰਗਲ ਵੱਲ ਮੂੰਹ ਕਰ ਲਿਆ।

ਇਸ ਆਜ਼ਾਦੀ ਪਾਰਕ (ਬਲਗਾਰੀਅਨ ਅਤੇ ਰੂਸੀ ਜ਼ਬਾਨ 'ਚ ਆਜ਼ਾਦੀ ਨੂੰ 'ਸਵੋਵੋਦਾ' ਆਖਦੇ ਨੇ) ਨੂੰ ਜੰਗਲ ਹੀ ਕਹਿਣਾ ਚਾਹੀਦਾ ਹੈ। ਆਜ਼ਾਦ ਜੰਗਲ। ਕਿਲੋਮੀਟਰਾਂ 'ਚ ਫੈਲੇ ਇਸ ਜੰਗਲ 'ਚ ਉੱਚੇ ਤੇ ਸੰਘਣੇ ਰੁੱਖਾਂ ਦਾ ਰਾਜ ਸੀ। ਇਸ 'ਚ ਜਿਵੇਂ ਵੱਖਰੀ ਹੀ ਹਵਾ ਵਗਦੀ ਸੀ। ਵੱਖਰੇ ਰੰਗ ਦੀ। ਸੋਸ਼ਲਿਜ਼ਮ ਅਜੇ ਇੱਥੇ ਨਹੀਂ ਸੀ ਪਹੁੰਚਿਆ। ਤਾਜ਼ੀ ਹਵਾ 'ਚ ਡੂੰਘੇ ਸਾਹ ਲੈਂਦੇ ਅਸੀਂ ਲੰਮੇ ਕਦਮ ਪੁੱਟਦੇ ਅੱਗੇ ਵੱਧਦੇ ਜਾ ਰਹੇ ਸੀ। ਇਕ ਬੈਂਚ 'ਤੇ ਸਾਹ ਲੈਣ ਬੈਠੇ ਤਾਂ ਫੈਜ਼ ਨੇ ਮੈਨੂੰ ਪੁਛਿਆ ਕਿ ਮੈਂ ਇਹ ਕਿਉਂ ਕਿਹਾ ਸੀ ਕਿ ਇਸ ਪਾਰਕ 'ਚ ਸੋਫੀਆ ਦੇ ਪ੍ਰਾਣ ਸਨ?

ਇਸ ਪਾਰਕ ਦੀ ਇਕ ਗੁੱਠ 'ਚ ਸਟੂਡੈਂਟ ਹੋਸਟਲ ਅਤੇ ਪ੍ਰੋਫੈਸਰਾਂ ਦੇ ਫਲੈਟ ਹਨ। ਹੋਸਟਲ ਦਾ ਨਾਂ ਹੈ 'ਚੇਤਵਰਤੀ ਕਿਲੋਮੀਟਰ' (ਚੌਥਾ ਕਿਲੋਮੀਟਰ)। ਇਹ 'ਚੌਥਾ ਕਿਲੋਮੀਟਰ' ਕਦੇ ਮੇਰਾ ਘਰ ਹੁੰਦਾ ਸੀ। ਪਾਰਕ ਦੀ ਦੂਜੀ ਗੁੱਠ 'ਚ ,ਹੋਸਟਲ ਤੋਂ ਚਾਰ ਕਿਲੋਮੀਟਰ ਦੀ ਦੂਰੀ ਤੇ, ਸੋਫੀਆ ਯੂਨੀਵਰਸਟੀ ਦੀ ਜ਼ਾਰ ਦੇ ਜ਼ਮਾਨੇ ਦੀ ਮਹਿਲਨੁਮਾ ਇਮਾਰਤ ਹੈ। ਯੂਨੀਵਰਸਟੀ ਨੂੰ ਪੈਦਲ ਜਾਂਦਿਆਂ ਤੇ ਵਾਪਸੀ 'ਚ, ਮੈਂ ਹਮੇਸ਼ਾ ਇਸ ਪਾਰਕ ਚੋਂ ਲੰਘਦਾ ਹੁੰਦਾ ਸੀ। ਇਹ ਪਾਰਕ ਸੋਫੀਆ ਦੇ ਅੰਡਰਗਰਾਉਂਡ ਬੁੱਧੀਜੀਵੀਆਂ ਦੀ ਸੈਰਗਾਹ ਸੀ। ਇਸਦੀ ਘਾਹ ਤੇ ਤਾਸ਼ ਜਾਂ ਸ਼ਤਰੰਜ ਖੇਡਦਿਆਂ ਗੁਪਤ ਮੀਟਿੰਗਾਂ ਹੋ ਜਾਂਦੀਆਂ। ਸਮੂਹ-ਸੈਰਾਂ ਦੌਰਾਨ ਨਵੇਂ ਬਲਗਾਰੀਆ ਦਾ ਨਕਸ਼ਾ ਤਿਆਰ ਕੀਤਾ ਜਾਂਦਾ। ਘਰਾਂ ਦੀਆਂ ਕੰਧਾਂ ਨੂੰ ਤਾਂ ਕੰਨ ਲੱਗੇ ਹੋਏ ਸਨ। ਜਿਹੜੀਆਂ ਗੱਲਾਂ ਉਹ ਆਪਣੇ ਘਰਾਂ 'ਚ ਨਹੀਂ ਸੀ ਕਰ ਸਕਦੇ, ਇਸ ਆਜ਼ਾਦ ਪਾਰਕ 'ਚ ਕਰ ਸਕਦੇ ਸਨ। ਪਾਰਕ ਦਾ 'ਆਜ਼ਾਦੀ' ਨਾਂ ਸਚਮੁਚ ਹੀ ਠੀਕ ਸੀ।

ਬਲਗਾਰੀਅਨ ਲੇਖਕਾਂ ਨਾਲ ਕਦੇ ਕਦੇ ਮੈਂ ਵੀ ਇਹ ਸੈਰਾਂ ਕਰਦਾ ਹੁੰਦਾ ਸੀ। ਮੇਰੇ ਦੋਸਤ ਰਾਦੋਈ ਰਾਲਿਨ, ਮਾਰਕੋ ਅਤੇ ਬਲਾਗਾ ਦਿਮਿਤਰੋਵਾ ਇਸ ਪਾਰਕ 'ਚ ਸੈਰਾਂ ਕਰਦੇ ਮਿਲ ਸਕਦੇ ਸਨ। । ਦਰਅਸਲ ਮੈਂ ਇਸ ਉਮੀਦ ਨਾਲ ਹੀ ਫੈਜ਼ ਨੂੰ ਇਸ ਪਾਰਕ 'ਚ ਲਈ ਫਿਰਦਾ ਸੀ। ਇਹ ਜੰਗਲ ਪੈਰੇਲਲ ਯੂਨੀਵਰਸ ਸੀ। ਅੱਦਿਖ ਤੇ ਅਲੰਘ। ਇਸ ਸਮਾਨਾਂਤਰ-ਦੁਨੀਆਂ ਦਾ ਉਨ੍ਹਾਂ ਨੂੰ ਹੀ ਪਤਾ ਸੀ ਜੋ ਇਸ ਦੁਨੀਆਂ 'ਚ ਰਹਿੰਦੇ ਸਨ। ਲੋਕਾਂ ਦੇ ਸ਼ਿਕਵਿਆਂ ਦੀਆਂ ਕਿੰਨੀਆਂ ਹੀ ਕਥਾ-ਕਹਾਣੀਆਂ ਇਸ ਪਾਰਕ ਦੇ ਮੌਨ ਰੁੱਖਾਂ ਨੇ ਰਿਕਾਰਡ ਕਰ ਰੱਖੀਆਂ ਸਨ। ਸਰਕਾਰੀ ਸੱਦੇ 'ਤੇ ਆਏ ਲੇਖਕ ਇਸ ਦੁਨੀਆਂ ਨੂੰ ਜਾਣੇ ਬਿਨਾ ਹੀ ਆਪਣੇ ਦੇਸ਼ਾਂ ਨੂੰ ਪਰਤ ਜਾਂਦੇ ਸਨ। ਕਾਨਫ੍ਰੰਸ ਦੀਆਂ ਕੰਧਾਂ ਟੱਪ ਕੇ ਇਨ੍ਹਾਂ ਲੇਖਕਾਂ ਦੀ ਅਦਿੱਖ ਦੁਨੀਆਂ 'ਚ ਵੜਣ ਦਾ ਜੇਰਾ ਹਰ ਕਿਸੇ 'ਚ ਨਹੀਂ ਸੀ। ਫੈਜ਼ ਦੀ ਗੱਲ ਹੋਰ ਹੈ। ਲੋਟਸ ਮੈਗੇਜੀਨ ਦੀ ਸੰਪਾਦਕੀ ਨਾਲ ਰੋਟੀ ਪਾਣੀ ਚੱਲ ਰਿਹਾ ਸੀ। ਪਰ ਉਹ ਸੁਤੰਤਰ ਤੇ ਬੇਖ਼ੌਫ ਬੁੱਧੀਜੀਵੀ ਸਨ। ਹਰ ਕਿਸੇ ਨੂੰ ਮਿਲਣ ਲਈ ਉਤਸਕ।

ਇਸ ਪਾਰਕ 'ਚ ਸਾਨੂੰ, ਸ਼ੇਰਾ ਵਾਂਗ ਆਜ਼ਾਦ ਫਿਰਦਾ, ਰਾਦੋਈ ਰਾਲਿਨ ਮਿਲ ਸਕਦਾ ਸੀ। ਗੋਦ ਲਈ ਵੀਅਤਨਾਮੀ ਬੇਟੀ 'ਹਾਂ' ਨਾਲ ਸੈਰ ਕਰਣ ਨਿਕਲੀ ਬਲਾਗਾ ਵੀ ਦਿਸ ਸਕਦੀ ਸੀ। ਮਾਰਕੋ ਨੇ ਜਦੋਂ ਵੀ ਕੋਈ ਨਾਜ਼ੁਕ ਗੱਲ ਕਰਨੀ ਹੁੰਦੀ ਤਾਂ ਫੋਨ 'ਤੇ ਕਹਿੰਦਾ, 'ਆ ਪਾਰਕ 'ਚ ਸੈਰ ਕਰਨ ਚੱਲੀਏ !' ਉਹ ਘਰੋਂ ਨਿੱਕਲ ਆਉਂਦਾ। ਮੈਂ 'ਚੌਥਾ ਕਿਲੋਮੀਟਰ' ਤੋਂ ਤੁਰ ਪੈਂਦਾ। ਮਾਰਕੋ ਦੋਸਤ ਹੀ ਨਹੀਂ ਸੀ, ਰਾਮਾਇਣ ਅਤੇ ਮਹਾਂਭਾਰਤ ਦੇ ਅਨੁਵਾਦ ਕਾਰਜ 'ਚ ਉਹ ਮੇਰਾ ਕੋ-ਆਥਰ ਵੀ ਸੀ।

ਉਸ ਦਿਨ ਫੈਜ਼ ਨੂੰ ਨਾਲ ਲੈ ਕੇ ਮੈਂ 'ਚੌਥਾ ਕਿਲੋਮੀਟਰ' ਤੋਂ ਸੋਫੀਆ ਯੂਨੀਵਰਸਟੀ ਤਕ ਦਾ ਇਕ ਚੱਕਰ ਲਾਇਆ। ਇਸ ਸੈਰ ਦੌਰਾਨ ਮਿਲਿਆ ਤਾਂ ਸਾਨੂੰ ਕੋਈ ਨਾ। ਪਰ ਸੋਫੀਆ ਦੇ ਅੰਡਰ-ਗਰਾਉਂਡ ਰਾਈਟਰਾਂ ਦੀਆਂ ਗੱਲਾਂ ਅਸਾਂ ਖੂਬ ਕੀਤੀਆਂ।

ਵਾਪਸੀ 'ਚ ਮੈਂ ਫੈਜ਼ ਸਾਹਿਬ ਨੂੰ ਬਲਗਾਰੀਆ ਦੇ ਜਿਉਂਦੇ-ਜਾਗਦੇ ਮਿਥ ਅਤੇ ਲੋਕ-ਕਵੀ ਰਾਦੋਈ ਰਾਲਿਨ ਦੀ ਇਹ ਦਾਸਤਾਨ ਸੁਣਾਈ:

ਰਾਦੋਈ ਨੂੰ ਕੋਈ ਛਾਪਦਾ ਨਹੀਂ ਸੀ। ਪਰ ਇਕ ਸਿਰ ਫਿਰਿਆ ਪਰਕਾਸ਼ਕ ਗ਼ਲਤੀ ਨਾਲ ਰਾਦੋਈ ਦੀ ਕਿਤਾਬ ਛਾਪ ਬੈਠਾ। ਨਜ਼ਮਾਂ ਦੀ ਇਸ ਕਿਤਾਬ ਦਾ ਨਾਂ ਸੀ 'ਲਿਉਤੀ ਚੂਸ਼ਕੀ' (ਕੌੜੀਆਂ ਮਿਰਚਾਂ)। ਛਪਣ ਤੋਂ ਪਹਿਲਾਂ ਹੀ ਇਸ ਕਿਤਾਬ ਦੀਆਂ ਵਿਅੰਗ-ਕਵਿਤਾਵਾਂ ਲੋਕਾਂ ਦੇ ਮੂੰਹ ਚੜ੍ਹ ਚੁਕੀਆਂ ਸੀ। ਸੈਂਸਰ ਨੂੰ ਖ਼ਬਰ ਪੁੱਜੀ ਤਾਂ ਪੁਲਿਸ ਨੇ 50 ਹਜ਼ਾਰ ਕਾਪੀਆਂ ਦਾ ਐਡੀਸ਼ਨ ਜ਼ਬਤ ਕਰ ਲਿਆ। ਉਹਨਾਂ ਪਾਰਕ ਦੇ ਲਾਗੇ ਹੀ ਇਕ ਬਿਲਡਿੰਗ ਦੇ ਅਹਾਤੇ 'ਚ ਕਿਤਾਬਾਂ ਦਾ ਢੇਰ ਲਾ ਲਿਆ ਤੇ ਤੇਲ ਛਿੜਕ ਕੇ ਅੱਗ ਲਾ ਦਿਤੀ। ਕਿਤਾਬਾਂ ਦੇ ਇਸ ਭਾਂਬੜ ਚੋਂ 'ਕੌੜੀਆਂ ਮਿਰਚਾਂ' ਦੇ ਅੱਧ-ਜਲੇ ਵਰਕੇ ਹਵਾ 'ਚ ਉੱਡ ਕੇ ਆਜ਼ਾਦੀ ਪਾਰਕ 'ਚ ਬਿਖਰ ਗਏ । ਸੋਫੀਆ ਵਾਸੀ ਕਈ ਦਿਨ ਉਨ੍ਹਾਂ ਵਰਕਿਆਂ ਨੂੰ ਪਾਰਕ 'ਚ ਲੱਭਦੇ ਰਹੇ ਸੀ। ਲੋਕਾਂ ਨੇ ਇਹ ਅੱਧ-ਜਲੇ ਵਰਕੇ ਅੱਜ ਫਰੇਮ ਕਰ ਕੇ ਘਰਾਂ 'ਚ ਲਾਏ ਹੋਏ ਨੇ। ਹੋਰਾਂ ਦਿਨਾਂ ਵਾਂਗ ਇਸ ਦਿਨ ਵੀ ਮੈਨੂੰ ਮਾਰਕੋ ਦਾ ਫੋਨ ਆਇਆ ਸੀ,' ਆ ਪਾਰਕ 'ਚ ਸੈਰ ਕਰਨ ਚੱਲੀਏ! ਮੌਸਮ ਚੰਗਾ ਹੈ ਤੇ ਹਵਾ ਵੀ ਬਹੁਤ ਵਧੀਆ ਵਗ ਰਹੀ ਹੈ'

ਇਸ ਜਲੀ ਹੋਈ ਕਿਤਾਬ ਦੇ ਤਿੰਨ ਵਰਕੇ ਮਾਰਕੋ ਨੇ ਵੀ ਘਰ ਸਾਂਭ ਕੇ ਰੱਖੇ ਹੋਏ ਨੇ।

ਪੋਸਟ ਸਕਰਿਪਟ:- 1995 ਵਿਚ ਮੈਂ ਫਿਰ ਬਲਗਾਰੀਆ ਗਿਆ। ਆਜ਼ਾਦੀ ਪਾਰਕ 'ਚ ਮੈਂ ਫਿਰ ਸੈਰ ਕੀਤੀ। ਇਸ ਨਵੇਂ ਬਲਗਾਰੀਆ 'ਚ ਬਲਾਗਾ ਦਿਮਿਤਰੋਵਾ ਉਪ-ਰਾਸ਼ਟਰਪਤੀ ਸੀ। ਉਸਦੇ 900 ਸਫਿਆਂ ਦੇ ਨਾਵਲ ਦਾ ਨਾਂ ਹੈ 'ਆਜ਼ਾਦੀ'। 90ਵਿਆਂ 'ਚ ਉਸਦਾ ਨਾਂ ਨੋਬਲ ਪੁਰਸਕਾਰ ਲਈ ਪ੍ਰਸਤਾਵਿਤ ਹੋਇਆ ਸੀ। ਰਾਦੋਈ ਰਾਲਿਨ ਨਵੇਂ ਬਲਗਾਰੀਆ 'ਚ ਪਾਰਲੀਮੈਂਟ ਦਾ ਮੈਂਬਰ ਬਣਿਆ। ਉਸਦੀਆਂ 'ਕੌੜੀਆਂ ਮਿਰਚਾਂ' ਦਾ ਡੀਲਕਸ ਐਡੀਸ਼ਨ ਛਪਿਆ। ਮਾਰਕੋ ਕਿਤੇ ਅੰਬੈਸਡਰ ਨਿਯੁਕਤ ਸੀ। ਇਨ੍ਹਾਂ ਲੇਖਕਾਂ ਚੋਂ ਅੱਜ ਸਿਰਫ ਮਾਰਕੋ ਹੀ ਜਿਊਂਦਾ ਹੈ।

ਇਹ ਗੱਲਾਂ ਮੈਂ ਫੇਜ਼ ਨੂੰ ਦੱਸਣਾ ਚਾਹੁੰਦਾ ਸਾਂ। ਪਰ ਉਨ੍ਹਾਂ ਦੀ ਮੌਤ 1984 'ਚ ਹੀ ਹੋ ਚੁੱਕੀ ਸੀ।


## ਜ਼ਿੰਦਗੀ ਬੜੀ ਬੇਵਫਾ ਹੈ ਇਸ ਦਾ ਇਕ ਪਲ ਦਾ ਵੀ ਭਰੋਸਾ ਨਾ ਕਰੋ ।

* ਕੀ ਤੁਸੀਂ ਹਾਲ ਹੀ ਵਿਚ ਘਰ ਖਰੀਦਿਆ ਹੈ ? * ਕੀ ਤੁਹਾਡੇ ਘਰ ਉੱਪਰ ਮੌਰਗੇਜ਼ ਹੈ ?
* ਕੀ ਤੁਸੀਂ ਬੈਂਕ ਤੋਂ ਮੌਰਗੇਜ਼ ਇੰਸ਼ੋਰੈਂਸ ਲਈ ਹੈ ਅਤੇ ਬੈਂਕ ਨਾਲੋਂ ਸਸਤੀ ਮੌਰਗੇਜ਼ ਲੈਣੀ ਚਾਹੁੰਦੇ ਹੋ ?
* ਕੀ ਤੁਸੀਂ ਨਾਲ ਲਿਖੇ ਰੇਟਾਂ ਨਾਲੋਂ ਜ਼ਿਆਦਾ ਪੇਮੈਂਟ ਦੇ ਰਹੇ ਹੋ ? * ਕੀ ਤੁਸੀਂ ਘਰ ਦੇ ਮੁਖੀਆ ਹੋ ?
* ਕੀ ਤੁਹਾਡੇ ਬੱਚੇ ਛੋਟੇ ਹਨ ਅਤੇ ਉਨ੍ਹਾਂ ਦੀ ਪਰਵਰਿਸ਼ ਦਾ ਭਾਰ ਤੁਹਾਡੇ ਉੱਪਰ ਹੈ ?
* ਕੀ ਤੁਹਾਡੀ ਲਾਈਫ ਇੰਸ਼ੋਰੈਂਸ ਵੀ ਨਵੀਂ ਹੋਣ ਵਾਲੀ ਹੈ ?

ਜ਼ਰਾ ਸੋਚੋ ! !

| Age ਉਮਰ | Per Month Rate/ਪ੍ਰਤੀ ਮਹੀਨਾ ਰੇਟ | | | |
|---|---|---|---|---|
| | 100,000 | 250,000 | 500,000 | 1,000,000 |
| 25 | 11.34 | 18.23 | 29.70 | 52.65 |
| 35 | 11.70 | 19.70 | 31.50 | 56.25 |
| 45 | 16.20 | 30.38 | 54.00 | 101.25 |
| 55 | 30.60 | 66.38 | 126.00 | 245.25 |
| 65 | 67.68 | 159.08 | 311.40 | 616.05 |

ਜੇਕਰ ਤੁਸੀਂ ਉੱਪਰ ਲਿਖੇ ਕਿਸੇ ਵੀ ਸਵਾਲ ਦਾ ਜਵਾਬ ਹਾਂ ਵਿਚ ਦਿੰਦੇ ਹੋ ਤਾਂ ਤੁਹਾਨੂੰ ਦੇਰ ਨਹੀਂ ਕਰਨੀ ਚਾਹੀਦੀ। ਅੱਜ ਹੀ ਆਪਣੀ ਕਮਿਊਨਿਟੀ ਦੇ ਜਾਣੇ ਪਹਿਚਾਣੇ ਅਤੇ ਬਹੁਤ ਹੀ ਕਾਮਯਾਬ ਬਰੋਕਰ ਜੈਸੀ ਸਿੰਘ ਨਾਲ ਸੰਪਰਕ ਕਰਕੇ ਮੁਫ਼ਤ ਸਲਾਹ ਲਓ। ਉਹ ਤੁਹਾਨੂੰ ਸਭ ਤੋਂ ਵਧੀਆ ਰੇਟ ਅਤੇ ਕੰਪਨੀ ਲੱਭ ਕੇ ਦੇਣਗੇ।

ਸਾਡੇ ਕੋਲ ਹਾਰਟ ਅਟੈਕ, ਕੈਂਸਰ, ਸਟ੍ਰੋਕ ਵਰਗੀਆਂ 20 ਤੋਂ ਵੱਧ ਨਾ-ਮੁਰਾਦ ਬੀਮਾਰੀਆਂ ਲਈ ਇੰਸ਼ੋਰੈਂਸ ਵੀ ਮਿਲ ਸਕਦੀ ਹੈ। ਜੇ ਤੁਹਾਨੂੰ ਇਨ੍ਹਾਂ ਬੀਮਾਰੀਆਂ ਵਿਚੋਂ ਕੋਈ ਬੀਮਾਰੀ ਹੋਵੇ ਤਾਂ ਅਖੀਰ ਵਿਚ ਤੁਹਾਡੇ ਪੈਸੇ ਵਾਪਿਸ ਦੇ ਦਿੱਤੇ ਜਾ ਸਕਦੇ ਹਨ।

**ਅਸੀਂ ਹਰ ਤਰ੍ਹਾਂ ਦੀ ਲਾਈਫ ਇੰਸ਼ੋਰੈਂਸ, ਘਰ, ਕਾਰ ਜਾਂ ਬਿਜਨਸ ਦੀ ਇੰਸ਼ੋਰੈਂਸ, ਟਰੈਵਲ ਇੰਸ਼ੋਰੈਂਸ, ਡਿਸੇਬਿਲਟੀ, ਮੌਰਗੇਜ਼ ਇੰਸ਼ੋਰੈਂਸ, ਕਰਿਟੀਕਲ ਇਲਨੈਸ ਇੰਸ਼ੋਰੈਂਸ ਕਰਦੇ ਹਾਂ। ਅੱਜ ਹੀ ਫੋਨ ਕਰਕੇ ਫਰੀ ਸਲਾਹ ਲੈਣ ਲਈ ਅਪਾਇੰਟਮੈਂਟ ਬੁੱਕ ਕਰੋ।**



Jessie Singh
(C.A.I.B.)

**Jessie Off: (403) 717-0666**
**Jessie Singh (C.A.I.B.) Cell: (403) 830-7007**

# ਮਲਟੀਮੀਡੀਆ ਦਾ ਗ੍ਰੇਟ ਮਾਸਟਰ: ਗੁਰਚਰਨ ਚੰਨੀ

ਆਧੁਨਿਕ ਰੰਗਮੰਚ ਦੇ ਉਭਾਰ ਤੋਂ ਪਹਿਲਾਂ ਪੰਜਾਬ ਵਿਚ ਰਾਸਧਾਰੀਏ ਤੇ ਨਕਲੀਏ ਰੰਗਮੰਚ ਦੀਆਂ ਬੁਨਿਆਦੀ ਜੁਗਤਾਂ, ਵਿਧੀਆਂ, ਰੂੜ੍ਹੀਆਂ ਤੇ ਸ਼ੈਲੀਆਂ ਨੂੰ ਜੀਵਿਤ ਰੱਖ ਰਹੇ ਸਨ। ਰਾਸਲੀਲਾ ਤੇ ਨਕਲਾਂ ਰੰਗਮੰਚ ਦੇ ਦੋ ਹਰਮਨ ਪਿਆਰੇ ਲੋਕਧਾਰਾਈ ਰੂਪ ਸਨ। ਇਨ੍ਹਾਂ ਰਾਹੀਂ ਲੋਕ ਕਲਾਕਾਰਾਂ ਦਾ ਲੋਕਾਂ ਨਾਲ ਬੜਾ ਨੇੜਲਾ ਰਿਸ਼ਤਾ ਬਣਿਆ ਹੋਇਆ ਸੀ। ਲੋਕ ਕਲਾਕਾਰਾਂ ਦੁਆਰਾ ਪੇਸ਼ ਰਾਸਾਂ ਤੇ ਨਕਲਾਂ ਦਾ ਮੁੱਖ ਮਨੋਰਥ ਆਮ ਲੋਕਾਂ ਦਾ ਮਨੋਰੰਜਨ ਕਰਨਾ ਹੀ ਹੁੰਦਾ ਸੀ, ਪਰ ਅਜਿਹਾ ਕਰਦਿਆਂ ਹੋਇਆਂ ਉਹ ਅਚੇਤ ਹੀ ਰੰਗਮੰਚ ਦੇ ਬੇਸ਼ਕੀਮਤੀ ਵਿਰਸੇ ਨੂੰ ਜਿਉਂਦਾ ਰੱਖ ਰਹੇ ਸਨ। ਰਾਸਧਾਰੀਆਂ ਤੇ ਭੰਡਾਂ ਰਾਹੀਂ ਪੀੜ੍ਹੀ-ਦਰ-ਪੀੜ੍ਹੀ ਨਾਟ ਰੂੜ੍ਹੀਆਂ ਦਾ ਇਤਿਹਾਸਿਕ ਸਫ਼ਰ ਜਾਰੀ ਰਹਿ ਰਿਹਾ ਸੀ।

ਆਧੁਨਿਕ ਕਾਲ ਵਿਚ ਪੱਛਮੀ ਰੰਗਮੰਚ ਦੇ ਪ੍ਰਭਾਵ ਹੇਠ ਜੋ ਰੰਗਮੰਚ ਵਿਕਸਿਤ ਹੋਇਆ ਉਸ ਵਿਚ ਪਹਿਲਾਂ ਤੋਂ ਪ੍ਰਚੱਲਤ ਚੱਲੀਆਂ ਆ ਰਹੀਆਂ ਨਾਟ ਰੂੜ੍ਹੀਆਂ ਲਈ ਸ਼ਾਇਦ ਕੋਈ ਥਾਂ ਨਹੀਂ ਸੀ। ਨਵੇਂ ਉੱਭਰੇ ਰੰਗਮੰਚ ਵਿਚ ਪੇਸ਼ ਨਾਟਕਾਂ ਦੇ ਵਿਸ਼ੇ ਭਾਵੇਂ ਸਮਾਜ ਸੁਧਾਰਕ ਸਨ ਤੇ ਇਹ ਲੋਕ ਜੀਵਨ ਵਿਚੋਂ ਹੀ ਲਏ ਗਏ ਹੁੰਦੇ ਸਨ, ਪ੍ਰੰਤੂ ਇਸ ਰੰਗਮੰਚ ਦੀ ਦਿੱਖ, ਬਣਤਰ ਤੇ ਹੋਰ ਸਮੱਗਰੀ ਪੱਛਮ ਦੇ ਕੁਲੀਨ ਰੰਗਮੰਚ ਦੀਆਂ ਲੀਹਾਂ 'ਤੇ ਹੀ ਗ੍ਰਹਿਣ ਕੀਤੀ ਗਈ ਸੀ। ਇਸ ਰੰਗਮੰਚ ਵਿਚ ਦ੍ਰਿਸ਼ ਤੇ ਵਾਰਤਾਲਾਪ ਨੂੰ ਪ੍ਰਮੁੱਖਤਾ ਹਾਸਲ ਸੀ। ਦ੍ਰਿਸ਼ ਉਸਾਰੀ ਲਈ ਵੱਡੀ ਮਾਤਰਾ 'ਚ ਸਮੱਗਰੀ ਜੁਟਾਈ ਜਾਂਦੀ ਸੀ। ਇਸ ਸਮੱਗਰੀ ਦਾ ਢੁਕਵਾਂ ਸੰਜੋਜਨ ਵੀ ਅਤਿਰਿਕਤ ਸਮੇਂ ਤੇ ਮਿਹਨਤ ਦੀ ਮੰਗ ਕਰਦਾ ਸੀ। ਵਾਰਤਾਲਾਪ ਉੱਪਰ ਵਿਸ਼ੇਸ਼ ਜ਼ੋਰ ਦਿੱਤਾ ਜਾਂਦਾ ਸੀ। ਅਦਾਕਾਰ ਦੀ ਯੋਗਤਾ ਦਾ ਪੈਮਾਨਾ ਆਮ ਕਰਕੇ ਉਸ ਵੱਲੋਂ ਬੋਲਿਆ ਜਾਂਦਾ ਸੰਵਾਦ ਹੀ ਹੁੰਦਾ ਸੀ। ਨਾਟਕ ਵਿਚ ਸੰਚਾਰ ਦਾ ਮਧਿਅਮ ਸੰਵਾਦ ਹੀ ਹੁੰਦੇ ਸਨ ਤੇ ਇਹ ਨਾਲੋ ਨਾਲ ਨਾਟ-ਕਥਾਨਕ ਨੂੰ ਗਤੀ ਵੀ ਪ੍ਰਦਾਨ ਕਰਦੇ ਸਨ।

ਕੁਝ ਸਮਾਂ ਪੰਜਾਬੀ ਵਿਚ ਭਾਂਤ ਦੇ ਰੰਗਮੰਚ ਦੀ ਸਰਦਾਰੀ ਬਣੀ ਰਹੀ, ਪਰ ਇਸਦੀਆਂ ਸੀਮਾਵਾਂ ਅੰਦਰ ਖਤੋਤ ਦੀਆਂ ਸੰਭਾਵਨਾਵਾਂ ਮੌਜੂਦ ਸਨ, ਜੋ ਕਿ ਸਮਾਂ ਪਾ ਕੇ ਉਜਾਗਰ ਹੋਣੀਆਂ ਸ਼ੁਰੂ ਵੀ ਹੋ ਗਈਆਂ। ਆਈ. ਸੀ. ਨੰਦਾ ਦਾ ਸਮਾਜ-ਸੁਧਾਰਕ ਪ੍ਰਥਾ ਦਾ ਰੰਗਮੰਚ, ਇਪਟਾ ਦਾ ਪ੍ਰਗਤੀਵਾਦੀ ਰੰਗਮੰਚ ਤੇ ਲੋਕ ਸੰਪਰਕ ਵਿਭਾਗ ਦਾ ਪ੍ਰਚਾਰਮੁਖੀ ਰੰਗਮੰਚ ਆਖਰ ਨੂੰ ਕੁਲੀਨ ਰੰਗਮੰਚ ਦੇ ਜ਼ਮੂਦ ਦੀ ਭੇਟ ਚੜ੍ਹ ਗਿਆ। ਇਸ ਜ਼ਮੂਦ ਨੂੰ ਤੋੜਨ ਲਈ ਇਕ ਅਜਿਹੇ ਰੰਗਮੰਚ ਦੀ ਲੋੜ ਮਹਿਸੂਸ ਕੀਤੀ ਜਾਣ ਲੱਗੀ, ਜਿਸ ਵਿਚੋਂ ਨਾਟਕ ਦੀ ਅਸਲੀ ਆਤਮਾ ਝਲਕਦੀ ਹੋਵੇ ਤੇ ਜਿਸਦੀ ਪਰਿਭਾਸ਼ਾ ਨਟ ਅਰਥਾਤ ਅਦਾਕਾਰ ਨੂੰ ਰੰਗਮੰਚ ਦੇ ਕੇਂਦਰ ਵਿਚ ਰੱਖ ਕੇ ਕੀਤੀ ਜਾ ਸਕੇ। ਪੰਜਾਬ ਵਿਚ ਰੰਗਮੰਚ ਨੂੰ ਚੌਖਟਿਆਂ ਦੀ ਕੈਦ ਤੋਂ ਮੁਕਤ ਕਰਨ ਦੀ ਵੰਗਾਰ ਨੂੰ ਸਭ ਤੋਂ ਪਹਿਲਾਂ ਅਤਿਅੰਤ ਪ੍ਰਤਿਭਾਸ਼ਾਲੀ ਰੰਗ ਕਰਮੀ ਗੁਰਚਰਨ ਚੰਨੀ ਨੇ ਕਬੂਲ ਕੀਤਾ। ਉਸਦੇ ਸਿਰਜਣਾਤਮਿਕ, ਸਾਹਮੀ ਤੇ ਅਣਥੱਕ ਯਤਨਾਂ ਸਦਕਾ ਪੰਜਾਬੀ ਰੰਗਮੰਚ ਨੂੰ ਇਕ ਅਜਿਹਾ ਹੁਲਾਰਾ ਮਿਲਿਆ ਕਿ ਬੜੀ ਤੇਜ਼ੀ ਨਾਲ ਪੰਜਾਬ ਦੇ ਰੰਗਮੰਚ ਦੀ ਨੁਹਾਰ ਬਦਲਣੀ ਸ਼ੁਰੂ ਹੋ ਗਈ।

ਚੰਡੀਗੜ੍ਹ ਦੇ ਸੈਕਟਰ ਸਤਾਰਾਂ ਦੇ ਸਿਨੇਮਾ ਹਾਲ ਸਾਹਮਣੇ ਦੀ ਖੁਲ੍ਹੀ ਜਗ੍ਹਾ, ਜੋ ਚੁਫੇਰਿਓਂ ਸ਼ਾਪਿੰਗ ਹਾਲਾਂ ਤੇ ਸਰਕਾਰੀ ਦਫਤਰਾਂ ਨਾਲ ਘਿਰੀ ਹੋਈ ਹੈ, ਵਿਚ ਜੀਨਜ਼ ਨਾਲ ਲੰਮਾ ਕੁੜਤਾ ਪਾਈ ਖੜਾ ਕਾਲੀ ਪੱਗ ਤੇ ਮੋਟੀਆਂ-ਮੋਟੀਆਂ ਅੱਖਾਂ ਵਾਲਾ ਇਕ ਗੋਰਾ ਨਿਛੋਹ ਸਰਦਾਰ ਡਰੰਮ 'ਤੇ ਬੀਟ ਦਿੰਦਾ ਤਾਂ ਆਲੇ ਦੁਆਲੇ ਲੋਕ ਆ ਜੁੜਦੇ ਤੇ ਨਾਟਕ ਸ਼ੁਰੂ ਹੋ ਜਾਂਦਾ। ਲੋਕ ਦੇਖ ਕੇ ਹੈਰਾਨ ਹੋ ਜਾਂਦੇ ਕਿ ਨਾਟਕ ਇੰਜ ਵੀ ਹੋ ਸਕਦਾ ਹੈ। ਬਗ਼ੈਰ ਕਿਸੇ ਸਟੇਜ ਤੋਂ, ਬਗ਼ੈਰ ਕਿਸੇ ਹਾਲ ਤੋਂ ਐਨ ਲੋਕਾਂ ਦੇ ਵਿਚਕਾਰ ਨਾਟਕ ਬਈ ਵਾਹ! ਅਦਾਕਾਰਾਂ ਨੇ ਕੋਈ ਵਿਸ਼ੇਸ਼, ਪਾਤਰਾਂ ਦੀ ਪਛਾਣ ਅਨੁਸਾਰ, ਪਹਿਰਾਵੇ ਨਹੀਂ ਪਾਏ ਹੋਏ। ਕੋਈ ਮੇਕਅੱਪ ਨਹੀਂ। ਕੋਈ ਸਮੱਗਰੀ ਨਹੀਂ। ਬਸ ਆਮ ਆਦਮੀ ਜਿਹੜੇ ਕੇਵਲ ਆਪਣੀ ਅਦਾਕਾਰੀ ਨਾਲ ਹੀ ਕੀਲ ਲੈਣ ਵਾਲਾ ਨਾਟਕੀ ਪ੍ਰਭਾਵ ਕਾਇਮ ਕਰ ਲੈਂਦੇ। ਗੁਰਚਰਨ ਚੰਨੀ ਜਦੋਂ ਨਾਟਕ ਨੂੰ ਗਲੀਆਂ, ਬਾਜ਼ਾਰਾਂ 'ਚ ਲੈ ਕੇ ਗਿਆ, ਜਦੋਂ ਉਸਨੇ ਆਪਣਾ ਰੰਗਮੰਚ ਸ਼ੁਰੂ ਕੀਤਾ ਉਦੋਂ ਉਸਨੇ ਪੰਜਾਬੀ ਰੰਗਮੰਚ ਦਾ ਵੀ ਨਵਾਂ ਦੌਰ ਸ਼ੁਰੂ ਕਰ ਦਿੱਤਾ। ਇਹ ਨਵਾਂ ਦੌਰ ਨੁਕੜ ਨਾਟਕ ਤੇ ਕਮਿਊਨਿਟੀ ਰੰਗਮੰਚ ਦਾ ਦੌਰ ਹੈ। ਇਸ ਨਵੇਂ ਦੌਰ ਦਾ ਉਹ ਨਾਟਕ ਵੀ ਜੋ ਬਕਾਇਦਾ ਥੀਏਟਰ ਹਾਲ ਦੀਆਂ ਸਟੇਜਾਂ 'ਤੋਂ ਪ੍ਰਸਤੁਤ ਹੋ ਰਿਹਾ, ਰਵਾਇਤੀ ਕੁਲੀਨ ਰੰਗਮੰਚ ਤੋਂ ਵੱਖਰੀ ਭਾਂਤ ਦਾ ਹੈ ਤੇ ਇਸ ਵਿਚ ਨੁਕੜ ਨਾਟਕ ਦੀਆਂ ਤਕਨੀਕਾਂ ਦੀ ਭਰਪੂਰ ਵਰਤੋਂ ਹੋ ਰਹੀ ਹੈ।

ਡਰਾਮਾ, ਟੀ. ਵੀ. ਤੇ ਫਿਲਮ ਦੀ ਉੱਚ ਮਿਆਰੀ ਅਕਾਦਮਿਕ ਸਿੱਖਿਆ ਨਾਲ ਲੈਸ ਗੁਰਚਰਨ ਚੰਨੀ ਸੱਤਰਵਿਆਂ 'ਚ ਰੰਗਮੰਚ ਦੇ ਖੇਤਰ 'ਚ ਨਵਾਂ, ਸਾਰਥਕ ਤੇ ਹਾਂਮੁਖੀ ਦ੍ਰਿਸ਼ਟੀ ਤੋਂ ਖਲਬਲੀ ਪੈਦਾ ਕਰਨ ਵਾਲਾ ਨਾਟਕ ਕਰਨ ਲਈ ਨਿੱਤਰਿਆ। ਉਸਨੇ ਆਪਣੀ ਇਸ ਭਾਵਨਾ ਦੇ ਅਧੀਨ ਕੇਵਲ ਰੰਗਮੰਚ ਦੇ ਰਵਾਇਤੀ ਚਿਹਰੇ-ਮੁਹਰੇ ਨੂੰ ਹੀ ਬਦਲਣ ਦਾ ਕਾਰਜ ਨਹੀਂ ਚੁਣਿਆ ਸਗੋਂ ਵੇਲਾ ਵਿਹਾ ਚੁੱਕੀਆ ਸਮਾਜਿਕ-ਸਾਂਸਕ੍ਰਿਤਕ ਮਾਨਤਾਵਾਂ, ਸ਼ੋਸ਼ਣ, ਲਿੰਗ ਅਧਾਰਿਤ ਵਿਤਕਰਾ, ਭ੍ਰਿਸ਼ਟਾਚਾਰ,



ਇਖਲਾਕੋਂ ਗਿਰੀ ਹੋਈ ਰਾਜਨੀਤੀ ਤੇ ਸਮਾਜ ਅੰਦਰਲਾ ਹੋਰ ਵੀ ਹਰ ਪ੍ਰਕਾਰ ਦਾ ਕੁਹਜ ਉਸਦੀ ਆਲੋਚਨਾ ਦੇ ਏਜੰਡੇ 'ਤੇ ਸੀ। ਉਂਝ ਪਹਿਲਾਂ ਵੀ ਪੰਜਾਬੀ ਨਾਟਕ ਲਈ ਇਹ ਸਾਰੇ ਵਿਸ਼ੇ ਅਛੂਤੇ ਨਹੀਂ ਸਨ, ਪ੍ਰੰਤੂ ਗੁਰਚਰਨ ਚੰਨੀ ਨੇ ਮਸਲਿਆਂ ਨਾਲ ਜੁੜੀ ਸਮੁੱਚੀ ਵਿਵਸਥਾ ਪ੍ਰਤੀ ਆਮ ਆਦਮੀ ਦੇ ਰੋਸ ਨੂੰ ਉਤੇਜਿਤ ਕਰਨ ਲਈ ਵਿਦਰੋਹੀ ਨਾਟ-ਰੂੜ੍ਹੀਆਂ ਵਾਲੇ ਰੰਗਮੰਚ ਨੂੰ ਇਕ ਲਹਿਰ ਵਾਂਗ ਲਿਆ। ਉਸਦੇ ਆਪਣੇ ਸ਼ਬਦਾਂ ਵਿਚ 'ਸਾਡਾ ਮੁੱਖ ਯਤਨ ਚਾਰ ਦੀਵਾਰੀ ਵਾਲੇ ਰਵਾਇਤੀ ਰੰਗਮੰਚ 'ਚੋਂ ਨਾਟਕ ਨੂੰ ਬਾਹਰ ਕੱਢਕੇ ਸਿੱਧਾ ਆਮ ਲੋਕਾਂ ਵਿਚ ਜਾਕੇ ਇਸਨੂੰ ਗਲੀਆਂ ਵਿਚ ਪ੍ਰਸਤੁਤ ਕਰਨਾ ਹੈ। ਇਸ ਰਾਹੀਂ ਅਸੀਂ ਪੇਸ਼ਕਾਰਾਂ ਤੇ ਦਰਸ਼ਕਾਂ ਵਿਚਕਾਰ ਇਕ ਜੀਵੰਤ ਰਿਸ਼ਤੇ ਦੀ ਸਥਾਪਤੀ ਨੂੰ ਉਤਸ਼ਾਹਿਤ ਕਰਦੇ ਹਾਂ ਤਾਂ ਕਿ ਦੋਵੇਂ ਮਿਲਕੇ ਮਨੋਰੰਜਨ ਦੀ ਸਮਾਜਿਕ ਪ੍ਰਸੰਗਕਤਾ ਪ੍ਰਤੀ ਜਾਗਰੂਕ ਹੋ ਸਕਣ' (ਠੋਅਰਦਸ ਛੋਮਮੁਨਟਿ ਠਹਏਅਟਰ ਵਿਚੋਂ)।

ਗੁਰਚਰਨ ਚੰਨੀ ਨੇ ਇਸ ਨਵੀਂ ਰੰਗਮੰਚ-ਵਿਧੀ ਨਾਲ ਕਈ ਨਾਟਕ ਲੋਕਾਂ ਦੇ ਦਰਮਿਆਨ ਜਾ ਕੇ ਪ੍ਰਸਤੁਤ ਕੀਤੇ। 'ਦਫ਼ਾ 144, ਬੁਲਡੋਜ਼ ਨੋਟਿਸ, ਡਿਸਟਰਬਡ ਏਰੀਆ' ਇਨ੍ਹਾਂ ਵਿਚੋਂ ਪ੍ਰਮੁੱਖ ਸਨ। ਇਹ ਸਾਰੇ ਨਾਟਕ ਦੇਸ਼ ਦੀ ਰਾਜਨੀਤੀ ਨਾਲ ਸਿੱਧੇ ਸਬੰਧਿਤ ਸਨ। ਚੰਨੀ ਅਨੁਸਾਰ 'ਅਸੀਂ ਜ਼ਿੰਦਗੀ ਨੂੰ ਸਮਾਜਕ-ਰਾਜਸੀ ਰਿਸ਼ਤਿਆਂ ਨਾਲ ਬੱਝਾ ਦੇਖਦੇ ਹਾਂ। ਅਸੀਂ ਹੁਕਮਰਾਨਾਂ, ਜਿਨ੍ਹਾਂ ਵਿਚ ਰਾਜਸੀ ਦੱਲੇ, ਅਫ਼ਸਰਸ਼ਾਹੀ ਅਤੇ ਪੁਲਿਸ ਸ਼ਾਮਲ ਹੈ, ਨੂੰ ਵੀ ਪੇਸ਼ ਕਰਦੇ ਹਾਂ ਤੇ ਦੂਜੇ ਪਾਸੇ ਇਨ੍ਹਾਂ ਕਾਰਨ ਦੁੱਖ ਭੋਗ ਰਹੀ ਜਨਤਾ ਵੱਲੋਂ ਦੁੱਖ ਨੂੰ ਆਪਣਾ ਨਸੀਬ ਸਮਝ ਲੈਣ ਦੀ ਹੋਣੀ ਨੂੰ ਵੀ ਪੇਸ਼ ਕਰਦੇ ਹਾਂ।' ਅਜਿਹਾ ਕਰਦਿਆਂ ਚੰਨੀ ਦਾ ਪ੍ਰਯੋਜਨ ਇਹ ਹੁੰਦਾ ਹੈ ਕਿ ਹੁਕਮਰਨ ਅਤੇ ਪਰਜਾ ਵਿਚਲੇ ਟਕਰਾਉ ਨੂੰ ਸਵੈ-ਚੇਤਨਤਾ ਦੀ ਵਿਸਫੋਟਕ ਦ੍ਰਿਸ਼ਟੀ ਹੇਠ ਲਿਆਂਦਾ ਜਾ ਸਕੇ। ਇਹ ਸਾਰੇ ਨਾਟਕ ਚੰਨੀ ਦੁਆਰਾ ਸਥਾਪਤ ਕਮਿਊਨਿਟੀ ਕਾਰਜਸ਼ਾਲਾਵਾਂ ਵਿਚ ਤਿਆਰ ਕੀਤੇ ਗਏ ਤੇ ਛੇਤੀ ਹੀ ਇਨ੍ਹਾਂ ਦਾ ਪ੍ਰਭਾਵ ਪੰਜਾਬ ਦੇ ਸਮੁੱਚੇ ਰੰਗਮੰਚ ਨੇ ਕਿਸੇ ਨਾ ਕਿਸੇ ਰੂਪ ਵਿਚ ਕਬੂਲ ਕਰ ਲਿਆ ਤੇ ਪੰਜਾਬ ਅੰਦਰ ਰੰਗਮੰਚ ਦੀ ਇਕ ਨਵੀਂ ਧਾਰਾ ਉਤਪੰਨ ਹੋ ਗਈ। ਪੰਜਾਬ ਵਿਚ ਇਸ ਸਮੇਂ ਅਨੇਕਾਂ ਰੰਗਮੰਡਲੀਆਂ ਇਸੇ ਭਾਂਤ ਦੀ ਸ਼ੈਲੀ ਦੇ ਨਾਟਕ ਖੇਡ ਰਹੀਆਂ ਹਨ।

ਗੁਰਚਰਨ ਚੰਨੀ ਨੇ ਆਪਣੇ ਕਮਿਊਨਿਟੀ ਥੀਏਟਰ ਦੀ ਸਥਾਪਨਾ ਤਿੰਨ ਮਾਨਤਾਵਾਂ ਦੇ ਅਧੀਨ ਕੀਤੀ। ਚੰਨੀ ਅਨੁਸਾਰ (ੳ) ਬਗ਼ੈਰ ਅਦਾਕਾਰਾਂ (ਪੇਸ਼ਾਵਰ), ਮੰਚ ਤੇ ਸੈੱਟ, ਸਮੱਗਰੀ, ਰੋਸ਼ਨੀਆਂ, ਮਾਈਕ੍ਰੋਫੋਨਾਂ ਤੇ ਹਰ ਪੱਖੋਂ ਤਿਆਰ ਸਕ੍ਰਿਪਟਾਂ ਦੇ ਵੀ ਨਾਟਕ ਕਰਨਾ ਸੰਭਵ ਹੈ। (ਅ) ਸਵੈ-ਪ੍ਰਗਟਾਵਾ ਹਰ ਇਕ ਲਈ ਸੰਭਵ ਹੈ ਜਿਹੜਾ ਸਵੈ-ਪ੍ਰਗਟਾਵੇ ਲਈ ਤਿਆਰ ਹੋਵੇ। ਲੋਕਾਂ ਦਾ ਕੋਈ ਸਮੂਹ ਜਿਹੜਾ ਆਪਣੇ ਆਪ ਨੂੰ ਪ੍ਰਗਟਾਉਣਾ ਚਾਹੁੰਦਾ ਹੋਵੇ, ਜੁੜ ਕੇ ਬੈਠ ਸਕਦਾ ਹੈ ਅਤੇ ਨਾਟਕ ਬਨਾਉਣਾ ਸਿੱਖ ਸਕਦਾ ਹੈ ਅਤੇ ਇਸਨੂੰ ਕਿਸੇ ਵੀ ਅਜਿਹੀ ਥਾਂ 'ਤੇ ਪ੍ਰਸਤੁਤ ਕਰ ਸਕਦਾ ਹੈ ਜਿੱਥੇ ਦੇਖਣ ਲਈ ਲੋਕ ਹੋਣ। (ੲ) ਰੰਗਮੰਚ ਖੇਡ ਦਾ ਹੀ ਇਕ ਰੂਪ ਹੈ ਅਤੇ ਖੇਡਣਾਂ ਮਨੁੱਖੀ ਸਰਗਰਮੀ ਦਾ ਇਕ ਅਨਿੱਖੜ ਅੰਗ ਹੈ। ਕਮਿਊਨਿਟੀ ਥੀਏਟਰ ਦਾ ਨਿਸ਼ਾਨਾ ਇਸ (ਖੇਡ) ਊਰਜਾ ਨੂੰ ਪ੍ਰਸਤੁਤਕਰਤਾ ਵਿਚ, ਉਸਦੇ ਸਵੈ-ਬਿੰਬ ਵਿਚ ਉਭਾਰਨਾ ਅਤੇ ਉਨ੍ਹਾਂ ਲਈ ਉਨ੍ਹਾਂ ਦੀ ਮੌਜੂਦਾ ਭੂਮਿਕਾ ਨੂੰ ਨਵੇਂ ਸਿਰਿਓਂ ਪਰਿਭਾਸ਼ਿਤ ਕਰਨਾ ਹੈ। ਇਹ ਉਨ੍ਹਾਂ ਨੂੰ ਆਪਣੀ ਸਰੀਰਕ ਸਮਰੱਥਾ ਨੂੰ ਜਾਂਚਣ ਅਤੇ ਆਪਣੇ ਤਜ਼ਰਬੇ ਨੂੰ ਵਿਸਥਾਰਣ ਦਾ ਅਵਸਰ ਦਿੰਦਾ ਹੈ।

ਕਮਿਊਨਿਟੀ ਥੀਏਟਰ ਦੀਆਂ ਆਪਣੀਆਂ ਇਨ੍ਹਾਂ ਮਾਨਤਾਵਾਂ ਨੂੰ ਲੈ ਕੇ ਗੁਰਚਰਨ ਚੰਨੀ ਨੇ ਇਸ ਨਵੀਂ ਭਾਂਤ ਦੇ ਰੰਗਮੰਚ ਦੇ ਬੱਚਿਆਂ ਤੇ ਵਿਦਿਆਰਥੀਆਂ ਨਾਲ ਕਈ ਸਫ਼ਲ ਤਜੁਰਬੇ ਕੀਤੇ। ਚੰਨੀ ਨੇ ਜਿੱਥੇ ਕਿਤੇ ਵੀ ਬੱਚਿਆਂ ਲਈ ਕਮਿਊਨਿਟੀ ਰੰਗਮੰਚ ਦੀਆਂ ਵਿਸ਼ੇਸ਼ ਕਾਰਜਸ਼ਾਲਾਵਾਂ ਦੇ ਆਯੋਜਨ ਕੀਤੇ ਉਥੋਂ ਦੇ ਬੱਚਿਆਂ ਨੂੰ, ਰੰਗਮੰਚ ਦੀ ਨਵੀਂ ਨਵੀਂ ਤਕਨੀਕ ਰਾਹੀਂ ਵੀ ਅਤੇ ਬੱਚਿਆਂ ਪ੍ਰਤੀ ਆਪਣੀ ਸਿਹਤਮੰਦ ਦ੍ਰਿਸ਼ਟੀ ਰਾਹੀਂ ਵੀ, ਸਵੈ-ਮਾਣ ਤੇ ਸਵੈ-ਵਿਸ਼ਵਾਸ ਨਾਲ ਲੈਸ ਕੀਤਾ। ਉਸਨੇ ਬੱਚਿਆਂ ਦੇ ਅਧਿਕਾਰਾਂ ਨੂੰ ਜ਼ੁਬਾਨ ਦਿੱਤੀ ਤੇ ਇਨ੍ਹਾਂ ਕਾਰਜਸ਼ਾਲਾਵਾਂ ਵਿਚ ਬੱਚਿਆਂ ਅੰਦਰਲੀ ਪ੍ਰਤਿਭਾ ਨੂੰ ਦਰਸਾਉਣ ਤੇ ਪ੍ਰਗਟਾਉਣ ਲਈ ਖ਼ੁਦ ਬੱਚਿਆ ਦੁਆਰਾ ਤਿਆਰ ਪੋਸਟਰਾਂ ਦੀਆਂ ਨੁਮਾਇਸ਼ਾਂ ਲਾਈਆਂ। ਉਸਦੀ ਇਸ ਮੁਹਿੰਮ ਦਾ ਨਿਸ਼ਾਨਾ ਬੱਚਿਆਂ ਲਈ ਨਵਾਂ ਜਹਾਨ ਸਿਰਜਣਾਂ ਤੇ ਬਾਲਗ਼ਾਂ ਦਾ ਉਨ੍ਹਾਂ ਪ੍ਰਤੀ ਵਤੀਰਾ ਬਦਲਣਾ ਹੈ। ਰੰਗਮੰਚ ਨੂੰ ਸਿੱਖਿਆ ਨਾਲ ਜੋੜਦਿਆਂ ਗੁਰਚਰਨ ਚੰਨੀ ਨੇ ਸਿੱਖਿਆ ਸੰਸਥਾਵਾਂ 'ਚ ਜਾ ਕੇ ਇਹ ਸੁਨੇਹਾ ਦਿੱਤਾ ਕਿ ਕਮਿਊਨਿਟੀ ਥੀਏਟਰ ਰਾਹੀਂ ਸਿੱਖਣ ਤੇ ਸਿਖਾਉਣ ਦਾ ਵੀ ਵਧੀਆ ਮਾਹੌਲ ਸਿਰਜਿਆ ਜਾ ਸਕਦਾ ਹੈ। ਚੰਨੀ ਦਾ ਵਿਸ਼ਵਾਸ ਹੈ ਕਿ ਸਿੱਖਿਆ ਦੇ ਅਮਲ ਵਿਚ ਵਿਦਿਆਰਥੀਆਂ ਦੀ ਹਿੱਸੇਦਾਰੀ ਰਾਹੀਂ ਸੋਚ ਦੀਆਂ ਹੱਦਾਂ ਨੂੰ ਪਾਰ ਕੀਤਾ ਜਾ ਸਕਦਾ ਹੈ ਤੇ ਵਿਦਿਆਰਥੀ ਸਪਸ਼ਟ ਰੂਪ ਵਿਚ ਆਪਣੇ ਹਿੱਤਾਂ ਦੀ ਪੂਰਤੀ 'ਤੇ ਵਿਚਾਰ ਕਰ ਸਕਦੇ ਹਨ। ਇਉਂ ਗੁਰਚਰਨ ਚੰਨੀ ਨੇ ਨਾ ਕੇਵਲ ਰੰਗਮੰਚ ਦੀਆਂ ਲੁਪਤ ਸੰਭਾਵਨਾਵਾਂ ਨੂੰ ਖੋਜਿਆ, ਪਛਾਣਿਆ ਤੇ ਪੁਨਰਪਰਿਭਾਸ਼ਿਤ ਕੀਤਾ ਸਗੋਂ ਇਸਦੀ ਬਹੁਮੰਤਵੀ ਸਮਰੱਥਾ ਰਾਹੀਂ ਸਮਾਜ ਤੇ ਸੋਚ ਨੂੰ ਤਬਦੀਲ ਕਰਨ ਦਾ ਵੀ ਬੜਾ ਜ਼ੋਰਦਾਰ ਸੁਨੇਹਾ ਦਿੱਤਾ।

ਗੁਰਚਰਨ ਚੰਨੀ ਵਰਗੇ ਉਤਸ਼ਾਹੀ, ਉੱਦਮੀ ਤੇ ਵਿਦਰੋਹੀ ਕਲਾਕਾਰ ਦਾ ਕਿਸੇ ਇਕ ਕਲਾ ਮਧਿਆਮ ਨਾਲ ਬੱਝੇ ਰਹਿਣਾ ਨਾ ਤਾਂ ਮੁਮਕਿਨ ਹੁੰਦਾ ਹੈ ਤੇ ਨਾ ਹੀ ਸੁਭਾਵਿਕ। ਸੋ, ਚੰਨੀ ਰੰਗਮੰਚ ਲਈ ਬੜੀ ਅਹਿਮ ਤੇ ਇਤਿਹਾਸਿਕ ਭੂਮਿਕਾ ਨਿਭਾਉਂਦਾ ਹੋਇਆ ਟੀ. ਵੀ. ਤੇ ਫ਼ਿਲਮ ਦੇ ਮਧਿਅਮ ਨਾਲ ਵੀ ਬਤੌਰ ਅਦਾਕਾਰ ਤੇ ਨਿਰਦੇਸ਼ਕ ਜੁੜਿਆ ਰਿਹਾ। ਉਸਦੀ ਅਦਾਕਾਰੀ 'ਚ ਲੋਹੜੇ ਦੀ ਤਾਕਤ ਹੈ। ਇਸੇ ਇਕ ਸਿਫ਼ਤ ਕਰਕੇ ਉਸ ਵੱਲੋਂ ਇਤਿਹਾਸਿਕ ਪ੍ਰਸਿੱਧੀ ਵਾਲੀ ਫਿਲਮ 'ਗਾਂਧੀ' 'ਚ ਨਿਭਾਈ ਭੂਮਿਕਾ ਯਾਦਗਾਰੀ ਹੋ ਨਿੱਬੜੀ। ਦੇਸ਼ ਵੰਡ ਦੀ ਪਿੱਠ ਭੂਮੀ 'ਚ ਉਹ ਹੱਥ 'ਚ ਨੰਗੀ ਤਲਵਾਰ ਲਹਿਰਾਅ, ਜੈਕਾਰਾ ਛੱਡਣ ਨਾਲ ਹੀ ਛਾ ਗਿਆ। ਫ਼ਿਲਮ ਤੋਂ ਇਲਾਵਾ ਟੀ. ਵੀ. ਲਈ ਨਿਰਦੇਸ਼ਿਤ ਉਸਦੀਆਂ, ਪੰਜਾਬ ਦੀ ਹਿੰਸਾ, ਜੰਮੂ ਕਸ਼ਮੀਰ ਦੀ ਹਿੰਸਾ ਤੇ ਲਿੰਗ ਅਧਾਰਿਤ ਵਿਤਕਰੇ 'ਤੇ ਬਣਾਈਆਂ ਫ਼ਿਲਮਾਂ ਦੀ ਵੀ ਭਰਪੂਰ ਸ਼ਲਾਘਾ ਹੋਈ ਤੇ ਉਸਨੂੰ ਇਨ੍ਹਾਂ ਸਾਰੇ ਮਧਿਆਮਾਂ 'ਚ ਕੰਮ ਕਰਨ ਲਈ ਕਈ ਮਾਣ-ਸਨਮਾਨ ਹਾਸਲ ਹੋਏ। ਗੁਰਚਰਨ ਚੰਨੀ ਹੁਣ ਤੱਕ ਤਿੰਨ ਟੀ. ਵੀ. ਲੜੀਵਾਰ, ਸੱਤ ਟੀ. ਵੀ. ਫ਼ਿਲਮਾਂ, ਇਕੱਤੀ ਦਸਤਾਵੇਜ਼ੀ ਫ਼ਿਲਮਾਂ ਤੇ ਛੱਬੀ ਨਾਟਕਾਂ ਦਾ ਨਿਰਮਾਣ ਕਰ ਚੁੱਕਾ ਹੈ। ਜ਼ਾਹਿਰ ਹੈ ਕਿ ਇਹ ਕੰਮ ਗਿਣਾਤਮਿਕ ਪੱਖੋਂ ਵੀ ਇਕ ਅਤਿਅੰਤ ਪ੍ਰਤਿਭਾਵਾਨ ਤੇ ਸਮਰੱਥ ਕਲਾਕਾਰ ਦਾ ਹੀ ਹੋ ਸਕਦਾ ਹੈ।

ਅੱਜਕੱਲ੍ਹ ਗੁਰਚਰਨ ਚੰਨੀ 'ਛਵਅਧ ਧਰਅਮਅ ਓਪ-ਏਰਟੋਰੇ ਛੋਮਪਅਨੇ' ਦੇ ਡਾਇਰੈਕਟਰ ਵੱਜੋਂ ਕਾਰਜਸ਼ੀਲ ਹੈ। ਦੇਸ਼ ਵਿਦੇਸ਼ 'ਚ ਭਰਪੂਰ ਰੰਗਮੰਚ-ਸਰਗਰਮੀਆਂ ਕਰਨ ਉਪਰੰਤ ਚੰਡੀਗੜ੍ਹ ਸੈਕਟਰ ਪੈਂਤੀ ਵਿਖੇ ਰਹਿ ਰਿਹਾ ਹੈ, ਮਲਟੀਮੀਡੀਆ ਦਾ ਕੋਈ ਨਾ ਕੋਈ ਪ੍ਰੋਜੈਕਟ ਹਮੇਸ਼ਾ ਉਸਦੇ ਹੱਥ ਹੁੰਦਾ ਹੈ।

### ਗੁਰਚਰਨ ਚੰਨੀ ਦਾ ਚੋਣਵਾਂ ਕੰਮ

1. ਟੀ. ਵੀ. ਲੜੀਵਾਰ: ਬੰਧਕ, ਸ਼ਹਿਰ, ਤੀਨ ਸਵਾਲ।
2. ਟੀ. ਵੀ. ਫ਼ਿਲਮਾਂ: ਟੁੱਟ, ਦੂਸਰਾ ਕਦਮ, ਤੁਮ ਅਕੇਲੀ ਨਹੀਂ, ਬਸ਼ੀਰਾ, ਖ਼ੁਸ਼ਬੂ।
3. ਟੀ. ਵੀ. ਦਸਤਾਵੇਜ਼ੀ ਫ਼ਿਲਮਾਂ: ਨਿਹੰਗ ਸਿੰਘ, ਗੁੱਜਰ, ਨੱਕਾਲ, ਮੰਜ਼ਿਲ ਕੀ ਔਰ, ਨਾਨ ਰੈਜ਼ੀਡੈਂਟ ਡਾਲਰ, ਫੌਰਟਸ ਆਫ਼ ਇੰਡੀਆ।
4. ਨਾਟਕ: ਅੰਧਾ ਯੁੱਗ, ਰਸ ਗੰਧਰਭ, ਦਫ਼ਾ 144, ਡਿਸਟਰਬਡ ਏਰੀਆ, ਮੈਂ ਜਲਾ ਦੀ ਜਾਊਂਗੀ, ਅੰਧੇਰੇ ਕੇ ਖ਼ਿਲਾਫ਼, ਬੱਕਰੀ।

### ਸਨਮਾਨ

1. ਸੰਗੀਤ ਨਾਟਕ ਅਕਾਦਮੀ ਦਾ ਰਾਸ਼ਟਰੀ ਇਨਾਮ
2. ਪੰਜਾਬ ਸੰਗੀਤ ਨਾਟਕ ਅਕਾਦਮੀ ਦਾ ਇਨਾਮ
3. ਬਲਰਾਜ ਸਾਹਨੀ ਯਾਦਗਾਰੀ ਇਨਾਮ
4. ਨਾਰਥ ਇੰਡੀਆ ਫ਼ਿਲਮ ਐਸੋਸੀਏਸ਼ਨ ਇਨਾਮ
5. ਸਪੈਸ਼ਲ ਡਿਪਲੋਮਾ ਇਨਾਮ

## ਬੁੱਧੂ ਬਕਸੇ 'ਚੋਂ ਨਿਕਲਦੀ ਕਲਾ

ਰਮਨ

ਸੂਚਨਾ ਤਕਨਾਲੋਜੀ ਦੇ ਅਪੂਰਵ ਵਿਕਾਸ ਦੇ ਫਲਸਰੂਪ ਟੈਲੀਵਿਜ਼ਨ ਨੇ ਕਲਾ ਮਧਿਅਮਾਂ ਵਿੱਚ ਪ੍ਰਮੁੱਖ ਸਥਾਨ ਗ੍ਰਹਿਣ ਕਰ ਲਿਆ ਹੈ। ਇਹ ਸਾਡੇ ਜੀਵਨ ਦੀਆਂ ਬੁਨਿਆਦੀ ਲੋੜਾਂ ਵਿੱਚ ਆ ਸ਼ਾਮਿਲ ਹੋਇਆ ਹੈ। ਸਾਡੇ



ਸਮਾਜਿਕ ਅਤੇ ਸਭਿਆਚਾਰਕ ਜੀਵਨ ਦੀਆਂ ਅਤਿ ਮਹੀਨ ਤੰਦਾਂ ਅੱਜ ਇਸ ਬੁੱਧੂ ਬਕਸੇ ਨਾਲ ਇਸ ਕਦਰ ਜੁੜੀਆਂ ਮਹਿਸੂਸ ਹੋ ਰਹੀਆਂ ਹਨ ਕਿ ਕਈ ਵਾਰ ਇੰਜ ਵੀ ਜਾਪਣ ਲੱਗ ਪੈਂਦਾ ਹੈ ਕਿ ਇਹ ਮਧਿਅਮ ਬਾਕੀ ਮਧਿਅਮਾਂ ਨੂੰ ਉਵੇਂ ਨਿਗਲ ਲਏਗਾ, ਜਿਵੇਂ ਸ਼ਹਿਰ ਪਿੰਡਾਂ ਨੂੰ ਹੜੱਪ ਰਹੇ ਹਨ। ਪ੍ਰੰਤੂ ਸਿਆਣੇ ਲੋਕ ਨਿਰਾਸ਼ ਨਹੀਂ ਹਨ। ਉਹਨਾਂ ਨੂੰ ਇਹ ਖਤਰਾ ਨਿਰਮੂਲ ਭਾਸਦਾ ਹੈ, ਕਿਉਂਕਿ ਬਿਜਲਈ ਮਧਿਅਮ ਵੀ ਆਪਣੇ ਪ੍ਰਭਾਵਕਾਰੀ ਅਸਤਿਤਵ ਲਈ ਦੂਸਰੇ ਮਧਿਅਮਾਂ 'ਤੇ ਬਰਾਬਰ ਨਿਰਭਰਤਾ ਰੱਖਦੇ ਹਨ, ਸਿੱਟੇ ਵਜੋਂ ਹਰ ਮਧਿਅਮ ਦਾ ਆਪਣਾ ਨਿਵੇਕਲਾ ਮਹੱਤਵ ਬਣਿਆ ਰਹਿੰਦਾ ਹੈ। ਨਿਰਸੰਦੇਹ, ਟੈਲੀਵਿਜ਼ਨ ਦੀ ਆਪਣੀ ਇੱਕ ਵੱਖਰੀ ਪਛਾਣ ਹੈ, ਪ੍ਰੰਤੂ ਜ਼ਰਾ ਗਹੁ ਨਾਲ ਦੇਖਿਆ ਜਾਵੇ ਤਾਂ ਇਹ ਦੂਸਰੇ ਮਧਿਅਮਾਂ ਦਾ ਇੱਕ ਜੰਕਸ਼ਨ ਵੀ ਪ੍ਰਤੀਤ ਹੁੰਦਾ ਹੈ। ਕੀ ਰੰਗਮੰਚ, ਕੀ ਸਾਹਿਤ, ਕੀ ਗਾਇਕੀ, ਕੀ ਦ੍ਰਿਸ਼ਕਲਾ ਸਭਨਾਂ ਦਾ ਸੰਗਮ ਟੈਲੀਵਿਜ਼ਨ ਦੀ ਸਕਰੀਨ 'ਤੇ ਹੋ ਜਾਂਦਾ ਹੈ। ਕਲਾ ਮਧਿਅਮਾਂ ਦੇ ਇਸ ਸੁਮੇਲ ਵਿੱਚ ਜਿਹੜੀਆਂ ਸਖਸ਼ੀਅਤਾਂ ਪਿਛਲੇ ਕੁੱਝ ਅਰਸੇ ਤੋਂ ਅਹਿਮ ਅਤੇ ਸਿਰਜਣਾਤਮਕ ਭੂਮਿਕਾ ਨਿਭਾ ਰਹੀਆਂ ਹਨ। ਉਨ੍ਹਾਂ ਵਿੱਚ ਇੱਕ ਉਘੜਵਾਂ ਨਾ ਹੈ ਰਾਜੀਵ ਦਾ। ਰੰਗਮੰਚ ਦਾ ਪਿਛੋਕੜ ਰੱਖਣ ਵਾਲਾ ਰਾਜੀਵ ਵਿਸ਼ੇਸ਼ ਟੀ.ਵੀ. ਪ੍ਰੋਗਰਾਮਾਂ ਦਾ ਪ੍ਰਮੁੱਖ ਨਿਰਮਾਤਾ ਅਤੇ ਨਿਰਦੇਸ਼ਕ ਹੈ।

ਲੁਧਿਆਣਾ ਜ਼ਿਲ੍ਹੇ ਦੇ ਛੋਟੇ ਜਿਹੇ ਕਸਬੇ ਮੁੱਲਾਂਪੁਰ ਦੇ ਹੌਲਦਾਰ ਦਾ ਮੁੰਡਾ ਰਾਜੀਵ ਨਰਮ ਸੁਭਾਅ ਦਾ ਸਨੁੱਖਾ ਅਤੇ ਸੰਵੇਦਨਸ਼ੀਲ ਨੌਜਵਾਨ ਹੈ। ਪੰਜਾਬ ਵਿੱਚ ਅਤਿਵਾਦ ਦੀ ਹਨ੍ਹੇਰੀ ਝੁੱਲਣ ਤੋਂ ਥੋੜ੍ਹਾ ਸਮਾਂ ਪਹਿਲਾ ਉਸ ਨੂੰ ਮਰਹੂਮ ਰੰਗ ਕਰਮੀ ਸੁਖਦੇਵ ਪ੍ਰੀਤ ਵਰਗੇ ਮਿੱਤਰਾਂ ਦਾ ਸਾਥ ਮਿਲਿਆ। ਫੇਰ ਉਸਨੇ ਸਥਾਨਿਕ ਰੰਗ ਮੰਡਲੀ ਸਥਾਪਤ ਕਰਕੇ ਕੁੱਝ ਨਾਟਕ ਕੀਤੇ, ਕਾਫੀ ਸਮਾਂ ਗੁਰਸ਼ਰਨ ਸਿੰਘ ਦੇ ਗਰੁੱਪ ਵਿੱਚ ਕੰਮ ਕੀਤਾ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਇੰਡੀਅਨ ਥੀਏਟਰ ਤੋਂ ਤਾਲੀਮ ਹਾਸਿਲ ਕੀਤੀ ਤੇ ਇਹ ਫ਼ੈਸਲਾ ਕਰ ਲਿਆ ਕਿ ਕੇਵਲ ਰੰਗਮੰਚ ਤੱਕ ਹੀ ਸੀਮਿਤ ਨਹੀਂ ਰਹਿਣਾ, ਅੱਗੇ ਵੱਧਣਾ ਹੈ। ਇਸ ਤਰ੍ਹਾਂ ਉਸ ਨੇ ਆਪਣੇ ਜ਼ਿੰਦਗੀ ਦਾ ਨਿਰਣਾਇਕ ਮੋੜ ਕੱਟਦਿਆਂ ਇੱਕ ਪਾਸੇ ਨਿੱਜੀ ਪੱਧਰ 'ਤੇ ਕੁੱਝ ਵਿਸ਼ੇਸ਼ ਦਸਤਾਵੇਜ਼ੀ ਟੈਲੀ-ਫਿਲਮਾਂ ਦਾ ਨਿਰਮਾਣ ਕੀਤਾ, ਦੂਜੇ ਪਾਸੇ ਟੀ.ਵੀ. ਚੈਨਲਾਂ ਦੇ ਪ੍ਰੋਗਰਾਮ ਵੀ ਕਰਨੇ ਸ਼ੁਰੂ ਕਰ ਦਿੱਤੇ। ਰਾਜੀਵ ਲਈ ਆਪਣੀ ਰੰਗਕਰਮੀ-ਪ੍ਰਤਿਭਾ ਦੇ ਵਿਸਥਾਰ ਵਜੋਂ ਅਜਿਹਾ ਕਰਨਾ ਬਹੁਤ ਜ਼ਰੂਰੀ ਸੀ।

ਰਾਜੀਵ ਦਸਤਾਵੇਜ਼ੀ ਟੈਲੀਫਿਲਮ "ਆਪਨਾ ਪਾਸ਼" ਰਾਹੀਂ ਚਰਚਾ ਵਿੱਚ ਆਇਆ। ਦਹਿਸ਼ਤਗਰਦਾਂ ਹੱਥੋਂ ਇਨਕਲਾਬੀ ਕਵੀ ਪਾਸ਼ ਦੇ ਕਤਲ ਮਗਰੋਂ ਰਾਜੀਵ ਨੇ ਇਹ ਫਿਲਮ ਇੱਕ ਸ਼ਰਧਾਂਜਲੀ ਵਜੋਂ ਬਣਾਈ ਸੀ। ਇਸ ਫਿਲਮ ਵਿੱਚ ਪਾਸ਼ ਦੀ ਇਨਕਲਾਬੀ ਸ਼ਖ਼ਸੀਅਤ ਦੇ ਵਿਕਾਸ ਨੂੰ ਉਸ ਦੀਆਂ ਰਚਨਾਵਾਂ, ਸਮਕਾਲੀ ਘਟਨਾਵਾਂ ਅਤੇ ਵਿਦਵਾਨਾਂ ਦੀਆਂ ਟਿੱਪਣੀਆਂ ਦੇ ਹਵਾਲੇ ਨਾਲ ਦਰਸਾਇਆ ਗਿਆ ਹੈ। ਪਾਸ਼ ਦੀ ਜ਼ਿੰਦਗੀ ਦੇ ਕੁੱਝ ਅਹਿਮ ਵਾਕਿਆ ਅਤੇ ਦੁਰਲੱਭ ਦ੍ਰਿਸ਼ ਇਸ ਫਿਲਮ ਵਿੱਚ ਸਾਂਭ ਲਏ ਗਏ ਹਨ। ਇਹ ਫਿਲਮ ਨਾ ਕੇਵਲ ਪਾਸ਼ ਦੀ ਜ਼ਿੰਦਗੀ 'ਤੇ ਅਧਾਰਤ ਹੋਣ ਕਾਰਨ ਮਹੱਤਵਪੂਰਨ ਹੈ, ਸਗੋਂ ਰਾਜੀਵ ਦੀ ਵਿਚਾਰਧਾਰਕ ਪ੍ਰਤੀਬੱਧਤਾ ਦਾ ਵੀ ਪ੍ਰਮਾਣ ਹੈ।

ਕੇਵਲ ਇਨਕਲਾਬੀ ਵਿਰਸੇ ਪ੍ਰਤੀ ਹੀ ਨਹੀਂ ਸਗੋਂ ਸੱਭਿਆਚਾਰਕ ਵਿਰਸੇ ਪ੍ਰਤੀ ਵੀ ਰਾਜੀਵ ਪੂਰੀ ਤਰ੍ਹਾਂ ਸੁਚੇਤ ਹੈ। ਪੰਜਾਬ ਵਿੱਚ ਲੋਕ ਗਾਇਕੀ ਦੀ ਇੱਕ ਅਮੀਰ ਪਰੰਪਰਾ ਹੈ, ਜਿਸ ਨੂੰ ਸਮਕਾਲੀ ਬਜ਼ਾਰੂ ਗਾਇਕੀ ਨੇ ਲਗਪਗ ਰੋਲ ਕੇ ਰੱਖ ਦਿੱਤਾ ਹੈ।

ਦੂਰਦਰਸ਼ਨ ਦੇ ਇੱਕ ਵਿਸ਼ੇਸ਼ ਪ੍ਰੋਗਰਾਮ 'ਸੁਰਭੀ' ਲਈ ਰਾਜੀਵ ਨੇ ਕਈ ਦੁਰਲੱਭ ਪ੍ਰੋਗਰਾਮ ਬਣਾਏ। ਇਨ੍ਹਾਂ ਪ੍ਰੋਗਰਾਮਾਂ ਵਿੱਚ ਉਸ ਨੇ ਭਾਰਤ ਦੇ ਦੂਰ ਦੁਰੇਡੇ ਇਲਾਕਿਆਂ ਦਾ ਵੰਨ-ਸੁਵੰਨਾ ਜੀਵਨ, ਜੰਗਲ ਦਾ ਜੀਵਨ ਅਤੇ ਸਮੁੰਦਰੀ ਜਹਾਜ਼ਾਂ ਦੇ ਕਚਰੇ ਦੀ ਮੰਡੀ ਦੇ ਜ਼ੋਖਮ ਭਰੇ ਤੇ ਅਸਲੋਂ ਅਸਧਾਰਨ ਪ੍ਰੋਗਰਾਮ ਬਣਾਏ। ਇਹ ਕੰਮ ਏਨਾ ਉੱਚ ਪਾਏ ਦਾ ਹੈ ਕਿ ਕਿਸੇ ਸਧੇ ਹੋਏ ਪ੍ਰੌਢ ਅਤੇ ਪ੍ਰਬੁੱਧ ਫਿਲਮਸਾਜ਼ ਕੋਲੋਂ ਹੀ ਅਜਿਹੇ ਕੰਮ ਦੀ ਆਸ ਰੱਖੀ ਜਾ ਸਕਦੀ ਹੈ। ਰਾਜੀਵ ਵਲੋਂ ਬਣਾਈ ਗਈ "ਸੱਗੀ ਫੁੱਲ" ਡੀ ਵੀ ਡੀ ਨਿਰੋਲ ਗਿੱਧੇ 'ਤੇ ਅਧਾਰਤ ਹੈ। ਇਹ ਸਾਫ ਸੁਥਰੀ ਫਿਲਮ ਕੈਨੇਡਾ ਅਤੇ ਅਮਰੀਕਾ ਦੇ ਲਗਭਗ ਹਰ ਪੰਜਾਬੀ ਦੀ ਬੈਠਕ ਦਾ ਸ਼ਿੰਗਾਰ ਹੈ।

# ਸੁਪਨੇ ਹਮੇਸ਼ਾ ਆਉਂਦੇ ਰਹਿਣਗੇ

'ਇਕ ਲੜਕੀ ਛੋਟੀ
ਵਾਲ ਰੁੱਖੇ ਰੁੱਖੇ
ਨੱਕ ਮੋਟੀ ਮੋਟੀ
ਮਨ ਉਸ ਦਾ ਚਾਹੇ ਖੇਡਾਂ
ਪਰ ਕਰਨ ਸਹੇਲੀਆਂ ਝੇਡਾਂ।'

'ਡਾ ਡਾ ਡੰਡੀ
ਹਵਾ ਚਲੀ ਠੰਡੀ
ਉਠ ਓ ਘੁਮੰਡੀ
ਦਿਖਾ ਜ਼ਰਾ ਝੰਡੀ
ਖੋਲ੍ਹ ਦਿਓ ਫਾਟਕ
ਸ਼ੁਰੂ ਕਰੋ ਨਾਟਕ।'

ਅਸੀਂ ਇਕ ਅਜਿਹੀ ਦੁਨੀਆ ਬਣਾਉਣਾ ਚਾਹੁੰਦੇ ਹਾਂ ਜਿੱਥੇ ਕੋਈ ਸਰਹੱਦਾਂ ਨਾ ਹੋਣ, ਜ਼ਿੰਦਗੀ ਪਿਆਰ ਭਰੀ ਹੋਵੇ, ਜਿਥੇ ਫੌਜੀਆਂ ਦੇ ਹੱਥਾਂ ਵਿਚ ਬੰਦੂਕਾਂ ਦੀ ਥਾਂ ਫੁੱਲ ਹੋਣ। ਨਾ ਕੋਈ ਛੋਟਾ ਹੋਵੇ, ਨਾ ਵੱਡਾ। ਨਾ ਕੋਈ ਅਮੀਰ ਹੋਵੇ ਨਾ ਗਰੀਬ। ਹਰ ਬੰਦਾ ਖੁਸ਼ਹਾਲ ਜ਼ਿੰਦਗੀ ਜੀਵੇ। ਅਜਿਹੀ ਹੀ ਖੂਬਸੂਰਤ ਦੁਨੀਆ ਅਸੀਂ ਇਕ ਦਿਨ ਜ਼ਰੂਰ ਬਣਾਵਾਂਗੇ।

ਇਹ ਸੁਪਨਾਂ ਉਨ੍ਹਾਂ ਸੈਂਕੜੇ ਬੱਚਿਆਂ ਦਾ ਹੈ ਜਿਨ੍ਹਾਂ ਨੇ ਸੇਵਾ ਸੰਸਥਾ ਚੰਡੀਗੜ੍ਹ ਵੱਲੋਂ ਲਗਾਈਆਂ ਰੰਗਮੰਚ ਕਾਰਜ ਸ਼ਲਾਵਾਂ ਵਿਚ ਜ਼ਿੰਦਗੀ ਨੂੰ ਬਹੁਤ ਨੇੜਿਉਂ ਦੇਖਿਆ। ਇਹ ਕਾਰਜਸ਼ਾਲਾਵਾਂ ਚੰਡੀਗੜ੍ਹ ਤੇ ਪੰਜਾਬ ਦੇ ਕਈ ਸਕੂਲਾਂ ਵਿਚ ਲਗਾਈਆਂ ਗਈਆਂ ਹਨ। ਇਨ੍ਹਾਂ ਦਾ ਮੰਤਵ ਮਹਿਜ਼ ਰਵਾਇਤੀ ਰੰਗਮੰਚ ਹੀ ਨਹੀਂ ਸੀ ਸਗੋਂ ਉਸ ਤੋਂ ਅਗਾਂਹ ਇਨ੍ਹਾਂ ਕਾਰਜਸ਼ਲਾਵਾਂ ਦੌਰਾਨ ਬੱਚਿਆਂ ਕੋਲ ਸਥਾਨ, ਸਮਾਂ, ਅਜ਼ਾਦੀ ਤੇ ਅਜਿਹਾ ਮਾਹੌਲ ਸੀ ਜਿਸ ਵਿਚ ਉਹ ਆਪਣੇ ਆਪ ਨੂੰ ਤੇ ਆਪਣੀਆਂ ਭਾਵਨਾਵਾਂ ਨੂੰ ਉਜਾਗਰ ਕਰ ਸਕਣ। ਬੱਚੇ ਕਵਿਤਾਵਾਂ, ਕਹਾਣੀਆਂ, ਤਸਵੀਰਾਂ, ਗੱਲਬਾਤ ਤੇ ਹੋਰ ਕਈ ਢੰਗਾਂ ਰਾਹੀਂ ਆਪਣੇ ਆਪ ਨੂੰ ਪ੍ਰਗਟ ਕਰਦੇ ਸਨ। ਇਕ ਖਾਸ ਗੱਲ ਸੀ ਕਿ ਬਿਨਾਂ ਕੁਝ ਬੋਲੇ ਤੇ ਲਿਖੇ ਆਪਣੀਆਂ ਸਰੀਰਕ ਅਦਾਵਾਂ ਰਾਹੀਂ ਆਪਣੇ ਹਾਵਾਂ-ਭਾਵਾਂ ਨੂੰ ਜ਼ਾਹਿਰ ਕਰਨਾ, ਜੋ ਸ਼ੁਰੂ ਸ਼ੁਰੂ ਵਿਚ ਬੇਹੱਦ ਔਖਾ ਜਾਪਦਾ ਸੀ, ਪਰ ਮਗਰੋਂ ਇਹ ਮਨ ਦੀ ਝਿਜਕ ਨੂੰ ਖੋਲ੍ਹਣ ਵਿਚ ਮਦਦਗਾਰ ਸਾਬਤ ਹੋਇਆ।

ਵਰਕਸ਼ਾਪ ਦੇ ਪਹਿਲੇ ਹੀ ਦਿਨ ਬੱਚੇ ਇਸ ਵਰਕਸ਼ਾਪ ਸੰਬੰਧੀ ਨਿਯਮ ਤੇ ਕਾਨੂੰਨ ਬਣਾ ਲੈਂਦੇ ਸਨ। ਇਹ ਨਿਯਮ ਵਰਕਸ਼ਾਪ ਵਿਚ ਹਿੱਸਾ ਲੈ ਰਹੇ ਹਰ ਇਕ ਵਿਅਕਤੀ ਉੱਤੇ ਇਕਸਾਰ ਰੂਪ ਵਿਚ ਲਾਗੂ ਹੁੰਦੇ ਸਨ। ਬੱਚਿਆਂ ਵਿਚ ਇਸ ਗੱਲ ਦਾ ਅਹਿਸਾਸ ਰਹਿੰਦਾ ਕਿ ਉਹ ਵਰਕਸ਼ਾਪ ਵਿਚ ਬਰਾਬਰ ਦੇ ਹਿੱਸੇਦਾਰ ਹਨ।

ਬੱਚਿਆਂ ਨਾਲ ਵੱਖ ਵੱਖ ਵਿਸ਼ਿਆਂ 'ਤੇ ਗੱਲਬਾਤ ਅਤੇ ਵਿਚਾਰ-ਵਟਾਂਦਰਾ ਕੀਤਾ ਜਾਂਦਾ ਸੀ ਜਿਵੇਂ ਧਰਮ, ਇਤਿਹਾਸ ਸਿੱਖਿਆ ਪ੍ਰਣਾਲੀ, ਸੁੰਦਰਤਾ ਅਤੇ ਇਨ੍ਹਾਂ ਬਾਰੇ ਉਨ੍ਹਾਂ ਦਾ ਵਿਚਾਰ ਆਦਿ। ਬੱਚਿਆਂ ਕੋਲ ਭਾਵੇਂ ਇਨ੍ਹਾਂ ਵਿਸ਼ਿਆਂ 'ਤੇ ਵਿਚਾਰ ਪ੍ਰਗਟ ਕਰਨ ਲਈ ਭਾਰੇ-ਭਾਰੇ ਤੇ ਵਧੀਆ ਸ਼ਬਦ ਨਹੀਂ ਸਨ ਪਰ ਉਨ੍ਹਾਂ ਦੀ ਇਨ੍ਹਾਂ ਵਿਸ਼ਿਆਂ ਨੂੰ ਮਹਿਸੂਸ ਕਰਨ ਦੀ ਤੀਬਰਤਾ ਵੱਡਿਆਂ ਨਾਲੋਂ ਕਿਤੇ ਜ਼ਿਆਦਾ ਸੀ। ਇਨ੍ਹਾਂ ਵਿਸ਼ਿਆਂ ਤੋਂ ਇਲਾਵਾ ਬੱਚਿਆਂ ਨਾਲ ਉਨ੍ਹਾਂ ਦੇ ਨਿੱਜੀ ਤਜ਼ਰਬੇ ਵੀ ਸਾਂਝੇ ਕੀਤੇ ਗਏ ਤੇ ਮਹਿਸੂਸ ਹੋਇਆ ਕਿ ਮਾਨਵੀ ਰਿਸ਼ਤਿਆਂ ਦਾ ਵੀ ਇਕ ਪਰਿਵਾਰ ਬਣ ਸਕਦਾ ਹੈ।

ਇਨ੍ਹਾਂ ਕਾਰਜਸ਼ਾਲਾਵਾਂ ਵਿਚ ਬੱਚਿਆਂ ਨੇ ਸਹੀ ਅਰਥਾਂ ਵਿਚ ਰੰਗਕਰਮੀਆਂ ਵਾਂਗ ਕੰਮ ਵੀ ਕੀਤਾ। ਨਾਟਕ ਦਾ ਵਿਸ਼ਾ ਬੱਚੇ ਆਪ ਹੀ ਚੁਣਦੇ ਸਨ। ਨਾਟਕ ਦੀ ਕਹਾਣੀ, ਸੰਵਾਦ, ਗੀਤ, ਗੀਤਾਂ ਦੀਆਂ ਧੁਨਾਂ ਸਭ ਕੁਝ ਬੱਚੇ ਹੀ ਤਿਆਰ ਕਰਦੇ ਸਨ। ਬੱਚਿਆਂ ਨੇ ਖੂਬਸੂਰਤ ਵਿਸ਼ੇ ਚੁਣੇ ਜਿਵੇਂ ਦੁਨੀਆ, ਸੁਪਨੇ, ਬਸਤੇ ਦੀ ਕਹਾਣੀ ਤੇ ਪ੍ਰਦੂਸ਼ਣ ਆਦਿ।

ਇਨ੍ਹਾਂ ਨਾਟਕਾਂ ਦੇ ਪਾਤਰ ਵੀ ਦਿਲਚਸਪ ਸਨ ਤੇ ਲੀਕ ਤੋਂ ਹਟਵੇਂ ਵੀ ਜਿਵੇਂ ਝਾੜੂ, ਤੰਦੂਰ, ਬਸਤਾ, ਇਮਾਰਤ, ਰਜਿਸਟਰ ਆਦਿ। ਗੀਤ ਅਤੇ ਉਨ੍ਹਾਂ ਦੀਆਂ ਧੁਨਾਂ ਬਹੁਤ ਮਨਮੋਹਕ ਸਨ।

ਮਿਸਾਲ ਵਜੋਂ:

*'ਸੁਣੋ ਜਜਮਾਨ, ਬਸਤਾ ਪ੍ਰੇਸ਼ਾਨ*
*ਢਿੱਡ 'ਚ ਕਿਤਾਬਾਂ, ਕੱਢਣ ਜਾਨ।*
*ਇਸ ਮੁਸੀਬਤ ਦਾ ਸਬਾਬ*
*ਸੋਚੋ ਸ੍ਰੀਮਾਨੋ, ਸੋਚੋ ਜਨਾਬ।'*

ਇਨ੍ਹਾਂ ਸਾਰੀਆਂ ਰਚਨਾਵਾਂ ਨੂੰ ਸਿਰਜਣ ਦੀ ਖੁਸ਼ੀ ਅਤੇ ਤਸੱਲੀ ਬੱਚਿਆਂ ਦੇ ਚਿਹਰਿਆਂ ਅਤੇ ਅੱਖਾਂ ਵਿਚ ਪੜ੍ਹੀ ਜਾ ਸਕਦੀ ਸੀ। ਬੱਚਿਆਂ ਵਿਚ ਆਪਾ ਪ੍ਰਗਟਾਉਣ ਦੀ ਚੇਤਨਾ ਨੇ ਵੀ ਜਨਮ ਲਿਆ ਜੋ ਆਉਣ ਵਾਲੇ ਸਮੇਂ ਵਿਚ ਉਨ੍ਹਾਂ ਦੀ ਸ਼ਖਸੀਅਤ ਨੂੰ ਜ਼ਰੂਰ ਹੀ ਪ੍ਰਭਾਵਤ ਕਰੇਗੀ।

ਬੱਚਿਆਂ ਨੇ ਆਪਣੇ ਬਹੁਤ ਸਾਰੇ ਨਿੱਜੀ ਅਨੁਭਵ ਜ਼ਿੰਦਗੀ ਵਿਚ ਪਹਿਲੀ ਵਾਰ ਇਕ ਦੂਜੇ ਨਾਲ ਸਾਂਝੇ ਕੀਤੇ। ਇਕ ਦੂਜੇ ਪ੍ਰਤੀ ਉਨ੍ਹਾਂ ਦਾ ਵਿਸ਼ਵਾਸ ਕਾਇਮ ਹੋਇਆ ਅਤੇ ਉਨ੍ਹਾਂ ਵਿਚ ਦਿਲੀ ਸਾਂਝ ਪੈਦਾ ਹੋਈ। ਨਾਟਕਾਂ ਲਈ ਜੋ ਵੀ ਵਿਸ਼ੇ ਬੱਚਿਆਂ ਨੇ ਚੁਣੇ ਉਹ ਅਸਲ ਵਿਚ ਵੀ ਉਨ੍ਹਾਂ ਨਾਲ ਜੁੜੇ। ਮਿਸਾਲ ਵੱਜੋਂ ਇਕ ਕਾਰਜ਼ਸ਼ਾਲਾ ਦੌਰਾਨ ਨਾਟਕ ਦੀ ਕਹਾਣੀ ਵਿਚ ਤਾਂ ਬੱਚੇ ਬਦਸੂਰਤ ਬੱਚਿਆਂ ਨਾਲ ਚੰਗਾ ਵਰਤਾਉ ਕਰਨ ਦੀ ਗੱਲ ਕਰਦੇ ਸਨ ਪਰ ਕਲਾਸ ਵਿਚ ਉਹ ਇਸ ਤੋਂ ਬਿਲਕੁਲ ਉਲਟ ਵਿਹਾਰ ਕਰਦੇ ਸਨ। ਜਦੋਂ ਉਨ੍ਹਾਂ ਨੂੰ ਇਹ ਗੱਲ ਮਹਿਸੂਸ ਹੋਈ ਤਾਂ ਉਹ ਰੋ ਪਏ ਤੇ ਉਨ੍ਹਾਂ ਨੇ ਤੈਅ ਕੀਤਾ ਕਿ ਉਹ ਭਵਿੱਖ ਵਿਚ ਹਰ ਬੱਚੇ ਨਾਲ ਚੰਗਾ ਸਲੂਕ ਕਰਨਗੇ। ਇਹ ਘਟਨਾ ਇਸ ਗੱਲ ਦੀ ਗਵਾਹ ਹੈ ਕਿ ਬੱਚਿਆਂ ਨੂੰ ਖੂਬਸੂਰਤੀ ਦੇ ਅਰਥ ਬਿਲਕੁਲ ਸ਼ਪਸ਼ੱਟ ਹੋ ਗਏ ਸਨ। ਉਨ੍ਹਾਂ ਨੂੰ ਪਤਾ ਲੱਗਾ ਕਿ ਬਾਹਰੀ ਸੁੰਦਰਤਾ ਦੇ ਨਾਲ ਨਾਲ ਅੰਦਰੂਨੀ ਸੁੰਦਰਤਾ ਦੀ ਵੀ ਬੇਹੱਦ ਲੋੜ ਹੁੰਦੀ ਹੈ।

ਇਕ ਹੋਰ ਘਟਨਾ ਵਰਨਣਯੋਗ ਹੈ। ਇਕ ਬੱਚਾ ਮਾਨਸਿਕ ਪੱਖੋਂ ਕਾਫ਼ੀ ਪ੍ਰੇਸ਼ਾਨ ਸੀ। ਉਸ ਦੀ ਪ੍ਰੇਸ਼ਾਨੀ ਦਾ ਵੱਡਾ ਕਾਰਨ ਸੀ ਕਿ ਉਹ ਆਪਣੀ ਪੰਦਰਾਂ ਸਾਲ ਦੀ ਉਮਰ ਤਕ ਸਿਰਫ਼ ਉਹੀ ਕੰਮ ਕਰਦਾ ਰਿਹਾ ਤੇ ਉਵੇਂ ਹੀ ਜਿਉਂਦਾ ਰਿਹਾ ਜਿਵੇਂ ਉਸ ਦੇ ਮਾਂ-ਬਾਪ ਅਤੇ ਅਧਿਆਪਕ ਚਾਹੁੰਦੇ ਸਨ। ਇਸੇ ਕਾਰਨ ਉਸ ਨੂੰ ਕੋਈ ਕੰਮ ਕਰਨਾ ਚੰਗਾ ਨਹੀਂ ਸੀ ਲਗਦਾ। ਕਾਰਜ਼ਸ਼ਾਲਾ ਦੌਰਾਨ ਜਦੋਂ ਉਸ ਨੂੰ ਆਪਣੀ ਇੱਛਾ ਮੁਤਾਬਕ ਕੰਮ ਕਰਨ ਦਾ ਮੌਕਾ ਮਿਲਿਆ ਤਾਂ ਉਸ ਦੀ ਮਾਨਸਿਕ ਪ੍ਰੇਸ਼ਾਨੀ ਦਾ ਹਲ ਹੋ ਗਿਆ ਤੇ ਉਹ ਹਰ ਕੰਮ ਵਿਚ ਦਿਲਚਸਪੀ ਲੈਣ ਲੱਗਾ।

ਇਨ੍ਹਾਂ ਕਾਰਜਸ਼ਾਲਾਵਾਂ ਦੌਰਾਨ ਅਧਿਆਪਕ-ਵਿਦਿਆਰਥੀ ਅਤੇ ਮੁੰਡੇ-ਕੁੜੀਆਂ ਵਿਚਲੀ ਝਿਜਕ ਕਾਫੀ ਹੱਦ ਤੱਕ ਦੂਰ ਹੋਈ ਅਤੇ ਇਨ੍ਹਾਂ ਵਿਚਾਲੇ ਰਿਸ਼ਤਿਆਂ ਦੀ ਨਵੇਂ ਸਿਰਿਉਂ ਵਿਆਖਿਆ ਕੀਤੀ ਗਈ। ਇਕ ਸਕੂਲ ਵਿਚ ਬੱਚੇ ਆਪਣੇ ਇਕ ਅਧਿਆਪਕ ਤੋਂ ਬਹੁਤ ਡਰਦੇ ਸਨ ਤੇ ਪਿੱਠ ਪਿੱਛੇ ਉਸ ਦੀ ਬੁਰਾਈ ਵੀ ਕਰਦੇ ਸਨ। ਉਸ ਅਧਿਆਪਕ ਦਾ ਬੱਚਿਆਂ ਪ੍ਰਤੀ ਰਵੱਈਆ ਕੁਝ ਠੀਕ ਨਹੀਂ ਸੀ। ਕਾਰਜ਼ਸ਼ਾਲਾ ਦੌਰਾਨ ਇਹ ਵੀ ਇਕ ਨਿਯਮ ਸੀ ਕਿ ਕੋਈ ਆਪਣੇ ਦਿਲ ਵਿਚ ਗੱਲ ਲੁਕੋਏਗਾ ਨਹੀਂ। ਜੇ ਕੋਈ ਗੱਲ ਹੋਵੇ ਵੀ ਤਾਂ ਉਹ ਖੁੱਲ੍ਹ ਕੇ ਪ੍ਰਗਟ ਕਰੇਗਾ। ਇਸ ਦਾ ਅਸਰ ਇਹ ਹੋਇਆ ਕਿ ਬੱਚਿਆਂ ਨੇ ਅਤੇ ਉਨ੍ਹਾਂ ਦੇ ਅਧਿਆਪਕ ਨੇ ਆਪਸ ਵਿਚ ਖੁੱਲ੍ਹ ਕੇ ਗੱਲ ਕੀਤੀ। ਇਸ ਤਰ੍ਹਾਂ ਇਨ੍ਹਾਂ ਦੇ ਆਪਸੀ ਰਿਸ਼ਤਿਆਂ ਨੇ ਇਕ ਸੁਖਾਵਾਂ ਮੋੜ ਲੈ ਲਿਆ। ਮਜ਼ੇ ਦੀ ਗੱਲ ਇਹ ਹੋਈ ਕਿ ਉਹੀ ਅਧਿਆਪਕ ਬੱਚਿਆਂ ਦਾ ਸਭ ਤੋਂ ਚਹੇਤਾ ਅਧਿਆਪਕ ਬਣ ਗਿਆ। ਇਨ੍ਹਾਂ ਕਾਰਜਸ਼ਾਲਾਵਾਂ ਦਾ ਫਾਇਦਾ ਬੱਚਿਆਂ ਦੇ ਨਾਲ ਨਾਲ ਵੱਡਿਆਂ ਨੂੰ ਵੀ ਹੋਇਆ।

ਕੁਝ ਕਾਰਜਸ਼ਾਲਾਵਾਂ ਵੱਡਿਆਂ ਨਾਲ ਵੀ ਲਾਈਆਂ ਗਈਆਂ। ਕੁਝ ਵਿਚ ਵੱਡੇ ਅਤੇ ਬੱਚੇ ਇਕੱਠੇ ਸ਼ਾਮਲ ਸਨ। ਬੱਚਿਆਂ ਨੂੰ ਵੱਡਿਆਂ ਦੀਆਂ ਅਤੇ ਵੱਡਿਆਂ ਨੂੰ ਬੱਚਿਆਂ ਦੀਆਂ ਸਮੱਸਿਆਵਾਂ ਸਮਝਣ ਦਾ ਮੌਕਾ ਮਿਲਿਆ। ਨਾਟਕ ਵਿਚ ਬੱਚੇ ਵੱਡਿਆਂ ਦਾ ਅਤੇ ਵੱਡੇ ਬੱਚਿਆਂ ਦਾ ਰੋਲ ਅਦਾ ਕਰਦੇ ਸਨ ਤਾਂ ਜੋ ਰੋਲ ਅਦਾ ਕਰਦੇ ਸਮੇਂ ਉਹ ਇਕ ਦੂਜੇ ਦੇ ਜਜ਼ਬਾਤ ਨੂੰ ਹੋਰ ਚੰਗੀ ਤਰ੍ਹਾਂ ਸਮਝ ਸਕਣ।

ਇਨ੍ਹਾਂ ਕਾਰਜ਼ਸ਼ਾਲਾਵਾਂ ਦੌਰਾਨ ਵੱਖ ਵੱਖ ਤਰੀਕਿਆਂ ਰਾਹੀਂ ਕਾਰਜ਼ਸ਼ਾਲਾਵਾਂ ਵਿਚ ਹਿੱਸਾ ਲੈ ਰਹੇ ਲੋਕਾਂ ਦੇ ਮਨ ਵਿਚ ਦੱਬੀਆਂ ਕਈ ਗੱਲਾਂ ਬਾਹਰ ਆਈਆਂ ਅਤੇ ਉਨ੍ਹਾਂ ਦੇ ਮਨ ਨੂੰ ਤਸੱਲੀ ਹੋਈ। ਉਨ੍ਹਾਂ ਨੂੰ ਆਪਣੇ ਆਪ ਨੂੰ ਪੂਰੀ ਤਰ੍ਹਾਂ ਪ੍ਰਗਟ ਕਰਕੇ ਸੁਖਾਵਾਂ ਅਹਿਸਾਸ ਹੋਇਆ। ਇਸ ਤਰ੍ਹਾਂ ਲੱਗਿਆ ਜਿਵੇਂ ਹਨੇਰੇ ਦਿਲਾਂ ਦੀਆਂ ਧੁਰ ਨੁੱਕਰਾਂ ਤੱਕ ਰੁਸ਼ਨਾ ਗਈਆਂ ਹੋਣ। ਐਸ਼ੋ-ਆਰਾਮ ਦੇ ਜਿਸ ਪਦਾਰਥਕ ਯੁੱਗ ਨੇ ਬੰਦੇ ਦੀ ਆਤਮਾ ਤੱਕ ਨੂੰ ਹਲੂਣ ਛੱਡਿਆ ਹੈ, ਅਜਿਹੇ ਭੁੱਲੇ-ਵਿਸਰੇ ਮਨੁੱਖੀ ਅਹਿਸਾਸਾਂ ਦਾ ਅਨੁਭਵ ਮਾਰੂਥਲ ਵਿਚ ਮੋਹਲੇਧਾਰ ਮੀਂਹ ਦੇ ਬਰਾਬਰ ਸੀ।

ਪਾਸ਼ ਦੀ ਕਵਿਤਾ ਦੀ ਇਕ ਬਹੁਤ ਖੂਬਸੂਰਤ ਸਤਰ ਹੈ:

'ਸਭ ਤੋਂ ਖ਼ਤਰਨਾਕ ਹੁੰਦਾ ਹੈ
ਸੁਪਨਿਆਂ ਦਾ ਮਰ ਜਾਣਾ.......'

ਇਨ੍ਹਾਂ ਕਾਰਜ਼ਸ਼ਾਲਾਵਾਂ ਦੌਰਾਨ ਬੱਚਿਆਂ ਅਤੇ ਵੱਡਿਆਂ ਨੇ ਇਕੱਠੇ ਕੰਮ ਕਰਦੇ ਹੋਏ ਜ਼ਿੰਦਗੀ ਨੂੰ ਖੂਬਸੂਰਤ ਬਣਾਉਣ ਦੇ ਸੁਨੇ ਸੰਜੋਏ ਅਤੇ ਉਨ੍ਹਾਂ ਦਾ ਪੱਕਾ ਵਿਸ਼ਵਾਸ ਹੈ ਕਿ ਉਹ ਸੁਪਨਿਆਂ ਨੂੰ ਹਕੀਕਤ ਵਿਚ ਬਦਲ ਦੇਣਗੇ।

ਇਕ ਬੱਚੇ ਦੀ ਖੂਬਸੂਰਤ ਕਵਿਤਾ ਇਸ ਗੱਲ ਦਾ ਯਕੀਨ ਦਿਵਾਉਂਦੀ ਹੈ:

'ਸੁਪਨੇ ਹਮੇਸ਼ਾਂ ਆਉਂਦੇ ਰਹੇ ਨੇ
ਸੁਪਨੇ ਹਮੇਸ਼ਾਂ ਆਉਂਦੇ ਰਹਿਣਗੇ
ਸੁਪਨੇ ਅਸੀਂ ਸਜਾਉਂਦੇ ਰਹੇ ਹਾਂ
ਸੁਪਨੇ ਅਸੀਂ ਸਜਾਉਂਦੇ ਰਹਾਂਗੇ
ਚਾਹੇ ਕੋਈ ਵਜਾ ਲਵੇ ਢੋਲ
ਲਗਾ ਲਵੇ ਜ਼ੋਰ
ਤੇ ਕਰ ਲਵੇ ਗੋਲ੍ਹਮ-ਗੋਲ।'

***ਜੀਤੂ***

ADV

## ਡਾਕਟਰ ਦੀ ਸਲਾਹ

# ਮਾਈਗ੍ਰੇਨ

**ਡਾ. ਈਸ਼ ਆਨੰਦ**

ਡਾਵੇਂ ਤੁਸੀਂ ਯਕੀਨ ਨਾ ਕਰੋ ਪਰ ਇਹ ਸੱਚ ਹੈ ਕਿ ਲਗਭਗ 20 ਕਰੋੜ ਪਾਰਤੀ ਮਾਈਗ੍ਰੇਨ ਨਾਲ ਜੂਝਦੇ ਹਨ ਅਤੇ ਇਨ੍ਹਾਂ 'ਚੋਂ ਜ਼ਿਆਦਾਤਰ ਨੂੰ ਮਾਈਗ੍ਰੇਨ ਦਾ ਪਹਿਲਾ ਦਰਦ ਬਚਪਨ ਜਾਂ ਅੱਲ੍ਹੜ ਉਮਰੇ ਹੋਇਆ। ਕੁੱਝ ਲੋਕਾਂ ਲਈ ਇਹ ਭਿਅੰਕਰ ਪ੍ਰੇਸ਼ਾਨੀ ਹੈ। ਇਹ ਦਰਦ ਉਨ੍ਹਾਂ ਨੂੰ ਕਈ ਘੰਟਿਆਂ ਤੱਕ ਬੇਕਾਰ ਕਰ ਦਿੰਦਾ ਹੈ। ਜਿਨ੍ਹਾਂ ਦੀ ਸਥਿਤੀ ਗੰਭੀਰ ਹੁੰਦੀ ਹੈ, ਉਹ ਤਾਂ ਕਈ ਦਿਨਾਂ ਤੱਕ ਇਸ ਦੇ ਦਰਦਨਾਕ ਅਸਰ ਨੂੰ ਸਹਿਣ ਕਰਦੇ ਹਨ। ਇਹ ਕਾਫੀ ਮਾੜੀ ਗੱਲ ਹੈ ਕਿਉਂਕਿ ਇਸ ਕਿਸਮ ਦੇ ਸਿਰਦਰਦ ਨਾਲ ਡਾਕਟਰੀ ਨਿਗਰਾਨੀ ਹੇਠ ਰਹਿ ਕੇ ਅਤੇ ਜੀਵਨ ਸ਼ੈਲੀ 'ਚ ਤਬਦੀਲੀ ਕਰਕੇ ਨਜਿੱਠਿਆ ਜਾ ਸਕਦਾ ਹੈ। ਇਸ ਦਰਦ ਤੋਂ ਰਾਹਤ ਪ੍ਰਾਪਤ ਕਰਨ ਲਈ ਡਾਕਟਰ ਬੂਫ੍ਰੇਨ ਵਰਗੀਆਂ ਦਵਾਈਆਂ ਖਾਣ ਦੀ ਸਲਾਹ ਦਿੰਦੇ ਹਨ।

ਅਧਿਐਨ ਦਰਸਾਉਂਦੇ ਹਨ ਕਿ ਮਾਈਗ੍ਰੇਨ ਮਰਦਾਂ ਦੇ ਮੁਕਾਬਲੇ ਔਰਤ ਨੂੰ ਤਿੰਨ ਗੁਣਾਂ ਵਧੇਰੇ ਪ੍ਰਭਾਵਿਤ ਕਰਦਾ ਹੈ। ਨਵੀਆਂ ਖੋਜਾਂ ਦਰਸਾਉਂਦੀਆਂ ਹਨ ਕਿ ਜੋ ਲੋਕ ਬਚਪਨ ਤੋਂ ਹੀ ਰੋਗ ਨਾਲ ਜੂਝਦੇ ਹਨ, ਉਨ੍ਹਾਂ 'ਚ ਮੁੰਡੇ-ਕੁੜੀਆਂ ਦੀ ਬਰਾਬਰ ਗਿਣਤੀ ਹੁੰਦੀ ਹੈ ਪਰ ਉਮਰ ਵਧਣ ਨਾਲ ਕੁੜੀਆਂ ਇਸ ਦਰਦ ਨਾਲ ਵਧੇਰੇ ਜੂਝਦੀਆਂ ਹਨ। ਵਿਸ਼ਵ ਪੱਧਰ 'ਤੇ ਮਾਈਗ੍ਰੇਨ ਦੁਨੀਆ ਦੇ 10 ਤੋਂ 15 ਫੀਸਦੀ ਲੋਕਾਂ ਨੂੰ ਪ੍ਰਭਾਵਿਤ ਕਰਦਾ ਹੈ। ਭਾਰਤੀ ਜਨਸੰਖਿਆ ਦਾ ਲਗਭੱਗ 5ਵਾਂ ਹਿੱਸਾ (15 ਤੋਂ 20 ਫੀਸਦੀ) ਮਾਈਗ੍ਰੇਨ ਨਾਲ ਜੂਝ ਰਿਹਾ ਹੈ। ਜ਼ਿਆਦਾਤਰ ਮਾਈਗ੍ਰੇਨ ਦੇ ਅਟੈਕ ਸਿਰਦਰਦ ਨਾਲ ਹੁੰਦੇ ਹਨ। ਮਾਈਗ੍ਰੇਨ ਦੇ ਦਰਦ 'ਚ ਪੁੜਪੁੜੀ 'ਚ ਅਜਿਹੀ ਚੀਸ ਉੱਠਦੀ ਹੈ ਕਿ ਜਿਵੇਂ ਕੋਈ ਪੁੜਪੜੀ 'ਤੇ ਵਾਰ ਕਰ ਰਿਹਾ ਹੋਵੇ। ਆਮ ਤੌਰ 'ਤੇ ਇਹ ਦਰਦ ਅੱਧੇ ਸਿਰ 'ਚ ਹੁੰਦਾ ਹੈ ਪਰ ਇਕ ਤਿਹਾਈ ਮਾਮਲਿਆਂ 'ਚ ਦਰਦ ਸਿਰ ਦੇ ਦੋਹੀਂ ਪਾਸੀਂ ਹੁੰਦਾ ਹੈ। ਇਕ ਪਾਸੇ ਹੋਣ ਵਾਲਾ ਦਰਦ ਆਪਣੀ ਜਗ੍ਹਾ ਬਦਲਦਾ ਹੈ ਅਤੇ ਇਹ 4 ਤੋਂ 72 ਘੰਟਿਆਂ ਤੱਕ ਰਹਿ ਸਕਦਾ ਹੈ। ਮਾਈਗ੍ਰੇਨ ਅਟੈਕ 'ਚ ਜੀ ਕੱਚਾ ਹੋਣਾ, ਉਲਟੀ, ਤੇਜ਼ ਆਵਾਜ਼ਾਂ ਤੋਂ ਡਰ (ਫੋਲੋਫੋਬੀਆ) ਅਤੇ ਸੂਰਜ ਦੀ ਰੌਸ਼ਨੀ ਜਾਂ ਚੰਗੀ ਤਰ੍ਹਾਂ ਰੋਸ਼ਨ ਥਾਵਾਂ ਤੋਂ ਨਫ਼ਰਤ (ਫੋਟੋਫੋਬੀਆ) ਆਦਿ ਸਮੱਸਿਆਵਾਂ ਵੀ ਹੁੰਦੀਆਂ ਹਨ। ਇੰਟਰਨੈਸ਼ਨਲ ਹੈੱਡਏਕ ਸੋਸਾਇਟੀ ਦੀ ਹੈੱਡਏਕ ਕਲਾਸੀਫਿਕੇਸ਼ਨ ਕਮੇਟੀ ਮੁਤਾਬਕ ਮਾਈਗ੍ਰੇਨ ਨੂੰ ਤਿੰਨ ਕਿਸਮਾਂ 'ਚ ਵੰਡਿਆ ਜਾ ਸਕਦਾ ਹੈ।

**ਸਾਧਾਰਨ ਮਾਈਗ੍ਰੇਨ: ਫੋਟੋਫੋਬਬੀਆ ਅਤੇ ਫੋਟੋਫੋਬੀਆ ਨਾਲ।**

**ਕਲਾਸਿਕ ਮਾਈਗ੍ਰੇਨ:** ਇਸ 'ਚ ਫਲੈਸ਼ ਨਜ਼ਰ ਆਉਂਦਾ ਹੈ, ਜ਼ਿਗਜ਼ੈਗ ਪੈਟਰਨ 'ਚ ਚਮਤਕਾਰ ਰੰਗੀਨ ਰੌਸ਼ਨੀਆਂ ਨਜ਼ਰ ਆਉਂਦੀਆਂ ਹਨ ਜਾਂ ਦ੍ਰਿਸ਼ਟੀ ਖੇਤਰ 'ਚ ਇਕ ਛੇਕ ਨਜ਼ਰ ਆਉਂਦਾ ਹੈ, ਜਿਸ ਨੂੰ ਬਲਾਈਂਡ ਸਪਾਟ ਕਹਿੰਦੇ ਹਨ।



**ਜਟਿਲ ਮਾਈਗ੍ਰੇਨ**

ਦਿਮਾਗ ਦੇ ਠੀਕ ਤਰ੍ਹਾਂ ਕੰਮ ਨਾ ਕਰਨ ਕਾਰਨ ਸਿਰਦਰਦ ਹੁੰਦਾ ਹੈ। ਲਗਭਗ 40 ਤੋਂ 60 ਫੀਸਦੀ ਮਾਈਗ੍ਰੇਨ ਅਟੈਕ ਚਿਤਾਵਨੀ ਦੇ ਲੱਛਣ ਦੇ ਕੇ ਆਉਂਦੇ ਹਨ ਜਿਵੇਂ ਨੀਂਦ ਆਉਂਦੀ ਰਹਿਣੀ, ਚਿੜਚਿੜਾਪਣ ਥਕਾਵਟ, ਬੁਖਾਰ, ਉਬਾਸੀਆਂ ਅਤੇ ਮਠਿਆਈ ਜਾਂ ਨਮਕੀਨ ਚੀਜ਼ਾਂ ਖਾਣ ਦੀ ਇੱਛਾ। ਇਹ ਲੱਛਣ ਕਈ ਦਿਨਾਂ ਤੱਕ ਰਹਿੰਦੇ ਹਨ। ਮਰੀਜ਼ ਅਤੇ ਉਸ ਦੇ ਪਰਿਵਾਰ ਨੂੰ ਇਨ੍ਹਾਂ ਚਿਤਾਵਨੀਆਂ 'ਤੇ ਗੰਭੀਰ ਨਜ਼ਰ ਰੱਖਣੀ ਚਾਹੀਦੀ ਹੈ। ਉਨ੍ਹਾਂ ਨੂੰ ਇਹ ਪਛਾਣਨਾ ਪਵੇਗਾ ਕਿ ਮਾਈਗ੍ਰੇਨ ਦਾ ਅਟੈਕ ਹੋਣ ਵਾਲਾ ਹੈ ਅਤੇ ਉਨ੍ਹਾਂ ਨੂੰ ਡਾਕਟਰ ਕੋਲ ਜਾਣਾ ਚਾਹੀਦੈ।

ਮਾਈਗ੍ਰੇਨ ਅਟੈਕ ਦੀਆਂ ਚਿਤਾਵਨੀਆਂ ਨੂੰ ਪਛਾਣਨਾ ਬਹੁਤ ਮਹੱਤਵਪੂਰਨ ਹੈ। ਸਮੇਂ ਸਿਰ ਕਦਮ ਚੁੱਕ ਲੈਣ ਨਾਲ ਇਸ ਹਮਲੇ ਤੋਂ ਬਚਿਆ ਜਾ ਸਕਦਾ ਹੈ।

ਕਦੇ-ਕਦੇ ਇਸ ਅਟੈਕ ਦਾ ਹਮਲਾ ਇਨਾ ਗੰਭੀਰ ਹੁੰਦਾ ਹੈ ਕਿ ਲਗਭਗ 24 ਘੰਟੇ ਵੀ ਰਹਿ ਸਕਦਾ ਹੈ ਮਰੀਜ਼ ਨੂੰ ਅਹਿਸਾਸ ਹੁੰਦਾ ਹੈ ਕਿ ਉਸ 'ਚ ਤਾਕਤ ਹੀ ਨਹੀਂ ਰਹੀ। ਉਸ ਨੂੰ ਹਲਕਾ ਸਿਰਦਰਦ ਰਹਿ ਸਕਦਾ ਹੈ ਅਤੇ ਉਹ ਰੌਸ਼ਨੀ ਅਤੇ ਆਵਾਜ਼ ਪ੍ਰਤੀ ਸੰਵੇਦਨਸ਼ੀਲ ਹੋ ਜਾਂਦਾ ਹੈ। ਇਯ ਬਿਮਾਰੀ ਕਾਰਨ ਲੋਂ ਦਾ ਜਿਊਣਾ ਔਖਾ ਹੋ ਜਾਂਦਾ ਹੈ। ਉਹ ਇਸ ਅਟੈਕ ਤੋਂ ਬਚ ਨਹੀਂ ਸਕਦੇ ਅਤੇ ਇਸ ਦੇ ਲਈ ਉਨ੍ਹਾਂ ਨੂੰ ਦਵਾਈਆਂ ਖਾਣੀਆਂ ਪੈਂਦੀਆਂ ਹਨ।

ਅਕਸਰ ਮਾਈਗ੍ਰੇਨ ਦਾ ਸਹੀ ਢੰਗ ਨਾਲ ਇਲਾਜ ਨਹੀਂ ਕੀਤਾ ਜਾਂਦਾ, ਜਿਸ ਕਾਰਨ ਇਹ ਜ਼ਿੰਦਗੀ ਨੂੰ ਬਹੁਤ ਬੁਰੀ ਤਰ੍ਹਾਂ ਪ੍ਰਭਾਵਿਤ ਕਰਦਾ ਹੈ। ਵਿਸ਼ਵ ਸਿਹਤ ਸੰਗਠਨ ਦੀ ਸੂਚੀ 'ਚ ਮਾਈਗ੍ਰੇਨ ਉਨ੍ਹਾਂ ਰੋਗਾਂ ਦੀ ਸੂਚੀ 'ਚ ਦਰਜ ਹੈ, ਜੋ ਵਿਆਕਤੀ ਨੂੰ ਅਸਮਰੱਥ ਬਣਾਉਣ ਲਈ ਸਭ ਤੋਂ ਵੱਧ ਬਦਨਾਮ ਹਨ। ਫਿਰ ਵੀ ਅਹਿ ਕਈ ਤਰੀਕੇ ਹਨ ਜਿਨ੍ਹਾਂਦੀ ਵਰਤੋਂ ਕਰਕੇ ਮਾਈਗ੍ਰੇਨ ਦੇ ਮਰੀਜ਼ ਆਪਣੀ ਜ਼ਿੰਦਗੀ ਨੂੰ ਬਿਹਤਰ ਬਣਾ ਸਕਦੇ ਹਨ। ਬਸ ਲੋੜ ਇਸ ਗੱਲ ਦੀ ਹੈ ਕਿ ਮਾਈਗ੍ਰੇਨ ਅਟੈਕ ਦੀ ਸ਼ੁਰੂਆਤ 'ਚ ਹੀ ਮਰੀਜ਼ ਦਵਾਈ ਖਾ ਲੈਣ ਤਾਂ ਕਿ ਮਾਮਲਾ ਕੰਟਰੋਲ ਤੋਂ ਬਾਹਰ ਨਾ ਹੋਵੇ।

### ਮਾਈਗ੍ਰੇਨ ਸ਼ੁਰੂ ਹੋਣ ਦੇ ਕਾਰਨ:

- ਤਣਾਅ
- ਠੀਕ ਤਰ੍ਹਾਂ ਨੀਂਦ ਪੂਰੀ ਨਾ ਕਰ ਸਕਣਾ
- ਹਾਮੋਨਲ ਤਬਦੀਲੀ
- ਸਰੀਰਕ ਬਣਾਵਟ
- ਚਮਕਦਾਰ ਰੌਸ਼ਨੀਆਂ
- ਡਰੱਗਜ਼, ਸ਼ਰਾਬ
- ਰੁੱਤ 'ਚ ਤਬਦੀਲੀ ਆਉਣੀ
- ਖਾਧ ਪਦਾਰਥ, ਵਰਤ, ਭੁੱਖ
- ਚਾਕਲੇਟ, ਪਨੀਰ
- ਕੈਫੀਨ
- ਗੰਨ
- ਸਿਗਰਟ ਦਾ ਧੂੰਆਂ

### ਮਾਈਗ੍ਰੇਨ ਦੇ ਅਟੈਕ 'ਚ ਕੀ ਕਰੀਏ:

- ਆਪਣਾ ਮੂੰਹ ਠੰਡੇ ਪਾਣੀ ਨਾਲ ਧੋਵੋ ਅਤੇ ਫਿਰ ਇਕ ਹਨੇਰੇ ਕਮਰੇ 'ਚ ਆਰਾਮ ਕਰੋ।
- ਪੂਰੀ ਨੀਂਦ ਲਉ।
- ਆਪਣੀਆਂ ਅੱਖਾਂ 'ਤੇ ਬਹੁਤਾ ਜ਼ੋਰ ਨਾ ਪਾਉ।
- ਖੂਬ ਪਾਣੀ ਪੀਉ।
- ਥੋੜ੍ਹੇ-ਥੋੜ੍ਹੇ ਸਮੇਂ ਪਿੱਛੋਂ ਥੋੜ੍ਹਾ-ਥੋੜ੍ਹਾ ਭੋਜਨ ਖਾਉ। ਇਕੋ ਵਾਰ ਪੇਟ ਭਰ ਕੇ ਨਾ ਖਾਉ।

### ਕੀ ਨਾ ਕਰੀਏ:

- ਤੇਜ਼ ਰੌਸ਼ਨੀ ਅਤੇ ਰੌਲੇ ਤੋਂ ਦੂਰ ਰਹੀਏ।
- ਧੁੱਪ ਅਤੇ ਠੰਡ 'ਚ ਨਾ ਨਿਕਲੋ
- ਬਹੁਤ ਨਾ ਖਾਉ।
- ਆਚਾਰ, ਡੱਬਾਬੰਦ ਖਾਧ ਪਦਾਰਥ ਨਾ ਖਾਉ।
- ਪਾਸਤਾ ਆਦਿ ਤੋਂ ਪਰਹੇਜ਼ ਕਰੋ।




*"We Had Dinner along with my friends family, it was really nice, pure Indian taste...... I will recommend this to any-one who like REAL Indian food."*



"Service was prompt friendly. Food was hot and tasty. Loved it!"





**"quite authentic Indian Food"**

# NIRVANA

**Take-Out/Delivery/Catering Big & Small Function/Private Banquet Room**

Lunch Buffet 7 Days A Week
11.30-2.30

Mondays
South Indian Delights 5-10
All you can eat South Indian Specialties

Tuesdays
Kabab Khazana 5-10
All you can eat Kababs with Naan
or Roomali Roti
Chi. Tikka/Haryali Tikka/Malai Tikka/Resmbi
Kabab/seek Kabab/Veg. Kabab

Wednesday
Lounge Night Belly Dancing 8-10
All Beer

Dinner Buffet
Friday, Saturday

Thursday
Punjab Di Yaad
Makki de Roti Sarson Da Saag
with Salty Lassi

Friday
Bhangra Night 10-2
No Cover Charge 18+
Sunday
Indo Chinese Night 5-0
All You Can Eat
Chilli Chiken/Veg or
Chiken Fried Rice/Veg. or Chiken
Mein/Manchorian

**1009-5075 FALCONRIDGE BL.VD.NE CALGARY, AB. T3J SK9**
**EMAIL: info@nirvanacalgary.com Phone (403) 590-9797 Fax. (403) 590-9798**

ਮੇਰੀ ਜੁਗਨੀ ਦੇ ਧਾਗੇ ਬੱਗੇ, ਜੁਗਨੀ ਉਹਦੇ ਮੂੰਹ ਥੀਂ ਫੱਬੇ
ਜਿਹਨੂੰ ਸੱਟ ਇਸ਼ਕ ਦੀ ਲੱਗੇ
ਵੀਰ ਮੇਰਿਆ ਜੁਗਨੀ ਕਹਿੰਦੀ ਆ, ਓ ਨਾਮ ਸੱਜਣ ਦਾ ਲੈਂਦੀ ਆ...

# ਜੁਗਨੀ

**ਅਮਰਜੀਤ ਚੰਦਨ**

ਇਸ ਲਿਖਤ ਵਿਚ ਮੈਂ ਜੁਗਨੀ ਦਾ ਰੂਪਕ ਕਈ ਰੰਗਾਂ ਚ ਵਰਤਿਆ ਹੈ। ਕਿਤੇ ਇਹਦਾ ਮਤਲਬ ਹੈ ਵੀਹਵੀਂ ਸਦੀ ਦੇ ਪੰਜਾਬ ਦੀ ਤਾਰੀਖ਼। ਕਿਤੇ ਇਸ ਸਦੀ ਦੀ ਚੁੱਪ ਬੇਵਸ ਚਸ਼ਮਦੀਦ ਗਵਾਹੀ। ਹੋਣੀ। ਹਮਾਤੜ। ਨਵੀਂ ਸੋਚ। ਪੂੰਜੀਵਾਦ ਦਾ ਪੰਜਾਬ ਚ ਆਗਮਨ। ਸੰਭਾਵਨਾ।

ਜੁਗਨੀ ਗਾਵਣ ਦਾ ਮੁੱਢ ਸੰਨ 1906 ਵਿਚ ਬੱਝਾ ਦੱਸਿਆ ਜਾਂਦਾ ਹੈ, ਜਦ ਫ਼ਰੰਗੀਆਂ ਨੇ ਮਲਿਕਾ ਵਿਕਟੋਰੀਆ ਦੀ ਤਾਜਪੋਸ਼ੀ ਦੀ ਗੋਲਡਨ ਜੁਬਲੀ ਵੇਲੇ 'ਜੁਬਲੀ ਫ਼ਲੇਮ' (ਜੋਤੀ) ਸਾਰੇ ਸਾਮਰਾਜ ਵਿਚ ਘੁਮਾਈ ਸੀ। ਸ਼ਹਿਰੋਂ-ਸ਼ਹਿਰ ਫਿਰਦੀ ਫ਼ਲੇਮ ਦੇ ਨਾਲ-ਨਾਲ ਦੋ ਮਝੈਲ ਬਿਸ਼ਨਾ ਤੇ ਮੰਦ੍ਹਾ (ਮੁਹੰਮਦ) 'ਖਾੜੇ ਲਾਉਂਦੇ ਹੁੰਦੇ ਸੀ। ਮੰਦ੍ਹਾ ਢੱਡ ਵਜਾਉਂਦਾ ਸੀ ਤੇ ਬਿਸ਼ਨਾ ਕਿੰਗ। ਇਨ੍ਹਾਂ ਨੇ ਜੁਬਲੀ ਨੂੰ ਜੁਗਨੀ ਬਣਾ ਦਿੱਤਾ। ਜੁਗਨੀ ਦਾ ਨਾਂ ਹਰ ਮੂੰਹ 'ਤੇ ਚੜ੍ਹ ਗਿਆ, ਅੱਧੀ ਸਦੀ ਮਗਰੋਂ ਜਿਹਨੂੰ ਆਲਮ ਲੁਹਾਰ ਨੇ ਨਵੇਂ ਰੰਗ ਚ ਗਾਉਣਾ ਸੀ ਅਤੇ ਫੇਰ ਅੱਧੀ ਸਦੀ ਪਿੱਛੋਂ ਉਹਦੇ ਪੁੱਤ ਆਰਿਫ਼ ਨੇ। ਜੁਗਨੀ ਮੁਲਤਾਨ ਹੁੰਦੀ ਹੋਈ ਮਿਰਕਣ ਪੁੱਜ ਗਈ। ਆਰਿਫ਼ ਦੀ ਸੰਨ 2006 ਵਿਚ ਗਾਈ ਜੁਗਨੀ ਦੀ ਵੀਡੀਓ ਨੀਊ ਯੌਰਕ ਚ ਬਣੀ ਹੈ। ਆਰਿਫ਼ ਨੇ ਮੈਨੂੰ ਇਸ ਲੇਖ ਦੀ ਤੰਦ ਫੜਾਈ ਹੈ। ਜੁਗਨੀ ਦੇ ਬਹਾਨੇ ਮੈਂ ਪਿਛਲੀ ਸਦੀ ਦੇ ਪੰਜਾਬ ਦੀ ਗੱਲ ਕਰਨੀ ਹੈ।

ਹਰ ਹਭੀ-ਨਭੀ ਵੇਲੇ ਜੁਗਨੀ ਜਿਥੇ-ਜਿਥੇ ਵੀ ਸੀ, ਮੈਂ ਉਹਦੇ ਨਾਲ-ਨਾਲ ਯਾਤ੍ਰਾ ਕਰਨੀ ਹੈ। ਆਪਾਂ ਅਪਣੇ ਜਨਮ ਤੋਂ ਵੀ ਪਹਿਲਾਂ ਹੋਈਆਂ ਘਟਨਾਵਾਂ ਵੇਲੇ ਹਰ ਥਾਂ ਮੌਜੂਦ ਹੋਵਾਂਗੇ, ਉਵੇਂ ਜਿਵੇਂ ਤਾਰੀਖ਼ ਦਾ ਹਰ ਪਾਠਕ ਸਦੀਆਂ ਪਹਿਲਾਂ ਦੀਆਂ ਘਟਨਾਵਾਂ ਨੂੰ ਚਿਤਾਰ ਲੈਂਦਾ ਹੈ। ਜੁਗਨੀ ਦਮੋਦਰ-ਕਿਆਂ ਚੋਂ ਹੈ, ਜਿਨ੍ਹਾਂ ਨੂੰ ਅੱਖੀ ਡਿੱਠੇ ਨੂੰ ਆਖਣ ਦੀ ਦਾਤ ਮਿਲੀ ਹੋਈ ਹੈ।

ਸੰਨ 1906 ਵਿਚ 'ਜੁਬਲੀ ਫ਼ਲੇਮ' ਦੇ ਆਉਣ ਤੋਂ ਪਹਿਲਾਂ ਤੇ ਮਗਰੋਂ ਪੰਜਾਬ ਵਿਚ ਅੱਪੜੀਆਂ ਨਵੇਂ ਜੁੱਗ ਦੀਆਂ ਨਿਹਮਤਾਂ ਦੀਆਂ ਤਾਰੀਖ਼ਾਂ ਨਾਲ ਇਸ ਲਿਖਤ ਦਾ ਪਨ੍ਹਾਂ ਬੰਦਾ ਹੈ ਸੰਨ 1850 ਵਿਚ ਲੁਧਿਆਣੇ ਛਾਪਾਖ਼ਾਨਾ ਲੱਗਣਾ ਤੇ ਪੰਜਾਬੀ ਵਿਚ ਅੰਜੀਲ ਦਾ ਛਪਣਾ; ਸ਼ਿਮਲੇ ਚ ਕੈਮਰੇ ਨਾਲ ਖਿੱਚੀ ਸਭ ਤੋਂ ਪਹਿਲੀ ਤਸਵੀਰ 1850 ਦੀ ਮਿਲਦੀ ਹੈ; ਇਸੇ ਸਾਲ ਘੰਟੇਘਰਾਂ ਚ ਵੱਡੀਆਂ ਘੜੀਆਂ ਲਗ ਗਈਆਂ; 1884 ਵਿਚ ਫ਼ਰੀਦਕੋਟੋਂ ਦਿੱਲੀ ਰੇਲਗੱਡੀ ਚਲ ਪਈ ਸੀ; 1886 ਵਿਚ ਲਹੌਰੋਂ ਪੰਜਾਬੀ ਦਾ ਪਹਿਲਾ ਅਖ਼ਬਾਰ ਖ਼ਾਲਸਾ ਅਖ਼ਬਾਰ ਛਪਣ ਲੱਗਾ ਸੀ।

ਨਾਲ ਦੀ ਨਾਲ ਪੰਜਾਬੀਆਂ ਨੇ ਅਪਣੀ ਧਰਤੀ ਦੀ ਲੱਜ ਪਾਲਣ ਲਈ ਸਿਰ-ਧੜ ਦੀ ਬਾਜ਼ੀ ਲਾ ਰੱਖੀ ਸੀ। ਪੰਜਾਬ ਦੀਆਂ ਇਨ੍ਹਾਂ ਥਾਵਾਂ ਦੇ ਨਾਮ ਸ਼ਹੀਦਾਂ ਦੇ ਨਾਵਾਂ ਵਰਗੇ ਹੀ ਪਵਿਤਰ ਹਨ: ਮੁਦਕੀ। ਫੇਰੂ। ਬੱਦੋਵਾਲ। ਲੁਧਿਆਣਾ। ਅਲੀਵਾਲ। ਸਭਰਾਉਂ। ਮੁਲਤਾਨ। ਰਾਮਨਗਰ ਗੁੱਜਰਾਂਵਾਲਾ। ਸਰਦੂਲਪੁਰ। ਚਿਲਿਆਂਵਾਲਾ। ਭੈਣੀ। ਮਲੇਰਕੋਟਲਾ।

1903 ਵਿਚ ਕਪੂਰਥਲੇ ਬਿਜਲੀ ਲਗ ਗਈ ਸੀ; 1905 ਵਿਚ ਪੰਜਾਬੀ ਦਾ ਪਹਿਲਾ ਤਵਾ (ਗਰਾਮੋਫ਼ੋਨ ਰਿਕੌਰਡ) ਬਣਿਆ; 1910 ਵਿਚ ਸਮੁੰਦਰ ਹੇਠ ਵਿਛਾਈ ਤਾਂਬੇ ਦੀ ਤਾਰ ਨਾਲ ਲੰਡਨ ਤੇ ਦਿੱਲੀ ਸ਼ਿਮਲੇ ਦੀਆਂ ਤਾਰਾਂ ਜੁੜ ਗਈਆਂ; ਓਦੋਂ ਕੁ ਹੀ ਲੌਰੀਆਂ ਤੇ ਮੋਟਰਕਾਰਾਂ ਦੇ ਨਾਲ-ਨਾਲ ਬਾਈਸਿਕਲ ਸੜਕਾਂ 'ਤੇ ਚਲਣ ਲਗ ਪਿਆ ਸੀ। ਸੰਨ 25 ਵਿਚ ਲਹੌਰ ਬਾਈਸਕੋਪ ਚੁੱਪ ਫ਼ਿਲਮਾਂ (ਖੇਲ) ਤੇ ਮੈਜਿਕ ਲੈਂਟਰਨ ਜਗਦੀ ਸੀ ਅਤੇ ਪੰਜ ਸਾਲਾਂ ਪਿੱਛੋਂ ਫ਼ਿਲਮਾਂ (ਟੌਕੀਜ਼) ਬੋਲਣ ਲਗ ਪਈਆਂ ਸਨ। ਓਦੋਂ ਲਹੌਰ ਵਿਚ ਹੀਰਾ ਰਾਮ ਸੇਠੀ ਦੀ ਪੰਜਾਬ ਫ਼ਿਲਮ ਕੰਪਨੀ ਅਤੇ ਏ. ਆਰ. ਕਾਰਦਾਰ ਯੂਨਾਇਟਡ ਪਲੇਅਰਜ਼ ਕੌਰਪੋਰੇਸ਼ਨ ਨਾਂ ਦੇ ਫ਼ਿਲਮ ਸਟੂਡੀਓ ਚੱਲਣ ਲੱਗੇ ਸੀ।

ਭਗਤ ਸਿੰਘ ਤੇ ਸੁਖਦੇਵ ਖੇਲ ਦੇਖਣ ਦੇ ਬੜੇ ਸ਼ੁਕੀਨ ਸਨ। ਇਹ ਭੁੱਖੇ ਰਹਿ ਕੇ ਚੋਰੀ-ਚੋਰੀ ਖੇਲ ਦੇਖਣ ਜਾਂਦੇ ਸੀ ਅਤੇ ਫੇਰ ਚੰਦਰ ਸ਼ੇਖਰ ਆਜ਼ਾਦ ਦੀਆਂ ਝਿੜਕਾਂ ਖਾਂਦੇ ਹੁੰਦੇ ਸੀ। ਇਨ੍ਹਾਂ ਅੰਕਲ ਟੌਮਜ਼ ਕੇਬਿਨ ਫ਼ਿਲਮ ਦੇਖੀ ਦੱਸੀ ਜਾਂਦੀ ਹੈ ਅਤੇ ਇਨ੍ਹਾਂ ਨੇ ਚਾਰਲੀ ਚੈਪਲਿਨ ਦੀਆਂ ਚੁੱਪ ਫ਼ਿਲਮਾਂ ਵੀ ਦੇਖੀਆਂ। ਫ਼ਰੰਗੀਆਂ ਦੇ ਸਿਰ ਚੜ੍ਹ ਕੇ ਮਰੇ ਦੇਸ਼ਭਗਤਾਂ ਦੀਆਂ ਸਲਾਈਡਾਂ ਭਗਤ ਸਿੰਘ ਮੈਜਿਕ ਲੈਂਟਰਨ ਨਾਲ ਲੋਕਾਂ ਨੂੰ ਦਿਖਾਉਂਦਾ ਹੁੰਦਾ ਸੀ। ਇਹ ਨਾਲ-ਨਾਲ ਜੋ ਬੋਲਦਾ ਹੋਵੇਗਾ, ਉਹ ਇਹਦੇ ਲਿਖੇ ਲੇਖਾਂ ਚ ਦਰਜ ਹੈ।

ਭਗਤ ਸਿੰਘ ਨੇ ਅਮਰੀਕਾ ਪੜ੍ਹਨ ਗਏ ਅਪਣੇ ਗਰਾਈਂ ਅਮਰ ਚੰਦ ਨੂੰ ਉਰਦੂ ਵਿਚ ਚਿੱਠੀ ਲਿਖੀ ਸੀ: 'ਭਾਈ ਮੇਰੀ ਗ਼ੈਰਮੁਮਾਲਿਕ ਮੇਂ ਜਾ ਕਰ ਤਾਲੀਮ ਹਾਸਿਲ ਕਰਨੇ ਕੀ ਖ਼ਾਹਿਸ਼ ਖ਼ੂਬ ਪਾਯਮਾਲ ਹੁਈ। ਅੱਛਾ, ਤੁਮਹੇਂ ਮੁਬਾਰਕ ਹੋ।' (ਪਾਯਮਾਲ ਦਾ ਮਤਲਬ ਹੁੰਦਾ ਹੈ ਪੈਰਾਂ ਚ ਰੁਲ ਜਾਣਾ)। ਭਗਤ ਸਿੰਘ ਇੰਗਲੈਂਡ ਦੀਆਂ ਬਣੀਆਂ ਫ਼ਿਲਮਾਂ ਦੇਖਦਾ ਅਨ੍ਹੇਰੇ ਵਿਚ ਰੌਸ਼ਨ ਖੁੱਲ੍ਹੀ ਬਾਰੀ ਥਾਣੀ ਗਿਆਨ ਦੀ ਭਾਲ ਦੀ ਸੰਭਾਵਨਾ ਵੀ ਦੇਖਦਾ ਹੋਵੇਗਾ। ਜ਼ਰਾ ਗਹੁ ਨਾਲ ਅਪਣੇ ਇਸ ਇਨਕਲਾਬੀ ਦੀਆਂ ਅਨ੍ਹੇਰੇ ਵਿਚ ਜਗਦੀਆਂ ਅੱਖਾਂ ਦੇਖੋ। ਪਰ ਇਹ ਦਰਸ਼ਨੀ ਤਾਕੀ ਭਗਤ ਸਿੰਘ ਦੀਆਂ ਅੱਖਾਂ ਦੇ ਨਾਲ ਹੀ ਮੁੰਦੀ ਗਈ। ਇਹਦੇ ਹਾਣ ਦੇ ਬਹੁਤੇਰੇ ਪੰਜਾਬੀ ਵਲਾਇਤ ਪੜ੍ਹਾਈ ਕਰਨ ਗਏ। ਕੁਝ ਇੰਡੀਅਨ ਸਿਵਿਲ ਸਰਵਿਸ ਦੇ ਨੌਕਰਸ਼ਾਹ ਬਣ ਗਏ; ਬੈਰਿਸਟਰੀ ਕਰਕੇ ਕਈ ਦੇਸ ਮੁੜ ਕੇ ਸਿਆਸਤਦਾਨ ਹੋ ਗਏ; ਪਰ ਮੁਲਕ ਦੀ ਤਕਦੀਰ ਬਦਲਣ ਵਾਲਾ ਕੋਈ ਨਾ ਬਣਿਆ।

ਆਜ਼ਾਦੀ ਦੀ ਜੰਗ ਵਿਚ ਪੰਜਾਬ ਦੀ ਕੁਰਬਾਨੀ ਜੇ ਲਾਮਿਸਾਲ ਹੈ, ਤਾਂ ਇਹਦੀ ਅੰਗਰੇਜ਼-ਭਗਤੀ ਵੀ ਘਟ ਮਿਸਾਲੀ ਨਹੀਂ। ਸੰਨ 1857 ਦੇ ਗ਼ਦਰ ਵੇਲੇ ਪਟਿਆਲੇ ਤੇ ਹੋਰ ਸਿੱਖ ਰਿਆਸਤਾਂ ਦੇ ਰਾਜਿਆਂ ਨੇ ਦਿੱਲੀ ਦੀ ਬਗ਼ਾਵਤ ਕੁਚਲੀ ਸੀ। ਫ਼ਰੰਗੀਆਂ ਦੀ ਫ਼ੌਜ ਚ ਸਿੱਖਾਂ ਦੀ ਭਰਤੀ 1846 ਚ ਹੀ ਹੋਣ ਲੱਗ ਪਈ ਸੀ। ਸੰਨ 1853-54 ਵਿਚ ਇਨ੍ਹਾਂ ਗੰਗਾ ਘਾਟੀ ਵਿਚ ਸੰਥਾਲਾਂ ਦੀ ਬਗ਼ਾਵਤ ਕੁਚਲੀ। 'ਲੂਧੀਆਹ' (ਲੁਧਿਆਣਾ) ਰਜਮੰਟ ਨੇ 1860 ਵਿਚ ਹਾਂਗਕਾਂਗ ਤੇ ਬੀਜਿੰਗ ਫ਼ਤਹ ਕੀਤਾ। ਸਿੱਖ ਫ਼ੌਜੀ ਅੱਧੀ ਸਦੀ ਤਕ ਸਰਹੱਦੀ ਸੂਬੇ ਵਿਚ ਪਠਾਣਾਂ ਦੀਆਂ ਬਗ਼ਾਵਤਾਂ ਦਬਾਉਂਦੇ ਰਹੇ। ਫੇਰ ਅਬੇਸੀਨੀਆ (1867), ਮਲਾਇਆ ਮਿਸਰ (1882-1885), ਅਫ਼ਗ਼ਾਨਿਸਤਾਨ (1878-1880), ਪੂਰਬੀ ਤੇ ਕੇਂਦਰੀ ਤੇ ਦੱਖਣੀ ਅਫ਼ਰੀਕਾ (1891-1898) ਵਿਚ ਫ਼ਰੰਗੀ ਦੀ ਫ਼ੌਜ ਦੀ ਜਾਨ ਮਾਰ ਕੇ ਸੇਵਾ ਕਰਦੇ ਰਹੇ। ਪੰਜਾਬੀਆਂ ਨੂੰ ਪਰਦੇਸ ਦਾ ਰੋਗ ਫ਼ਰੰਗੀ ਦੀ ਫ਼ੌਜ ਦਾ ਹੀ ਲਾਇਆ ਹੋਇਆ ਹੈ। ਨਾਮਕਟੇ ਫ਼ੌਜੀ ਪਰਦੇਸੀਂ ਧੁਰ ਪੂਰਬ ਤੇ ਕਨੇਡੇ ਟਿਕ ਗਏ ਸੀ। ਸੰਨ 1895 ਵਿਚ ਪਹਿਲੇ ਪੰਜਾਬੀ ਕਾਰੀਗਰਾਂ ਨੇ ਪੂਰਬੀ ਅਫ਼ਰੀਕਾ ਨੂੰ ਚਾਲੇ ਪਾਏ ਸੀ।

ਪਹਿਲੀ ਆਲਮੀ ਜੰਗ ਵੇਲੇ ਸਦੀ ਦਾ ਪਹਿਲਾ ਸਭ ਤੋਂ ਵੱਡਾ ਕਹਿਰ ਪੋਠੋਹਾਰ 'ਤੇ ਝੁੱਲਿਆ ਸੀ, ਜਿਥੇ ਫ਼ਰੰਗੀਆਂ ਨੇ ਇਕ ਲੱਖ ਵੀਹ ਹਜ਼ਾਰ ਨੌਜਵਾਨ ਭਰਤੀ ਕੀਤੇ ਅਤੇ ਜੰਗ ਦੌਰਾਨ ਹੋਰ ਵੀ ਬਹੁਤ ਸਾਰੇ। ਓਦੋਂ ਪਟਿਆਲੇ ਵਾਲੇ ਛੈਲੇ ਦਾ ਗੰਵਿਆਂ ਇਹ ਤਵਾ ਵੱਜਦਾ ਸੀ:

ਭਰਤੀ ਹੋ ਜਾ ਵੇ, ਬਾਹਰ ਖੜ੍ਹੇ ਰੰਗਰੂਟ (ਟੇਕ)
ਏਥੇ ਖਾਵੇਂ ਸੁੱਕੀ ਹੋਈ ਰੋਟੀ, ਓਥੇ ਖਾਵੇਂ ਫ਼ਰੂਟ...
ਏਥੇ ਪਾਵੇਂ ਫਟੇ ਹੋਏ ਲੀੜੇ, ਓਥੇ ਪਾਵੇਂ ਸੂਟ...
ਏਥੇ ਪਾਵੇਂ ਟੁੱਟੀ ਹੋਈ ਜੁੱਤੀ, ਓਥੇ ਪਾਵੇਂ ਬੂਟ...

ਇਸ ਜੰਗ ਬਾਬਤ ਕਈ ਲੋਕ ਗੀਤ ਹੁਣ ਕਿਤਾਬਾਂ ਵਿਚ ਦਰਜ ਬੰਦ ਪਏ ਹਨ। ਇਨ੍ਹਾਂ ਨੂੰ ਕੋਈ ਨਹੀਂ ਗਾਉਂਦਾ। ਇਸ ਜੰਗ ਵਿਚ ਬਸਰੇ, ਗੈਲੀਪੋਲੀ ਤੁਰਕੀ ਤੇ ਫ਼ਰਾਂਸ ਦੇ ਮੋਰਚੇ ਵਿਚ ਭੰਗ ਦੇ ਭਾੜੇ ਮਰੇ ਹਜ਼ਾਰਾਂ ਪੰਜਾਬੀ ਨੌਜਵਾਨਾਂ ਦਾ ਦੁੱਖ ਕਿਸੇ ਨਹੀਂ ਲਿਖਿਆ।

ਫ਼ੌਜੀਆਂ ਦੇ ਆਸਰੇ ਫ਼ਰਵਰੀ 1915 ਵਿਚ ਫ਼ਰੰਗੀਆਂ ਖ਼ਿਲਾਫ਼ ਬਗ਼ਾਵਤ ਕਰਨ ਦੀ ਗ਼ਦਰ ਪਾਰਟੀ ਦੀ ਵਿਉਂਤ ਸਿਰੇ ਨਹੀਂ ਸੀ ਚੜ੍ਹੀ। ਸੰਨ 13 ਵਿਚ ਬਣੀ ਗ਼ਦਰ ਪਾਰਟੀ ਦੇ ਕਾਰਕੁੰਨ ਅਮਰੀਕਾ ਤੇ ਹੋਰ ਮੁਲਕਾਂ ਤੋਂ ਲਲਕਾਰੇ ਮਾਰਦੇ ਹਿੰਦੁਸਤਾਨ ਚੱਲੇ ਸੀ ਕਿ ਅਸੀਂ ਜਾ ਕੇ ਬਗ਼ਾਵਤ ਕਰਨੀ ਹੈ। ਬਹੁਤੇ ਰਾਹ ਚ ਫੜੇ ਗਏ। ਜਿਹੜੇ ਘਰੀਂ ਪੁੱਜੇ, ਉਨ੍ਹਾਂ ਦਾ ਪੁਲਸ ਟੋਡੀਆਂ ਨਾਲ ਵੈਰ ਪੈ ਗਿਆ। ਉਹ ਉਨ੍ਹਾਂ ਨੂੰ ਕਤਲ ਕਰਨ ਲੱਗੇ। ਲੋਕਾਂ ਨੂੰ ਪਤਾ ਹੀ ਨਹੀਂ ਸੀ ਕਿ ਉਨ੍ਹਾਂ ਨੂੰ ਆਜ਼ਾਦ ਕਰਵਾਉਣ ਲਈ ਬਹੁਤ ਸਾਰੇ ਬੰਦੇ ਅਮਰੀਕਾ ਕਨੇਡਾ ਛੱਡ ਕੇ ਆਏ ਹਨ। ਅੰਤ ਨੂੰ ਅੰਗਰੇਜ਼ਾਂ ਨੇ ਡੇਢ੍ਹ ਸੌ ਗ਼ਦਰੀ ਫਾਂਸੀ ਦੇ ਕੇ ਜਾਨੋਂ ਮਾਰ ਦਿੱਤੇ, 3 ਸੌ ਨੂੰ 14 ਸਾਲ ਤੋਂ ਵਧ ਸਜ਼ਾਵਾਂ ਹੋਈਆਂ; ਕਈਆਂ ਨੇ ਕਾਲੇ ਪਾਣੀ ਦਾ ਨਰਕ ਕੱਟਿਆ। ਘਰ ਜਾਇਦਾਦ ਦੀ ਕੁਰਕੀ ਵੱਖਰੀ ਹੋਈ। ਉਨ੍ਹਾਂ ਦੇ ਘਰਦਿਆਂ ਜੋ ਮੁਸੀਬਤਾਂ ਝੱਲੀਆਂ, ਉਨ੍ਹਾਂ ਦੀ ਕੋਈ ਗੱਲ ਨਹੀਂ ਕਰਦਾ। ਉਹ ਗ਼ਦਰ ਨਾਂ ਦਾ ਅਖ਼ਬਾਰ ਕੱਢਦੇ ਸਨ, ਜਿਹਦੇ ਅਖ਼ੀਰ ਵਿਚ ਲਿਖਿਆ ਹੁੰਦਾ ਸੀ - ਇਹ ਕਾਗਦ ਨਹੀਂ, ਲੜਾਈ ਦਾ ਝੰਡਾ ਹੈ।

ਇੰਗਲੈਂਡ ਵਿਚ ਵੀਹਵੀਂ ਸਦੀ ਦੇ ਸ਼ੁਰੂ ਵਿਚ ਔਰਤਾਂ ਦੀ ਆਜ਼ਾਦੀ ਦੀ ਲਹਿਰ ਸਫ਼ਰਜੈਟ ਚੱਲੀ ਸੀ। ਇਸੇ ਲਹਿਰ ਨੇ ਦੁਨੀਆ-ਭਰ ਦੀਆਂ ਔਰਤਾਂ ਨੂੰ ਵੋਟ ਦੇਣ ਦਾ ਹੱਕ ਲੈ ਕੇ ਦਿੱਤਾ ਸੀ। ਪੰਜਾਬ ਦੇ ਬਾਦਸ਼ਾਹ ਰਣਜੀਤ ਸਿੰਘ ਦੀ ਪੋਤੀ 'ਗਿਆਨੋ' ਯਾਨੀ ਸੋਫ਼ੀਆ ਇਸ ਇਨਕਲਾਬੀ ਲਹਿਰ ਦੀ ਆਗੂ ਸੀ। ਇਸ ਸਦੀ ਵਿਚ ਪੰਜਾਬ ਦੀ ਕੋਈ ਇਕ ਵੀ ਔਰਤ ਸਿਰਕੱਢ ਕੌਮੀ ਲੀਡਰ ਨਹੀਂ ਬਣੀ। ਇਕ ਸੌ ਸਾਲਾਂ ਵਿਚ ਪੰਜਾਬ ਚ ਸਾਇੰਸ ਦੀ ਤਰੱਕੀ ਨਾਲ ਏਨਾ ਫ਼ਰਕ ਪੈ ਗਿਆ ਹੈ ਕਿ ਪਹਿਲਾਂ ਪੰਜਾਬੀ ਜੰਮਦੀ ਕੁੜੀ ਦਾ ਗਲ਼ ਘੁੱਟ ਦਿੰਦੇ ਸੀ ਤੇ ਹੁਣ ਜੰਮਣੋਂ ਪਹਿਲਾਂ ਹੀ ਮਾਰ ਦਿੰਦੇ ਹਨ।

ਕੈਮਰਾ ਸੰਨ 1850 ਦਾ ਪੰਜਾਬ ਵਿਚ ਆਇਆ ਹੋਇਆ ਹੈ। ਓਦੋਂ ਦੀ ਸਭ ਤੋਂ ਪਹਿਲੀ ਤਸਵੀਰ ਸ਼ਿਮਲੇ ਵਿਚ ਖਿੱਚੀ ਹੋਈ ਮਿਲਦੀ ਹੈ। ਪਰ ਇਤਿਹਾਸਕ ਪਲਾਂ ਦੀਆਂ ਦੋ ਵਿਰਲੀਆਂ ਤਸਵੀਰਾਂ ਮਿਲਦੀਆਂ ਹਨ: ਇਕ ਤਾਂ ਪੰਜਵੀਂ ਪਾਤਸ਼ਾਹੀ ਦੇ ਸ਼ਾਂਤਮਈ ਆਦਰਸ਼ ਨੂੰ ਪਰਣਾਏ ਗੁਰੂ ਕੇ ਬਾਗ਼ ਦੇ ਮੋਰਚੇ ਦੀ ਹੈ। ਇਸ ਵਿਚ ਦੇਸੀ ਪੁਲਸੀਆਂ ਦੀਆਂ ਉਂਘਰੀਆਂ ਲਾਠੀਆਂ ਹੀ ਦਿਸਦੀਆਂ ਹਨ ਅਤੇ ਜਿਹਦੇ ਵੱਜ ਰਹੀਆਂ ਹਨ, ਉਹ ਬਹੁਤ ਹੀ ਧੁੰਦਲਾ। ਓਦੋਂ ਜ਼ਿਲੇ ਦੇ ਫ਼ਰੰਗੀ ਹਾਕਮ ਬੀ.ਟੀ. ਬਾਰੇ ਸੰਗਤਾਂ ਇਹ ਗੀਤ ਗਾਉਂਦੀਆਂ ਗੁਰੂ ਕੇ ਬਾਗ਼ ਨੂੰ ਜਾਂਦੀਆਂ ਹੁੰਦੀਆਂ ਸੀ: ਮਾਰ ਲੈ ਬੀ ਟੀ ਡਾਂਗਾਂ... । ਇਸ ਵੇਲੇ ਦੀ ਲੰਦਨ ਦੀ ਮੂਵੀਟੋਨ ਕੰਪਨੀ ਦੀ ਲਾਇਬ੍ਰੇਰੀ ਵਿਚ ਝਉਲੀ-ਜਿਹੀ ਮੂਵੀ-ਫ਼ਿਲਮ ਵੀ ਪਈ ਹੈ, ਜਿਸ ਦਾ ਤਨ-ਮਨ ਨੂੰ ਝੰਜੋੜਨ ਵਾਲਾ ਬਿੰਬ ਹੈ ਕਿਸੇ ਸਿੰਘ 'ਤੇ ਡਾਂਗ ਵਰ੍ਹਦੀ ਹੈ ਤੇ ਉਹ ਡਿਗ ਪੈਂਦਾ ਹੈ। ਇਹ ਚਾਰ-ਪੰਜ ਸਕਿੰਟਾਂ ਦੀ ਫ਼ਿਲਮ ਵਿਚ ਡੋਰ ਵਾਲੀ ਡਿਗਦੀ ਪੁਤਲੀ ਵਰਗਾ ਝਉਲਾ ਪੈਂਦਾ ਹੈ; ਜਿਵੇਂ ਕੋਈ ਅਞਾਣਾ ਅਪਣੇ ਬਾਪ ਦੀ ਹੋ ਰਹੀ ਬੇਪਤੀ ਦੇਖ ਰਿਹਾ ਹੈ। ਓਦੋਂ ਕੈਮਰੇ ਦੀ ਰਫ਼ਤਾਰ ਸਹੀ ਨਹੀਂ ਸੀ ਹੁੰਦੀ ਅਤੇ ਮੰਦ-ਰਫ਼ਤਾਰ ਨਾਲ ਬਣਾਈ ਮੂਵੀ ਵਿਚ ਜਣੇ ਚਾਬੀ ਦਿੱਤੇ ਖਿਡੌਣਿਆਂ ਵਾਂਙ ਨੱਸਦੇ ਜਾਂਦੇ ਲਗਦੇ ਹਨ। ਪੰਜਾਬ ਦੇ ਇਤਿਹਾਸਕ ਮੌਕਿਆਂ ਦੀਆਂ ਫ਼ੋਟੋਆਂ ਨਾਂ-ਮਾਤ੍ਰ ਹੀ ਮਿਲਦੀਆਂ ਹਨ ਕਿਸਾਨ ਮੋਰਚਿਆਂ, ਸੰਨ ਸੰਤਾਲ਼ੀ, ਸੰਨ 65 ਤੇ 71 ਦੀਆਂ ਜੰਗਾਂ ਦੀਆਂ, ਚੁਰਾਸੀ ਦੇ ਵਰਤੇ ਭਾਣੇ ਦੀਆਂ।

ਇਤਿਹਾਸ ਤੇ ਸਾਹਿਤ-ਕਲਾ ਦੇ ਨੇਮ ਇੱਕੋ-ਜਿਹੇ ਨਹੀਂ ਹੁੰਦੇ। ਇਤਿਹਾਸ ਜਿਵੇਂ ਕੋਈ ਫ਼ਿਲਮ ਹੁੰਦੀ ਹੈ, ਜੋ ਪਰਦਾ-ਏ-ਸਕ੍ਰੀਨ 'ਤੇ ਚੁੱਪ-ਚਾਪ ਚੱਲੀ ਜਾਂਦੀ ਹੈ। ਸਾਹਿਤਕਾਰ-ਕਲਾਕਾਰ ਦਾ ਕੰਮ ਸ਼ਾਇਦ ਚਾਚੇ ਮੋਹਣ ਸਿੰਘ ਵਾਂਙ ਨਾਲ-ਨਾਲ ਵਾਜਾ ਵਜਾਉਣਾ ਹੁੰਦਾ ਹੈ। ਅੰਗਰੇਜ਼ੀ ਕਵੀ ਔਡਨ ਨੇ ਕਿਸੇ ਥਾਂ ਲਿਖਿਆ ਹੈ: ਕਲਾ ਇਤਿਹਾਸ ਚੋਂ ਨਿਕਲਦੀ ਹੈ; ਕਲਾ ਨਾਲ ਇਤਿਹਾਸ ਨਹੀਂ ਬਣਦਾ। - ਜੇ ਨਾਨਕ ਜੀ ਬਾਬਰਵਾਣੀ ਨਾ ਵੀ ਲਿਖਦੇ; ਪ੍ਰਾਣ ਨਾਥ ਮਾਗੋ ਸੰਨ ਸੰਤਾਲ਼ੀ ਦੇ ਸਾਕੇ ਦੇ ਚਿਤ੍ਰ ਨਾ ਵੀ ਬਣਾਉਂਦੇ; ਤਾਂ ਵੀ ਪੰਜਾਬ ਦਾ ਲਿਖਿਆ-ਅਣਲਿਖਿਆ ਇਤਿਹਾਸ ਓਹੀ ਹੋਣਾ ਸੀ, ਜੋ ਅੱਜ ਹੈ।

ਸੰਨ 1930 ਦੀ ਰਾਤ
ਨਕੋਦਰ ਸ਼ਹਿਰ ਦੇ ਲੋਕ ਹੈਰਾਨ ਹਨ
ਤੰਬੂ ਵਿਚ ਗੁੰਗੀ ਫ਼ਿਲਮ ਦਾ ਖੇਲ ਚਲ ਰਿਹਾ ਹੈ
ਤੇ ਨਾਲ-ਨਾਲ ਚਾਚਾ ਮੋਹਣ ਸਿੰਘ ਵਾਜਾ ਵਜਾ ਰਿਹਾ ਹੈ
ਨੇੜ੍ਹੇ ਦੀ ਕੰਧ ਵਿਚ ਬਾਰੀ ਖੁੱਲ੍ਹੀ ਹੋਈ ਹੈ
ਸ਼ੈਆਂ ਬੋਲਦੀਆਂ ਹਨ ਪਰ ਵਾਜ ਨਹੀਂ ਆਉਂਦੀ
ਫੁੱਲ ਜਦ ਖਿੜਦਾ ਹੈ ਤਾਂ ਚੁਪ-ਚੁਪੀਤਾ
ਤੁਰਦੇ ਜਾਂਦੇ ਬੰਦੇ ਵੀ ਨੱਸਦੇ ਜਾਂਦੇ ਲਗਦੇ ਹਨ
ਲੋਕ ਨੀਂਦਰ ਵਾਲੇ ਸੁਪਨੇ ਨੂੰ ਦੇਖ ਲੋਟ-ਪੋਟ ਹੋ ਰਹੇ ਹਨ
ਚਾਚਾ ਮੋਹਣ ਸਿੰਘ ਵਾਜੇ 'ਤੇ ਉਨ੍ਹਾਂ ਦੀ ਸੰਗਤ ਕਰ ਰਿਹਾ ਹੈ
ਤੇ ਫੁੱਲ ਖਿੜਾ ਰਿਹਾ ਹੈ
ਅੱਜ ਦੀ ਰਾਤ
ਨਕੋਦਰ ਸ਼ਹਿਰ ਦੇ ਲੋਕ ਇਕੱਠੇ ਰਲ ਕੇ ਸੁਪਨਾ ਲੈ ਰਹੇ ਹਨ
ਹੱਸ ਰਹੇ ਹਨ ਤੇ ਹੈਰਾਨ ਹਨ
(ਚਾਚਾ ਮੋਹਣ ਸਿੰਘ ਨਾਂ ਦੀ ਕਵਿਤਾ. ਬੀਜਕ. ਨਵਯੁਗ. 1996)



ਹੁਣ ਲਗਦਾ ਹੈ, ਪੂੰਜੀਵਾਦ ਵਾਂਙ ਬਸਤੀਵਾਦ ਵੀ ਇਤਿਹਾਸ ਦਾ ਅਰੁੱਕ ਵਰਤਾਰਾ ਸੀ। ਬੀਤ ਗਈ ਘਟਨਾ ਮਗਰੋਂ ਅਟੱਲ ਹੀ ਲਗਦੀ ਹੁੰਦੀ ਹੈ ਕਿ ਇੰਜ ਹੀ ਹੋਣਾ ਸੀ। ਜਦ ਪੰਜਾਬ ਵਿਚ ਅੰਗਰੇਜ਼ਾਂ ਦਾ ਆਗਮਨ ਹੋਇਆ; ਨਾਲ ਅੰਗਰੇਜ਼ੀ ਦਾ ਬੋਲਬਾਲਾ ਵੀ ਹੋਣਾ ਸੀ। ਅੰਗਰੇਜ਼ੀ ਪੰਜਾਬੀ ਨੂੰ ਖਾਣ ਲਗ ਪਈ। ਹੁਣ ਲਿਖਾਰੀ ਪੰਜਾਬੀ ਦਾ ਵਾਕ ਅੰਗਰੇਜ਼ੀ ਦੇ ਵਾਕ ਵਾਂਙ ਲਿਖਦੇ ਹਨ; ਪੰਜਾਬੀ ਦੀ ਵਿਆਕਰਣ ਹੀ ਬਦਲ ਗਈ ਹੈ। ਪੰਜਾਬ ਦੀ ਕੰਧ ਵਿਚ ਸੰਭਾਵਨਾ ਦੀ ਨਵੀਂ ਬਾਰੀ ਲੱਗ ਗਈ, ਜੋ ਪੱਛਮ ਵਲ ਖੁੱਲ੍ਹਦੀ ਸੀ। ਮਾਰਕਸ ਨੇ ਆਖਿਆ ਸੀ ਕਿ ਸਾਮਰਾਜੀ ਜਿਥੇ ਵੀ ਜਾਂਦੇ ਹਨ, ਅਪਣੇ ਨਾਲ ਰੇਲ ਦਾ ਇੰਜਣ ਲੈ ਕੇ ਜਾਂਦੇ ਹਨ; ਜਿਸ ਨਾਲ ਮਜ਼ਦੂਰ ਜਮਾਤ ਬਣਦੀ ਹੈ ਅਤੇ ਇਤਿਹਾਸ ਦੀ ਰੇਲ ਅੱਗੇ ਨੂੰ ਚਲਣ ਲਗਦੀ ਹੈ।

ਵੀਹਵੀਂ ਸਦੀ ਦੇ ਜਿਹੜੇ ਪਹਿਲਕੇ ਪੰਜਾਬੀ ਪਰਦੇਸ ਨੂੰ ਗਿਆਨ ਤੇ ਇਨਕਲਾਬ ਦੀ ਅੱਗ ਲੈਣ ਗਏ ਸਨ, ਉਨ੍ਹਾਂ ਚ ਐਬਟਾਬਾਦੋਂ ਜਾਪਾਨ ਪੜ੍ਹਾਈ ਕਰਨ ਗਿਆ ਪੂਰਨ ਸਿੰਘ ਸੀ ਅਤੇ ਮਸਤੂਆਣੇ ਤੋਂ ਸੰਤ ਤੇਜਾ ਸਿੰਘ। ਅਮਰੀਕਾ ਪੜ੍ਹਨ ਗਿਆ ਸੰਤੋਖ ਸਿੰਘ ਸਾਨਫ਼ਰਾਂਸਿਸਕੋ ਗ਼ਦਰ ਸਾਜ਼ਿਸ਼ ਮੁਕੱਦਮੇ ਚ ਦੋ ਸਾਲ ਕੈਦ ਕਟ ਕੇ ਦੇਸ ਪਰਤ ਕੇ ਸੰਨ 1926 ਵਿਚ ਪੰਜਾਬੀ ਦਾ ਪਹਿਲਾ ਮਾਰਕਸੀ ਪਰਚਾ ਕਿਰਤੀ ਛਾਪਣ ਲੱਗਾ ਸੀ। ਪਰ ਉਹ ਅਗਲੇ ਸਾਲ ਹੀ ਪੈਂਤੀ ਸਾਲ ਦੀ ਉਮਰੇ ਤਪਦਿਕ ਨਾਲ ਪੂਰਾ ਹੋ ਗਿਆ। ਭਗਤ ਸਿੰਘ ਤੇਈ ਸਾਲ ਦੀ ਉਮਰ ਚ ਫਾਂਸੀ ਚੜ੍ਹ ਗਿਆ। ਉਨ੍ਹਾਂ ਦਿਨਾਂ ਚ ਹੀ ਯੂਨਾਨੀ ਤੇ ਸੰਸਕ੍ਰਿਤ ਦਾ ਵਿਦਵਾਨ ਧਰਮ ਅਨੰਤ ਸਿੰਘ ਲੰਦਨ ਵਿਚ ਅਫ਼ਲਾਤੂਨ ਤੇ ਸਿੱਖੀ ਬਾਰੇ ਕਿਤਾਬਾਂ ਲਿਖ ਕੇ ਛਪਵਾ ਰਿਹਾ ਸੀ। ਅੰਗਰੇਜ਼ੀਦਾਨ ਮੁਲਕ ਰਾਜ ਆਨੰਦ ਫ਼ਲਸਫ਼ੇ ਦੀ ਡਾਕਟਰੀ ਕਰਦਾ ਸੀ। ਪਰਦੇਸ ਵਿਚ ਤਾਲੀਮ ਹਾਸਿਲ ਕਰਦੇ ਮੁਹੰਮਦ ਇਕ਼ਬਾਲ ਨੂੰ ਪੰਜਾਬ ਤੇ ਪੰਜਾਬੀ ਦਾ ਕੋਈ ਸੇਕ ਨਹੀਂ ਸੀ। ਗੁਰਬਖ਼ਸ਼ ਸਿੰਘ ਨੇ ਅਮਰੀਕਾ ਚ ਇੰਜੀਨੀਅਰੀ ਕਰ ਕੇ ਦੇਸ ਪਰਤ ਕੇ ਸਿੱਖਾਂ ਦੀਆਂ ਪੂਰੀਆਂ ਦੋ ਪੀੜ੍ਹੀਆਂ ਦੀ ਬੌਧਿਕ ਅਗਵਾਈ ਕਰਨੀ ਸੀ। (ਇੰਜਣ ਨਾਲ ਚਲਦੇ ਹਲ ਟਰੈਕਟਰ- ਨਾਲ ਵਾਹੀ ਕਰਨ ਵਾਲਾ ਪਹਿਲਾ ਪੰਜਾਬੀ ਵੀ ਸ਼ਾਇਦ ਗੁਰਬਖ਼ਸ਼ ਸਿੰਘ ਹੀ ਸੀ)।

ਪੂਰੀ ਸਦੀ ਦਾ ਪੰਜਾਬ ਜਿਵੇਂ ਮੱਸਿਆ ਦੀ ਰਾਤ ਹੈ; ਜਿਸ ਵਿਚ ਚਿੰਤਨਸਾਧਨਾ ਦੇ ਕੁਝ ਜੁਗਨੂ ਹੀ ਦਿਸਦੇ ਹਨ, ਚਾਨਣ ਨਹੀਂ ਦਿਸਦਾ। ਕੀ ਨੋਬੇਲ ਇਨਾਮਯਾਫ਼ਤਾ ਸਾਇੰਸਦਾਨ ਹਰਗੋਬਿੰਦ ਖ਼ੁਰਾਣੇ ਤੇ ਅਬਦੁੱਸ ਸਲਾਮ ਨੂੰ ਅਪਣੇ ਪੰਜਾਬੀ ਹੋਣ ਦਾ ਮਾਣ ਹੈ ਸੀ?

ਵੀਹਵੀਂ ਸਦੀ ਵਿਚ ਪੰਜਾਬ ਨਾਲ ਬੜੇ ਵੱਡੇ-ਵੱਡੇ ਧ੍ਰੋਹ ਹੋਏ। ਕੁਝ ਹੋਣੀ ਨੇ ਕੀਤੇ; ਕੁਝ ਬੇਗ਼ਾਨਿਆਂ ਨੇ ਕੀਤੇ ਅਤੇ ਕੁਝ ਪੰਜਾਬੀਆਂ ਨੇ ਆਪ। ਭਗਤ ਸਿੰਘ ਦਾ ਤੇਈ ਸਾਲ ਦੀ ਉਮਰ ਚ ਫਾਹੇ ਲੱਗਣਾ ਅਤੇ ਦਸਾਂ ਸਾਲਾਂ ਮਗਰੋਂ ਲਹੌਰ ਵਿਚ ਹੀ ਅਮ੍ਰਿਤਾ ਸ਼ੇਰਗਿੱਲ ਦਾ ਅਠਾਈ ਸਾਲ ਦੀ ਉਮਰ ਚ ਪੂਰੇ ਹੋ ਜਾਣਾ ਪੰਜਾਬੀ ਸੋਚ ਤੇ ਸੁਹਜ ਦੇ ਦੋ ਮਹਾਨ ਦੁਖਾਂਤ ਹਨ। ਭਗਤ ਸਿੰਘ ਜਿੱਡਾ ਦਾਨਾਬੀਨਾ ਅਤੇ ਅਮ੍ਰਿਤਾ ਸ਼ੇਰਗਿਲ ਜਿੱਡੀ ਸੁਹਜਵੰਤੀ ਪੰਜਾਬ ਨੂੰ ਮੁੜ ਕੇ ਨਸੀਬ ਨਹੀਂ ਹੋਈ। ਭਗਤ ਸਿੰਘ ਦਾ ਤਾਂ ਇੰਜ ਹਿਰਖ ਹੁੰਦਾ ਹੈ, ਜਿਵੇਂ ਘਰ ਦੇ ਕਿਸੇ ਜੀਅ ਨੇ ਆਤਮਘਾਤ ਕਰ ਲਿਆ ਹੋਵੇ। ਭਗਤ ਸਿੰਘ ਇਨਕਲਾਬ ਦੀ ਤਲਵਾਰ ਅਕਲ ਦੀ ਸਾਣ 'ਤੇ ਤਿੱਖੀ ਕਰਨ ਹੀ ਲੱਗਾ ਸੀ ਕਿ ਤਲਵਾਰ ਇਹਦੇ ਹੱਥੋਂ ਡਿਗ ਪਈ। ਮੰਝਧਾਰ ਚ ਫਸੀ ਪੰਜਾਬ ਦੀ ਬੇੜੀ ਨੂੰ ਪਾਰ ਲੰਘਾਉਣ ਵਾਲਾ ਜਾਂ ਤਾਂ ਅਜੀਤ ਸਿੰਘ ਹੋ ਸਕਦਾ ਸੀ ਤੇ ਜਾਂ ਲਾਜਪਤ ਰਾਏ। ਲਾਜਪਤ ਨੂੰ ਵੀ ਹੋਣੀ ਨੇ ਖੋਹ ਲਿਆ ਅਤੇ ਲੋਕ ਲਹਿਰ ਦਾ ਵੱਡਾ ਆਗੂ ਅਜੀਤ ਸਿੰਘ ਉੱਠ ਕੇ ਪਰਦੇਸ ਤੁਰ ਗਿਆ ਅਤੇ ਸਾਰੀ ਉਮਰ ਆਪ-ਸਹੇੜੀ ਜਲਾਵਤਨੀ ਚ ਲੰਘਾ ਛੱਡੀ। ਜਦ ਅਜੀਤ ਸਿੰਘ ਆਖ਼ਰੀ ਸਾਹ ਲੈਣ ਵਤਨ ਪਰਤਿਆ, ਤਾਂ ਪੰਜਾਬ ਦੀ ਪੱਗੜੀ ਪੈਰਾਂ ਚ ਰੁਲਦੀ ਪਈ ਸੀ। ਜੁਗਨੀ ਦਾ ਉਸ ਵੇਲੇ ਦਾ ਦੁੱਖ ਅੰਮ੍ਰਿਤਾ ਪ੍ਰੀਤਮ ਨੇ ਅਪਣੀ ਉਸ ਕਵਿਤਾ ਵਿਚ ਦੱਸਿਆ ਸੀ।

ਗੁਰਮਤਿ ਸੰਗੀਤ ਦੇ ਦੋ ਸੰਬੋਧ ਹਨ ਪੜਤਾਲ ਅਤੇ ਤਕਰਾਰ। ਸੰਗੀਤ ਧਿਆਨ-ਚਿੱਤ ਲਾ ਕੇ ਸੁਰ ਵਿਚ ਕੀਤਾ ਚਿੰਤਨ ਹੀ ਹੁੰਦਾ ਹੈ। ਪੜਤਾਲ ਯਾਨੀ ਖੋਜ ਅਤੇ ਤਕਰਾਰ ਯਾਨੀ ਗੋਸ਼ਟਿ, ਬਹਿਸ - ਕਿਛੁ ਕਹਿਣਾ ਕਿਛੁ ਸੁਣਨਾ। ਸਾਰੀ ਸਦੀ ਸਿੱਖ ਪੰਥ ਦਾ ਧਿਆਨ ਸਿਆਸਤ ਵਲ ਲੱਗਾ ਰਿਹਾ। ਕੋਈ ਸਿੱਖ ਚਿੰਤਕ ਵਿਰਲਾ ਹੀ ਦਿਸਦਾ ਹੈ। ਮੁਸਲਮਾਨ ਅਣਭਿੱਜ ਰਹੇ; ਸਰ ਮੁਹੰਮਦ ਇਕ਼ਬਾਲ ਤਾਂ ਨਿਤਸ਼ੇ ਮਰਦ-ਏ-ਮੋਮਿਨ ਪਾਕਿਸਤਾਨ ਦੇ ਖ਼ਾਬ ਲੈਂਦਾ ਸੰਨ 38 ਚ ਪੂਰਾ ਹੋ ਗਿਆ ਸੀ। ਸੰਤੋਖ ਸਿੰਘ-ਭਗਤ ਸਿੰਘ ਤੋਂ ਪਿੱਛੋਂ ਪੰਜਾਬੀ ਮਾਰਕਸਵਾਦੀ ਚਿੰਤਨ ਦੀ ਥਾਂ ਸਤਾਲਿਨਵਾਦ ਨੇ ਲਈ ਰੱਖੀ, ਜਿਸ ਵਿਚ ਖੋਜ ਤੇ ਗੋਸ਼ਟਿ ਦੀ ਥਾਂ ਨਹੀਂ ਹੈ। ਪਾਸ਼ ਨੇ ਲਿਖਿਆ ਸੀ ਕਿ ਪੰਜਾਬੀ ਸਤਾਲਿਨਵਾਦੀ 'ਕਿਸੇ ਦੀ ਮਿੱਟੀ ਪਲੀਤ ਕਰ ਸਕਦੇ ਹਨ; ਸੰਵਾਦ ਨਹੀਂ ਕਰ ਸਕਦੇ; ਅਪਣੀ ਮਿੱਟੀ ਇਨ੍ਹਾਂ ਕੋਲ ਹੈ ਈ ਨਹੀਂ'। ਸਤਾਲਿਨਵਾਦ ਪੰਜਾਬੀ ਕਮਿਉਨਿਸਟਾਂ ਦਾ ਨਵਾਂ ਧਰਮ ਸੀ ਅਤੇ ਇਨ੍ਹਾਂ ਮਾਰਕਸ ਦੀ 'ਹਰ ਗੱਲ ਦੀ ਸ਼ੱਕ ਕਰਨ' ਦੀ ਸੰਥਿਆ ਜਾਣੀ-ਸਮਝੀ ਹੀ ਨਾ। ਲੇਨਿਨ-ਸਤਾਲਿਨ ਵਿਚ ਕਿਹੜੀ ਐਸੀ 'ਰੂਹਾਨੀ' ਸ਼ਕਤੀ ਸੀ ਕਿ ਤੇਜਾ ਸਿੰਘ ਸੁਤੰਤਰ, ਸੋਹਣ ਸਿੰਘ ਜੋਸ਼ ਵਰਗੇ ਅਕਾਲੀ ਸਿਆਸਤ ਵਿਚ ਪਰਵਾਨ ਚੜ੍ਹੇ ਅਪਣੀ ਸਿੱਖੀ ਰੀਤ ਨੂੰ ਤਿਲਾਂਜਲੀ ਦੇ ਬੈਠੇ ਅਤੇ ਅਪਣੇ ਆਪ ਨੂੰ ਨਾਸਤਿਕਾਂ ਤੋਂ ਵੀ ਵਧ ਨਾਸਤਿਕ ਅਖਵਾ ਕੇ ਹੁੱਬਣ ਲੱਗੇ ਸੀ? ਸਾਡੇ ਪਹਿਲੇ ਮਾਰਕਸੀ ਲਿਖਾਰੀ ਭਾਈ ਸੰਤੋਖ ਸਿੰਘ ਦੀਆਂ ਲਿਖਤਾਂ ਦੇ ਨਾਂ ਪੜ੍ਹਨ ਵਾਲੇ ਹਨ: 'ਉਬਲਦੀ ਦੇਗ ਵਿਚ ਬੈਠਾ ਅੱਲ੍ਹਾ ਦਾ ਨੂਰ ਪਿਆਰਾ ਹੈ ਸ੍ਰੀ ਗੁਰੂ ਅਰਜਨ ਦੇਵ ਜੀ'। ਭਾਈ ਜੀ ਦੇ ਨਵੇਂ-ਘੜੇ ਇਹ ਸ਼ਬਦ ਚੱਲੇ ਨਹੀਂ: ਲੋਕਭਗਤ, ਪਰਜਾਭਗਤ, ਨਿਰਮਲ ਪਰਉਪਕਾਰੀ, ਗ੍ਰਿਹਸਤੀ ਫ਼ਕੀਰ, ਧਰਮੀ, ਵਤਨ-ਸਪੁੱਤਰ। ਭਾਈ ਜੀ ਦੇ ਨਾਲ ਹੀ ਭਾਈ ਜੀ ਵਰਗੀ ਸਰਬ-ਉੱਚ ਉਪਾਧੀ ਅਲੋਪ ਹੋ ਗਈ ਅਤੇ ਓਪਰੀ ਉਪਾਧੀ 'ਕਾਮਰੇਡ' ਪ੍ਰਚਲਿਤ ਹੋ ਗਈ। ਨਿਮਖ ਚਿਤਵਣ ਨਿਮਖ ਸਲਾਹਵਣ ਦੀ ਸਿੱਖ ਦਾਨਿਸ਼ਮੰਦਾਂ ਨੂੰ ਕੋਈ ਚਿੰਤਾ ਨਹੀਂ ਸੀ। ਮਨਮੁੱਖ ਗੁਰਮੁੱਖ ਤੱਤ ਨਿਵਾਰਕਾਂ ਨੂੰ ਅਕਾਲ ਤਖ਼ਤ ਸੱਦ ਕੇ ਡੰਨ ਲਾਉਂਦੇ ਰਹੇ। ਆਖ਼ਰੀ ਤਿੰਨ ਦਹਾਕਿਆਂ ਚ ਚੱਲੀਆਂ ਦੋ ਅੱਤਵਾਦੀ ਆਤਮਘਾਤੀ ਲਹਿਰਾਂ ਵਿਚ ਹਜ਼ਾਰਾਂ ਨੌਜਵਾਨਾਂ ਦਾ ਲਹੂ ਵੱਗਿਆ। ਜੁਗਨੀ ਵੀਰਾਨਿਆਂ ਚ ਭਟਕਦੀ ਰਹੀ। ਇਹਨੂੰ ਵਰਨ ਵਾਲਾ ਕੋਈ ਨਾ ਮਿਲਿਆ।

ਸਾਕਿਆਂ ਨਾਲ ਭਰੀ ਪੂਰੀ ਸਦੀ ਵੀਰਾਨ ਰੇਗਿਸਤਾਨ ਦਿਸਦੀ ਹੈ, ਜਿਸ ਵਿਚ ਮਿਰਗਾਂ ਦੀ ਡਾਰ ਭੱਜੀ ਜਾਂਵਦੀ ਹੈ; ਤ੍ਰਿਸ਼ਨਾ ਨਾਲ ਮਰਦੀ। ਟਾਵੇਂ-ਟਾਵੇਂ ਨਖ਼ਲਿਸਤਾਨ ਹਨ। ਪਹਿਲੇ ਪੱਖ ਵਿਚ ਫ਼ਰੰਗੀਆਂ ਦੀ ਗ਼ੁਲਾਮੀ ਨੇ ਮੌਤ ਮਾਰੀ ਰੱਖੀ ਅਤੇ ਦੂਜੇ ਪੱਖ ਵਿਚ ਸੰਨ ਸੰਤਾਲ਼ੀ ਦੇ ਫੱਟ ਭਰਦਿਆਂ ਲੰਘ ਗਏ; ਫੇਰ ਭਰਦੇ ਫੱਟ ਏ. ਕੇ. ਸੰਤਾਲ਼ੀ ਨੇ ਉਚੇੜ ਘੱਤੇ। ਕੁਝ-ਕੁ ਰੱਬ ਦੇ ਬੰਦਿਆਂ ਨੇ ਝੱਖੜਾਂ ਵਿਚ ਵੀ ਗੁਰੂਆਂ-ਪੀਰਾਂ-ਰਾਂਝਿਆਂ-ਹੀਰਾਂ ਦੀ ਜੋਤ ਬੁਝਣ ਨਹੀਂ ਦਿੱਤੀ ਪੂਰਨ ਸਿੰਘ, ਅਮ੍ਰਿਤਾ ਸ਼ੇਰਗਿੱਲ, ਭਾਈ ਸਮੁੰਦ ਸਿੰਘ ਸੰਤਾ ਸਿੰਘ, ਮੋਹਣ ਸਿੰਘ, ਧਨੀ ਰਾਮ ਚਾਤ੍ਰਿਕ, ਗੁਰਬਖ਼ਸ਼ ਸਿੰਘ, ਨਜਮ ਹੁਸੈਨ ਸੱਯਦ, ਬੜੇ ਗ਼ੁਲਾਮ ਅਲੀ ਖ਼ਾਂ ਅਤੇ ਅੱਲਾ ਰੱਖਾ ਇਨ੍ਹਾਂ ਦੀ ਸੰਗਤ

ਪਏ ਕਰਦੇ ਹਨ।

ਸੰਨ ਸੰਤਾਲੀ ਏਨਾ ਵੱਡਾ ਘੱਲੂਘਾਰਾ ਸੀ ਕਿ ਅੱਧੀ ਸਦੀ ਲੰਘ ਜਾਵਣ 'ਤੇ ਵੀ ਇਹ ਲੇਖਕਾਂ ਦੀ ਪਕੜ ਵਿਚ ਨਹੀਂ ਆਇਆ। ਬਹੁਤਾ ਸਾਹਿਤ ਪੰਜਾਬੀ ਚ (ਪੰਜਾਬੀ ਤੇ ਫ਼ਾਰਸੀ ਲਿਪੀ ਚ) ਲਿਖਿਆ ਗਿਆ ਹੈ। ਭਾਰੂ ਪੱਖ ਕਹਾਣੀ ਦਾ ਹੈ। ਇਸ ਦੌਰ ਦੀਆਂ ਚਾਰ ਸ਼ਾਹਕਾਰ ਕਹਾਣੀਆਂ ਹਨ ਟੋਬਾ ਟੇਕ ਸਿੰਘ (ਮੰਟੋ), ਗਡੇਰੀਆ (ਅਸ਼ਫ਼ਾਕ ਅਹਿਮਦ), ਲਾਜਵੰਤੀ (ਰਾਜਿੰਦਰ ਸਿੰਘ ਬੇਦੀ) ਅਤੇ ਖੱਬਲ (ਕੁਲਵੰਤ ਸਿੰਘ ਵਿਰਕ)। ਵੱਡੇ ਰੌਲਿਆਂ ਬਾਰੇ ਦੋ-ਤਿੰਨ ਕਵਿਤਾਵਾਂ ਹੀ ਮਿਲਦੀਆਂ ਹਨ; ਜਦ ਕਿ ਸੰਨ ਚੁਰਾਸੀ ਬਾਰੇ ਬੜੀ ਕਵਿਤਾ ਲਿਖੀ ਗਈ ਹੈ। ਸੰਨ ਸੰਤਾਲੀ ਬਾਰੇ ਅੰਗਰੇਜ਼ੀ ਕਵੀ ਔਡਨ ਦੀ ਕਵਿਤਾ ਪਾਰਟੀਸ਼ਨ ਵਰਗੀ ਕਵਿਤਾ ਪੰਜਾਬੀ ਸਾਹਿਤ ਵਿਚ ਨਹੀਂ ਮਿਲਦੀ। ਫ਼ੈਜ਼ ਦੀ ਨਜ਼ਮ ਸੁਬਹ-ਏ-ਆਜ਼ਾਦੀ ਤੇ ਅੰਮ੍ਰਿਤਾ ਪ੍ਰੀਤਮ ਦੀ ਉਸ ਨਜ਼ਮ ਤੋਂ ਛੁਟ ਪੰਜਾਬੀ ਸਾਹਿਤ ਵਿਚ ਕੋਈ ਕਲਾਸਿਕ ਰਚਨਾ ਨਹੀਂ। ਇਸ ਬਾਰੇ ਕੋਈ ਲੋਕਗੀਤ ਵੀ ਨਹੀਂ ਬਣਿਆ। ਕਾਰਣ? ਸ਼ਾਇਦ ਸ਼ਾਇਰੀ ਦਿਲ ਦੇ ਵਧ ਨੇੜੇ ਹੁੰਦੀ ਹੈ। ਵੱਡੇ ਰੌਲਿਆਂ ਚ ਕਿਸੇ ਵੀ ਫ਼ਿਰਕੇ ਦੇ ਲੋਕਾਂ ਨੇ ਘਟ ਨਹੀਂ ਸੀ ਕੀਤੀ। ਪੰਜਾਬੀ ਅਪਣੇ ਹੀ ਅੱਗੇ ਸ਼ਰਮਸਾਰ ਹਨ; ਕਸੂਰਵਾਰ ਕਿਹਨੂੰ ਆਖਣ? ਜਾਂ ਕੀ ਇਹ ਸਭ ਕੁਝ ਭੁਲ-ਭੁਲਾ ਦੇਣਾ ਚਾਹੁੰਦੇ ਹਨ? ਕੀ ਕੋਈ ਭੁਲਾ ਸਕਦਾ ਹੈ? ਸਿੱਖਾਂ ਨੇ ਅਪਣੀ ਅਰਦਾਸ ਵਿਚ ਤਾਂ ਕੁਝ ਨਹੀਂ ਭੁਲਾਇਆ।

ਸੰਤਾਲੀ ਬਾਰੇ ਤਕਰੀਬਨ ਸਾਰਾ ਪੰਜਾਬੀ ਸਾਹਿਤ ਫ਼ਿਰਕੂ ਫ਼ਸਾਦਾਂ ਬਾਰੇ ਹੈ; ਪਰ ਕੋਈ ਵਿਰਲੀ ਰਚਨਾ ਤਕਸੀਮ ਦੀ ਜੜ੍ਹ ਨੂੰ ਫੜਦੀ ਹੈ। ਤਕਸੀਮ ਫ਼ਸਾਦਾਂ ਕਰਕੇ ਨਹੀਂ ਸੀ ਹੋਈ, ਸਗੋਂ ਤਕਸੀਮ ਕਰਕੇ ਫ਼ਸਾਦ ਹੋਏ ਸਨ। ਫ਼ਿਰਕਾਪ੍ਰਸਤ ਸਿਆਸਤ ਲਈ ਇਹ ਬੜਾ ਚੰਗਾ ਮੌਕਾ ਸੀ। ਇਹ ਤਕਸੀਮ ਦਿਲਾਂ ਚ ਸਦੀਆਂ ਦੀ ਹੋਈ ਪਈ ਸੀ। ਸਿੱਖ ਤੇ ਹਿੰਦੂ ਮੁਸਲਮਾਨਾਂ ਦੀ ਪੂਰੀ ਭਿੱਟ ਮੰਨਦੇ ਸਨ (ਰੋਟੀ ਬੇਟੀ ਦੀ ਸਾਂਝ ਦਾ ਤਾਂ ਸਵਾਲ ਹੀ ਨਹੀਂ ਸੀ ਪੈਦਾ ਹੋ ਸਕਦਾ)। ਮੈਂ ਮੰਟੋ ਤੋਂ ਛੁਟ ਹੋਰ ਕਿਸੇ ਪੰਜਾਬੀ ਮੁਸਲਮਾਨ ਦੀ ਐਸੀ ਕੋਈ ਲਿਖਤ ਨਹੀਂ ਪੜ੍ਹੀ, ਜਿਸ ਚ ਉਹਨੇ ਪਾਕਿਸਤਾਨ ਬਣਨ ਨੂੰ ਗ਼ਲਤ ਆਖਿਆ ਹੋਏ। ਸਾਰੀਆਂ ਕਹਾਣੀਆਂ ਦਾ ਨਕਸ਼ਾ ਇੱਕੋ-ਜਿਹਾ ਹੁੰਦਾ ਹੈ - ਜਬਰਜਨਾਹ, ਕ਼ਤਲ, ਲੁੱਟਖੋਹ ਅਤੇ ਅਖ਼ੀਰ ਚ ਇਨਸਾਨੀ ਭਾਈਚਾਰੇ ਦਾ ਪ੍ਰਵਚਨ। ਮੰਟੋ ਵਰਗਾ ਕਥਾਕਾਰ ਵੀ ਇਸ ਜ਼ਮੀਨ 'ਤੇ ਤਿਲ੍ਹਕ ਜਾਂਦਾ ਹੈ - ਖੋਲ੍ਹ ਦੋ ਵਰਗੇ ਉਹਦੇ ਲਿਖੇ ਖ਼ਾਕੇ ਪੜ੍ਹ-ਪੜ੍ਹ ਲੋਕ ਜਿਨਸੀ ਮਜ਼ਾ ਲੈਂਦੇ ਹਨ।

ਹਿੰਦੁਸਤਾਨ ਦੇ ਆਖ਼ਿਰੀ ਵੌਇਸਰੌਏ ਮਾਊਂਟਬੈਟਨ ਦੇ ਹੁਣ ਤਕ ਖ਼ੁਫ਼ੀਆ ਰਹੇ ਕਾਗ਼ਜ਼ਾਤ ਚੋਂ ਇਹ ਤੱਥ ਮਿਲਿਆ ਹੈ ਕਿ ਅੰਗਰੇਜ਼ਾਂ ਨੇ ਪੰਜਾਬ ਤੇ ਬੰਗਾਲ ਨੂੰ ਵੰਡਣ ਦਾ ਫ਼ੈਸਲਾ ਸੰਨ 1939 ਵਿਚ ਹੀ ਕਰ ਲਿਆ ਸੀ ਅਤੇ ਇਸ ਸਾਜ਼ਿਸ਼ ਦਾ ਨਾਂ 'ਔਪਰੇਸ਼ਨ ਸਕੱਟਲ' ਰੱਖਿਆ ਸੀ। ਅੰਗਰੇਜ਼ੀ ਸ਼ਬਦ ਸਕੱਟਲ ਦਾ ਅਰਥ ਹੈ ਨਿੱਕੇ-ਨਿੱਕੇ ਕਦਮ ਭਰਦਿਆਂ ਛੋਹਲੇ ਪੈਰੀਂ ਨੱਸਣਾ। ਇਕ ਪਾਸੇ ਆਲਮੀ ਜੰਗ ਲੱਗੀ ਹੋਈ ਸੀ ਅਤੇ ਦੂਜੇ ਪਾਸੇ ਅੰਗਰੇਜ਼ਾਂ ਨੂੰ ਪੰਜਾਬ ਦੇ ਟੋਟੇ ਕਰਨ ਦੀ ਕਾਹਲ ਵੀ ਸੀ। ਜਾਬਰ ਹੁਕਮਰਾਨ ਕਹਿਰ ਢਾਹੁਣ ਵਾਲੀਆਂ ਕਰਤੂਤਾਂ ਨੂੰ ਔਪਰੇਸ਼ਨ ਕਿਉਂ ਆਖਦੇ ਹਨ? ਔਪਰੇਸ਼ਨ ਸਕੱਟਲ। ਔਪਰੇਸ਼ਨ ਬਲਿਊ ਸਟਾਰ। ਔਪਰੇਸ਼ਨ ਬਲੈਕ ਥੰਡਰ। ਇਸ ਲਿਹਾਜ਼ ਨਾਲ ਪੰਜਾਬੀ ਕਮਿਊਨਿਸਟਾਂ ਦਾ ਧਰਮ ਨੂੰ ਕੌਮ ਬਣਾ ਕੇ ਪਾਕਿਸਤਾਨ ਤੇ 'ਸਿੱਖ ਦੇਸ਼ਭੂਮੀਆ' ਦੇ ਪਹਿਲਾਂ ਪਟਵਾਰੀ ਬਨਣਾ ਤੇ ਫੇਰ ਅਪਣੀ ਭੁੱਲ ਵੀ ਮੰਨ ਲੈਣੀ ਅਤੇ ਵੌਇਸਰੌਏ ਦਾ ਕੌਮੀ ਆਗੂਆਂ ਨੂੰ ਸ਼ਿਮਲੇ ਸੱਦ ਕੇ ਗੱਲਾਂ ਚ ਉਲਝਾਈ ਰੱਖਣਾ ਨਿਰਾ ਨਾਟਕ ਤੇ ਮਾਰੇ ਗਏ ਪੰਜ ਲੱਖ ਜੀਆਂ ਨਾਲ ਕੀਤਾ ਮਖ਼ੌਲ ਹੀ ਲਗਦਾ ਹੈ।

ਵੀਹਵੀਂ ਸਦੀ ਵਿਚ ਪੰਜਾਬਣ ਜੁਗਨੀ ਲਟਲਟ ਨਹੀਂ ਬਲੀ। ਪੰਜਾਬ ਦਾ ਕੋਈ ਸਤਯਜੀਤ ਰੇਅ ਨਹੀਂ ਹੋਇਆ। ਪੰਜਾਬ ਦਾ ਟਾਕਰਾ ਰੂਸ, ਇਟਲੀ ਤੇ ਫ਼ਰਾਂਸ ਦੇ ਫ਼ਿਲਮਸਾਜ਼ਾਂ ਨਾਲ ਕਰਨਾ ਬੇਥਵ੍ਹੀ ਗੱਲ ਹੈ। ਜੇ ਚਲਦੀ ਜੁਗਨੀ ਸੰਨ ਸੰਤਾਲੀ ਚ ਨਾ ਟੁੱਟਦੀ, ਤਾਂ ਸ਼ਾਇਦ ਕੋਈ ਜਲਵਾ ਹੋ ਜਾਂਦਾ। ਇੱਕੋ ਕੰਮ ਦੀ ਪੰਜਾਬੀ ਫ਼ਿਲਮ ਬਣੀ ਹੈ ਸੰਨ ਸੰਤਾਲੀ ਬਾਰੇ ਖ਼ਾਮੋਸ਼ ਪਾਣੀ, ਪਰ ਇਹ ਕਿਸੇ ਸਿੱਧਣ ਨੇ ਬਣਾਈ ਹੈ। ਸੰਤਾਲੀ ਪਿੱਛੋਂ ਲਹੌਰ ਛੱਡ ਕੇ ਦਿੱਲੀ ਜਾ ਵੱਸੇ ਸਾਹਿਤਕਾਰਾਂ-ਕਲਾਕਾਰਾਂ ਦਾ ਪੰਜਾਬ ਨਾਲ ਜੀਵੰਤ ਸਾਕ ਮੁੱਕ ਗਿਆ। ਦਿੱਲੀ ਵੱਸਦੇ ਅੰਮ੍ਰਿਤਾ ਪ੍ਰੀਤਮ ਤੇ ਹਰਿਭਜਨ ਸਿੰਘ ਪੰਜਾਬ ਦੀ ਗੱਲ ਅਪਣੀ ਸਿਮਰਤੀ ਆਸਰੇ ਕਰਦੇ ਰਹੇ; ਓਵੇਂ ਜਿਵੇਂ ਹੁਣ ਵਲਾਇਤ ਬੈਠੇ ਲੇਖਕ ਕਰ ਰਹੇ ਹਨ। ਪੂਰੀ ਸਦੀ ਚ ਕੋਈ ਭਾਗਾਂ ਵਾਲਾ ਹੀ ਲਿਖਾਰੀ ਹੋਵੇਗਾ, ਜਿਹਨੂੰ ਅਪਣਾ ਘਰ ਨਹੀਂ ਛੱਡਣਾ ਪਿਆ। ਨਜ਼ਮ ਹੁਸੈਨ ਦੀ ਰਚਨਾ ਉਨੰਜਾ ਜੇਲ ਰੋਡ ਲਹੌਰ ਦੀ ਹਰ ਬੁੱਧਵਾਰ ਜੁੜਦੀ ਸੰਗਤ ਤੋਂ ਬਾਹਰ ਨਹੀਂ ਬਹੁਤੀ ਪਸਰੀ। ਹੁਣ ਮਦਨ ਗੋਪਾਲ ਸਿੰਘ, ਰੱਬੀ ਸ਼ੇਰਗਿੱਲ ਅਤੇ ਆਰਿਫ਼ ਲੁਹਾਰ ਅਪਣੇ ਵਡੇਰਿਆਂ ਦੀ ਸਿਮਰਤੀ ਹੰਢਾ ਰਹੇ ਹਨ। ਗਾਇਕ ਕਿੰਨਾ ਕੁ ਚਿਰ ਬੁੱਲ੍ਹਾ ਗਾਈ ਜਾਣਗੇ?

ਪੰਜਾਬ ਦੀ ਗੱਲ ਕਰਨੀ, ਕਾਲਾ ਨਾਗ ਛੇੜਨ ਵਾਲੀ ਗੱਲ ਹੈ। ਪੰਜਾਬ ਦੀ ਤਾਰੀਖ਼ ਦੁਰਸੀਸਾਂ ਦੇ ਘਾਉ ਮੁੜ-ਮੁੜ ਹਰੇ ਹੋਣ ਦੀ ਤਾਰੀਖ਼ ਹੈ। ਧਾਗੇ ਦਾ ਸਿਰਾ ਨਹੀਂ ਮਿਲਦਾ। ਸਿਕੰਦਰ ਦੇ ਹੱਲੇ ਤੋਂ ਲੈ ਕੇ ਅੰਗਰੇਜ਼ਾਂ ਦੇ ਹੱਲੇ ਤੇ ਵੀਹਵੀਂ ਸਦੀ ਵਿਚ ਪਈਆਂ ਮਾਰਾਂ ਦੀ ਗੱਲ ਸ਼ੁਰੂ ਕਰਨ ਲਈ ਕੋਈ ਹੱਥੀਂ ਵਾਹੀ ਜਾਂ ਖਿੱਚੀ ਤਸਵੀਰ ਵੀ ਨਹੀਂ ਮਿਲਦੀ। ਸ਼ਾਇਰੀ ਦੇ ਕੁਝ ਹਵਾਲੇ ਮਿਲ ਜਾਂਦੇ ਹਨ। ਨਾਨਕ ਜੀ ਦੀ ਬਾਬਰਵਾਣੀ ਦੇ ਮੇਚ ਦੀ ਕੋਈ ਹੋਰ ਲਿਖਤ ਨਹੀਂ ਹੋ ਸਕਦੀ।

ਵੀਹਵੀਂ ਸਦੀ ਚੜ੍ਹੀ, ਤਾਂ ਪੰਜਾਬ ਨੂੰ ਪਲੇਗ ਦੀ ਮਹਾਮਾਰੀ ਨੇ ਗ੍ਰੱਸ ਲਿਆ; ਚਾਲੀ ਲੱਖ ਲੋਕ ਮਰ ਗਏ। ਫੇਰ ਵੱਡੀ ਲਾਮ ਲਗ ਗਈ। ਸਿਰਫ਼ ਪੋਠੋਹਾਰ ਦੇ ਇਕ ਲੱਖ ਫ਼ੌਜੀ - ਮੁਸਲਮਾਨ ਤੇ ਸਿੱਖ - ਰਤਾ ਗਿਣਤੀ ਵਲ ਧਿਆਨ ਦਿਓ: ਇਕ ਲੱਖ ਪੰਜਾਬੀ ਫ਼ਰੰਗੀ ਧਾੜਵੀਆਂ ਦੀ ਚਾਕਰੀ ਕਰਦਿਆਂ ਮਾਰੇ ਗਏ। ਅੱਜ ਉਨ੍ਹਾਂ ਨੂੰ ਕੌਣ ਯਾਦ ਕਰਦਾ ਹੈ? (ਇਨ੍ਹਾਂ ਫ਼ੌਜੀਆਂ ਦੀਆਂ ਫ਼ਰਾਂਸ ਤੇ ਇੰਗਲੈਂਡ ਚ ਹੁੰਦਿਆਂ ਦੀਆਂ ਤਸਵੀਰਾਂ ਤੇ ਉਰਦੂ ਪੰਜਾਬੀ ਵਿਚ ਘਰ ਨੂੰ ਲਿਖੀਆਂ ਤੇ ਰਾਹ ਵਿਚ ਫੜੀਆਂ ਚਿੱਠੀਆਂ ਬ੍ਰਿਟਿਸ਼ ਲਾਇਬ੍ਰੇਰੀ ਚ ਪਈਆਂ ਹਨ।) ਉਸ ਵੇਲੇ ਦੀ ਪੰਜਾਬਣ ਦਾ ਕੀਤਾ ਵਿਰਲਾਪ ਲੋਕ ਗੀਤਾਂ ਦੀਆਂ ਕਿਤਾਬਾਂ ਚ ਦਰਜ ਖੋਜੀਆਂ ਦੇ ਪੜ੍ਹਨ ਲਈ ਬੰਦ ਪਿਆ ਹੈ। ਜਲ੍ਹਿਆਂਵਾਲੇ ਬਾਗ਼ ਦੇ ਗੋਲੀਆਂ ਦੇ ਨਿਸ਼ਾਨ ਬਾਕੀ ਰਹਿ ਗਏ। ਕਰਤਾਰ ਸਿੰਘ, ਭਗਤ ਸਿੰਘ, ਊਧਮ ਸਿੰਘ ਨੇ ਜਦ ਅਪਣੀਆਂ ਵਾਰੀਆਂ ਪੁਗਾ ਲਈਆਂ, ਤਾਂ ਸੰਨ ਸੰਤਾਲੀ ਦਾ ਸਾਕਾ ਵਰਤ ਗਿਆ। ਮੁਲਕ ਦੀ ਆਜ਼ਾਦੀ ਤੋਂ ਵੱਡਾ ਮੌਕਾ ਹੋਰ ਕਿਹੜਾ ਹੋ ਸਕਦਾ ਸੀ; ਵਿਆਹ ਚ ਮੁਕਾਣ ਆ ਗਈ - ਸੰਨ ਸੰਤਾਲੀ ਦੀ ਖ਼ਾਨਾਜੰਗੀ ਵਿਚ ਪੰਜ ਲੱਖ ਪੰਜਾਬੀ ਮਰ ਖਪ ਗਏ; ਲੱਖਾਂ ਉੱਜੜ ਗਏ। ਦੋ-ਤਿੰਨ ਹਜ਼ਾਰ ਸਾਲਾਂ ਚ ਪੰਜਾਬ ਨੇ ਕਦੇ ਚੰਗੇ ਦਿਨ ਵੀ ਵੇਖੇ ਹੋਣਗੇ?

ਸੰਨ ਸੰਤਾਲੀ ਬਾਰੇ ਕੁਝ-ਕੁ ਸ਼ਾਹਕਾਰ ਕਹਾਣੀਆਂ ਤੇ ਇਕ-ਅੱਧ ਕਵਿਤਾ ਪਾ-ਲਾਹ ਕੇ ਸਾਡੇ ਕੋਲ ਹੈ। ਲੋਕਗੀਤ ਇਕ ਵੀ ਨਹੀਂ ਬਣਿਆ। ਸਤੀਸ਼ ਗੁਜਰਾਲ ਨੇ ਕੁਝ ਤਸਵੀਰਾਂ ਓਦੋਂ ਬਣਾਈਆਂ ਤੇ ਬਣਾ ਕੇ ਪੰਜਾਬ ਨੂੰ ਭੁੱਲ ਗਿਆ। ਪ੍ਰਾਣ ਨਾਥ ਮਾਗੋ ਦੀਆਂ ਬਣਾਈਆਂ ਤਸਵੀਰਾਂ ਚੰਦ-ਕੁ ਪੰਜਾਬੀਆਂ ਨੇ ਦੇਖੀਆਂ ਹੋਣਗੀਆਂ।

ਸੰਨ ਚੁਰਾਸੀ ਦਾ ਸਾਕਾ ਹਾਲੇ ਕੱਲ੍ਹ ਹੀ ਹੋ ਕੇ ਹਟਿਆ ਹੈ। ਅੰਕੜਿਆਂ ਵਾਲੇ ਦੱਸਦੇ ਹਨ - ਪੱਚੀ ਹਜ਼ਾਰ ਕਸੂਰੇ-ਬੇਕਸੂਰੇ ਲੋਕ ਮਾਰੇ ਗਏ। ਰਹਿੰਦੀ ਕਸਰ ਇੰਦਰਾ ਗਾਂਧੀ ਨੇ ਮਰ ਕੇ ਪੂਰੀ ਕਰ ਦਿੱਤੀ। ਅੱਜ ਉਸ ਦੌਰ ਦੀ ਗੱਲ ਕਰਨਾ ਅਪਣੇ ਫੱਟ ਉਚੇੜਨ ਦੇ ਤੁੱਲ ਹੈ।

ਖਾ ਗਈ ਪੂਰਾ ਦਹਾਕਾ ਪੰਜਾਬੀਆਂ ਦਾ।
ਗਲ਼ ਵਿਚ ਟਾਇਰ ਪਾ ਕੇ ਦਿੱਲੀ ਸੜੀ ਚਿੰਤਾ॥

*ਭੂਸ਼ਣ ਧਿਆਨਪੁਰੀ ॥*

ਇਸ ਦੌਰ ਨੂੰ ਪੰਜਾਬੀ ਲਿਖਾਰੀ 'ਕਾਲੇ ਦਿਨ' ਕਰਕੇ ਯਾਦ ਕਰਦੇ ਹਨ। ਮੈਂ ਉਨ੍ਹਾਂ ਦਿਨਾਂ ਦੀਆਂ ਗੱਲਾਂ ਤਿੰਨ ਤਸਵੀਰਾਂ ਨਾਲ ਕਰਨ ਲੱਗਾ ਹਾਂ - ਇਕ ਰੰਗੀਨ ਤਸਵੀਰ ਵਿਚ ਵਗਦਾ ਲਹੂ ਵੀ ਦਿਸਦਾ ਹੈ। ਪਹਿਲੀ - ਕਾਲੇ ਦਿਨਾਂ ਦੀ ਬੋਲੀ ਵਿਚ - 'ਫ਼ਾਰਮ ਹਾਊਸ' ਦੀ ਤਸਵੀਰ ਫ਼ੋਟੋਕਾਰ ਵਿਜੇ ਓਜ਼ੇ ਦੇ ਦੱਸਣ ਤੋਂ ਬਿਨਾਂ ਵੀ ਮੂੰਹੋਂ ਬੋਲਦੀ ਹੈ ਕਿ ਇਹ ਕਿਸ ਵੇਲੇ ਤੇ ਕਿਹੜੀ ਥਾਂ ਦੀ ਤਸਵੀਰ ਹੋਣੀ ਹੈ। ਓਦੋਂ ਬਿਹਾਰੀ 'ਭਈਆ' ਨੰਦ ਕਿਸ਼ੋਰ ਪੰਜਾਬ ਆ ਕੇ ਅਪਣੀ ਜੜ੍ਹ ਲਾ ਚੁੱਕਾ ਸੀ; ਉਹਦੀ ਧੀ ਮਾਧੁਰੀ ਪੰਜਾਬ ਚ ਜਨਮੀ ਸੀ। ਨੰਦ ਕਿਸ਼ੋਰ ਨੇ ਸਿੱਖਾਂ ਦੀ ਰੀਸੇ ਅਪਣੀ ਧੀ ਨੂੰ ਕੁੱਖ ਵਿਚ ਨਹੀਂ ਸੀ ਮਾਰਿਆ। ਸਰਮਾਏ ਦੇ ਪਸਾਰੇ ਮਗਰੋਂ ਪਿੰਡ-ਪਿੰਡ ਖੂਹਾਂ 'ਤੇ ਇਹੋ-ਜਿਹੇ ਕੁਹਜੇ ਲੰਬੂਤਰੇ ਪੱਕੇ ਕੋਠੇ ਬਣੇ ਸੀ। ਇਹ ਕਾਤਲਾਂ ਦੀਆਂ ਠਾਹਰਾਂ ਬਣ ਗਏ, ਜਦ ਦਿੱਲੀ ਦਾ ਛੇੜਿਆ ਨਾਗ ਇਸਲਾਮਾਬਾਦ ਦੀ ਬੀਨ 'ਤੇ ਮੇਲ੍ਹ ਰਿਹਾ ਸੀ। ਤਸਵੀਰ ਵਿਚ ਯਰਕੇ ਹੋਏ ਲੋਕਾਂ ਦੇ ਇੱਟਾਂ ਨਾਲ ਆਪੇ ਪੂਰੇ ਹੋਏ ਬਾਰ-ਬਾਰੀਆਂ, ਸਹਿਮੇ ਸੋਚੀਂ ਪਏ ਕੀਲਿਆਂ ਨਾਲ ਬੱਝੇ ਡੰਗਰ ਦਿਸਦੇ ਹਨ; ਨਾਲ ਉਨ੍ਹਾਂ ਦੇ ਕੱਟਰੂ। ਅੰਦਰ ਕੀ ਹੈ? ਕੁਝ ਨਹੀਂ ਪਤਾ। ਨਾ ਕੋਈ ਬੰਦਾ, ਨਾ ਬੰਦੇ ਦੀ ਜ਼ਾਤ। ਹਿੰਸਾ ਦਾ ਇੱਕੋ ਬਿੰਬ ਟੋਕੇ ਵਾਲੀ ਮਸ਼ੀਨ ਹੈ। ਕੀ ਕੋਈ ਭਾਣਾ ਵਰਤ ਕੇ ਹਟਿਆ ਹੈ? ਮੁਕਾਬਿਲਾ ਹੁੰਦਾ ਸੀ? ਨੇੜੇ ਵਿਚ ਕੋਠਾ ਲਿਸ਼ਕਦਾ ਹੈ; ਬਿਜਲੀ ਚਮਕੀ ਹੈ? ਧਮਾਕਾ ਹੋਇਆ ਹੈ? ਕਿੰਨੇ ਮਰੇ? ਉਨ੍ਹਾਂ ਦੇ ਤੇ ਉਨ੍ਹਾਂ ਦੇ? ਕਿਤੇ ਇਹ ਪਾਸ਼ ਦਾ ਖੂਹ ਤਾਂ ਨਹੀਂ?

**ਵੀਹਵੀਂ ਸਦੀ ਵਿਚ ਪੰਜਾਬ ਨਾਲ ਬੜੇ ਵੱਡੇ-ਵੱਡੇ ਧ੍ਰੋਹ ਹੋਏ ਹਨ। ਕੁਝ ਹੋਣੀ ਨੇ ਕੀਤੇ; ਕੁਝ ਬੇਗ਼ਾਨਿਆਂ ਨੇ ਕੀਤੇ ਅਤੇ ਕੁਝ ਪੰਜਾਬੀਆਂ ਨੇ ਆਪ। ਭਗਤ ਸਿੰਘ ਦਾ ਤੇਈ ਸਾਲ ਦੀ ਉਮਰ ਚ ਫਾਹੇ ਲੱਗਣਾ ਅਤੇ ਦਸਾਂ ਸਾਲਾਂ ਮਗਰੋਂ ਲਹੌਰ ਵਿਚ ਹੀ ਅੰਮ੍ਰਿਤਾ ਸ਼ੇਰਗਿੱਲ ਦਾ ਅਠਾਈ ਸਾਲ ਦੀ ਉਮਰ ਚ ਪੂਰੇ ਹੋ ਜਾਣਾ ਪੰਜਾਬੀ ਸੋਚ ਤੇ ਸੁਹਜ ਦੇ ਦੋ ਮਹਾਨ ਦੁਖਾਂਤ ਹਨ।**

ਕਹਾਣੀਕਾਰ ਵਾਂਙ ਫ਼ੋਟੋਗਰਾਫ਼ਰ ਵੀ ਮੌਕੇ ਦਾ ਗਵਾਹ ਹੈ। ਹੋਏ ਵਕੂਏ ਦੀ ਫ਼ੋਟੋ ਖਿੱਚ ਕੇ ਸਾਹਮਣੇ ਰਖ ਦਿੱਤੀ ਹੈ। ਪੱਕਾ ਸਬੂਤ। ਹੁਣ ਕੌਣ ਮੁੱਕਰ ਸਕਦਾ ਹੈ? ਕਾਤਿਲ ਵੀ ਲੱਦ ਗਏ। ਫ਼ੈਸਲਾ ਹੋਣ ਨੂੰ ਸਦੀਆਂ ਲਗ ਜਾਣੀਆਂ ਹਨ। ਇਤਿਹਾਸ ਦੇ ਮੁਕੱਦਮਿਆਂ ਦੀਆਂ ਤਾਰੀਖ਼ਾਂ ਬੜੀਆਂ ਲੰਮੀਆਂ ਪੈਂਦੀਆਂ ਹੁੰਦੀਆਂ ਹਨ। ਜਾਂ ਇਹ ਰੰਗਮੰਚ ਹੈ? ਦਸ ਸਾਲ ਲੰਮਾ ਡਰਾਮਾ ਹੋਣਾ ਹੈ। ਪਰਦਾ ਉਠਿਆ ਹੈ ਤੇ ਪਿਛੋਕੜ ਵਿਚ ਇੰਦਰਾ-ਜ਼ੈਲਸਿੰਘ-ਭਿੰਡਰਾਂਵਾਲੇ ਦੀਆਂ ਟੇਪਾਂ ਨੇ ਚੱਲੀ ਜਾਣਾ ਹੈ। ਪਿੱਛੇ ਬੰਸਰੀ ਜਾਂ ਸਾਰੰਗੀ ਨਹੀਂ ਵੱਜਦੀ; ਦਿੱਲੀ ਦੇ ਫ਼ਸਾਦਾਂ ਵਿਚ ਮਰਿਆਂ ਦੀਆਂ ਮਾਵਾਂ ਧੀਆਂ ਭੈਣਾਂ ਤੇ ਵਿਧਵਾਵਾਂ ਦਾ ਵਿਰਲਾਪ ਹੈ। ਬਾਕੀ ਜੋ ਹੋਣਾ ਹੈ; ਉਹ ਪਤਾ ਹੀ ਹੈ।

ਇਤਿਹਾਸਕਾਰ ਆ ਕੇ ਬੋਲਦਾ ਹੈ: 'ਯਥਾਰਥ ਦਾ ਮੈਨੂੰ ਪਤਾ ਹੈ। ਜੋ ਨੱਸ ਗਏ, ਉਹ ਖ਼ਾਲਿਸਤਾਨੀ ਨਹੀਂ ਸਨ। ਉਹ ਬਾਹਮਣ ਸਨ, ਈਸਾਈ ਤੇ ਮਜ਼ਹਬੀ। ਬੰਦੂਕਚੀਆਂ ਨੇ ਸਿੱਖ ਬਹੁਤੇ ਮਾਰੇ, ਹੋਰ ਥੋਹੜੇ। ਸਿੱਖਾਂ ਨੂੰ ਮਾਰ ਕੇ ਖ਼ਾਲਿਸਤਾਨ ਨਹੀਂ ਬਣਦਾ। ਸ਼ਾਇਰ ਵੀ ਲੀਡਰਾਂ ਵਾਂਙ ਯਥਾਰਥ ਤੋਂ ਦੂਰ ਸਨ। ਇਸ ਕਰਕੇ ਪੰਜਾਬ ਦੇ ਇਸ ਸੰਕਟ ਦੀ ਸ਼ਾਇਰੀ ਬੋਗਸ ਹੈ।'

ਸੰਨ ਸੰਤਾਲੀ ਦੇ ਸਾਕੇ ਵੇਲੇ ਵਾਰਿਸ ਸ਼ਾਹ ਨੂੰ ਹਾਕਾਂ ਮਾਰਨ ਵਾਲੀ ਕਵਿਤਰੀ ਸੰਨ ਚੁਰਾਸੀ ਵਿਚ ਚੁੱਪ ਰਹੀ। ਉਹਦੇ ਸਿਰਹਾਣੇ ਪਈ ਇੰਦਰਾ ਗਾਂਧੀ ਦੀ ਤਸਵੀਰ ਮੈਂ ਅੱਖੀਂ ਡਿੱਠੀ ਸੀ।

ਇਨ੍ਹੀਂ ਦਿਨੀਂ ਇਕ ਹੋਰ ਮਹਾਨ ਧ੍ਰੋਹ ਹੋਇਆ। ਇਸ ਧ੍ਰੋਹ ਦੀ ਕੋਈ ਤਸਵੀਰ ਵਾਹ ਕੇ ਨਹੀਂ ਦਿਖਾ ਸਕਦਾ। ਕਾਲੀ ਬੋਲੀ ਦੇ ਲਿੰਬੜੇ ਸ਼ਬਦ ਪੰਜਾਬੀ ਨੂੰ ਭਿੱਟਣ ਲੱਗੇ ਏ.ਕੇ. ਸੰਤਾਲੀ, ਬਰਸਟ, ਮੁੰਡੇ, ਖਾੜਕੂ, ਅੱਤਵਾਦੀ, ਅਖੰਡਤਾ, ਫਿਰੌਤੀਆਂ, ਫ਼ਾਰਮ ਹਾਊਸ, ਗਲਿਆਰਾ। ਫੇਰ ਸਿੱਖ ਮਾਵਾਂ ਅਪਣੇ ਬੱਚਿਆਂ ਨਾਲ ਹਿੰਦੀ ਬੋਲਣ ਲੱਗੀਆਂ। ਨਵੀਂ ਬੇਜ਼ਬਾਨ ਪੀੜ੍ਹੀ ਜੰਮ ਕੇ ਜਵਾਨ ਹੋ ਗਈ; ਜਿਹਨੂੰ ਨਾ ਪੰਜਾਬੀ ਆਵੇ, ਨਾ ਹਿੰਦੀ ਤੇ ਨਾ ਅੰਗਰੇਜ਼ੀ। ਪਹਿਲਿਆਂ ਚ ਭਾਈ ਕਾਹਨ ਸਿੰਘ ਤੇ ਲਾਲਾ ਲਾਜਪਤ ਰਾਏ ਅਪਣੇ ਘਰੀਂ ਹਿੰਦੀ ਬੋਲਦੇ ਹੁੰਦੇ ਸਨ; ਕਾਲੇ ਦਿਨਾਂ ਤੋਂ ਬਾਅਦ ਘਰ-ਘਰ ਹਿੰਦੀ ਬੋਲੀ ਜਾਣ ਲੱਗੀ। ਇਕ ਸਦੀ ਪਹਿਲਾਂ ਗੁਜਰਾਤੋਂ ਪੰਜਾਬ ਆ ਕੇ ਆਰੀਆ ਸਮਾਜੀ ਦਇਆ ਨੰਦ ਨੇ ਪੰਜਾਬੀਅਤ ਦੀਆਂ ਜੜ੍ਹਾਂ ਚ ਤੇਲ ਦਿੱਤਾ ਸੀ। ਹੁਣ ਉਹਨੂੰ ਕਾਹਦਾ ਮਿਹਣਾ?

ਦੋ ਪੰਜਾਬੀ ਕਹਾਣੀਆਂ ਇਸ ਦੌਰ ਦੀਆਂ ਮਿਸਾਲੀ ਕਹਾਣੀਆਂ ਹਨ - ਜੀਊਂਦਿਆਂ ਦੇ ਮੇਲੇ (ਗੁਰਦਿਆਲ ਸਿੰਘ) ਤੇ ਕਾਨ੍ਹੀ (ਪ੍ਰੇਮ ਪ੍ਰਕਾਸ਼)। ਮੇਲੇ ਕਹਾਣੀ ਉੱਨੀ ਸੌ ਸੱਠਾਂ ਦੀ ਲਿਖੀ ਹੋਈ ਹੈ, ਜਦ ਭਿੰਡਰਾਂਵਾਲੇ ਦਾ ਕਿਸੇ ਨਾਂ ਵੀ ਨਹੀਂ ਸੀ ਸੁਣਿਆ ਤੇ ਕਾਨ੍ਹੀ ਵੀਹ ਸਾਲ ਮਗਰੋਂ ਦੀ ਲਿਖੀ ਹੋਈ। ਮੇਲੇ ਦੀ ਕਹਾਣੀ ਇੰਜ ਹੈ: ਸਿੰਘਾਂ ਦੇ ਜੱਥੇ ਚ ਭਾਗਣ ਦੇ ਪੇਟ-ਘਰੋੜੀ ਦੇ ਪੁੱਤ ਨੇ ਪਿੰਡ ਆਉਣਾ ਸੀ। ਉਹ ਆਏ। ਭਾਗਣ ਨੂੰ ਬੰਦਿਆਂ ਦੇ ਝੌਲੇ-ਝੌਲੇ ਮੁਹਾਂਦਰੇ ਦਿਸ ਪਏ ਸਨ, ਪਰ ਕਿਸੇ ਦੀ ਪਛਾਣ ਨਹੀਂ ਸੀ ਆ ਰਹੀ। ਸਭ ਦੇ ਨੀਲੇ, ਚਿੱਟੇ ਕਪੜੇ ਤੇ ਗਾਤਰੇ ਪਾਈਆਂ ਕਿਰਪਾਨਾਂ ਕਰਕੇ ਇੱਕੋ-ਜਿਹੇ ਲਗਦੇ ਸਨ। ਪੁੱਤ ਨੇ ਮਾਂ ਵਲ ਦੇਖਿਆ ਤਕ ਨਹੀਂ। 'ਮਾਂ ਪੈਰੀਂ ਪੈਨਾਂ' ਸੁਣਨ ਦੀ ਉਡੀਕ ਕਰਦੀ ਦੇ ਕੋਲੋਂ ਸ਼ਬਦ ਗਾਉਂਦਾ ਜੱਥਾ ਲੰਘ ਗਿਆ - ਉਹਦਾ ਪੁੱਤ ਵੀ, ਨੂੰਹ ਵੀ, ਦੋਵੇਂ ਪੋਤੇ ਵੀ; ਸਾਰੇ ਲੰਘ ਗਏ; ਉਹ ਖੜੋਤੀ ਰਹੀ...ਅਵੱਲਾ ਜਿਹਾ ਜੱਥਾ ਸੀ। ਪੰਜ ਬੰਦੇ ਸਨ। ਸਭ ਦੇ ਸਿਰ ਨੀਲੀਆਂ ਪੱਗਾਂ, ਚਿੱਟੇ ਚੋਲੇ ਤੇ ਗਾਤਰੇ ਕਿਰਪਾਨਾਂ। ਚਾਰ ਤੀਵੀਆਂ ਸਨ। ਸਿਰਾਂ ਉੱਤੇ ਕਾਲੀਆਂ ਪੱਗਾਂ, ਚਿੱਟੇ ਚੋਲੇ ਤੇ ਸਲਵਾਰਾਂ। ਨਿੱਕੇ-ਨਿੱਕੇ ਤਿੰਨ ਮੁੰਡੇ ਸਨ। ਉਨ੍ਹਾਂ ਨੇ ਵੀ ਇਹੋ-ਜਿਹਾ ਨੀਲਾ ਬਾਣਾ ਪਾਇਆ ਹੋਇਆ ਸੀ। ਨਿੱਕੀਆਂ ਕਿਰਪਾਨਾਂ ਪਾਈ ਜੱਥੇ ਨਾਲ ਰਲ ਕੇ ਸ਼ਬਦ ਗਾਉਂਦੇ ਜਾਂਦੇ ਸਨ। ਪੁੱਤ ਨੇ ਮਾਂ ਦੇ ਹੱਥ ਦੀ ਪੱਕੀ ਰੋਟੀ ਨਾ ਖਾਧੀ: 'ਅੰਮ੍ਰਿਤਧਾਰੀ ਸਿੰਘ ਸਿੰਘਣੀਆਂ ਕਿਸੇ ਹੋਰ ਦੇ ਹੱਥ ਦਾ ਸਜਾਇਆ ਪਰਸ਼ਾਦਾ ਨਹੀਂ ਛਕ ਸਕਦੇ।' ਪੁੱਤ ਨੇ ਮਾਂ ਨਾਲ ਗੱਲ ਤਕ ਨਹੀਂ ਕੀਤੀ: ਉਹਦਾ 'ਕੂੜੇ ਸੰਸਾਰ ਵਿਚ ਕਿਸੇ ਨਾਲ ਕੋਈ ਰਿਸ਼ਤਾ ਨਹੀਂ ਸੀ।' ਜੱਥਾ ਜਿਵੇਂ ਕੀਰਤਨ ਕਰਦਾ ਆਇਆ ਸੀ, ਉਵੇਂ ਤੁਰ ਗਿਆ। ਉਹ ਹਿੰਮਤ ਕਰਕੇ ਜੱਥੇ ਦੇ ਪਿੱਛੇ ਗਈ, ਪਰ ਗਲ਼ੀ ਤਕ ਅਪੜਦਿਆਂ ਉਹਦੀਆਂ ਲੱਤਾਂ ਭੁਠੀਆਂ ਪੈ ਗਈਆਂ।

ਉੱਨੀ ਸੌ ਅੱਸੀਆਂ ਦੇ ਘਰੋਂ ਮਰਨ ਤੁਰੇ ਅੰਮ੍ਰਿਤਧਾਰੀ ਸਿੱਖ ਦੇ ਮਨ ਦੀ ਤਸਵੀਰ ਗੁਰਦਿਆਲ ਸਿੰਘ ਤੋਂ ਬਿਨਾਂ ਹੋਰ ਕੋਈ ਨਹੀਂ ਖਿੱਚ ਸਕਿਆ। ਪੰਦਰਾਂ-ਵੀਹ ਸਾਲ ਪਹਿਲਾਂ ਲਿਖੀ ਕਹਾਣੀ ਆਉਣ ਵਾਲੇ ਮਨਮੁੱਖ ਵਰਤਾਰੇ ਦੀ ਕਿੰਨੀ ਸੱਚੀ ਭਵਿਖਬਾਣੀ ਹੈ। ਅੰਮ੍ਰਿਤਸਰ ਵਿਚ ਨਿਰੰਕਾਰੀਆਂ ਨਾਲ ਆਢਾ ਲੈਣ ਗਿਆਂ ਦੇ ਨਾਲ ਮਾਂ ਦੇ ਉਸ ਪੁੱਤ ਦਾ ਹੋਣਾ ਜ਼ਰੂਰੀ ਸੀ। ਪੁੱਤ ਨੇ ਮਾਂ ਵਲ ਦੇਖਿਆ ਤਕ ਨਹੀਂ। ਪੁੱਤ ਨੇ ਮਾਂ ਦੇ ਹੱਥ ਦੀ ਪੱਕੀ ਰੋਟੀ ਨਾ ਖਾਧੀ। ਪੁੱਤ ਨੇ ਮਾਂ ਨਾਲ ਗੱਲ ਤਕ ਨਹੀਂ ਕੀਤੀ। ਮਾਂ ਪੁੱਤ ਦੀ ਕੁਛ ਨਾ ਸੀ ਲਗਦੀ। ਦਹਿਸ਼ਤਵਾਦ ਦਾ ਪਹਿਲਾ ਸਬਕ ਹੁੰਦਾ ਹੈ - ਇਨਸਾਨ ਨੂੰ, ਇਨਸਾਨੀਅਤ ਨੂੰ ਘੋਰ ਨਫ਼ਰਤ ਕਰੋ। ਬੇਫ਼ਿਕਰ ਹੋ ਜਾਊ।

ਉੱਨੀ ਸੌ ਅੱਸੀਆਂ ਚ ਲਿਖੀ ਕਹਾਣੀ ਕਾਨ੍ਹੀ ਪੰਜਾਬ ਨੂੰ ਪੈਂਦੇ ਰਹਿੰਦੇ ਝੱਲ ਦੀ ਤਸਵੀਰ ਹੈ - ਉਹ ਤਾਂ ਅਸ਼ਵਥਾਮਾ ਹੈ, ਮਹਾਭਾਰਤ ਦੇ ਵੇਲੇ ਦਾ ਫਿਰਦਾ। ਉਹ ਕਦੇ ਬੌਣਾ ਹੋ ਜਾਂਦਾ ਹੈ, ਗਿਠਮੁਠੀਆ ਤੇ ਕਦੇ ਹੋ ਜਾਂਦੈ ਕਿੱਕਰ ਜਿੱਡਾ। ਉਹਦੇ ਮੱਥੇ 'ਤੇ ਉਵੇਂ ਘਾਉ ਦਿਸਦੈ। ਉਹਦੇ ਹੱਥ ਚ ਮਲ੍ਹਮ ਵਾਲਾ ਠੂਠਾ ਹੁੰਦੈ। ''ਰਾਮ ਨੀਂ ਆਇਆ, ਹੁਣ ਥ੍ਹਈਂ...ਹਜ਼ਾਰਾਂ ਸਾਲ ਹੋ ਗਏ ਨੇ ਬਾਣ ਲੱਗੇ ਨੂੰ। 'ਰਾਮ ਕਿੱਥੋਂ ਆਉਣਾ ਸੀ? ਦੁਰਸੀਸਾਂ ਦੇ ਘਾਉ ਨੇ, ਮੁੜ-ਮੁੜ ਹਰੇ ਹੁੰਦੇ ਰਹਿੰਦੇ ਨੇ।' ਪਾਤਰ ਹਿੱਲੇ ਹੋਏ ਹਨ। ਉਨ੍ਹਾਂ ਨੂੰ ਓਪਰੀਆਂ ਸ਼ੈਆਂ ਦਿਸਦੀਆਂ ਹਨ। ਉਨ੍ਹਾਂ ਨੂੰ ਪਾਟੀ ਜੀਭ ਚੋਂ ਨਿਕਲਦੀਆਂ ਆਵਾਜ਼ਾਂ ਸੁਣਦੀਆਂ ਹਨ। ਕਤਲ ਹੋਇਆਂ ਦੇ ਸਸਕਾਰ ਕਰ-ਕਰ ਹੰਭ ਗਿਆ ਬੰਦਾ ਸਲਾਹ ਦਿੰਦਾ ਹੈ: ਮੈਂ ਤਾਂ ਕਹਿੰਦੈਂ, ਆਪਾਂ ਸਾਰੇ ਏਥੇ ਹੀ ਨਾ ਰਹਿਣ ਲਗ ਜਾਈਏ? ਅਰਥੀਆਂ ਚੱਕਣ ਦੀ ਲੋੜ ਈ ਨੀਂ ਰਹਿਣੀ। ਕਾਨ੍ਹੀ ਵਿਚਾਰੇ ਥੱਕ ਜਾਂਦੇ ਨੇ। - ਅਕਲਮੰਦ ਕਹਿੰਦਾ ਹੈ: ਤੂੰ ਚਿੰਤਾ ਨਾ ਕਰ ਰਾਜੇ। ਆਪਾਂ ਗੱਡੀਉ ਲੈ ਆਉਣੀ ਐ, ਰੈੱਡ ਕ੍ਰਾਸ ਵਾਲੀ। ਫੇਰ ਤਾਂ ਛੇ-ਛੇ ਮੀਲਾਂ ਤੋਂ ਮੁਰਦੇ ਐਥੇ ਈ ਲਿਆਉਣਗੇ। ਰੌਣਕਾਂ ਲਗ ਜਾਣਗੀਆਂ।

ਏਦੂੰ ਕਿਤੇ ਵਧ ਰੌਣਕਾਂ ਸੰਨ ਸੰਤਾਲੀ ਚ ਲੱਗੀਆਂ ਸਨ। ਓਦੋਂ ਪੰਜ ਲੱਖ ਪੰਜਾਬੀ ਮਰੇ; ਖ਼ਾਲਿਸਤਾਨੀਆਂ ਵੇਲੇ ਤਾਂ ਸਿਰਫ਼ ਪੱਚੀ ਹਜ਼ਾਰ ਹੀ ਮਰੇ ਦਸਦੇ ਹਨ। ਮਨੁੱਖ ਦੇ ਕੀਤੇ ਨਾਸ ਦੀ ਇੰਜ ਪੰਜ-ਪੱਚੀ ਦੀ ਗਿਣਤੀ ਚ ਗੱਲ ਕਰਨੀ ਭਾਸ਼ਾ ਦੀ ਸਭ ਤੋਂ ਵਧ ਘਿਣਾਉਣੀ ਹਿੰਸਾ ਹੈ।

ਮਰਨ-ਮਾਰਨ ਦੇ ਸੁਭਾਅ ਦੀ ਗੱਲ ਤਾਂ ਸਿੱਖ ਇਤਿਹਾਸ ਤੋਂ ਕਿਤੇ ਪਹਿਲਾਂ ਮਹਾਭਾਰਤੀ ਅਸ਼ਵਥਾਮਾ ਤਕ ਜਾਂਦੀ ਹੈ। ਇਹ ਗੱਲ ਪ੍ਰੇਮ ਪ੍ਰਕਾਸ਼ ਤੋਂ ਪਹਿਲਾਂ ਕਿਸੇ ਨਹੀਂ ਸੀ ਫੜੀ।

ਏਕ ਚਾਦਰ ਮੈਲੀ ਸੀ ਨਾਵਲ ਦੇ ਸ਼ੁਰੂ ਵਿਚ ਕਬੂਤਰ ਪ੍ਰਬੋਧ ਤੇ ਕਬੂਤਰੀ ਮੈਤ੍ਰੀ ਬੈਠੇ ਚੁਹਲ-ਮੁਹਲ ਕਰਦੇ ਉਰਦੂ ਵਿਚ ਪੰਜਾਬ ਦੀਆਂ ਮਿੱਠੀਆਂ-ਮਿੱਠੀਆਂ ਗੱਲਾਂ ਕਰਦੇ ਪੰਜਾਬ ਦੀ ਵਹਿਸ਼ਤ ਨੂੰ ਵੇਖਦਿਆਂ ਅੱਖਾਂ ਮੀਟ ਲੈਂਦੇ ਹਨ। ਇਹ ਬਿੱਲੀ ਮਿਆਊਂ-ਮਿਆਊਂ ਨਹੀਂ ਕਰਦੀ, ਭੌਂਕਦੀ ਹੈ। ਇਹ ਵੱਢਦੀ ਵੀ ਹੈ। ਰਾਜਿੰਦਰ ਸਿੰਘ ਬੇਦੀ ਦੇ ਕਬੂਤਰਾਂ ਨੂੰ 'ਸਿਵਿਆਂ ਚ ਲੱਗੀਆਂ ਰੌਣਕਾਂ' ਤੋਂ ਡਰ ਲਗਦਾ ਹੈ। ਇੰਦਰਾ-ਜ਼ੈਲਸਿੰਘ-ਭਿੰਡਰਾਂਵਾਲੇ ਦੀਆਂ ਲਾਈਆਂ ਰੌਣਕਾਂ ਪੰਜਾਬੀ ਰਹਿੰਦੀ ਦੁਨੀਆ ਤਾਈਂ ਨਹੀਂ ਭੁੱਲਣ ਲੱਗੇ। ਉਨ੍ਹਾਂ ਦੇ ਵੇਲੇ ਨੇਕੀ ਤੇ ਬਦੀ ਦਾ ਫ਼ਰਕ ਮਿਟ ਚੁੱਕਾ ਸੀ। ਸਕਤੇ ਨੂੰ ਸਕਤਾ ਮਾਰੀ ਜਾਂਦਾ ਸੀ। ਵਿਚਾਲੇ ਘਾਣ ਨਿਰਦੋਸ਼ਾਂ ਦਾ ਹੋਇਆ, ਰੋਸ ਉਸ ਗੱਲ ਦਾ ਹੈ।

ਮੈਕਸੀਕੋ ਦੇਸ ਦਾ ਨਾਵਲਕਾਰ ਕਾਰਲੋਸ ਫ਼ੁਏਨਤੇਸ ਵੀਹਵੀਂ ਸਦੀ ਵਿਚ ਦੁਖਾਂਤ ਦੀ ਅਣਹੋਂਦ ਦੀ ਗੱਲ ਕਰਦਾ ਹੈ:

ਪੁਰਾਣੇ ਵੇਲਿਆਂ ਚ ਦੁਖਾਂਤ ਨਾਲ ਨੇਕੀ ਤੇ ਬਦੀ ਦਾ ਰਿਸ਼ਤਾ ਬਣਦਾ ਸੀ। ਗਰੀਕ ਦੁਖਾਂਤ ਚ ਦੋਹਵੇਂ ਧਿਰਾਂ ਸਹੀ ਹੋ ਸਕਦੀਆਂ ਹਨ ਕਿ ਦੁਸ਼ਟ ਕਰੀਔਨ ਰਿਆਸਤ ਦਾ ਕਾਨੂੰਨਪਾਲ ਹੋਣ ਕਰਕੇ ਸਹੀ ਹੈ ਅਤੇ ਬੰਦੇ ਦੇ ਹੱਕਾਂ ਲਈ ਡਟਦੀ ਐਂਟੀਗਨੀ ਵੀ ਸਹੀ ਹੈ। ਪਰ ਜਦ ਕੋਈ ਸਮਾਜ ਧਰਤੀ 'ਤੇ ਸਵਰਗ ਬਣਾਉਣ ਚ ਯਕੀਨ ਕਰਨ ਲਗਦਾ ਹੈ, ਤਾਂ ਦੁਖਾਂਤ ਅਲੋਪ ਹੋ ਜਾਂਦਾ ਹੈ। ਦੁਖਾਂਤ ਦੀ ਥਾਂ ਜੁਰਮ ਦੀ ਚੜ੍ਹ ਮਚ ਜਾਂਦੀ ਹੈ ਅਤੇ ਵੀਹਵੀਂ ਸਦੀ ਦੇ ਜੁਰਮ ਲਾਸਾਨੀ ਹਨ।

ਵੱਡੇ ਦੁਖਾਂਤ ਅੰਕੜੇ ਤੇ ਵਰ੍ਹੇ ਗੰਢਾਂ ਬਣ ਕੇ ਰਹਿ ਜਾਂਦੇ ਹਨ।

ਅੰਕੜੀਏ ਦੱਸਦੇ ਹਨ: ਪੂਰਬੀ ਪੰਜਾਬ ਵਿਚ ਕੁਲ ਪਿੰਡ ਹਨ 12 ਹਜ਼ਾਰ। ਕੋਈ 7 ਸੌ ਪਿੰਡ ਅੱਤਵਾਦ ਦੀ ਮਾਰ ਹੇਠ ਆਏ। ਇਨ੍ਹਾਂ ਚੋਂ 268 ਪਿੰਡਾਂ ਦਾ ਹਾਲ ਵਧ ਮਾੜਾ ਸੀ। ਇਹ ਦਰ ਮਸਾਂ 3 ਫ਼ੀ ਸਦ ਬਣਦੀ ਹੈ। 25 ਹਜ਼ਾਰ ਬੰਦੇ ਸ਼ਹੀਦ ਹੋਏ। (ਪੰਜਾਬ ਵਿਚ ਜੋ ਵੀ ਲੜਦਾ ਮਰ ਜਾਏ, ਉਹ ਸ਼ਹੀਦ ਹੀ ਅਖਵਾਉਂਦਾ ਹੈ।) ਕੋਈ 4 ਕੁ ਸੌ 'ਮੁੰਡਿਆਂ' ਨੇ ਸਾਰਾ ਪੰਜਾਬ ਪੂਰੇ 10 ਸਾਲ ਸੁੱਕਣੇ ਪਾਈ ਰੱਖਿਆ। ਕੋਈ ਬੰਦਾ ਅਪਣੀ ਜਾਨ ਤਲੀ 'ਤੇ ਕਿਉਂ ਰਖ ਲੈਂਦਾ ਹੈ? ਕੋਈ ਖ਼ੁਦਕੁਸ਼ੀ ਕਿਉਂ ਕਰਦਾ ਹੈ?

ਅੰਕੜੀਏ ਜਵਾਬ ਦਿੰਦੇ ਹਨ: ਇਹ ਸਵਾਲ ਬ੍ਰਹਮਗਿਆਨ ਦਾ ਹੈ। ਸਾਤੋਂ ਨਾ ਪੁੱਛੋ।

ਪੰਜਾਬ ਦਿੱਲੀ ਦੇ ਹੁਕਮਰਾਨ ਕੁਝ ਨਹੀਂ ਦੱਸਣ ਜੋਗੇ। ਉਹ ਹੁਕਮਰਾਨ ਕਾਹਦਾ, ਜੋ ਜਵਾਬ ਦੇਣ ਲਗ ਪਏ?

ਦਾਨੇਬੀਨੇ ਦਸਦੇ ਹਨ - ਪੰਜਾਬ ਚ ਇੰਡਸਟਰੀ ਹੈ ਨਹੀਂ। ਪੂੰਜੀਵਾਦ ਲੰਙੜਾ ਹੈ। ਖੇਤੀ ਘਾਟੇ ਵਾਲਾ ਸੌਦਾ ਹੈ। ਜ਼ਮੀਨਾਂ ਸੁੰਗੜ ਰਹੀਆਂ ਹਨ। ਇਹ ਕੰਗਾਲ ਹੋ ਰਹੇ ਜੱਟਾਂ ਦੀ ਤਕੜੇ ਜੱਟਾਂ ਖ਼ਿਲਾਫ਼ ਲੜਾਈ ਸੀ। ਇਸ ਡਰਾਮੇ ਦੇ ਪਾਤਰਾਂ ਦਾ ਲਿਬਾਸ ਅਠਾਰ੍ਹਵੀਂ ਸਦੀ ਵਾਲਾ ਸੀ। ਧਰਮ ਉਨ੍ਹਾਂ ਦਾ ਹਥਿਆਰ ਸੀ। ਧਰਮ ਤੇ ਸਿਆਸਤ ਦਾ ਕੋਈ ਮੇਲ ਨਹੀਂ। ਸਿੱਖ ਕੌਮ ਨਹੀਂ ਹਨ। ਸਿੱਖ ਪੰਥ ਵੱਖਰਾ ਧਰਮ ਜ਼ਰੂਰ ਹੈ। ਜੇ ਧਰਮ ਦੇ ਨਾਂ 'ਤੇ ਕੌਮੀਅਤ ਮੰਨੀਏ, ਤਾਂ ਦੁਨੀਆ ਦੇ ਸਾਰੇ ਮੁਸਲਮਾਨਾਂ ਤੇ ਈਸਾਈਆਂ ਦੀ ਕੌਮ ਇੱਕੋ ਹੋਣੀ ਚਾਹੀਦੀ ਹੈ। ਪੰਜਾਬੀ ਵਿਚ ਤਾਂ ਜ਼ਾਤ ਨੂੰ ਵੀ ਕੌਮ ਆਖੀਦਾ ਹੈ। ਹਿੰਦੂ ਸਿੱਖ ਮੁਸਲਮਾਨ ਈਸਾਈ ਪੰਜਾਬੀਆਂ ਦੀ ਕੌਮੀਅਤ ਪੰਜਾਬੀ ਹੈ। ਹੁਣ ਮਾਰੋ-ਮਾਰ ਕਰਦੀ ਆਲਮੀ ਸਰਮਾਏ ਦੀ ਸਿਉਂਕ ਹਰ ਕੌਮ ਦੇ ਨਰੋਏ ਕਲਚਰ ਨੂੰ ਖਾਈ ਜਾਂਦੀ ਹੈ। ਸਾਮਰਾਜ ਦੀ ਬੋਲੀ ਅੰਗਰੇਜ਼ੀ ਤੋਂ ਖ਼ਤਰਾ ਜਿੰਨਾ ਪੰਜਾਬੀ ਨੂੰ ਹੈ, ਓਨਾ ਹੀ ਹਿੰਦੀ ਤੇ ਹੋਰਨਾਂ ਬੋਲੀਆਂ ਨੂੰ ਹੈ। ਰਾਜਭਾਗ ਦਾ ਆਵਾ ਊਤਿਆ ਹੋਇਆ

***ਅੰਕੜੀਏ ਦੱਸਦੇ ਹਨ: ਪੂਰਬੀ ਪੰਜਾਬ ਵਿਚ ਕੁਲ ਪਿੰਡ ਹਨ 12 ਹਜ਼ਾਰ। ਕੋਈ 7 ਸੌ ਪਿੰਡ ਅੱਤਵਾਦ ਦੀ ਮਾਰ ਹੇਠ ਆਏ। ਇਨ੍ਹਾਂ ਚੋਂ 268 ਪਿੰਡਾਂ ਦਾ ਹਾਲ ਵਧ ਮਾੜਾ ਸੀ। ਇਹ ਦਰ ਮਸਾਂ 3 ਫ਼ੀ ਸਦ ਬਣਦੀ ਹੈ। 25 ਹਜ਼ਾਰ ਬੰਦੇ ਸ਼ਹੀਦ ਹੋਏ। (ਪੰਜਾਬ ਵਿਚ ਜੋ ਵੀ ਲੜਦਾ ਮਰ ਜਾਏ, ਉਹ ਸ਼ਹੀਦ ਹੀ ਅਖਵਾਉਂਦਾ ਹੈ)। ਕੋਈ 4 ਕੁ ਸੌ 'ਮੁੰਡਿਆਂ' ਨੇ ਸਾਰਾ ਪੰਜਾਬ ਪੂਰੇ 10 ਸਾਲ ਸੁੱਕਣੇ ਪਾਈ ਰੱਖਿਆ। ਕੋਈ ਬੰਦਾ ਅਪਣੀ ਜਾਨ ਤਲੀ 'ਤੇ ਕਿਉਂ ਰਖ ਲੈਂਦਾ ਹੈ? ਕੋਈ ਖ਼ੁਦਕੁਸ਼ੀ ਕਿਉਂ ਕਰਦਾ ਹੈ? ਅੰਕੜੀਏ ਜਵਾਬ ਦਿੰਦੇ ਹਨ: ਇਹ ਸਵਾਲ ਬ੍ਰਹਮਗਿਆਨ ਦਾ ਹੈ। ਸਾਤੋਂ ਨਾ ਪੁੱਛੋ। ਪੰਜਾਬ ਦਿੱਲੀ ਦੇ ਹੁਕਮਰਾਨ ਕੁਝ ਨਹੀਂ ਦੱਸਣ ਜੋਗੇ। ਉਹ ਹੁਕਮਰਾਨ ਕਾਹਦਾ, ਜੋ ਜਵਾਬ ਦੇਣ ਲਗ ਪਏ?***

ਹੈ। ਕੁਰੱਪਸ਼ਨ ਹੱਦਾਂ ਤੋੜ ਹੈ। ਕਾਨੂੰਨ ਨਿਰਾ ਨਾਂ ਦਾ ਹੈ। ਤਾਲੀਮ ਬੇਮਤਲਬ ਹੈ। ਰੁਜ਼ਗਾਰ ਕੋਈ ਨਹੀਂ। ਇੰਗਲੈਂਡ ਅਮਰੀਕਾ ਬੰਦ ਹੈ। ਸਾਰੇ ਦਰ ਬੰਦ ਹਨ। ਨਿਰਾਸ ਹੋਇਆਂ ਨੇ ਏ.ਕੇ. ਸੰਤਾਲ਼ੀ ਫੜ ਲਈ।

ਦਲਿਤ ਕਹਿੰਦੇ ਸੀ - ਖ਼ਾਲਿਸਤਾਨ ਦਾ ਮਤਲਬ ਹੈ: ਜੱਟਸਤਾਨ। ਪੁਲ਼ਸੀਆ ਕੰਵਰਪਾਲ ਸਿੰਘ ਗਿੱਲ ਦਸਦਾ ਸੀ: ਇਹ ਜੱਟ-ਜੱਟਾਂ ਦੀ ਲੜਾਈ ਹੈ। ਇਹਨੂੰ ਕੋਈ ਜੱਟ ਹੀ ਸਮਝ ਸਕਦਾ ਹੈ।

ਸਾਂਝੇ ਪੰਜਾਬ ਦੀ ਗੱਲ ਦਾ ਗ਼ਦਰੀਆਂ ਨੂੰ ਅਚੇਤ ਪਤਾ ਸੀ। ਆਜ਼ਾਦੀ ਖ਼ਾਤਿਰ ਹਿੰਦੂ ਸਿੱਖ ਮੁਸਲਮਾਨ ਪੰਜਾਬੀਆਂ ਦਾ ਇਕੱਠਿਆਂ ਫਾਹੇ ਲਗਣਾ ਇਸ ਸੋਝੀ ਦੀ ਬਿਹਤਰੀਨ ਮਿਸਾਲ ਸੀ। ਸੰਨ ਸੰਤਾਲ਼ੀ ਦਾ ਵਿਰਲਾਪ ਪੰਜਾਬੀ ਲਿਖਾਰੀ ਹੀ ਕਰਦਾ ਹੈ; ਸਿਆਸਤਦਾਨ ਨੂੰ ਕੋਈ ਦੁੱਖ ਨਹੀਂ। ਪੰਜਾਬ ਇਕ ਰਹਿੰਦਾ, ਤਾਂ ਸਿੱਖਾਂ ਨੇ ਕਿੱਥੇ ਹਕੂਮਤ ਕਰ ਸਕਣੀ ਸੀ? ਗੁੱਜਰਾਂਵਾਲ਼ੇ ਦੇ ਪਿੰਡ ਬੱਦੋਕੀ ਗੁਸਾਈਆਂ ਦੇ ਜੰਮਪਲ਼ ਗੁਲਜ਼ਾਰੀ ਲਾਲ ਨੰਦੇ ਨੇ ਪੰਜਾਬ ਦੇ ਪੂਰਬੀ ਅੰਗ ਨੂੰ ਕੁਹਾੜੇ ਨਾਲ਼ ਹੋਰ ਛਾਂਗ ਦਿੱਤਾ। ਹੁਣ ਵਾਲ਼ੇ ਪੂਰਬੀ ਪੰਜਾਬ ਦਾ ਰਕਬਾ ਸਾਂਝੇ ਪੰਜਾਬ ਦੇ ਰਕਬੇ ਨਾਲ਼ੋਂ ਛੇ ਗੁਣਾ ਘਟ ਹੈ। ਪੰਜਾਬ ਦੇ ਮੁੜ ਇਕ ਹੋਣ ਦੀ ਗੱਲ ਕੋਈ ਪੰਜਾਬੀ ਕਵੀ ਵੀ ਨਹੀਂ ਕਰਦਾ। ਸੰਤ ਸਿੰਘ ਸੇਖੋਂ ਕਹਿੰਦਾ ਸੀ - ਸਿਰਫ਼ ਸਿੱਖ ਹੀ ਪੰਜਾਬ ਦੇ ਸਕੇ ਹਨ। ਸਿੱਖੀ ਪਛਾਣ ਦਾ ਮਤਲਬ ਹੈ, ਪੰਜਾਬੀ ਪਛਾਣ। ਪੰਜਾਬੀਅਤ ਤੇ ਪੰਜਾਬੀ ਬੋਲੀ ਸਿੱਖੀ ਨਾਲ਼ ਰਲ਼ਗੱਡ ਹੋ ਗਈ। ਉਹਦੇ ਸੋਚੇ ਖ਼ਾਲਿਸਤਾਨ ਦੇ ਨਕਸ਼ੇ ਵਿਚ ਪਾਕਪਟਨ ਨਨਕਾਣੇ ਹਸਨ ਅਬਦਾਲ ਵਾਲਾ ਪੱਛਮੀ ਪੰਜਾਬ ਨਹੀਂ ਸੀ, ਪਰ ਕਰਾਚੀ ਹੈ ਸੀ। ਸਿੱਖਾਂ ਦੀ ਮਾੜੀ ਕਿਸਮਤ ਨੂੰ ਤਾਰਾ ਸਿੰਘ ਫ਼ਤਿਹ ਸਿੰਘ ਜਰਨੈਲ ਸਿੰਘ ਵਰਗੇ ਆਗੂ ਮਿਲ਼ੇ। (ਹਰਕਿਸ਼ਨ ਸਿੰਘ ਸੁਰਜੀਤ ਵੀ ਸਿੱਖਾਂ ਦਾ ਹੀ ਲੀਡਰ ਹੈ)। ਪ੍ਰਤਾਪ ਸਿੰਘ ਕੈਰੋਂ ਮਹਿੰਦਰ ਸਿੰਘ ਰੰਧਾਵੇ ਤੋਂ ਛੁੱਟ ਹੋਰ ਕਿਸੇ ਨੇ ਪੰਜਾਬ ਦਾ ਕੱਖ ਨਹੀਂ ਸਵਾਰਿਆ।



ਇਸ ਵੇਲੇ ਪੰਜਾਬੀ ਕੌਮ ਦਾ - ਵਾਹਗੇ ਦੇ ਦੋਹਵੇਂ ਪਾਸੇ ਦੇ ਪੰਜਾਬ ਦਾ ਹਾਲ ਖੂਹ ਵਿਚ ਸੁੱਟੇ ਵੱਢੇ-ਟੁੱਕੇ ਪੂਰਨ ਵਰਗਾ ਹੈ। ਜੁਗਨੀ ਖੜ੍ਹੀ ਬਿਟ-ਬਿਟ ਤੱਕੀ ਜਾਂਦੀ ਹੈ। ਸਿੱਖ ਅੱਤਵਾਦੀ ਲਹਿਰ ਨੇ ਕਹਿਣੀ ਤੇ ਕਰਨੀ ਨਾਲ਼ ਇਹ ਸਾਬਤ ਕੀਤਾ ਕਿ ਜੋ ਸੰਤਾਲ਼ੀ ਚ ਹੋਇਆ, ਉਹ ਸਹੀ ਸੀ।

ਇਸ ਮੁੰਡੇ ਦਾ ਇਹ ਹਾਲ ਜਸਵੰਤ ਸਿੰਘ ਕੰਵਲ ਦੇ ਨਾਵਲ ਪੜ੍ਹ ਕੇ ਹੋਇਆ ਹੈ। ਪੂਰਨ ਸਿੰਘ ਨੇ ਇਹਨੂੰ ਬਹੁਤੇਰਾ ਸਮਝਾਇਆ; ਪੁਰਾਣੇ ਪੰਜਾਬ ਦੇ ਵਾਸਤੇ ਵੀ ਪਾਏ; ਪਰ ਇਹਨੇ ਇਕ ਨਾ ਸੁਣੀ। ਨਿੱਕੇ ਹੁੰਦਿਆਂ ਤੋਂ ਕੰਨੀਂ ਪੈਂਦੀ ਰਹੀ ਅਰਦਾਸ ਨੇ, ਢਾਡੀਆਂ ਦੀਆਂ ਵਾਰਾਂ ਨੇ ਵੀ ਤਾਂ ਅਪਣਾ ਰੰਗ ਦਿਖਾਉਣਾ ਸੀ। ਕੈਨੇਡੇ ਦੇ ਕਿਸੇ ਖ਼ਾਲਿਸਤਾਨੀ ਅਖ਼ਬਾਰ ਵਿਚ ਉਨ੍ਹੀਂ ਦਿਨੀਂ ਕਿਸੇ ਬੀਬੀ ਦੀ ਚਿੱਠੀ ਛਪੀ ਸੀ; ਜਿਸ ਵਿਚ ਸੰਪਾਦਕ ਨੂੰ ਬੇਨਤੀ ਕੀਤੀ ਹੋਈ ਸੀ: ਸ਼ਹੀਦਾਂ ਦੀਆਂ ਤਸਵੀਰਾਂ ਰੰਗੀਨ ਛਾਪਿਆ ਕਰੋ। ਮੈਨੂੰ ਸ਼ਹੀਦਾਂ ਦੀਆਂ ਤਸਵੀਰਾਂ ਲਹੂ ਦੇ ਰੰਗ ਵਿਚ ਦੇਖ ਕੇ ਚਾਅ ਚੜ੍ਹਦਾ ਹੈ। - ਸਿੱਖ ਪੰਥ ਸ਼ਹੀਦਾਂ ਦਾ ਪੰਥ ਹੈ। ਸ਼ਹੀਦਾਂ ਦਾ ਵੱਸ ਕੀਤਾ ਇਹ 'ਮੁੰਡਾ' ਉਨ੍ਹਾਂ ਦੇ ਪਿੱਛੇ-ਪਿੱਛੇ ਤੁਰ ਪਿਆ। ਇਤਿਹਾਸ ਦੀ ਪੰਡ ਢੋਈ ਜਾਂਦਾ ਨਾਸ਼ਵਾਨ ਅਮਰ ਹੋਣਾ ਚਾਹੁੰਦਾ ਸੀ; ਹੁਣ ਲਹੂ-ਲੁਹਾਣ ਹੋਇਆ ਬੈਠਾ ਹੈ। ਏਨਾ ਪਿਆਰਾ ਮੁੰਡਾ ਕਿਸੇ ਦੀ ਜਾਨ ਕਿਵੇਂ ਲੈ ਸਕਦਾ ਹੈ? ਇਹਦੇ ਹਿੱਸੇ ਕਿੰਨੇ ਹਿੰਦੂ ਕਿੰਨੇ ਲੱਲੀ-ਛੱਲੀ ਆਏ ਹੋਣਗੇ? ਕੀ ਇਹ ਰਵੀ, ਪਾਸ਼ ਤੇ ਸੁਮੀਤ ਦੇ ਕਾਤਿਲਾਂ ਨੂੰ ਜਾਣਦਾ ਹੈ? ਰੱਬ ਕਰੇ, ਇਸ ਮੁੰਡੇ ਦੀ ਵਧੀ ਹੋਵੇ। ਇਹਨੂੰ ਲਭ ਕੇ ਇਹਦੇ ਨਾਲ਼ ਗੱਲਾਂ ਕਰਨ ਨੂੰ ਜੀਅ ਕਰਦਾ ਹੈ। ਕਿਤੇ ਇਹ ਭਾਗਣ ਦਾ ਪੋਤਾ ਤਾਂ ਨਹੀਂ?

ਇਹ ਤਸਵੀਰ ਉਸ ਵੇਲੇ ਦੀ ਹੈ, ਜਿਸ ਦਿਨ ਦਿੱਲੀ ਦੇ ਹਾਕਮਾਂ ਨੇ ਜੂਨ ਚੁਰਾਸੀ ਦੇ ਸਾਕੇ ਪਿੱਛੋਂ ਸੰਗਤਾਂ ਨੂੰ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਦਿੱਤੇ ਸਨ। ਦਰਸ਼ਨੀ ਡਿਉੜ੍ਹੀ ਚ ਖੜੋਤਾ ਯੋਗ ਜੋਏ ਅਪਣੇ ਕੈਮਰੇ ਥਾਣੀਂ ਸਾਨੂੰ ਸੰਗਤਾਂ ਦੇ ਦਰਸ਼ਨ ਕਰਵਾ ਰਿਹਾ ਹੈ। ਸਮੇਂ ਦਾ ਕੜ ਪਾਟ ਗਿਆ ਹੈ; ਕੋਈ ਜੇਲ ਟੁੱਟ ਗਈ ਹੈ; ਪੰਛੀ ਪਿੰਜਰੇ ਚੋਂ ਉਡਨ ਲੱਗੇ ਹਨ। ਸੰਗਤਾਂ ਜਲ੍ਹਿਆਂਵਾਲ਼ੇ ਬਾਗ਼ ਪਾਸਿਉਂ ਹੱਸਦੀਆਂ ਨੱਸਦੀਆਂ ਜਦ ਦਰਸ਼ਨੀ ਡਿਉੜ੍ਹੀ ਲੰਘੀਆਂ, ਤਾਂ ਇਨ੍ਹਾਂ ਤਬਾਹੀ ਵੇਖ ਕੇ ਭੁੱਬਾਂ ਮਾਰ ਕੇ ਰੋਣ ਲਗ ਜਾਣਾ ਹੈ। ਕੋਈ ਚੁੱਪ ਕਰਵਾਣ ਵਾਲ਼ਾ ਵੀ ਨਹੀਂ ਹੋਣਾ। ਵੱਡੇ ਸਾਕਿਆਂ ਦੇ ਚਸ਼ਮਦੀਦ ਗਵਾਹ ਸਰਾਪੇ ਹੋਏ ਲੋਕ ਹੁੰਦੇ ਹਨ। ਇਨ੍ਹਾਂ ਚੋਂ ਵਿਰਲਿਆਂ ਨੂੰ ਅੱਖੀਂ ਡਿੱਠਾ ਹਾਲ ਸੁਣਾਉਣ, ਜੀਉਂਦੇ ਬਚੇ ਰਹਿ ਜਾਣ, ਬਾਤਾਂ ਪਾਉਣ ਦੀ ਦਾਤ ਮਿਲ਼ੀ ਹੁੰਦੀ ਹੈ। ਦਮੋਦਰੀਏ। ਜੁਗਨੀ।

ਅਮ੍ਰਿਤਾ ਸ਼ੇਰਗਿੱਲ ਦਾ ਬਣਾਇਆ ਆਖ਼ਿਰੀ ਚਿਤ੍ਰ ਅਧੂਰਾ ਹੈ। ਕਾਹਲ਼ੀ ਮੌਤ ਨੇ ਇਹ ਪੂਰਾ ਨਹੀਂ ਸੀ ਕਰਨ ਦਿੱਤਾ। ਅਧੂਰੇ ਹੋਣ ਕਾਰਣ ਇਹ ਹੋਰ ਵੀ ਮਨ ਨੂੰ ਟੁੰਬਦਾ ਹੈ। ਇਹਦਾ ਨਾਂ ਹੁਣ ਅਮ੍ਰਿਤਾ'ਜ਼ ਲਾਸਟ ਪੇਂਟਿੰਗ ਪੈ ਚੁੱਕਾ ਹੈ। ਅਮ੍ਰਿਤਾ ਇਹ ਤਸਵੀਰ ਲਹੌਰ ਦੇ ਸਰ ਗੰਗਾ ਰਾਮ ਮੈਨਸ਼ਨ ਵਾਲ਼ੇ ਅਪਣੇ ਘਰ ਦੀ ਉਤਲੀ ਮੰਜ਼ਿਲ ਤੋਂ ਵੇਖਦੀ ਹੇਠਾਂ ਵਾਲ਼ੀ ਬੀਹੀ ਚਿਤਰ ਰਹੀ ਸੀ ਵਿਹੜੇ ਵਿਚ ਚਾਰ ਸੋਚੀਂ ਪਈਆਂ ਮੱਝਾਂ ਬੱਝੀਆਂ ਹੋਈਆਂ ਹਨ; ਪਾਸੇ ਕਿਸੇ ਹੋਰ ਘਰ ਵਿਚ ਕੋਈ ਸੁਆਣੀ ਪਾਥੀਆਂ ਪੱਥ ਰਹੀ ਹੈ। ਇਸ ਵਿਚ ਬਹੁਤਾ ਕੁਝ ਨਹੀਂ ਹੋ ਰਿਹਾ। ਇਸ ਵਿਚ ਤ੍ਰਿਕਾਲ ਸੰਧਯਾ ਦੀ ਚੁੱਪ ਤੇ ਸਿਆਹੀ ਭਾਰੂ ਹੈ। ਖੜ੍ਹੀ ਮੱਝ ਦੇ ਸਿਰ 'ਤੇ ਕਾਂ ਜਿਵੇਂ ਹਵਾ ਚ ਲਟਕਿਆ ਬੈਠਾ ਹੈ; ਕਾਂ ਦੇ ਪਹੁੰਚੇ ਨਹੀਂ ਦਿਸਦੇ। ਸਿੰਙ ਤੇ ਕਾਂ ਦੀ ਆਕ੍ਰਿਤੀ ਇਸ ਚਿਤ੍ਰ ਦੇ ਕੋਮਲ ਸੁਰ ਹਨ। ਮੱਝ ਦਾ ਕੋਈ ਰੂਪਕ ਵੀ ਨਹੀਂ ਬਣਦਾ ਜਿਵੇਂ ਰਾਂਝੇ ਦੇ ਵੱਗ ਦੀ ਮੱਝ ਦਾ; ਯਮਰਾਜ ਦੇ ਵਾਹਨ ਝੋਟੇ ਦਾ। ਇਹ ਤਸਵੀਰ ਪੰਜਾਬ ਦੇ ਵੀਹਵੀਂ ਸਦੀ ਦੇ ਅਧੂਰੇ ਰਹਿ ਗਏ ਮਹਾਨ ਪ੍ਰੋਜੈਕਟ ਦੀ ਤਸਵੀਰ ਹੈ।

ਕੌਣ ਜਾਣੇ, ਕਿਹਦੇ ਹੱਥਾਂ ਨਾਲ਼ ਇੱਕੀਵੀਂ ਸਦੀ ਦੇ ਸਾਂਝੇ ਪੰਜਾਬ ਦੀ ਸੰਪੂਰਣ ਤਸਵੀਰ ਬਣੇਗੀ? ਸ਼ਾਇਦ ਜੁਗਨੀ ਜਾਣਦੀ ਹੈ।

ਧਿਆਨਜੋਗ: ਇਸ ਲੇਖ ਵਿਚਲੇ ਕੁਝ ਤੱਥਾਂ ਤੇ ਤਾਰੀਖ਼ਾਂ ਦੀ ਤਸਦੀਕ ਇਨ੍ਹਾਂ ਸੱਜਣਾਂ ਨੇ ਕੀਤੀ: ਮਦਨ ਗੋਪਾਲ ਸਿੰਘ (ਦਿੱਲੀ), ਸੰਤੋਖ ਸਿੰਘ ਸ਼ਹਰਯਾਰ (ਅਮ੍ਰਿਤਸਰ), ਸੁਭਾਸ਼ ਪਰਿਹਾਰ (ਕੋਟਕਪੂਰਾ), ਮੁਨੀਬ ਅਨਵਰ ਤੇ ਨਸੀਰ ਸ਼ੇਖ਼ (ਲੰਦਨ) ਅਤੇ ਹਰਜਾਪ ਸਿੰਘ ਔਜਲਾ (ਨੀਊ ਜਰਸੀ)। ਪ੍ਰੇਮ ਸਿੰਘ (ਦਿੱਲੀ) ਤੇ ਵਿਜੇ ਓਜ਼ੋ (ਚੰਡੀਗੜ੍ਹ) ਨੇ ਤਸਵੀਰਾਂ ਲੱਭ ਕੇ ਦਿੱਤੀਆਂ। ਮੈਂ ਇਨ੍ਹਾਂ ਸਾਰਿਆਂ ਦਾ ਅਹਿਸਾਨਮੰਦ ਹਾਂ। ਚੰਗਾ ਹੋਵੇ, ਜੇ ਕੋਈ ਯੋਗ ਜੌਏ ਦੀ ਤਸਵੀਰ ਵਿਚਲੇ ਸੰਗਤੀਆਂ ਦੀ ਦਸ ਪਾ ਸਕੇ। ਇਨ੍ਹਾਂ ਨੂੰ ਮਿਲ਼ਣ ਦੀ ਮੇਰੀ ਤਾਂਘ ਹੈ। ਅ.ਚੰ.

## ਨਵੀਂ ਕਿਤਾਬ

**ਲੇਖਕ: ਜਸਬੀਰ ਮਾਹਲ**
**ਕਿਤਾਬ: ਆਪਣੇ ਆਪ ਕੋਲ**

'ਆਪਣੇ ਆਪ ਕੋਲ' ਜਸਬੀਰ ਮਾਹਲ ਦੀ ਪਹਿਲੀ ਕਾਵਿ ਪੁਸਤਕ ਹੈ। ਜਸਬੀਰ ਮਾਹਲ ਭਾਂਵੇ ਲੰਮੇ ਸਮੇਂ ਤੋਂ ਕਾਵਿ ਸਿਰਜਣਾ ਕਰ ਰਿਹਾ ਹੈ ਪਰ ਉਸ ਨੇ ਅਨਾੜੀ ਕਵੀਆਂ ਵਾਂਗੂੰ ਕਿਤਾਬ ਛਪਵਾਉਣ ਲਈ ਕਾਹਲ ਨਹੀਂ ਕੀਤੀ, ਸਗੋਂ ਕਵਿਤਾ ਨੂੰ ਸਹਿਜ ਤੇ ਭਾਵਪੂਰਕ ਬਨਾਉਣ ਤੇ ਵਧੇਰੇ ਧਿਆਨ ਦਿੱਤਾ ਹੈ। 'ਆਪਣੇ ਆਪ ਕੋਲ' ਇਕ ਅਜਿਹੀ ਕਾਵਿ ਪੁਸਤਕ ਹੈ ਜਿਹੜੀ ਚੇਤਨ ਮਨ 'ਚੋਂ ਆਪਣੇ ਆਪ ਨੂੰ ਤਲਾਸ਼ਦੀ ਹੈ। ਇਹ ਤਲਾਸ਼ ਪਦਾਰਥਕ ਭੀੜ ਤੋਂ ਪਰ੍ਹਾਂ ਅਸਤਿਤਵ ਨੂੰ ਉਜਾਗਰ ਕਰਦੀ ਹੈ ਤੇ ਜੀਵਨ ਜਿਊਣ ਦੀਆਂ ਲੋੜਾਂ ਵੱਲ ਵੀ ਇਸ਼ਾਰਾ ਕਰਦੀ ਹੈ। ਮਨੁੱਖ ਨੂੰ ਭੀੜ ਵਿਚੋਂ ਛਾਣਦੀ ਹੈ ਤੇ ਭੀੜ ਨੂੰ ਸੋਧਤ ਕਰਨ ਲਈ ਵੀ ਹੰਭਲ਼ਾ ਮਾਰਦੀ ਹੈ। ਕਵਿਤਾਵਾਂ ਦੀ ਸ਼ਬਦਾਵਲੀ, ਬਿੰਬ ਤੇ ਸਹਿਜਤਾ ਅਰਥਾਂ ਨੂੰ ਵਿਸ਼ਾਲਤਾ ਵੱਲ ਲਿਜ਼ਾਂਦੀ ਹੈ। ਕਵਿਤਾ ਦਾ ਪੈਂਡੂਲਮ ਪਦਾਰਥਕ ਜ਼ਿੰਦਗੀ 'ਚੋਂ ਮਨੁੱਖ ਨੂੰ ਆਪਣਾ ਅਕਸ ਲੱਭਣ ਅਤੇ ਅਜੋਕੇ ਸਮਾਜ ਵਿਚ ਜ਼ਿੰਦਗੀ ਦਾ ਅਰਥ ਤੇ ਮਾਨਸਕ ਤਣਾਅ ਦਾ ਸੰਭਾਵੀਂ ਹੱਲ ਭਾਲਦਾ ਹੈ। ਸਮਾਜਿਕ ਜ਼ਿੰਮੇਵਾਰੀਆਂ ਪ੍ਰਤੀ ਆਮ ਮਨੁੱਖ ਰੋਜ਼ਮਰਾ ਕਸ਼ਮਕਸ਼ ਵਿਚ ਲੱਗਿਆ ਰਹਿੰਦਾ ਹੈ। ਪਰ ਉਸ ਦਾ ਸਕੂਨ ਆਮ ਜ਼ਿੰਦਗੀ 'ਚੋਂ ਗੁਆਚਿਆ ਪ੍ਰਤੀਤ ਹੁੰਦਾ ਹੈ। ਆਮ ਮਨੁੱਖ ਆਪਣੀਆਂ ਖਾਹਿਸ਼ਾਂ 'ਤੇ ਅਤੇ ਬਨਾਵਟੀ ਜ਼ਿੰਦਗੀ ਤੋਂ ਦੂਰ ਰਹਿ ਕੇ ਸਮਾਜਿਕ ਜੀਵਨ ਦਾ ਸਕੂਨ ਕੁਝ ਹੱਦ ਤੱਕ ਤਾਂ ਪ੍ਰਾਪਤ ਕਰ ਸਕਦਾ ਹੈ, ਪਰ ਚੇਤਨ ਪੱਧਰ ਤੇ ਪ੍ਰੋਗਰੈਸਿਵ ਮਨ ਇਸ ਤੋਂ ਪਰ੍ਹੇ ਜਾਂਦਾ ਹੈ ਜਿਸ ਵਿਚ ਜੀਵਨ ਦੇ ਹਰ ਪਹਿਲੂ ਤੇ ਯਥਾਰਥਕ ਪੜਚੋਲ ਜ਼ਰੂਰੀ ਹੈ। ਇਹ ਪੜਚੋਲ ਵਰਤਮਾਨ ਵਿਚ ਭਵਿੱਖ ਦੀ ਹੈ ਅਤੇ ਪ੍ਰਚੱਲਤ ਸਮਾਜਕ ਸਰੋਕਾਰਾਂ ਦੇ ਘਚੋਲੇ ਵਿਚ ਪ੍ਰਗਤੀਸ਼ੀਲ ਵਿਚਾਰਾਂ ਦੀ ਹੈ।

ਕਵਿਤਾ ਦੇ ਚੁੰਬਕੀ ਮੰਡਲ 'ਚ ਮਨੁੱਖ ਦੀ ਚੇਤੰਨਤਾ ਦਾ ਦਰਪਣ ਹੈ। ਇਹ ਚੇਤਨਾ ਪ੍ਰਕਾਸ਼ ਵਿਆਕਤੀਗਤ ਦ੍ਰਿਸ਼ਟੀ ਤੋਂ ਕਿੰਨਾ ਕੁ ਪਾਰਦਰਸ਼ੀ ਹੈ ਇਹ ਕਾਵਿ ਦੀ ਸਮਰੱਥਾ ਤੇ ਨਿਰਭਰ ਕਰਦਾ ਹੈ।ਕਾਵਿ ਦਾ ਸੰਕਲਪ ਮਨੁੱਖੀ ਚੇਤਨਾ ਦੀ ਅਸੀਮ ਸ਼ਕਤੀ ਹੈ ਜਿਹੜੀ ਕੇਂਦਰਤ ਬਿੰਦੂ ਤੋਂ ਅਨੰਤਤਾ ਵੱਲ ਪਸਾਰਾ ਕਰਦੀ ਹੈ।ਇਹ ਕੇਂਦਰਤ ਬਿੰਦੂ ਮਨੁੱਖ ਦਾ ਜੀਵਨ ਹੈ ਅਤੇ ਅਨੰਤਤਾ ਮਨੁੱਖੀ ਚੇਤਨਾ ਦਾ ਨਿਰੰਤਰ ਵਿਕਾਸ ਹੈ 'ਤੇ ਇਸ ਦੀ ਹੱਦ ਬੰਦੀ ਨਹੀਂ ਕੀਤੀ ਜਾ ਸਕਦੀ। ਜੀਵਨ ਦਾ ਆਪਣੇ ਸਮੇਂ ਵਿਚ ਰਚਾਇਆ ਸੰਵਾਦ ਹੀ ਮਨੁੱਖੀ ਚੇਤਨਾ ਦਾ ਅਧਾਰ ਹੈ ਜਿਹੜਾ ਕਲਾ ਕ੍ਰਿਤੀਆਂ ਜਾਂ ਸਾਹਿਤਕ ਵੰਨਗੀਆਂ ਰਾਹੀਂ ਰੂਪਮਾਨ ਹੁੰਦਾ ਹੈ। ਮਨੁੱਖੀ ਜੀਵਨ ਦਾ ਫ਼ਲਸਫਾ, ਬ੍ਰਹਿਮੰਡ ਦੀ ਉਤਪਤੀ ਤੇ ਪਸਾਰੇ, ਦਾ ਇਕ ਅੰਗ ਹੈ। ਇਸ ਕਰਕੇ ਮਨੁੱਖ ਦੀ ਚੇਤਨਤਾ ਆਪਣੇ ਆਪ ਕੋਲ ਵੀ ਰਹਿਣਾ ਚਾਹੁੰਦੀ ਹੈ ਤੇ ਆਪਣੇ ਤੋਂ ਪਰ੍ਹੇ ਅਨੰਨਤਾ ਵੱਲ ਵੀ ਜਾਣਾ ਹੋੜਦੀ ਹੈ। ਸਮਾਜਕ ਜੀਵਨ ਨਾਲ ਜੁੜੀਆਂ ਜਟਿੱਲ ਵਿਵਸਥਾਵਾਂ ਮਨੁੱਖ ਦੀ ਸੋਚਣ ਸ਼ਕਤੀ ਵਿਚ ਹਿਲਜੁਲ ਪੈਦਾ ਕਰਦੀਆਂ ਹਨ ਤੇ ਦਾਰਸ਼ਨਿਕ ਤੌਰ 'ਤੇ ਉਸ ਨੂੰ ਆਪਣੀ ਹੋਂਦ ਲੱਭਣ ਦਾ ਸਵਾਲੀਆਂ ਚਿੰਨ ਵੀ ਲਗਾਉਂਦੀਆਂ ਹਨ। ਰੋਜ਼ਮਰਾ ਜ਼ਿੰਦਗੀ ਦੀਆਂ ਪ੍ਰਸਥਿਤੀਆਂ ਮਨੁੱਖ ਦੇ ਅਹਿਸਾਸ ਤੇ ਇਰਾਦੇ ਨੂੰ ਪਰਖਦੀਆਂ ਰਹਿੰਦੀਆਂ ਹਨ। ਇਸੇ ਟੁੱਟ ਭੱਜ ਵਿਚ ਮਨੁੱਖ ਆਪਣੀ ਖੁਸ਼ੀ ਤੇ ਗਮੀ ਦਾ ਇਜ਼ਹਾਰ ਕਰਦਾ ਰਹਿੰਦਾ ਹੈ।ਖੁਸ਼ੀ ਤੇ ਗਮੀ ਦੇ ਜਵਾਹਰਭਾਟਾ 'ਚੋਂ ਮਨੁੱਖ ਦੀ ਗਾਥਾ ਜਨਮ ਲੈਂਦੀ ਹੈ ਜਿਹੜੀ ਵਿਹਾਰਕ ਤੌਰ 'ਤੇ ਆਪਣੇ ਸਮੇਂ ਦੀ ਸਥਾਪਤੀ ਕਰਦੀ ਹੈ। ਅਜੋਕੇ ਯੁਗ ਦੀਆਂ ਪ੍ਰਸਥਿਤੀਆਂ ਤੇ ਮਨੁੱਖ ਦੀਆਂ ਆਕਾਂਖਆਵਾਂ ਮਨੁੱਖੀ ਰਿਸ਼ਤਿਆਂ ਤੇ ਉਸ ਦੀ ਸਵੈ ਪਹਿਚਾਣ ਦੀ ਪੁਣਛਾਣ ਕਰਦੀਆਂ ਹਨ।ਹੱਥਲੀ ਪੁਸਤਕ ਵਿਚ ਅੰਕਿਤ ਕਵਿਤਾਵਾਂ ਜੀਵਨ ਦੀਆਂ ਗੁੰਝਲਦਾਰ ਪਰਤਾਂ ਨੂੰ ਨਿਹਾਰਦੀਆਂ ਹਨ ਤੇ ਜੀਵਨ ਦੇ ਬਹੁਦਿਸ਼ਾਵੀ ਦ੍ਰਿਸ਼ਟੀਕੋਣ ਤੋਂ ਸੋਚਣ ਲਈ ਪ੍ਰੇਰਤ ਕਰਦੀਆਂ ਹਨ।




ਜਸਬੀਰ ਦੀ ਕਵਿਤਾ ਪ੍ਰਵਾਸ ਦੀ ਤਪਸ਼ ਤੋਂ ਅਭਿੱਜ ਹੈ ਜਿਹੜਾ ਅਕਸਰ ਹੀ ਮੁਢਲੇ ਪ੍ਰਵਾਸੀ ਕਵੀਆਂ ਦੀ ਸੋਚ ਦਾ ਵਿਸ਼ਾ ਰਿਹਾ ਹੈ। ਅੱਜ ਦੇ ਇਸ ਗਲੋਬਲ ਪਿੰਡ ਵਿਚ ਕਵੀ ਆਪਣੇ ਆਲੇ ਦੁਆਲੇ ਨਾਲ ਸੰਚਾਰ ਮਾਧਿਅਮ ਰਾਹੀਂ ਜੁੜਿਆ ਹੋਇਆ ਹੈ ਨਾ ਕਿ ਉਹ ਇਕੱਲੇਪਣ ਦੇ ਸਾਏ ਵਿਚ ਹੈ। ਦੁਨੀਆਂ ਦੇ ਕਿਸੇ ਵੀ ਹਿੱਸੇ ਵਿਚ ਕਿਸੇ ਵੀ ਕਿਸਮ ਦੀ ਆਈ ਤਬਦੀਲੀ ਨਾਲ ਉਸ ਦਾ ਦ੍ਰਿਸ਼ਟੀਕੋਣ ਬਦਲਦਾ ਹੈ। ਤਬਦੀਲੀ ਭਾਂਵੇ ਧਰਾਤਲ ਤੌਰ 'ਤੇ ਆਏ ਜਾਨੀ ਜਾਂ ਮਾਲੀ ਨੁਕਸਾਨ ਦੀ ਹੈ, ਜਾਂ ਫਿਰ ਨਾਕਾਰਾਤਮਿਕ ਸ਼ਕਤੀਆਂ ਕਾਰਣ ਆਈ ਬਰਬਾਦੀ ਤੇ ਲੁੱਟ ਕਰ ਕੇ ਹੈ।ਕਵਿਤਾਵਾਂ 'ਚ ਰੁੱਤਾਂ, ਸਮਾਜਿਕ ਵਰਤਾਰੇ, ਅਮਨ, ਰੱਬ ਤੇ ਮੌਤ ਵਰਗੇ ਵਿਸ਼ਿਆਂ ਨੂੰ ਛੂਹਿਆ ਗਿਆ ਹੈ।ਅਹਿਜੇ ਖੁੱਲੇ ਵਿਸ਼ੇ ਕਵੀ ਦੀ ਰਚਨਾਤਮਿਕ ਧਰਾਤਲ ਨੂੰ ਸਮੱਗਰੀ ਪ੍ਰਦਾਨ ਕਰਦੇ ਹਨ ਤੇ ਕਵਿਤਾ ਦੀ ਰੋਚਕਤਾ ਵਿਚ ਵਾਧਾ ਕਰਦੇ ਹਨ। ਇਨਾਂ ਖੁੱਲੇ ਵਿਸ਼ਿਆਂ ਵਿਚ ਕਵੀ ਨੇ ਮਨੁੱਖ ਦੇ ਜੀਵਨ ਨਾਲ ਜੁੜੀਆਂ 'ਮੌਤ' ਵਰਗੀਆਂ ਅਟੱਲ ਸਚਾਈਆਂ ਤੋਂ ਵੀ ਸਿੱਖਣ ਦੀ ਕੋਸ਼ਿਸ਼ ਕੀਤੀ ਹੈ।

'ਉਹ ਜੋ ਰਾਖ ਹੋ ਰਿਹੈ, ਮੇਰੇ ਸਿਰ 'ਤੇ ਬੜਾ ਅਹਿਸਾਨ ਹੈ ਉਸ ਦਾ। ਜੀਵਨ ਦੇ ਅਰਥ ਕਦੋਂ ਸੀ ਸਮਝਾਉਣੇ ਕਿਸੇ ਗ੍ਰੰਥ ਨੇ ਏਦਾਂ, ਜ਼ਿੰਦਗੀ ਦੇ ਰਾਹ ਕਦੋਂ ਸੀ ਰੁਸ਼ਨਾਉਣੇ ਕਿਸੇ ਸੰਤ ਨੇ ਏਦਾਂ'

ਜਸਬੀਰ ਦੀ ਕਵਿਤਾ ਕੁਦਰਤ ਤੇ ਮਾਨਵਵਾਦੀ ਹੈ ਜਿਹੜੀ ਕਿਸੇ ਖਾਸ ਵਾਦ 'ਤੇ ਅਟਕੀ ਹੋਈ ਨਹੀਂ ਹੈ। ਇਸ ਮਾਨਵਵਾਦੀ ਕਵਿਤਾ ਵਿਚ ਲੁੱਟ ਤੇ ਬਨਾਵਟੀ ਜ਼ਿੰਦਗੀ ਦਾ ਵਿਰੋਧ ਅੰਕਿਤ ਹੈ। ਅਜੋਕੇ ਸਮਾਜਕ ਸਰੋਕਾਰਾਂ ਵਿਚ ਲਿਪਟਿਆ ਆਮ ਮਨੁੱਖ ਕਿੰਜ਼ ਪਦਾਰਥਕ ਜ਼ਿੰਦਗੀ ਨੂੰ ਅਹਿਮੀਅਤ ਦੇ ਕੇ ਬਨਾਵਟੀ ਦਾ ਮਖੌਟਾ ਚਾੜਦਾ ਹੈ ਤੇ ਉਸਦੀ ਸਵੈਇੱਛਕ ਰੂਚੀ ਇਸ ਦਿੱਖ ਨੂੰ ਆਪਣੇ ਹੀ ਹਊਮੈ ਲਈ ਵਰਤਦੀ ਹੈ ਜਿਹੜੀ ਕੀ ਇਨਸਾਨੀਅਤ ਦੇ ਤੌਰ ਤੇ ਨਿਰਾਰਥਕ ਹੈ। ਮਨੁੱਖ ਦੇ ਰੇਤ ਵਾਂਗੂੰ ਕਿਰ ਜਾਣ ਦੀ ਕ੍ਰਿਆ ਵਿਚ ਭਾਂਵੇਂ ਬਾਹਰਲੇ ਸਥਾਪਤੀ ਸਰਮਾਏਦਾਰੀ ਢਾਂਚੇ ਦੀ ਪ੍ਰਤੀਕ੍ਰਿਆ ਹੈ ਪਰ ਮਨੁੱਖ ਦੇ ਬਿਖਰਨ ਦਾ ਆਪਣੇ ਆਪ ਵਿਚ ਵੀ ਦੋਸ਼ੀ ਹੋਣਾ ਬਣਦਾ ਹੈ। ਰਿਸ਼ਤਿਆਂ ਦੀ ਟੁੱਟ ਭੱਜ ਇਕ ਹਾਦਸਾ ਹੀ ਹੈ ਜਿਸ ਵਿਚ ਪੈਸਾ ਹਾਦਸਿਆਂ ਦਾ ਕਾਰਣ ਬਣਦਾ ਹੈ।

'ਹਾਦਸਿਆ ਵਿਚ, ਬਸ ਰਿਸ਼ਤੇ ਹੀ ਟੁੱਟਦੇ ਹਨ।... ਬਾਕੀ ਸਭ ਸਹੀ ਸਲਾਮਤ ਹੈ, ਮੈਂਬਰਸ਼ਿਪ ਕਲੱਬ ਦੀ

ਵੱਡੀ ਕੋਠੀ, ਮਹਿੰਗੀ ਕਾਰ, ਬੈਂਕ ਦਾ ਖਾਤਾ, ਫਾਰਮ-ਹਾਊਸ, ਸਾਗਰ ਕੰਢੇ ਦਾ ਘਰ-ਬਾਰ, ਸ਼ੁਕਰ ਹੈ ਬਚ ਗਿਆ।'

ਬਹੁੱਤ ਕੁੱਝ ਫ਼ਿੱਕਾ ਜਿਹਾ ਹੋਣ ਦੇ ਬਾਵਯੂਦ ਫਿਰ ਵੀ ਚੇਤਨ ਮਨੁੱਖ ਕਿੰਜ਼ ਆਪਣੀ ਮਾਨਸਕ ਸ਼ਕਤੀ ਰਾਹੀਂ ਕਲਪਨਾ ਕਰਕੇ ਇਕ ਨਵੇਂ ਸਮਾਜ ਨੂੰ ਸਿਰਜਣਾ ਚਾਹੁੰਦਾ ਹੈ, ਨਾ ਕਿ ਪਰੰਪਰਾਕ ਤੌਰ 'ਤੇ ਭੂਤ ਨੂੰ ਪ੍ਰਤੀਮਾਨ ਕਰਦਾ ਹੈ। ਕਿਉਂਕੀ ਚੇਤਨ ਮਨੁੱਖ ਆਪਣੇ ਪਰਿਵਾਰ ਤੇ ਸਮਾਜ ਪ੍ਰਤੀ ਭਾਈਚਾਰਕ ਤੌਰ ਤੇ ਕਰਮਸ਼ੀਲ ਹੈ। ਉਸ ਦਾ ਇਰਾਦਾ ਸਮਾਜ ਵਿਚ ਰਹਿ ਕੇ ਹੀ ਤਬਦੀਲੀ ਰਾਹੀਂ ਨਵੇਂ ਸਮਾਜ ਦੀ ਸਿਰਜਣਾ ਹੈ, ਨਾ ਕਿ ਸਿਥਾਰਥ ਵਾਂਗੂ ਵਿਆਕੁਲ ਹੋ ਕੇ ਸਮਾਧੀ ਵਿਚ ਮਗਨ ਹੋਣਾ ਹੈ।

'ਸਿਧਾਰਥ ਨਹੀਂ ਹਾਂ ਮੈਂ, ਕਿ ਤੁਰ ਪਵਾਂ ਜੰਗਲ ਵੱਲ, ਟੱਬਰ ਨੂੰ ਛੱਡ ਕੇ।ਮੇਰੇ ਕੋਲ ਨਹੀਂ ਕੋਈ ਸ਼ਾਹੀ ਮਹਿਲ, ਕਰ ਸਕੇ ਜੋ, ਰੋਟੀ ਦੀ ਮੁਸ਼ਕਿਲ ਹੱਲ'

ਇਸ ਕਰਕੇ 'ਆਪਣੇ ਆਪ ਕੋਲ' ਇਕ ਬੇਹਤਰੀਨ ਕਾਵਿ ਪੁਸਤਕਾਂ ਹੈ ਜਿਹੜੀ ਅੱਜ ਦੇ ਮਨੁੱਖੀ ਜੀਵਨ ਨੂੰ ਪੇਸ਼ ਆ ਰਹੀਆਂ ਨਾਕਾਰਾਤਮਕ ਸ਼ਕਤੀਆਂ ਅਤੇ ਦੁਸ਼ਵਾਰੀਆਂ ਪ੍ਰਤੀ ਸੁਚੇਤ ਕਰਦੀ ਹੈ 'ਤੇ ਵਿਆਕਤੀਗਤ ਤੌਰ ਤੇ ਕੇਂਦਰਤ ਕਰਦੀ ਹੈ। ਆਪਣੇ ਆਪ ਨੂੰ ਮਾਨਸਿਕ ਤੇ ਸਰੀਰਕ ਤੌਰ 'ਤੇ ਇਕੱਠਾ ਕਰਨ ਨਾਲ ਹੀ ਜੀਵਨ ਦੀਆਂ ਮੁਸ਼ਕਲਾਂ ਸਮਝਣ ਲਈ ਸਹਾਈ ਹੋਇਆ ਜਾ ਸਕਦਾ ਹੈ। ਆਪਣੇ ਆਪ ਨਾਲੋਂ ਟੁੱਟਿਆ ਮਨੁੱਖ ਕਦੇ ਵੀ ਸਾਰਥਕ ਸੋਚ ਪੈਦਾ ਨਹੀਂ ਕਰ ਸਕਦਾ ਤੇ ਨਾ ਹੀ ਰਿਸ਼ਤਿਆਂ ਦੇ ਸੰਕਲਪ ਨੂੰ ਕਾਇਮ ਰੱਖ ਸਕਦਾ ਹੈ। ਮਨੁੱਖੀ ਸੋਚ ਵਿਚ ਪਦਾਰਥਕ ਤ੍ਰੇੜਾਂ ਤੇ ਵਿੱਥਾਂ ਹਨ ਜਿਹੜੀਆਂ ਆਧੁਨਿਕ ਜ਼ਿੰਦਗੀ ਦੀਆਂ ਗੁੰਝਲਾਂ ਹਨ। ਇਨਾਂ ਗੁੰਝਲਾਂ ਵਿਚ ਫਸਿਆ ਮਨੁੱਖ ਆਪਣੇ ਆਪ ਨੂੰ ਹਾਰਿਆ ਹੋਇਆ ਮਹਿਸੂਸ ਕਰਦਾ ਹੈ। ਕਵੀ ਨੇ ਆਪਣੀਆਂ ਕਵਿਤਾਵਾਂ ਰਾਹੀਂ ਜ਼ਿੰਦਗੀ ਦੀਆਂ ਅੰਤਰੀਵ ਪਰਤਾਂ ਨੂੰ ਪੇਸ਼ ਕਰਕੇ ਤੇ ਉਸਦੇ ਸੰਭਾਵੀ ਹੱਲ ਲਈ ਜਾਗਰੂਕ ਹੰਭਲ਼ਾ ਮਾਰ ਕੇ ਪੰਜਾਬੀ ਸਾਹਿਤ ਵਿਚ ਹਾਜ਼ਰੀ ਲਵਾਈ ਹੈ।

***ਦਲਬੀਰ ਸਾਂਗਿਆਣ,***
***ਐਡਮਿੰਟਨ (ਕਨੇਡਾ)***

**ਜਸਬੀਰ ਮਾਹਲ ਦੀ ਕਿਤਾਬ**
**'ਆਪਣੇ ਆਪ ਕੋਲ' ਵਿਚੋਂ ਦੋ ਕਵਿਤਾਵਾਂ**

### ਹਾਦਸੇ

ਹਾਦਸਿਆਂ ਵਿਚ
ਬਸ ਰਿਸ਼ਤੇ ਹੀ ਟੁੱਟਦੇ ਹਨ

ਸੁਪਨੇ ਮਰੇ ਨੇ ਕੇਵਲ
ਦਿਲ ਹੀ ਗਿਆ ਵਲੂੰਧਰਿਆ
ਸ਼ਾਂਤੀ ਗੁਆਚੀ ਹੈ ਮਨ ਦੀ
ਸੁੱਖ ਸਾਂਦ ਹੈ ਬਾਕੀ

ਬਾਕੀ ਸਭ ਸਹੀ ਸਲਾਮਤ ਹੈ
ਮੈਂਬਰਸ਼ਿਪ ਕਲੱਬ ਦੀ
ਵੱਡੀ ਕੋਠੀ
ਮਹਿੰਗੀ ਕਾਰ
ਬੈਂਕ ਦਾ ਖਾਤਾ
ਫਾਰਮ-ਹਾਊਸ
ਸਾਗਰ ਕੰਢੇ ਦਾ ਘਰ-ਬਾਰ
ਸ਼ੁਕਰ ਹੈ ਬਚ ਗਿਆ
ਹਾਦਸਿਆਂ ਤੋਂ ਕਿੰਨਾਂ ਕੁਝ

### .ਲੁਟੇਰੇ

ਹੁਣ ਉਹ ਘੋੜਿਆਂ 'ਤੇ ਨਾ ਆਉਣ
ਦਨਦਨਾਉਂਦੇ ਹੋਏ
ਧਾੜਵੀਆਂ ਦੀ ਫ਼ੌਜ ਲੈ ਕੇ

ਰੂਪ ਹੈ ਵੱਖਰਾ ਹੁਣ ਹੱਲੇ ਦਾ
ਹੁਣ ਯੁਧ ਦੇ ਹਥਿਆਰ ਨਿਰਾਲੇ
ਕਾਗਜ਼ ਉੱਤੇ ਦਸਤਖਤ ਕਰਦੇ
ਜਾਂ ਉਹ ਨੇ ਬਸ ਫ਼ੋਨ ਮਿਲਾਉਂਦੇ
ਹੁਕਮ ਦੀ ਹੁੰਦੀ ਰਹੇ ਪਾਲਣਾ
ਬਿਨ ਟੁੱਕੇ ਤੋਂ
ਜਿਸਮਾਂ ਵਿਚੋਂ ਰਹੇ ਸਿੰਮਦਾ
ਲਹੂ ਮਨੁੱਖ ਦਾ

ਲੁੱਟ ਦਾ ਮਾਲ ਨਾ ਲੱਦਿਆ ਜਾਵੇ
ਘੋੜਿਆਂ, ਗੱਡਿਆਂ ਜਾਂ ਗਧਿਆਂ 'ਤੇ
ਉਹ ਤਾਂ
ਬੈਂਕਾਂ ਵਿਚ ਚੜ ਜਾਏ
ਇਕ ਤੋਂ ਦੂਜੇ ਨਾਂ

ਨਾਦਰ ਦੇ ਬਸਤਰਾਂ
ਜਾਂ ਗਜ਼ਨਵੀ ਦੇ ਹੱਥਾਂ 'ਤੇ
ਇਕ ਵੀ ਛਿੱਟ ਨਾ ਦਿਸੇ ਖ਼ੂਨ ਦੀ
ਇਕ ਵੀ ਛਿੱਟ ਨਹੀਂ ...

# ਕਾਮਰੇਡ ਜਯੋਤੀ ਬਾਸੂ ਨੂੰ ਯਾਦ ਕਰਦਿਆਂ

**ਬੋਧ ਸਿੰਘ ਘੁੰਮਣ**

ਭਾਰਤੀ ਕਮਿਊਨਿਸਟ ਲਹਿਰ ਦੇ ਸਿਰਕੱਢ ਆਗੂ ਅਤੇ ਪੱਛਮੀ ਬੰਗਾਲ ਦੇ ਲਗਾਤਾਰ 23 ਵਰ੍ਹਿਆਂ ਤੱਕ ਮੁੱਖ ਮੰਤਰੀ ਰਹੇ ਕਾਮਰੇਡ ਜਯੋਤੀ ਬਾਸੂ 17 ਜਨਵਰੀ 2010 ਨੂੰ ਸਦੀਵੀਂ ਵਿਛੋੜਾ ਦੇ ਗਏ। ਉਹ ਆਪਣੀ ਉਮਰ ਦੇ 96ਵੇਂ ਵਰ੍ਹੇ 'ਚ ਸਨ। ਉਹ ਪੱਛਮੀ ਬੰਗਾਲ ਅੰਦਰ ਹੀ ਨਹੀਂ ਬਲਕਿ ਸਮੁੱਚੇ ਦੇਸ਼ ਅੰਦਰ ਹੀ ਬੇਹੱਦ ਸਤਕਾਰੇ ਜਾਂਦੇ ਸਨ। ਉਹਨਾਂ ਦੇ ਵਿਛੋੜੇ ਨਾਲ ਖੱਬੀ ਲਹਿਰ ਨੂੰ ਇਕ ਵੱਡਾ ਘਾਟਾ ਪਿਆ ਹੈ ਅਤੇ ਦੇਸ਼ ਦੇ ਮਜ਼ਦੂਰ, ਕਿਸਾਨ ਤੇ ਸਮੁੱਚਾ ਮਿਹਨਤਕਸ਼ ਵਰਗ ਇਕ ਇਮਾਨਦਾਰ ਤੇ ਸੁਹਿਰਦ ਆਗੂ ਤੋਂ ਵੰਚਿਤ ਹੋ ਗਿਆ ਹੈ। ਦੇਸ਼ ਦੇ ਸਮੁੱਚੇ ਇਲਾਕਟਰਾਨਿਕ ਮੀਡੀਏ ਤੇ ਪ੍ਰੈਸ ਨੇ ਉਹਨਾਂ ਦੀ ਮੌਤ 'ਤੇ ਵਿਸ਼ੇਸ਼ ਨੋਟਿਸ ਲਿਆ ਹੈ ਅਤੇ ਪ੍ਰੈਸ ਵਿਚ ਖਬਰਾਂ ਛਾਪਣ ਤੋਂ ਇਲਾਵਾ ਬਹੁਤੇ ਅਖਬਾਰਾਂ ਨੇ ਸੰਪਾਦਕੀ ਲਿਖਕੇ ਉਹਨਾਂ ਦੀਆਂ 70 ਸਾਲਾਂ ਦੀਆਂ ਰਾਜਨੀਤਕ ਸੇਵਾਵਾਂ ਨੂੰ ਯਾਦ ਕੀਤਾ ਹੈ।

ਸਾਥੀ ਜਯੋਤੀ ਬਾਸੂ ਦਾ ਜਨਮ ਜੁਲਾਈ 1914 ਵਿਚ ਬੰਗਾਲ ਦੇ ਇਕ ਉੱਚ-ਮੱਧਵਰਗੀ ਪਰਵਾਰ ਵਿਚ ਹੋਇਆ। ਉਹਨਾਂ ਦੇ ਪਿਤਾ ਇਕ ਡਾਕਟਰ ਸਨ। ਮੁੱਢਲੀ ਵਿੱਦਿਆ ਕਲਕੱਤੇ ਦੇ ਨਾਮੀ ਵਿਦਿਅਕ ਅਦਾਰਿਆਂ ਵਿਚ ਪ੍ਰਾਪਤ ਕਰਨ ਅਤੇ ਬੀ.ਏ. ਕਰਨ ਪਿਛੋਂ ਉਹ ਵਕਾਲਤ ਦੀ ਪੜ੍ਹਾਈ ਕਰਨ ਲਈ ਇੰਗਲੈਂਡ ਚਲੇ ਗਏ। ਉਹਨਾਂ ਦੇ ਮਾਤਾ ਪਿਤਾ ਆਪਣੇ ਪੁਤਰ ਨੂੰ ਇਕ ਵੱਡਾ ਤੇ ਸਫਲ ਬੈਰਿਸਟਰ ਵੇਖਣ ਦੇ ਇਛੱਕ ਸਨ ਪਰ ਇੰਗਲੈਂਡ ਪੁੱਜ ਕੇ ਜਯੋਤੀ ਬਾਸੂ ਦੀਆਂ ਅੱਖਾਂ ਵਿਚ ਸਮਾਜਵਾਦ ਦਾ ਸੁਪਨਾ ਸਮਾ ਗਿਆ ਅਤੇ ਉਹਨਾਂ ਨੇ ਆਪਣਾ ਸਾਰਾ ਜੀਵਨ ਇਸ ਸੁਪਨੇ ਨੂੰ ਸਾਕਾਰ ਹੁੰਦਾ ਵੇਖਣ ਲਈ ਲਾ ਦਿੱਤਾ। ਇਹ ਹੀ ਕਾਰਨ ਹੈ ਕਿ 1940 ਵਿਚ ਭਾਰਤ ਪਰਤਣ 'ਤੇ ਉਹਨਾਂ ਨੇ ਇਕ ਦਿਨ ਵੀ ਵਕਾਲਤ ਨਹੀਂ ਕੀਤੀ। ਉਂਝ ਉਹ ਇੰਗਲੈਂਡ ਵਿਚ ਹੀ 1938 'ਚ ਭਾਰਤੀ ਵਿਦਿਆਰਥੀਆਂ ਦੇ ਗੁਪਤ ਕਮਿਊਨਿਸਟ ਗਰੁੱਪ ਦੇ ਮੈਂਬਰ ਤੇ ਫਿਰ ਛੇਤੀ ਹੀ ਇਸ ਦੇ ਡਿਪਟੀ ਲੀਡਰ ਬਣ ਗਏ। 1940 'ਚ ਉਹ ਸੀ.ਪੀ.ਆਈ., ਜੋ ਉਸ ਸਮੇਂ ਗੈਰ-ਕਾਨੂੰਨੀ ਸੀ, ਦੇ ਮੈਂਬਰ ਬਣ ਗਏ ਅਤੇ 1947 ਵਿਚ ਬੰਗਾਲ ਪਰੋਵਿਨਸ਼ੀਅਲ ਰੇਲਵੇ ਫਰੈਕਸ਼ਨ ਦੇ ਸਕੱਤਰ ਬਣੇ। ਉਹ 1952 ਤੋਂ 57 ਤੱਕ ਸੀ.ਪੀ.ਆਈ. ਦੀ ਪੱਛਮੀ ਬੰਗਾਲ ਇਕਾਈ ਦੇ ਸਕੱਤਰ ਰਹੇ ਅਤੇ ਫਿਰ 1964 ਵਿਚ ਸੋਧਵਾਦ ਨਾਲੋਂ ਨਿਖੇੜਾ ਕਰਨ ਅਤੇ ਸੀ.ਪੀ.ਆਈ. (ਐਮ) ਦਾ ਗਠਨ ਹੋਣ ਪਿਛੋਂ ਉਹ ਪਾਰਟੀ ਦੇ ਪੋਲਿਟ ਬਿਊਰੋ ਦੇ ਮੈਂਬਰ ਵਜੋਂ ਚੁਣੇ ਗਏ ਅਤੇ ਆਪਣੇ ਜੀਵਨ ਦੇ ਆਖਰੀ ਦਿਨ ਤੱਕ ਪਾਰਟੀ ਦੀ ਕੇਂਦਰੀ ਕਮੇਟੀ ਦੇ ਮੈਂਬਰ ਰਹੇ।

1946 ਵਿਚ ਸਾਥੀ ਬਾਸੂ ਬੰਗਾਲ ਦੀ ਲੈਜਿਸਲੇਟਿਵ ਕੌਂਸਲ ਦੇ ਮੈਂਬਰ ਚੁਣੇ ਗਏ। ਉਹਨਾਂ ਨੇ ਟਰੇਡ ਯੂਨੀਅਨ ਅਤੇ ਜਨਤਕ ਫਰੰਟਾਂ ਤੇ ਜ਼ੋਰਦਾਰ ਢੰਗ ਨਾਲ ਕੰਮ ਕਰਨਾ ਆਰੰਭ ਕੀਤਾ ਅਤੇ ਇਕ ਸਤਿਕਾਰਤ ਤੇ ਭਰੋਸੇਯੋਗ ਅਸਸ :ਕ ਵਜੋਂ ਉਭਰੇ। ਉਹਨਾਂ ਨੇ 1952 ਵਿਚ ਪਹਿਲੀ ਵਾਰੀ ਪੱਛਮੀ ਬੰਗਾਲ ਦੀ ਅਸੰਬਲੀ ਦੀ ਚੋਣ ਲੜੀ ਤੇ ਜੇਤੂ ਹੋਏ। 1952 ਤੋਂ 1996 ਤੱਕ ਉਹਨਾਂ ਨੇ 12 ਵਾਰੀ ਪੱਛਮੀ ਬੰਗਾਲ ਅਸੰਬਲੀ ਦੀਆਂ ਚੋਣਾਂ ਲੜੀਆਂ ਤੇ 1972 ਦੀ ਫਰਾਡੀ ਚੋਣ ਨੂੰ ਛੱਡ ਕੇ ਹਰ ਵਾਰੀ ਜੇਤੂ ਰਹੇ। 1957 ਤੋਂ 1967 ਤੱਕ ਉਹ ਪੱਛਮੀ ਬੰਗਾਲ ਅਸੰਬਲੀ 'ਚ ਵਿਰੋਧੀ ਧਿਰ ਦੇ ਨੇਤਾ ਬਣੇ ਰਹੇ ਅਤੇ 21 ਜੂਨ 1977 ਨੂੰ ਖੱਬੇ ਮੋਰਚੇ ਦੀ ਸਰਕਾਰ ਦੇ ਮੁੱਖ ਮੰਤਰੀ ਚੁਣੇ ਗਏ ਤੇ ਫਿਰ ਲਗਾਤਾਰ 23 ਸਾਲ ਮੁੱਖ ਮੰਤਰੀ ਰਹਿਣ ਪਿਛੋਂ ਸਵੈ-ਇੱਛਾ ਨਾਲ ਮੁੱਖ ਮੰਤਰੀ ਦੇ ਅਹੁੱਦੇ ਤੋਂ ਰਿਟਾਇਰ ਹੋ ਗਏ।



ਉਹ ਇਕ ਗੌਰਵਸ਼ਾਲੀ ਪਾਰਲੀਮੈਂਟੇਰੀਅਨ ਤੋਂ ਇਲਾਵਾ ਇਕ ਸੁਯੋਗ ਤੇ ਭਰੋਸੇਯੋਗ ਟਰੇਡ ਯੂਨੀਅਨ ਅਤੇ ਜਨਤਕ ਆਗੂ ਵੀ ਸਨ। ਉਹ ਆਲ ਇੰਡੀਆ ਰੇਲਵੇ ਮੈਨਜ਼ ਫੈਡਰੇਸ਼ਨ ਦੇ ਲੀਡਰ ਵੀ ਰਹੇ ਅਤੇ ਪੱਛਮੀ ਬੰਗਾਲ ਵਿਚ ਅਨੇਕਾਂ ਜਨਤਕ ਘੋਲਾਂ ਦੀ ਦ੍ਰਿੜਤਾ ਨਾਲ ਅਗਵਾਈ ਕੀਤੀ। ਜਨਸਮੂਹਾਂ ਦੇ ਭੱਖਦੇ ਮੁੱਦਿਆਂ ਅਤੇ ਮੁਸ਼ਕਲਾਂ ਦੇ ਹੱਲ ਲਈ ਜਨਤਕ ਘੋਲਾਂ ਦੀ ਅਗਵਾਈ ਕਰਦਿਆਂ ਉਹ ਮਾਰਚ 1948 ਤੋਂ 1962 ਤੱਕ 9 ਵਾਰੀ ਜੇਲ੍ਹ ਗਏ ਅਤੇ ਤਿੰਨ ਵਰ੍ਹੇ ਜੇਲ੍ਹ ਵੀ ਕੱਟੀ।

ਪੱਛਮੀ ਬੰਗਾਲ 'ਚ ਉਹਨਾਂ ਦੀ ਅਗਵਾਈ 'ਚ ਬਣੀ ਤੇ ਚਲੀ ਖੱਬੇ ਮੋਰਚੇ ਦੀ ਸਰਕਾਰ ਨੇ ਭੂਮੀ ਸੁਧਾਰ ਦੇ ਯਾਦਗਾਰੀ ਕੰਮ ਕੀਤੇ। ਇਸ ਤੋਂ ਇਲਾਵਾ ਪੰਚਾਇਤੀ ਰਾਜ ਸੰਸਥਾਵਾਂ ਦਾ ਹਕੀਕੀ ਰੂਪ ਵਿਚ ਜਮਹੂਰੀਕਰਨ ਕਰਕੇ ਅਤੇ ਇਹਨਾਂ ਨੂੰ ਮਜ਼ਬੂਤ ਕਰਕੇ ਸਥਾਨਕ ਪ੍ਰਸ਼ਾਸਨ ਦੀਆਂ ਜਿਊਂਦੀਆਂ ਜਾਗਦੀਆਂ ਸੰਸਥਾਵਾਂ ਬਣਾਇਆ। ਪੱਛਮੀ ਬੰਗਾਲ ਵਿਚ ਧਰਮ ਨਿਰਪੱਖਤਾ ਦਾ ਭਰੋਸੇਯੋਗ ਵਾਤਾਵਰਣ ਸਿਰਜਣਾ ਵੀ ਉਹਨਾਂ ਦੀ ਸਰਕਾਰ ਦਾ ਮੁੱਖ ਕੰਮ ਰਿਹਾ ਹੈ। ਇਸ ਨਾਲ ਪ੍ਰਾਂਤ ਵਿਚ ਰਾਜਨੀਤਕ ਸਥਿਰਤਾ ਉਸਰੀ। ਜਦੋਂ 1984 ਵਿਚ ਸ਼੍ਰੀਮਤੀ ਇੰਦਰਾ ਗਾਂਧੀ ਦੇ ਕਤਲ ਪਿਛੋਂ ਫਿਰਕੂ ਤੇ ਗੁੰਡੇ ਅਨਸਰਾਂ ਨੇ ਦੇਸ਼ ਦੀ ਰਾਜਧਾਨੀ ਤੋਂ ਇਲਾਵਾ ਦੇਸ਼ ਭਰ ਵਿਚ ਕਈ ਥਾਵਾਂ 'ਤੇ ਸਿੱਖ ਵਿਰੋਧੀ ਦੰਗੇ ਕਰਕੇ ਹਜ਼ਾਰਾਂ ਨਿਰਦੋਸ਼ ਸਿੱਖਾਂ ਦੀਆਂ ਜਾਨਾਂ ਲਈਆਂ ਤਾਂ ਕਾਮਰੇਡ ਜਯੋਤੀ ਬਾਸੂ ਦੀ ਰਹਿਨੁਮਾਈ ਹੇਠ ਪੱਛਮੀ ਬੰਗਾਲ ਅੰਦਰ ਕਲਕੱਤੇ ਅਤੇ ਹੋਰ ਥਾਵਾਂ 'ਤੇ ਫੌਰੀ ਪ੍ਰਬੰਧ ਕਰਨ ਕਰਕੇ ਇਕ ਵੀ ਹਿੰਸਕ ਘਟਨਾ ਨਹੀਂ ਵਾਪਰੀ। ਕਾਮਰੇਡ ਬਾਸੂ ਨੇ ਫੌਜ ਤੇ ਪੁਲਸ ਦੇ ਨਾਲ ਨਾਲ ਆਪਣੇ ਪਾਰਟੀ ਕਾਡਰ ਨੂੰ ਵੀ ਗੁੰਡੇ ਅਨਸਰਾਂ ਦੀਆਂ ਕਾਰਵਾਈਆਂ ਰੋਕਣ ਲਈ ਫੌਰੀ ਤਾਇਨਾਤ ਕਰ ਦਿੱਤਾ ਸੀ। ਇਸ ਤਰ੍ਹਾਂ ਇਹ ਸੁਯੋਗ ਪ੍ਰਸ਼ਾਸਨ ਤੇ ਧਰਮ ਨਿਰਪੱਖ ਪਹੁੰਚ ਦੀ ਇਕ ਸ਼ਾਨਦਾਰ ਮਿਸਾਲ ਬਣ ਚੁੱਕੀ ਹੈ।

ਜਿਹੜੇ ਲੋਕ ਕਾਮਰੇਡ ਜਯੋਤੀ ਬਾਸੂ ਦੇ ਵਿਚਾਰਾਂ ਨਾਲ ਅਸਹਿਮਤੀ ਵੀ ਰੱਖਦੇ ਹਨ ਉਹ ਵੀ ਉਹਨਾਂ ਦੀ ਇਮਾਨਦਾਰੀ, ਸਾਫ ਤੇ ਨਿਰਛਲ ਵਿਹਾਰ, ਸਪੱਸ਼ਟ ਦ੍ਰਿਸ਼ਟੀ, ਪਾਰਦਰਸ਼ੀ ਕਾਰਜਸ਼ੈਲੀ ਅਤੇ ਕਮਿਊਨਿਸਟ ਨੈਤਿਕਤਾ ਤੋਂ ਪ੍ਰਭਾਵਤ ਹੋਏ ਬਿਨਾਂ ਨਹੀਂ ਸਨ ਰਹਿ ਸਕਦੇ। ਉਹ ਆਪਣੇ ਵਿਚਾਰਾਂ ਤੇ ਨਿਸ਼ਾਨਿਆਂ ਨੂੰ ਛੁਪਾ ਕੇ ਨਹੀਂ ਰੱਖਦੇ ਸਨ। ਉਹ ਅਜਿਹੇ ਮਖੌਟਾ-ਰਹਿਤ ਕਮਿਊਨਿਸਟ ਆਗੂ ਸਨ ਜਿਨਾਂ ਦੀ ਕਥਨੀ ਤੇ ਕਰਨੀ ਵਿਚ ਅੰਤਰ ਨਹੀਂ ਸੀ। ਉਹਨਾਂ ਦਾ ਜਨਸਮੂਹਾਂ ਦੀ ਸ਼ਕਤੀ ਵਿਚ ਅਟੁੱਟ ਵਿਸ਼ਵਾਸ਼ ਸੀ, ਇਸ ਕਰਕੇ ਉਹ ਹਰ ਮੁੱਦੇ 'ਤੇ ਲੋਕਾਂ ਨੂੰ ਭਰੋਸੇ ਵਿਚ ਲੈਣ ਲਈ ਸਦਾ ਯਤਨਸ਼ੀਲ ਰਹਿੰਦੇ ਸਨ। ਉਹ ਆਪਣੇ ਸਮਕਾਲੀਆਂ ਵਿਚਲੇ ਅਜਿਹੇ ਆਗੂਆਂ 'ਚੋਂ ਸਨ ਜੋ ਤਿਕੜਮਬਾਜ਼ੀ ਨਹੀਂ ਸਨ ਕਰਦੇ। ਪਾਰਟੀ ਦੀ ਕੇਂਦਰੀ ਕਮੇਟੀ ਦੇ ਫੈਸਲੇ ਵਿਰੁੱਧ ਉਹਨਾਂ ਦੇ 'ਇਤਿਹਾਸਕ ਬੱਜਰ ਗਲਤੀ' ਵਾਲੇ ਇਕ ਕਥਨ ਨੂੰ ਛੱਡਕੇ ਉਹਨਾਂ ਦਾ 70 ਵਰ੍ਹਿਆਂ ਦਾ ਲੰਮਾ ਕਮਿਊਨਿਸਟ ਜੀਵਨ ਬੇਹੱਦ ਮਾਣ ਕਰਨਯੋਗ ਹੈ। ਇਨਾ ਲੰਮਾ ਸਮਾਂ ਨਿਰਸੁਆਰਥ ਹੋ ਕੇ ਲੋਕ ਸੇਵਾ 'ਚ ਵਿਚਰਨਾ ਹਾਰੀ ਸਾਰੀ ਦਾ ਕੰਮ ਨਹੀਂ ਹੁੰਦਾ। ਅਜਿਹਾ ਕੇਵਲ ਉਹ ਹੀ ਕਰ ਸਕਦੇ ਹਨ ਜਿਨ੍ਹਾਂ ਦਾ ਆਪਣੇ ਕਾਰਜ ਤੇ ਮਨੋਰਥ ਵਿਚ ਅਟੁੱਟ ਵਿਸ਼ਵਾਸ ਹੋਵੇ।


**Classified Plus**

*Your guide to every search*

**House For Sale by Owner**

2 Story House with walk out Basement having 3800 Plus Finished Area. Maple Kitchen, Granite Counter Top, Maple Hardwood Flooring, Maple and Metal Railing, 2 Furnaces, Separate entry for Basement and many more.

**Ready for Possession.**

Contact: **780 965 7390** or **780 906 4497**

* * * *

**ਮੋਹਾਲੀ 'ਚ ਪਲਾਟ ਵਿਕਾਊ**

ਗ੍ਰੇਟਰ ਮੋਹਾਲੀ ਸੈਕਟਰ 127 'ਚ 477 ਵਰਗ ਗਜ਼ ਦਾ ਪਲਾਟ ਮਾਲਕ ਵੱਲੋਂ ਵਿਕਾਊ ਹੈ। ਇਹ ਪਲਾਟ ਏਅਰਪੋਰਟ ਰੋਡ ਦੇ ਨਾਲ ਲੱਗਦੇ ਸ਼ਾਨਦਾਰ ਅਤੇ ਪੌਸ਼ ਇਲਾਕੇ ਸਿਵਾਲਿਕ ਸਿਟੀ ਵਿਚ ਹੈ।

**ਸੰਪਰਕ:** 011 91 97813 60066

* * * *

**City Estates**

**All Types of Property, Plots & Kothis available for Sale & Purchase in Chandigarh/Mohali.**

* Newly Built 10 Marla Triple Story House for Sale in Sector 35-C, Chandigarh.

** 1 Kanal Kothis for Sale in Sector 10, 34 & 35 Chandigarh.

For More Info Contact:

**City Estates**

SCO 123, Phase 7, Mohali (Punjab)

**011 91 98147 11263** or **011 91 98729 73304**



# ਭਾਰਤੀ ਹਾਕੀ
# ਕਦੋਂ ਪਰਤਣਗੇ ਸੁਨਹਿਰੇ ਦਿਨ





ਭਾਰਤੀ ਹਾਕੀ ਟੀਮ ਜਿਸ ਨੇ 1957 'ਚ ਹਾਕੀ ਵਿਸ਼ਵ ਕੱਪ ਜਿੱਤਿਆ ਸੀ

**ਅਮਰਪਾਲ ਬੈਂਸ**

ਭਾਰਤੀ ਹਾਕੀ ਦੇ ਸਿਖਰ ਅਤੇ ਬੁਲੰਦੀਆਂ ਨੂੰ ਇਸ ਖੇਡ ਨਾਲ ਜੁੜੇ ਵਿਅਕਤੀ ਅੱਜ ਵੀ ਫਖ਼ਰ ਨਾਲ ਦਿਲੋਂ ਯਾਦ ਕਰਦੇ ਹਨ। ਉਹ ਜਿੱਥੇ ਮਾੜੀ ਕਾਰਗੁਜ਼ਾਰੀ ਕਾਰਨ ਟੀਮ ਦੇ ਫਾਡੀ ਰਹਿਣ ਨੂੰ ਲੈ ਕੇ ਚਿੰਤਿਤ ਹਨ ਉੱਥੇ ਸੁਨਹਿਰੀ ਦਿਨਾਂ ਦੇ ਫਿਰ ਤੋਂ ਪਰਤਣ ਅਤੇ ਖਿਡਾਰੀਆਂ ਦੁਆਰਾ ਜਿੱਤਾਂ ਦੇ ਝੰਡੇ ਗੱਡਣ ਪ੍ਰਤੀ ਆਸਵੰਦ ਵੀ ਹਨ। ਹਾਕੀ ਦੇ ਅਭਿਆਸ ਕੈਂਪ ਦੌਰਾਨ ਪਿਛਲੇ ਦਿਨੀਂ ਪੂਨੇ ਵਿੱਚ ਖਿਡਾਰੀਆਂ ਦੁਆਰਾ ਮਿਹਨਤਾਨੇ ਨੂੰ ਲੈ ਕੇ ਕੈਂਪ ਦਾ ਬਾਈਕਾਟ ਕਰਨ ਤੋਂ ਬਾਅਦ ਇਸ ਖੇਡ ਨਾਲ ਦਿਲੀ ਸਾਂਝਾਂ ਰੱਖਣ ਵਾਲੇ ਵਿਅਕਤੀਆਂ ਦੁਆਰਾ ਚਰਚਾ ਤਾਂ ਛੇੜੀ ਗਈ ਹੈ ਪਰ ਅਜਿਹੀਆਂ ਚਰਚਾਵਾਂ ਕਈ ਵਾਰ ਵਕਤੀ ਹੋ ਨਿੱਬੜਦੀਆਂ ਹਨ ਅਤੇ ਇਹਨਾਂ ਦੇ ਜਮ੍ਹਾਂ-ਘਟਾਓ ਵਿੱਚ ਕੁਝ ਚੌਧਰੀ ਬਾਜ਼ੀ ਮਾਰ ਜਾਂਦੇ ਹਨ। ਖੇਡ ਅਤੇ ਖਿਡਾਰੀਆਂ ਦਾ ਪੱਧਰ ਉੱਚਾ ਉੱਠਣ ਦੀਆਂ ਉਮੀਦਾਂ ਬਣਦੀਆਂ ਹਨ। ਅਜਿਹੇ ਮੌਕਿਆਂ ਤੇ ਖੇਡ ਨਾਲੋਂ ਆਪਣੇ ਆਪ ਨੂੰ ਖੇਡ ਨਾਲੋਂ ਉੱਤੇ ਸਮਝਣ ਵਾਲੇ ਕੁਝ ਲੋਕ ਸਿਆਸਤ ਖੇਡ ਜਾਂਦੇ ਹਨ। ਸੁਭਾਵਕ ਹੈ ਕਿ ਜਦੋਂ ਅਜਿਹੀ ਚਰਚਾ ਛਿੜਦੀ ਹੈ ਤਾਂ ਆਪਣੇ ਵਤਨ ਲਈ ਇਸ ਖੇਡ ਰਾਹੀਂ ਮੈਡਲ ਜਿੱਤਣ ਵਾਲੇ ਵੈਟਰਨ ਖਿਡਾਰੀਆਂ ਅਤੇ ਓਲੰਪੀਅਨਾਂ ਨੂੰ ਵੀ ਫਿਰ ਤੋਂ ਹਾਕੀ ਦੇ ਸਿਖ਼ਰ ਦੇ ਦਿਨ ਪਰਤਣ ਜਾਂ ਸਥਿਤੀ ਵਿੱਚ ਸੁਧਾਰ ਹੋਣ ਦੀ ਆਸ ਬੱਝਦੀ ਦਿਖਾਈ ਦੇਣ ਲਗਦੀ ਹੈ। ਇਸੇ ਚਰਚਾ ਲੜੀ ਵਿੱਚ ਪਾਠਕਾਂ ਨਾਲ ਅਸੀਂ ਹਾਕੀ ਦੇ ਓਲੰਪੀਅਨਾਂ ਦੇ ਵਿਚਾਰ ਸਾਂਝੇ ਕਰ ਰਹੇ ਹਾਂ।

## ਖੇਡ ਮਾਫੀਏ ਤੋਂ ਮੁਕਤੀ ਦੀ ਲੋੜ- ਪਦਮ ਸ਼੍ਰੀ ਪਰਗਟ ਸਿੰਘ



ਪਰਗਟ ਸਿੰਘ ਦਾ ਕਹਿਣਾ ਹੈ ਕਿ ਜਦੋਂ ਤੱਕ ਇਸ ਖੇਡ ਦੀ ਕਮਾਂਡ ਅਜਿਹੇ ਵਿਅਕਤੀਆਂ ਦੇ ਹੱਥ ਰਹੇਗੀ ਜਿਨ੍ਹਾਂ ਦਾ ਇਸ ਖੇਡ ਨਾਲ ਦੂਰ ਦੁਰਾਡੇ ਦਾ ਵੀ ਰਿਸ਼ਤਾ ਨਹੀਂ ਉਦੋਂ ਤੱਕ ਇਸ ਖੇਡ ਵਿੱਚ ਸੁਧਾਰ ਦੀ ਆਸ ਨਹੀਂ ਕੀਤੀ ਜਾ ਸਕਦੀ। ਆਪਣੀ ਦੋ ਟੂਕ ਗੱਲ ਕਰਦੇ ਹੋਏ ਉਹਨਾਂ ਕਿਹਾ ਕਿ ਅਜਿਹੇ ਚੌਧਰੀ ਖੇਡ ਦੇ ਨਾਂ ਤੇ ਆਪ ਤਾਂ ਪੰਜ ਸਿਤਾਰਾ ਸਹੂਲਤਾਂ ਦਾ ਆਨੰਦ ਮਾਣਦੇ ਹਨ ਜਦਕਿ ਖਿਡਾਰੀਆਂ ਨੂੰ ਬੱਧੇ ਮਿਹਨਤਾਨੇ ਵਿੱਚ ਹੀ ਡੰਗ ਟਪਾਉਣਾ ਪੈਂਦਾ ਹੈ। ਅਜਿਹੇ ਚੌਧਰੀਆਂ ਨੂੰ ਸਪੋਰਟਸ ਮਾਫੀਏ ਦਾ ਦਰਜਾ ਦਿੰਦੇ ਹੋਏ ਉਹ ਖੁੱਲ੍ਹੇ ਮਨ ਨਾਲ ਇਸ ਖੇਡ ਦੇ ਪ੍ਰਬੰਧਕ ਉਹਨਾਂ ਵਿਅਕਤੀਆਂ ਨੂੰ ਬਣਾਏ ਜਾਣ ਦੀ ਗੱਲ ਕਰਦੇ ਹਨ ਜਿਹੜੇ ਖੇਡ ਤੇ ਖਿਡਾਰੀਆਂ ਨਾਲ ਦਿਲੋਂ ਪ੍ਰੇਮ ਕਰਦੇ ਹੋਣ ਅਤੇ ਦੂਰਅੰਦੇਸ਼ੀ ਨਾਲ ਯੋਜਨਾਬੰਦੀ ਕਰਕੇ ਢਾਂਚੇ ਦੀਆਂ ਖਾਮੀਆਂ ਨੂੰ ਦੂਰ ਕਰਨ। ਉਹਨਾਂ ਕਹਿਣਾ ਹੈ ਕਿ ਜਦੋਂ ਵੀ ਹਾਕੀ ਦੀ ਪ੍ਰਬੰਧਕੀ ਕਮੇਟੀ ਬਣੇ ਤਾਂ ਇਸ ਵਿੱਚ ਆਉਣ ਵਾਲੇ ਸਾਰੇ ਲੋਕਾਂ ਨੂੰ ਕੌਣ! ਕੌਣ ਹੈ? ਨੂੰ ਦੂਰ ਰੱਖਕੇ 'ਕੱਠੇ ਹੋ ਕੇ ਕੰਮ ਕਰਨਾ ਚਾਹੀਦਾ ਹੈ। ਇਸ ਖੇਡ ਦੀ ਕਮਾਂਡ ਖਿਡਾਰੀਆਂ ਦੇ ਹੱਥ ਦੇਣ ਬਾਰੇ ਪੁੱਛੇ ਗਏ ਸੁਆਲ ਦੇ ਜਵਾਬ ਵਿੱਚ ਉਹਨਾਂ ਕਿਹਾ ਕਿ ਖਿਡਾਰੀ ਚੰਗੇ ਪ੍ਰਬੰਧਕ ਸਾਬਿਤ ਹੋ ਵੀ ਸਕਦੇ ਹਨ ਅਤੇ ਨਹੀਂ ਵੀ। ਭਾਰਤੀ ਟੀਮ ਦੇ ਖਿਡਾਰੀਆਂ ਦੀ ਪਨੀਰੀ ਤਿਆਰ ਕਰਨ ਅਤੇ ਬਾਅਦ ਵਿੱਚ ਮੁਕਾਬਲਿਆਂ ਲਈ ਤਿਆਰ ਕਰਨ ਸਮੇਂ ਉਹ ਸਮੁੱਚੇ ਰਾਜਾਂ ਵਿੱਚ ਇੱਕਸਾਰਤਾ ਵਾਲੀ ਕੋਚਿੰਗ ਦੀ ਗੱਲ ਕਰਦੇ ਹਨ ਤਾਂ ਜੋ ਸਿਲੈਕਸ਼ਨ ਤੋਂ ਬਾਅਦ ਖਿਡਾਰੀਆਂ ਦੀ ਐਡਜਸਟਮੈਂਟ ਸਮੇਂ ਕੋਈ ਦਿੱਕਤ ਨਾ ਆਵੇ। ਉਹਨਾਂ ਕਿਹਾ ਕਿ ਕੋਚਿੰਗ ਨੂੰ ਅਪਗਰੇਡ ਕਰਦੇ ਰਹਿਣਾ ਵੀ ਇਸ ਖੇਡ ਲਈ ਬਹੁਤ ਜ਼ਰੂਰੀ ਹੈ ਤਾਂ ਜੋ ਸਾਡੇ ਖਿਡਾਰੀ ਵਿਸ਼ਵ ਪੱਧਰ ਤੇ ਇਸ ਖੇਡ ਵਿੱਚ ਸਮੇਂ ਸਮੇਂ ਤੇ ਕੀਤੀਆਂ ਜਾਂਦੀਆਂ ਤਬਦੀਲੀਆਂ ਪ੍ਰਤੀ ਆਪਣੀ ਪਕੜ ਬਣਾਉਣ ਵਿੱਚ ਸਮਰੱਥ ਹੋ ਸਕਣ। ਸਾਲ 1992 ਅਤੇ 1996 ਦੀਆਂ ਓਲੰਪਿਕ ਖੇਡਾਂ ਵਿੱਚ ਵਿੱਚ ਭਾਰਤੀ ਟੀਮ ਦੀ ਕਪਤਾਨੀ ਕਰ ਚੁੱਕੇ ਅਤੇ ਮੌਜੂਦਾ ਸਮੇਂ ਵਿੱਚ ਡਾਇਰੈਕਟਰ ਖੇਡ ਵਿਭਾਗ ਪੰਜਾਬ ਦੇ ਅਹੁਦੇ ਤੇ ਤੈਨਾਤ ਪਰਗਟ ਸਿੰਘ ਨਾਲ ਹੋਈ ਮੁਲਾਕਾਤ ਵਿੱਚ ਭਾਵੇਂ ਕਿ ਖੇਡ ਅਤੇ ਖਿਡਾਰੀਆਂ ਪ੍ਰਤੀ ਉਹਨਾਂ ਦੀ ਦ੍ਰਿੜਤਾ ਦਿਖਾਈ ਦਿੰਦੀ ਸੀ ਪਰ ਨਾਲ ਹੀ ਕੌਮਾਂਤਰੀ ਪੱਧਰ 'ਤੇ ਭਾਰਤੀ ਟੀਮ ਦੇ ਪੱਛੜ ਜਾਣ ਦੀ ਪੀੜਾ ਵੀ ਸਾਫ ਝਲਕ ਰਹੀ ਸੀ। ਪਰਗਟ ਸਿੰਘ ਨੇ ਕਿਹਾ ਕਿ ਇਸ ਖੇਡ ਵਿੱਚ ਕੋਈ ਜਾਦੂਈ ਛੜੀ ਨਾਲ ਸੁਧਾਰ ਨਹੀਂ ਕੀਤਾ ਜਾ ਸਕਦਾ ਪਰ ਸਾਨੂੰ ਆਪਣੇ ਪ੍ਰਦਰਸ਼ਨ ਵਿੱਚ ਸਟੈਪ ਦਰ ਸਟੈਪ ਸੁਧਾਰ ਕਰਕੇ ਅੱਗੇ ਵੱਧਣ ਦੀ ਲੋੜ ਹੈ।

## ਹਾਕੀ ਨੂੰ ਵੀ ਮਿਲੇ ਕੋਈ ਬਿੰਦਰਾ
### ਚਰਨਜੀਤ ਕੁਮਾਰ



ਹਾਕੀ ਦੀ ਖੇਡ ਵਿੱਚ ਦੇਸ਼ ਲਈ ਏਸ਼ੀਆਡ ਖੇਡਾਂ ਅਤੇ ਵਿਸ਼ਵ ਪੱਧਰ 'ਤੇ ਮੈਡਲ ਜਿੱਤਣ ਵਾਲੀ ਟੀਮ ਦੇ ਫਾਰਵਰਡ ਖਿਡਾਰੀ ਵਜੋਂ ਮੈਂਬਰ ਰਹੇ ਚਰਨਜੀਤ ਕੁਮਾਰ ਨੇ ਮੁਲਾਕਾਤ ਦੌਰਾਨ ਪ੍ਰਬੰਧਕਾਂ ਨੂੰ ਖੇਡ ਵਿੱਚ ਆਏ ਨਿਘਾਰ ਲਈ ਜ਼ਿੰਮੇਵਾਰ ਠਹਿਰਾਇਆ। ਉਹਨਾਂ ਕਿਹਾ ਕਿ ਖਿਡਾਰੀਆਂ ਅਤੇ ਕੁਝ ਹੋਰ ਲੋਕਾਂ ਦੁਆਰਾ ਪਰਦੇ ਪਿੱਛੇ ਰਹਿ ਕੇ ਕੋਝੀਆਂ ਸਾਜ਼ਿਸ਼ਾਂ ਰਚਣਾ ਵੀ ਹਾਕੀ ਨੂੰ ਢਾਹ ਲਾਉਂਦਾ ਰਿਹਾ ਹੈ। ਪੰਜਾਬ ਪੁਲਿਸ ਵਿੱਚ ਐਸਪੀ ਦੇ ਅਹੁਦੇ 'ਤੇ ਤੈਨਾਤ ਚਰਨਜੀਤ ਕੁਮਾਰ ਨੇ ਕਿਹਾ ਕਿ ਕੌਮੀ ਟੀਮ ਦੀ ਸਿਲੈਕਸ਼ਨ ਸਮੇਂ ਅਜਿਹੇ ਸਾਜ਼ਸ਼ੀ ਵਿਅਕਤੀਆਂ ਹੱਥੋਂ ਕਈ ਵਾਰ ਖਿਡਾਰੀਆਂ ਨੂੰ ਜ਼ਲੀਲ ਹੋਣਾ ਪੈਂਦਾ ਹੈ ਜਿਸ ਕਾਰਨ ਉਹਨਾਂ ਤੋਂ ਚੰਗੇ ਪ੍ਰਦਰਸ਼ਨ ਦੀ ਆਸ ਨਹੀਂ ਰੱਖੀ ਜਾ ਸਕਦੀ। ਭਾਰਤੀ ਟੀਮ ਲਈ ਚੰਗੇ ਕੋਚ ਨੂੰ ਲਾਉਣ ਦੀ ਜ਼ੋਰਦਾਰ ਵਕਾਲਤ ਕਰਦਿਆਂ ਚਰਨਜੀਤ ਕੁਮਾਰ ਨੇ ਕਿਹਾ ਕਿ ਇਸ ਖੇਡ ਵਿੱਚ ਆਏ ਨਿਘਾਰ ਦਾ ਕੋਚ ਚੰਗਾ ਨਾ ਹੋਣਾ ਵੀ ਇੱਕ ਕਾਰਨ ਰਿਹਾ ਹੈ। ਉਹਨਾਂ ਸਪਸ਼ਟ ਕਿਹਾ ਕਿ ਵਿਦੇਸ਼ੀ ਕੋਚਾਂ ਦੀ ਥਾਂ ਦੇਸ਼ ਵਿਚਲੇ ਕੋਚਾਂ ਨੂੰ ਹੀ ਟੀਮ ਦੇ ਅੱਭਿਆਸ ਦੀ ਜ਼ਿੰਮੇਵਾਰੀ ਸੌਂਪਣੀ ਚਾਹੀਦੀ ਹੈ ਤਾਂ ਜੋ ਉਹ ਅਨੁਕੂਲ ਸਥਿਤੀਆਂ ਅਨੁਸਾਰ ਖਿਡਾਰੀ ਤਿਆਰ ਕਰ ਸਕਣ। ਉਹਨਾਂ ਕਿਹਾ ਕਿ ਵਿਦੇਸ਼ਾਂ ਦੀ ਤਰਜ਼ 'ਤੇ ਇਸ ਖੇਡ ਲਈ ਖਿਡਾਰੀਆਂ ਦੀ ਪਨੀਰੀ ਤਿਆਰ ਕਰਦੇ ਸਮੇਂ ਉਹਨਾਂ ਹੀ ਵਿਅਕਤੀਆਂ ਨੂੰ ਅੱਗੇ ਆਉਣਾ ਚਾਹੀਦਾ ਹੈ ਜਿਹੜੇ ਹਾਕੀ ਨੂੰ ਜਨੂੰਨ ਨਾਲ ਦਿਲੋਂ ਪਿਆਰ ਕਰਦੇ ਹੋਣ ਅਤੇ ਸਰਕਾਰ ਤੇ ਵਿਭਾਗਾਂ ਨੂੰ ਵੀ ਇਹ ਚਾਹੀਦਾ ਹੈ ਕਿ ਉਹਨਾਂ ਨੂੰ ਹੋਰ ਡਿਊਟੀਆਂ ਤੋਂ ਮੁਕਤ ਕਰਕੇ ਸਿਰਫ ਤੇ ਸਿਰਫ ਖੇਡ ਦੀ ਜ਼ਿੰਮੇਵਾਰੀ ਸੌਂਪੀ ਜਾਵੇ।

ਓਲੰਪੀਅਨ ਦਾ ਕਹਿਣਾ ਸੀ ਕਿ ਹੇਠਲੇ ਪੱਧਰ ਤੇ ਖਿਡਾਰੀਆਂ ਨੂੰ ਅਜਿਹੇ ਮੌਕੇ ਦਿੱਤੇ ਜਾਣ ਜਿਨ੍ਹਾਂ 'ਤੇ ਅਮਲ ਕਰਦੇ ਹੋਏ ਉਹ ਆਪਣੀ ਖੇਡ ਵਿੱਚ ਸੁਧਾਰ ਕਰ ਸਕਣ। ਉਹਨਾਂ ਕਿਹਾ ਕਿ ਕ੍ਰਿਕੇਟ ਵਾਂਗ ਹਾਕੀ ਨੂੰ ਵੀ "ਬਿੰਦਰਾ" ਵਰਗੀਆਂ ਹਸਤੀਆਂ ਦੀ ਲੋੜ ਹੈ ਜੋ ਇਸ ਖੇਡ ਵਿੱਚ ਗਲੈਮਰ ਪੈਦਾ ਕਰ ਸਕਣ ਅਤੇ ਖਿਡਾਰੀਆਂ ਨੂੰ ਵੀ ਸਮੇਂ ਦੇ ਹਾਣ ਅਨੁਸਾਰ ਮਿਹਨਤਾਨਾ ਅਤੇ ਸੁਖ ਸਹੂਲਤਾਂ ਪ੍ਰਦਾਨ ਕਰ ਸਕਣ। ਉਹਨਾਂ ਕਿਹਾ ਕਿ ਅਜਿਹਾ ਪ੍ਰਬੰਧ ਹੋਣਾ ਚਾਹੀਦਾ ਹੈ ਕਿ ਖਿਡਾਰੀਆਂ ਨੂੰ ਖੇਡ ਤੋਂ ਬਾਅਦ ਵੀ ਰੁਜ਼ਗਾਰ ਮਿਲੇ ਅਤੇ ਉਹਨਾਂ ਨੂੰ ਦਫਤਰਾਂ ਵਿੱਚ ਫਾਈਲਾਂ ਦੀ ਲੜਾਈ ਨਾ ਲੜਨੀ ਪਵੇ।

## ਵਿਦੇਸ਼ੀ ਕੋਚ ਬ੍ਰਾਸਾ ਦਾ 'ਖੇਲ' ਖਿਡਾਰੀ ਪਾਸ ਹੋਣਗੇ ਜਾਂ ਫੇਲ

### ਪ੍ਰਭਜੋਤ ਨੂੰ ਆਫ਼ਰ ਗ਼ਲਤ ਨਹੀਂ

ਹਾਕੀ ਵਿਚ ਅਨੁਸ਼ਾਸ਼ਨ ਨਾਮ ਦੀ ਚੀਜ਼ ਹੀ ਖ਼ਤਮ ਹੋ ਗਈ ਹੈ। ਜੇਕਰ ਆਪਣੀਆਂ ਮੰਗਾਂ ਲਈ ਜੇ ਖ਼ਿਡਾਰੀਆਂ ਨੂੰ ਹੜਤਾਲ ਕਰਨੀ ਪਏ ਤਾਂ ਤੁਸੀਂ ਖ਼ੁਦ ਅੰਦਾਜ਼ਾ ਲਗਾ ਸਕਦੇ ਹੋ ਕਿ ਸਾਡੀ ਹਾਕੀ ਕਿਸ ਪੱਧਰ ਤੱਕ ਪੁੱਜ ਗਈ ਹੈ। ਵਿਦੇਸ਼ੀ ਕੋਚ ਹੋਜੇ ਬ੍ਰਾਸਾ ਨੇ ਪ੍ਰਭਜੋਤ ਨੂੰ ਕਪਤਾਨ ਬਣਾਏ ਜਾਣ ਦੀ ਗੱਲ ਕਹਿ ਕੇ ਕੁਝ ਬੁਰਾ ਨਹੀਂ ਕੀਤਾ।



ਅਸਲਮ ਸ਼ੇਰ ਖਾਨ

ਇਹ ਗੋਰਾ ਸਾਡਾ ਸਰਕਾਰੀ ਨੁਮਾਇੰਦਾ ਹੈ। ਉਸ ਉਪਰ ਸਾਡੀ ਸਰਕਾਰ ਕਈ ਕਰੋੜ ਰੁਪਏ ਖਰਚ ਕਰ ਰਹੀ ਹੈ। ਇਸ ਲਈ ਉਨ੍ਹਾਂ ਨੂੰ ਆਪਣੇ ਅਨੁਸਾਰ ਟੀਮ ਚਲਾਉਣ ਦਾ ਹੱਕ ਹੈ। ਵੈਸੇ ਵੀ ਸਾਡੀ ਹਾਕੀ ਦੀ ਜੋ ਦਸ਼ਾ ਹੈ ਉਹ ਕਿਸੇ ਤੋਂ ਲੁਕੀ ਨਹੀਂ ਹੈ। ਪਿਛਲੇ 35 ਸਾਲ ਤੋਂ ਅਸੀਂ ਵਿਸ਼ਵ ਕੱਪ ਨਹੀਂ ਜਿੱਤਿਆ ਹੈ। ਇਸ ਵਾਰ ਵੀ ਅਸੀਂ ਕੋਈ ਜਿੱਤਣ ਲਈ ਨਹੀਂ ਖੇਡ ਰਹੇ। ਪਿਛਲੇ 7-8 ਸਾਲਾਂ ਤੋਂ ਦੇਖੀਏ ਤਾਂ ਸਾਡਾ ਕੀ ਰਿਜ਼ਲਟ ਹੈ?

ਹਾਰ ਦੇ ਆਦਿ ਹੋ ਗਏ ਹਨ ਸਾਡੇ ਖਿਡਾਰੀ। ਬ੍ਰਾਸਾ ਆਪਣੀ ਤਰ੍ਹਾਂ ਨਾਲ ਟੀਮ ਚਲਾਉਣਾ ਚਾਹੁੰਦੇ ਹਨ ਤਾਂ ਉਸ ਨੂੰ ਮੌਕਾ ਦੇਣਾ ਚਾਹੀਦਾ ਹੈ।



### ਟੀਮ ਨੂੰ ਵੰਡਣ ਦਾ ਕੰਮ ਕੀਤਾ

ਖਿਡਾਰੀ ਦੀਆਂ ਬਗਾਵਤ ਸਮੇਂ ਹਾਕੀ ਦੀ ਜੋ ਥੋੜ੍ਹੀ ਬਹੁਤ ਸ਼ਾਖ ਵਾਪਸ ਆਈ ਸੀ, ਉਸ ਨੂੰ ਇਸ ਗੋਰੇ ਕੋਚ ਬ੍ਰਾਸਾ ਨੇ ਮਿੱਟੀ ਵਿਚ ਮਿਲਾ ਦਿੱਤਾ ਹੈ। ਵਿਸ਼ਵ ਕੱਪ ਵਰਗੇ ਮਹੱਤਵਪੂਰਨ ਟੂਰਨਾਮੈਂਟ ਤੋਂ ਪਹਿਲਾਂ ਕਪਤਾਨੀ ਲਈ ਪ੍ਰਭਜੋਤ ਦਾ ਨਾਮ ਸਾਹਮਣੇ ਲਿਆ ਕੇ ਉਸ ਨੇ ਇਕ ਤਰ੍ਹਾਂ ਨਾਲ ਟੀਮ ਨੂੰ ਦੋ ਗੁੱਟਾਂ ਵਿਚ ਵੰਡ ਦਿੱਤਾ ਹੈ। ਟੀਮ ਅਤੇ ਕਪਤਾਨ ਦੀ ਚੋਣ ਕਰਨ ਦਾ ਕੰਮ ਚੋਣ ਕਮੇਟੀ ਦਾ ਹੁੰਦਾ ਹੈ। ਵੈਸੇ ਵੀ ਕਪਤਾਨ ਅਜਿਹਾ ਹੋਣਾ ਚਾਹੀਦਾ ਹੈ ਜਿਸ ਵਿਚ ਲੀਡਰਸ਼ਿਪ ਗੁਣ ਹੋਵੇ। ਜੋ ਟੀਮ ਨੂੰ ਨਾਲ ਲੈ ਕੇ ਚੱਲ ਸਕੇ। ਵਿਸ਼ਵ ਕੱਪ ਵਰਗੇ ਮਹੱਤਵਪੂਰਨ ਟੂਰਨਾਮੈਂਟ ਲਈ ਟੀਮਾਂ ਬਹੁਤ ਸਮਾਂ ਪਹਿਲਾਂ ਤੋਂ ਤਿਆਰੀ ਕਰਨਾ ਸ਼ੁਰੂ ਕਰ ਦਿੰਦੀਆਂ ਹਨ ਅਤੇ ਅਸੀਂ ਤਾਂ ਹਾਲੇ ਕਪਤਾਨੀ ਨੂੰ ਲੈ ਕੇ ਖਿਚੋਤਾਣ ਵਿਚ ਲੱਗੇ ਹਾਂ।



ਅਸ਼ੋਕ ਕੁਮਾਰ

ਟੀਮ ਭਾਵੇਂ ਜਿਸਵੀ ਨੰਬਰ 'ਤੇ ਆਏ ਪਰ ਕਪਤਾਨ ਦਾ ਕੰਮ ਹਮੇਸ਼ਾ ਹਮੇਸ਼ਾ ਲਈ ਦਰਜ ਹੋ ਜਾਂਦਾ ਹੈ ਕਿ ਉਸ ਨੇ ਵਿਸ਼ਵ ਕੱਪ ਵਿਚ ਟੀਮ ਦੀ ਅਗਵਾਈ ਕੀਤੀ ਸੀ। ਇਸ ਲਈ ਵੀ ਇਹ ਬਹੁਤ ਅਹਿਮ ਮਸਲਾ ਹੈ।

## ਉਦਯੋਗਪਤੀ ਅੱਗੇ ਆਉਣ- ਰਮਣੀਕ ਸਿੰਘ

80ਵਿਆਂ ਦੇ ਸ਼ੁਰੂ ਵਿੱਚ ਭਾਰਤੀ ਹਾਕੀ ਦੇ ਸਿਖ਼ਰ ਸਮੇਂ ਟੀਮ ਦੀ ਕਪਤਾਨੀ ਕਰਨ ਵਾਲੇ ਰਮਣੀਕ ਸਿੰਘ ਅਤੇ ਉਹਨਾਂ ਦੇ ਭਰਾ ਹਾਕੀ ਖਿਡਾਰੀ ਅਜੀਤ ਸਿੰਘ ਜਿਹੜੇ ਕਿ ਹੁਣ ਵੀ ਆਪਣੇ ਆਪ ਨੂੰ ਇਸ ਖੇਡ ਦੇ ਅੰਗ ਸੰਗ ਸਮਝਦੇ ਹਨ, ਨੇ ਕਿਹਾ ਕਿ ਇਸ ਖੇਡ ਵਿੱਚ ਖਿਡਾਰੀਆਂ ਲਈ ਪੈਸਾ ਨਾ ਹੋਣ ਕਾਰਨ ਚੰਗੇ ਖਿਡਾਰੀ ਸਾਹਮਣੇ ਨਹੀਂ ਆ ਰਹੇ। ਉਹਨਾਂ ਕਿਹਾ ਕਿ ਵੱਡੇ ਉਦਯੋਗਪਤੀਆਂ ਨੂੰ ਛੋਟੇ ਪੱਧਰ ਤੋਂ ਲੈ ਕੇ ਵੱਡੇ ਪੱਧਰ ਤੱਕ ਇਸ ਖੇਡ ਨੂੰ ਸਪੌਂਸਰ ਕਰਨ ਲਈ ਦਿਲ ਖੋਲ ਕੇ ਅੱਗੇ ਆਉਣਾ ਚਾਹੀਦਾ ਹੈ ਤਾਂ ਜੋ ਸੰਸਾਰ ਭਰ ਵਿੱਚ ਸਾਡੀ ਟੀਮ ਜਿੱਤ ਦੇ ਡੰਕੇ ਵਜਾ ਸਕੇ। ਉਹਨਾਂ ਕਿਹਾ ਕਿ ਪ੍ਰਬੰਧਕੀ ਢਾਂਚਾ ਵੀ ਸਮੇਂ ਅਨੁਸਾਰ ਸੁਧਾਰ ਦੀ ਮੰਗ ਕਰਦਾ ਹੈ ਅਤੇ ਖੁੱਲ੍ਹੇ ਮਨ ਦੀ ਭਾਵਨਾ ਨਾਲ ਕੰਮ ਕਰਨ ਵਾਲੇ ਵਿਅਕਤੀਆਂ ਨੂੰ ਹੀ ਮੁਹਤਬਰ ਬਣਨਾ ਚਾਹੀਦਾ ਹੈ।




ਪਿੱਛਲੇ ਵਿਸ਼ਵ ਕੱਪ ਹਾਕੀ ਦੇ ਕੁਆਲੀਫਾਈ ਮੈਚ ਵਿਚ ਬਰਤਾਨੀਆ ਤੋਂ ਮਿਲੀ ਹਾਰ ਤੋਂ ਬਾਅਦ ਦਲੀਪ ਟਿਰਕੀ, ਵੀ. ਆਰ. ਰਘੂਨਾਥ ਅਤੇ ਰਾਜਪਾਲ ਸਿੰਘ।


Capital Home Renovation
Serving Since 1999
* Home Renovations * Basements
* Bathrooms * Plumbing * Electrical
* Insulation * Drywall * Taping
* Painting * Hardwood Floors
Call for FREE Estimate @
Chamkaur Sidhu
780-938-3434


A City Limos Ltd.
Ph. 780-462-4940
Toll Free. 1-888-462-4623
Edmonton-Calgary
Vancouver
Wedding
School Proms
Birthday
City Tours
Airport Service
S. Dhaliwal
Contact: 780-951-7260
e-mail: dhaliwalsd@hotmail.com, www.acitylimousine.com


Are you at risk? Stop by your Medicine Shoppe Pharmacy for a free Blood Pressure Test today. No appointment necessary.
Transferring your prescription is easy.
With a simple exchange of information and no trouble at all, you can start to enjoy the one-to-one service and pharmacy-only focus that makes the move to The Medicine Shoppe Pharmacy a healthy one.
Jasbir Bhui
B.Sc. Pharm
Pharmacist/Owner
$4.99*
REXALL BRAND - ASA 81mg
Low Dose Enteric Coated - 120 Tablets
$7.99*
REXALL NATURALS
Omega 3
1000mg 90 Capsules
The Medicine Shoppe PHARMACY
127 Millbourne Road East
Edmonton, AB
(780) 461-8648
Proud Supporter of the Alzheimer Society
Ask about our Alzheimers Caregiver Program today.



Happy New Year from Millwoods Suzuki
Over 200 Pre-Owned Certified Vehicles
MILLWOODSSUZUKI.COM
WEEKEND SALE! Payments as low as $88 B/W
We finance ALL -First time buyers -New Immigrants -Challenged Credit
EXAMPLES OF VEHICLES TO CHOOSE FROM
2008 Chrysler Town & Country $26,885
2008 Nissan Rogue SL Loaded $26,995
2008 Hummer H3 #11680-0 $28,995
2007 Honda CR-V EX #T100166-1 $25,995
2007 Nissan Titan King Cab LE $25,995
2007 Chev Cobalt SS 2dr. loaded $14,995
2006 Ford Escape XLT AWD #11653-1 $16,995
2006 Pontiac Pursuit GT loaded #C300186-1 $11,995
2005 Nissan Xtrail 4x4 $17,995
2005 Acura MDX Touring Leather $26,885
2005 Smart Fortwo Passion 35k #T101829-1 $10,995
2004 Jeep Gr. Cherokee 4x4 $13,995
2004 Nissan Maxima 3.5 SE Loaded $14,995
2003 Suzuki Vitara 4x4 loaded #T100304-1 $7,995
2002 Honda Civic 2dr.SIR #11608-2 $7,995
2001 Mercedes C240 local car #C200547-2 $11,995
7 TO CHOOSE
2008 SUZUKI XL-7
#11588-0. LOADED, 7 PASS.
$18,995 REDUCED $17,995
2 TO CHOOSE
2010 TOYOTA COROLLA CE
4 CYL., AUTO, CRUISE, TILT, PDL, PW
FROM $17,995
2008 INFINITI FX35
#11681-0.LEATHER, LOADED
$35,995 REDUCED $34,995
4 TO CHOOSE
2006 NISSAN MURANO
#11655-0. LOADED
FROM $24,888
For Instant Approval Call
EMMANUEL
780-450-4500 780-908-1961
Best Service
Best Selection
Best Prices
SHOP 24/7@MILLWOODSSUZUKI.COM
780-450-4500 TOLL FREE 1-866-897-4500
3403-93 ST · ON THE AUTO ROW. EDMONTON




BRIDGEPORT
HOMES LTD.
ਮਿਲਵਰਬੈਰੀ
ਏਰੀਏ ਵਿਚ
ਨਵਾਂ ਘਰ
ਖਰੀਦਣ ਲਈ
ਅੱਜ ਹੀ
ਡੋਲੀ ਚੌਹਾਨ
ਨੂੰ ਫੋਨ ਕਰੋ
New town homes in Silverberry (preselling)
We assure beating market price
For more information call:
Dolly Chauhan Phone: 780-935-7718
Lots available for bi-Level
homes in Sliverberry Area